14-OCT-PAGE-1.qxd 10/13/2025 9:15 PM Page 1

ਮੰਗਲਵਾਰ, 14 ਅਕਤੂਬਰ, 2025

29 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 134

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • TUESDAY, 14 OCTOBER, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



ਸੁੱਕਾ ਝੋਨਾ ਲਿਆਓ,
ਦਾਣੇ-ਦਾਣੇ ਦੀ ਖਰੀਦ ਯਕੀਨੀ ਬਣਾਓ

ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ

## ਲਾਲੂ, ਰਾਬੜੀ ਤੇ ਤੇਜਸਵੀ ਖਿਲਾਫ ਦੋਸ਼ ਆਇਦ

**ਨਵੀਂ ਦਿੱਲੀ** : ਇੱਥੋਂ ਦੇ ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਸੋਮਵਾਰ ਰਾਸ਼ਟਰੀ ਜਨਤਾ ਦਲ ਮੁਖੀ ਲਾਲੂ ਪ੍ਰਸਾਦ ਯਾਦਵ, ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਅਤੇ ਉਨ੍ਹਾ ਦੇ ਪੁੱਤਰ ਤੇਜਸਵੀ ਯਾਦਵ ਵਿਰੁੱਧ ਕਥਿਤ ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (ਆਈ ਆਰ ਸੀ ਟੀ ਸੀ) ਘੁਟਾਲੇ ਮਾਮਲੇ ਵਿੱਚ ਦੋਸ਼ ਤੈਅ ਕਰ ਦਿੱਤੇ। ਇਸ ਨਾਲ ਬਿਹਾਰ ਵਿੱਚ ਚੋਣਾਂ ਤੋਂ ਪਹਿਲਾਂ ਮੁਕੱਦਮੇ ਲਈ ਰਾਹ ਪੱਧਰਾ ਹੋ ਗਿਆ ਹੈ। ਰਾਬੜੀ ਦੇਵੀ ਅਤੇ ਤੇਜਸਵੀ ਯਾਦਵ ਵਿਰੁੱਧ ਅਪਰਾਧਕ ਸਾਜ਼ਿਸ਼ ਅਤੇ ਧੋਖਾਧੜੀ ਦੇ ਸਾਂਝੇ ਦੋਸ਼ ਤੈਅ ਕੀਤੇ ਗਏ ਹਨ। ਇਹ ਮਾਮਲਾ ਆਈ ਆਰ ਸੀ ਟੀ ਸੀ ਦੇ ਦੋ ਹੋਟਲਾਂ ਦੇ ਸੰਚਾਲਨ ਦੇ ਠੇਕੇ ਇੱਕ ਨਿੱਜੀ ਫਰਮ ਨੂੰ ਦੇਣ ਵਿੱਚ ਕਥਿਤ ਬੇਨਿਯਮੀਆਂ ਨਾਲ ਸੰਬੰਧਤ ਹੈ।

ਅਦਾਲਤ ਨੇ ਲਾਲੂ ਪ੍ਰਸਾਦ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵੀ ਦੋਸ਼ ਆਇਦ ਕੀਤੇ ਹਨ। ਹਾਲਾਂਕਿ ਉਨ੍ਹਾਂ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ।

ਸੀ ਬੀ ਆਈ ਦੀ ਚਾਰਜਸ਼ੀਟ ਅਨੁਸਾਰ ਕਥਿਤ ਤੌਰ 'ਤੇ 2004 ਅਤੇ 2014 ਦੇ ਵਿਚਕਾਰ ਇੱਕ ਸਾਜ਼ਿਸ਼ ਰਚੀ ਗਈ ਸੀ, ਜਿਸ ਦੇ ਤਹਿਤ ਇੰਡੀਅਨ ਰੇਲਵੇ ਦੇ ਬੀ ਐੱਨ ਆਰ ਹੋਟਲਾਂ (ਜੋ ਪੁਰੀ ਅਤੇ ਰਾਂਚੀ ਵਿੱਚ ਸਥਿਤ ਹਨ) ਨੂੰ ਪਹਿਲਾਂ ਆਈ ਆਰ ਸੀ ਟੀ ਸੀ ਨੂੰ ਤਬਦੀਲ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਇਸ ਦੇ ਸੰਚਾਲਨ, ਸਾਂਭ-ਸੰਭਾਲ ਅਤੇ ਦੇਖਭਾਲ ਦੀ ਜ਼ਿੰਮੇਵਾਰੀ ਪਟਨਾ ਅਧਾਰਤ ਸੁਜਾਤਾ ਹੋਟਲਜ਼ ਪ੍ਰਾਈਵੇਟ ਲਿਮਟਿਡ ਨੂੰ ਲੀਜ਼ 'ਤੇ ਦੇ ਦਿੱਤੀ ਗਈ।

## ਕੈਬਨਿਟ ਵੱਲੋਂ ਪ੍ਰਤੀ ਏਕੜ 20 ਹਜ਼ਾਰ ਰੁਪਏ ਦੇਣ ਦੇ ਫੈਸਲੇ 'ਤੇ ਮੋਹਰ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਇਕ ਇਤਿਹਾਸਕ ਫੈਸਲੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਸੋਮਵਾਰ ਕਿਸਾਨਾਂ ਲਈ ਫਸਲਾਂ ਦੇ ਖਰਾਬੇ ਦੀ ਮੁਆਵਜ਼ਾ ਰਾਸ਼ੀ ਵਧਾ ਕੇ 20,000 ਰੁਪਏ ਪ੍ਰਤੀ ਏਕੜ ਤੱਕ ਕਰਨ ਦੀ ਪ੍ਰਵਾਨਗੀ ਦੇ ਦਿੱਤੀ।

ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਕੁਦਰਤੀ ਆਫਤਾਂ ਕਾਰਨ ਖਰਾਬ ਹੋਈਆਂ ਫਸਲਾਂ ਅਤੇ ਘਰਾਂ ਦੇ ਨੁਕਸਾਨ ਲਈ ਪੀੜਤ ਲੋਕਾਂ ਨੂੰ ਢੁਕਵੀਂ ਰਾਹਤ ਦੇਣ ਲਈ ਮੰਤਰੀ ਮੰਡਲ ਨੇ ਨੁਕਸਾਨ ਦੀ ਭਰਪਾਈ ਲਈ ਸੂਬੇ ਦੇ ਬਜਟ ਵਿੱਚੋਂ ਮੁਆਵਜ਼ਾ ਦੇਣ ਵਾਸਤੇ ਰਾਹਤ ਰਾਸ਼ੀ ਦੀਆਂ ਸੋਧੀਆਂ ਹੋਈਆਂ ਦਰਾਂ ਨੂੰ ਕਾਰਜ-ਬਾਅਦ ਮਨਜ਼ੂਰੀ ਦੇ ਦਿੱਤੀ ਹੈ। ਸੂਬੇ ਨੂੰ ਇਸ ਸਾਲ ਭਿਆਨਕ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਕਰਕੇ ਰਾਹਤ ਰਾਸ਼ੀ ਵਿੱਚ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਸ ਫੈਸਲੇ ਤਹਿਤ ਫਸਲਾਂ ਦੇ 26 ਤੋਂ 75 ਫੀਸਦੀ ਤੱਕ ਨੁਕਸਾਨ ਲਈ 10,000 ਰੁਪਏ ਪ੍ਰਤੀ ਏਕੜ ਅਤੇ 76-100 ਫੀਸਦੀ ਤੱਕ ਨੁਕਸਾਨ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲੇਗਾ। ਇਸ ਤੋਂ ਇਲਾਵਾ ਘਰਾਂ ਨੂੰ ਅੰਸ਼ਕ ਤੌਰ ਉਤੇ ਹੋਏ ਨੁਕਸਾਨ ਲਈ ਪ੍ਰਤੀ ਘਰ 40,000 ਰੁਪਏ ਦਿੱਤੇ ਜਾਣਗੇ, ਜਦਕਿ ਪਹਿਲਾਂ ਇਹ ਰਾਸ਼ੀ ਸਿਰਫ 6500 ਰੁਪਏ ਪ੍ਰਤੀ ਏਕੜ ਸੀ। ਭਾਰਤ ਸਰਕਾਰ ਵੱਲੋਂ ਐੱਸ ਡੀ ਆਰ ਐੱਫ ਵਿੱਚੋਂ ਦਿੱਤੀ ਜਾਣ ਵਾਲੀ ਰਾਸ਼ੀ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ, ਇਸ ਕਰਕੇ ਮੁਆਵਜ਼ੇ ਦੀ ਵਾਧੂ ਰਾਸ਼ੀ ਸੂਬਾ ਸਰਕਾਰ ਵੱਲੋਂ ਆਪਣੇ ਖਜ਼ਾਨੇ ਵਿੱਚੋਂ ਅਦਾ ਕੀਤੀ ਜਾਵੇਗੀ।

ਅੰਤਰਰਾਜੀ ਚੈੱਕ ਪੋਸਟਾਂ ਦੇ ਕੰਮਕਾਜ ਨੂੰ ਸੁਚਾਰੂ ਬਣਾਉਣ ਲਈ ਮੰਤਰੀ ਮੰਡਲ ਨੇ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਵਿੱਚ ਸੋਧ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ ਸੂਬੇ ਵਿੱਚ ਦਾਖਲ ਹੋਣ ਸਮੇਂ ਪ੍ਰੋਸੈਸਡ ਜਾਂ ਅਣਪ੍ਰੋਸੈਸਡ ਛੋਟੇ ਖਣਿਜ ਪਦਾਰਥ

• ਬਾਕੀ ਸਫਾ 2 'ਤੇ

### ਮਾਨ ਵੱਲੋਂ ਹੜ੍ਹ ਪੀੜਤਾਂ ਦੇ ਮਰਹਮ ਲਾਉਣੀ ਸ਼ੁਰੂ



**ਅੰਮ੍ਰਿਤਸਰ/ਅਜਨਾਲਾ (ਜਸਬੀਰ ਸਿੰਘ ਪੱਟੀ/ਕੰਵਲਜੀਤ ਸਿੰਘ/ਸੁਖਤਿੰਦਰ ਰਾਜੂ)**

ਪੰਜਾਬ ਵਿੱਚ ਆਏ ਹੜ੍ਹਾਂ ਦੇ ਨਾਲ ਹੋਏ ਨੁਕਸਾਨ ਦਾ ਪੀੜਤਾਂ ਨੂੰ ਮੁਆਵਜ਼ਾ ਦੇਣ ਦਾ ਕੰਮ ਸੋਮਵਾਰ ਸਰਕਾਰ ਵੱਲੋਂ ਮਾਝੇ ਦੇ ਅਜਨਾਲਾ ਹਲਕੇ ਤੋਂ ਸ਼ੁਰੂ ਕੀਤਾ ਗਿਆ। ਇੱਥੇ 52 ਪਿੰਡਾਂ ਦੇ ਲੋਕਾਂ ਨੂੰ ਪੰਜ ਕਰੋੜ 70 ਲੱਖ ਰੁਪਏ ਦਾ ਮੁਆਵਜ਼ਾ ਵੰਡਿਆ ਗਿਆ, ਜਿਸ ਵਿੱਚ ਘਰਾਂ, ਫਸਲਾਂ ਅਤੇ ਜਾਨਵਰਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਸ਼ਾਮਲ ਹੈ।

ਭਲਾ ਪਿੰਡ ਨੇੜੇ ਸ਼ੂਗਰ ਮਿੱਲ ਵਿੱਚ ਕੀਤੇ ਗਏ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਜਨਾਲਾ ਹਲਕੇ ਦੇ ਲਗਭਗ 52 ਪਿੰਡਾਂ ਦੇ ਪ੍ਰਭਾਵਤ ਲੋਕਾਂ ਨੂੰ ਮੁਆਵਜੇ ਦੇ ਚੈੱਕ ਸੌਂਪੇ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨੁਕਸਾਨੀਆਂ ਗਈਆਂ ਫਸਲਾਂ ਲਈ 20 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਚੈੱਕ ਦਿੱਤੇ ਗਏ ਹਨ।

ਇਹ ਮੁਆਵਜ਼ਾ ਰਾਸ਼ੀ ਪ੍ਰਭਾਵਤ ਲੋਕਾਂ ਦੇ ਖਾਤਿਆਂ ਵਿੱਚ ਸਿੱਧੀ ਤਬਦੀਲ ਕਰ ਦਿੱਤੀ ਗਈ ਹੈ ਅਤੇ ਵਧੇਰੇ ਲੋਕਾਂ ਨੂੰ ਦੀਵਾਲੀ ਤੋਂ ਪਹਿਲਾਂ ਇਹ ਮੁਆਵਜ਼ਾ ਰਕਮ ਮਿਲੀ ਗਈ ਹੈ।

ਉਨ੍ਹਾ ਦੱਸਿਆ ਕਿ ਹੁਣ ਤੱਕ ਨੁਕਸਾਨ ਦੇ ਕੀਤੇ ਗਏ ਮੁਲਾਂਕਣ ਤੋਂ ਬਾਅਦ ਸਾਹਮਣੇ ਆਇਆ ਹੈ ਕਿ ਲਗਭਗ 14 ਹਜ਼ਾਰ

• ਬਾਕੀ ਸਫਾ 2 'ਤੇ

### ਵਿਆਹ ਵਾਲਾ ਸੂਟ

ਭਗਵੰਤ ਮਾਨ ਨੇ ਨਵਜੋਤ ਸਿੰਘ ਸਿੱਧੂ ਨੂੰ ਵਿਆਹ ਵਾਲਾ ਅਜਿਹਾ ਸੂਟ ਕਰਾਰ ਦਿੱਤਾ ਹੈ, ਜੋ ਘੁੰਮਦਾ ਰਹਿੰਦਾ ਹੈ। ਉਨ੍ਹਾ ਕਿਹਾ ਕਿ ਹੁਣ ਸਿੱਧੂ ਵੀ ਸਿਆਸੀ ਦ੍ਰਿਸ਼ 'ਚ ਨਜ਼ਰ ਆਉਣਗੇ। ਉਹ ਪੰਜਾਬ ਲਈ ਇੱਕ ਨਵਾਂ ਏਜੰਡਾ ਲੈ ਕੇ ਹਾਜ਼ਰ ਹੋਣਗੇ। ਅਜਿਹੇ ਆਗੂ ਚੋਣਾਂ ਤੋਂ ਬਾਅਦ ਲੁਕ ਜਾਂਦੇ ਹਨ ਤੇ ਮੁੜ ਚੋਣਾਂ ਆਉਣ 'ਤੇ ਲੋਕਾਂ ਕੋਲ ਪੁੱਜ ਜਾਂਦੇ ਹਨ। ਉਨ੍ਹਾ ਕਿਹਾ ਕਿ ਜੇ ਇਨ੍ਹਾਂ ਕੋਲੋਂ ਕੋਈ ਪੁੱਛੇ ਤਾਂ ਕਹਿੰਦੇ ਹਨ ਘਰ ਦਾ ਗੁਜ਼ਾਰਾ ਵੀ ਚਲਾਉਣਾ ਹੈ। ਮੁੱਖ ਮੰਤਰੀ ਨੇ ਕਿਹਾ, 'ਅਸੀਂ ਵੀ ਤਾਂ ਆਪਣੇ ਘਰਾਂ ਦਾ ਗੁਜ਼ਾਰਾ ਚਲਾ ਰਹੇ ਹਾਂ। ਇਹ ਸੇਵਾ ਪੂਰੇ ਸਮੇਂ ਦੀ ਸੇਵਾ ਹੈ ਨਾ ਕਿ ਕੁਝ ਸਮੇਂ ਲਈ।' ਉਨ੍ਹਾ ਵਿਅੰਗ ਕਰਦਿਆਂ ਕਿਹਾ ਕਿ ਕਾਂਗਰਸੀ ਆਗੂ (ਸਿੱਧੂ) ਵਿਆਹ ਵਾਲਾ ਅਜਿਹਾ ਸੂਟ ਹੈ, ਜੋ ਬਿਨਾਂ ਖੋਲ੍ਹਿਆਂ ਹੀ, ਕਿਸੇ ਨੂੰ ਅਗਾਂਹ ਅਤੇ ਫਿਰ ਅਗਾਂਹ ਤੇ ਕਈ ਵਾਰ ਮੁੜ ਮਾਲਕਾਂ ਕੋਲ ਹੀ ਵਾਪਸ ਪੁੱਜ ਜਾਂਦਾ ਹੈ, ਪਰ ਕਾਂਗਰਸ ਨੇ ਇਹ ਲਿਫਾਫਾ ਖੋਲ੍ਹ ਲਿਆ ਹੈ ਅਤੇ ਹੁਣ ਕਾਂਗਰਸ ਦੁਚਿੱਤੀ ਵਿੱਚ ਹੈ। ਉਹ ਨਾ ਤਾਂ ਇਸ ਸੂਟ ਨੂੰ ਲਿਫਾਫੇ ਵਿੱਚ ਰੱਖ ਸਕਦੀ ਹੈ ਅਤੇ ਨਾ ਹੀ ਬਾਹਰ ਕੱਢ ਸਕਦੀ ਹੈ।

## ਵਾਈ ਪੂਰਨ ਕੁਮਾਰ ਦੇ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਵਿਸ਼ਾਲ ਲਾਮਬੰਦੀ ਦੀ ਜ਼ਰੂਰਤ : ਸੀ ਪੀ ਆਈ



**ਚੰਡੀਗੜ੍ਹ** : ਸੋਮਵਾਰ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਅਤੇ ਸੀ ਪੀ ਆਈ ਦੇ ਸੂਬਾ ਐਗਜ਼ੈਕਟਿਵ ਮੈਂਬਰ ਮਹਿੰਦਰਪਾਲ ਸਿੰਘ 'ਤੇ ਆਧਾਰਤ ਆਗੂ ਪੀੜਤ ਵਾਈ. ਪੂਰਨ ਕੁਮਾਰ ਏ ਡੀ ਜੀ ਪੀ ਹਰਿਆਣਾ ਸਰਕਾਰ ਦੀ ਧਰਮ ਪਤਨੀ ਅਮਨੀਤ ਪੀ. ਕੁਮਾਰ ਅਤੇ ਉਹਨਾ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਮਿਲੇ। ਆਗੂਆਂ ਕਿਹਾ ਕਿ ਦਲਿਤ ਪਰਵਾਰ ਦਾ ਬਹੁਤ ਹੀ ਪੜ੍ਹਿਆ-ਲਿਖਿਆ ਅਤੇ ਬੇਹਤਰੀਨ ਸਪੂਤ ਅਤੇ ਸਾਡੇ ਸਮਾਜ ਦਾ ਬਹੁਤ ਹੀ ਹੋਣਹਾਰ ਹੀਰਾ ਇਕ ਜਾਤੀਵਾਦੀ ਮਾਨਸਿਕਤਾ ਕਾਰਨ ਆਪਣੀ ਜਾਨ ਗੁਆ ਬੈਠਾ, ਇਹ ਅੱਜ ਸਾਡੇ ਸਭਿਅਕ ਸਮਾਜ ਦੇ ਮੱਥੇ 'ਤੇ ਕਲੰਕ ਹੈ ਅਤੇ ਬਹੁਤ ਹੀ ਨਿੰਦਣਯੋਗ ਅਤੇ ਸ਼ਰਮਨਾਕ ਕਾਰਾ ਹੈ। ਇਸ ਪੁਲਸ ਅਫਸਰ ਨੂੰ ਲਗਾਤਾਰ ਆਪਣੀ ਡਿਊਟੀ ਦੌਰਾਨ ਸਮਾਜਿਕ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਇਸ ਇਸ ਸੰਬੰਧੀ ਉੱਚ ਅਫਸਰਾਂ ਨੂੰ ਜਾਣਕਾਰੀ ਵੀ ਦਿੱਤੀ ਅਤੇ ਇਸ ਦੀ ਇਕ ਨਾ ਸੁਣੀ। ਇਹ ਕੇਂਦਰ ਅਤੇ ਰਾਜ ਸਰਕਾਰ ਦੀ ਮਨੂਵਾਦੀ ਸੋਚ ਦਾ ਪ੍ਰਗਟਾਵਾ ਹੈ। ਇਸ ਪੁਲਸ ਅਫਸਰ ਨੇ ਆਪਣੇ ਆਖਰੀ ਪੱਤਰ ਵਿਚ ਉੱਚ ਅਧਿਕਾਰੀਆਂ ਦੇ ਨਾਂਅ ਲਿਖਤੀ ਤੌਰ 'ਤੇ ਦਿੱਤੇ ਹਨ। ਅੱਜ ਉਹਨਾ ਦੀ ਮੌਤ ਦੇ 7 ਦਿਨ ਬੀਤ ਜਾਣ ਦੇ ਬਾਅਦ ਵੀ ਰਾਜ ਅਤੇ ਕੇਂਦਰ ਸਰਕਾਰ ਉਹਨਾਂ ਸੰਬੰਧਤ ਅਧਿਕਾਰੀਆਂ ਦੇ ਖਿਲਾਫ ਕੋਈ ਵੀ ਕਾਰਵਾਈ ਕਰਨ ਲਈ ਤਿਆਰ ਨਹੀਂ, ਇਹ ਹੋਰ ਵੀ ਨਿੰਦਣਯੋਗ ਹੈ। ਅਜਿਹੇ ਅੜੀਅਲ ਵਤੀਰੇ ਖਿਲਾਫ ਦਲਿਤਾਂ ਅਤੇ ਘੱਟ ਗਿਣਤੀਆਂ ਅਤੇ ਸਾਰੇ ਤਰੱਕੀਪਸੰਦ ਲੋਕਾਂ ਦੇ ਮਨਾਂ ਵਿਚ ਭਾਰੀ ਰੋਸ ਹੈ। ਆਗੂਆਂ ਮੰਗ ਕੀਤੀ ਕਿ ਸੰਬੰਧਤ ਅਧਿਕਾਰੀਆਂ ਖਿਲਾਫ ਤੁਰੰਤ ਕਾਰਵਾਈ ਕਰਕੇ ਇਸ ਪੀੜਤ ਪਰਵਾਰ ਨੂੰ ਇਨਸਾਫ ਦਿਵਾਇਆ ਜਾਵੇ। ਭਾਰਤੀ ਕਮਿਊਨਿਸਟ ਪਾਰਟੀ ਇਸ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਉਹਨਾਂ ਦੇ ਨਾਲ ਹੈ। ਇਹ ਲੜਾਈ ਭਾਵੇਂ ਪੰਜਾਬ ਵਿਚ

• ਬਾਕੀ ਸਫਾ 2 'ਤੇ

## ਹਮਾਸ ਨੇ ਵਾਅਦੇ ਮੁਤਾਬਕ 20 ਇਜ਼ਰਾਈਲੀ ਛੱਡੇ

**ਕਾਹਿਰਾ** : ਇਜ਼ਰਾਈਲ ਨਾਲ ਹੋਏ ਜੰਗਬੰਦੀ ਸਮਝੌਤੇ ਤਹਿਤ ਹਮਾਸ ਨੇ ਸੋਮਵਾਰ 20 ਬੰਦੀਆਂ ਨੂੰ ਰੈੱਡ ਕਰਾਸ ਹਵਾਲੇ ਕਰ ਦਿੱਤਾ। ਹਮਾਸ ਨੇ ਕਿਹਾ ਸੀ ਕਿ ਉਹ ਇਜ਼ਰਾਈਲ ਵੱਲੋਂ ਕੈਦ ਕੀਤੇ 1900 ਤੋਂ ਵੱਧ ਫਲਸਤੀਨੀ ਕੈਦੀਆਂ ਦੀ ਰਿਹਾਈ ਬਦਲੇ 20 ਜਿਊਂਦੇ ਬੰਦੀਆਂ ਨੂੰ ਰਿਹਾਅ ਕਰੇਗਾ। ਜਿਵੇਂ ਹੀ ਇਜ਼ਰਾਇਲੀ ਟੈਲੀਵਿਜ਼ਨ ਚੈਨਲਾਂ ਨੇ ਐਲਾਨ ਕੀਤਾ ਕਿ ਬੰਦੀ ਰੈੱਡ ਕਰਾਸ ਨੂੰ ਮਿਲ ਗਏ ਹਨ, ਬੰਦੀਆਂ ਦੇ ਪਰਵਾਰਾਂ ਅਤੇ ਦੋਸਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਲੋਕਾਂ ਨੇ ਉਤਸ਼ਾਹ ਨਾਲ ਖੁਸ਼ੀ ਮਨਾਈ। ਦੇਸ਼ ਭਰ ਵਿੱਚ ਹਜ਼ਾਰਾਂ ਇਜ਼ਰਾਈਲੀਆਂ ਨੇ ਬੰਦੀਆਂ ਦੀ ਅਦਲੀ-ਬਦਲੀ ਦੇ ਇਸ ਅਮਲ ਨੂੰ ਜਨਤਕ ਥਾਵਾਂ 'ਤੇ ਲਾਈਆਂ ਸਕਰੀਨਾਂ ਰਾਹੀਂ ਦੇਖਿਆ।



ਰਿਹਾਈ ਪਿੱਛੋਂ ਜੌੜੇ ਇਜ਼ਰਾਈਲੀ ਭਰਾ ਗਲੀ ਤੇ ਜਿਵ ਬਰਮੈਨ 2 ਸਾਲ ਬਾਅਦ ਮਿਲਦੇ ਹੋਏ। ਇਨ੍ਹਾਂ ਨੂੰ ਹਮਾਸ ਨੇ ਵੱਖ-ਵੱਖ ਥਾਈਂ ਰੱਖਿਆ ਹੋਇਆ ਸੀ।

ਇਜ਼ਰਾਈਲ ਵਿੱਚ ਬੰਦ ਫਲਸਤੀਨੀ ਕੈਦੀਆਂ ਦੀ ਰਿਹਾਈ ਲਈ ਸਮੇਂ ਦਾ ਐਲਾਨ ਨਹੀਂ ਕੀਤਾ ਗਿਆ। ਇਨ੍ਹਾਂ ਵਿੱਚ 250 ਲੋਕ ਸ਼ਾਮਲ ਹਨ, ਜੋ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਇਸ ਤੋਂ ਇਲਾਵਾ 1,700 ਲੋਕ ਜੰਗ ਦੌਰਾਨ ਗਾਜ਼ਾ ਤੋਂ ਫੜੇ ਗਏ ਸਨ ਅਤੇ ਬਿਨਾਂ ਕਿਸੇ ਦੋਸ਼ ਦੇ ਰੱਖੇ ਗਏ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲ ਲਈ ਰਵਾਨਾ ਹੋਣ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਜੰਗ ਖਤਮ ਹੋ ਗਈ ਹੈ। ਉਮੀਦ ਹੈ ਕਿ ਜੰਗਬੰਦੀ ਕਾਇਮ ਰਹੇਗੀ।'

### ਦੀਵਾਲੀ ਵਿਸ਼ੇਸ਼ ਸਪਲੀਮੈਂਟ



ਡਾ. ਰਮਨ (ਫਗਵਾੜਾ) 88378-31314



ਰਮੇਸ਼ ਕਟਾਰੀਆ ਰਾਜਪੁਰਾ 99880-13675



ਕ੍ਰਿਸ਼ਨ ਗਰਗ ਚੰਡੀਗੜ੍ਹ 94175-93500



ਸੁਖਵਿੰਦਰ ਸਫਰੀ ਟੂਟੋਮਜਾਰਾ 99158-16713



ਸੰਜੀਵ ਅਰੋੜਾ ਜਗਰਾਓਂ 98145-56990



ਹਰਬਿੰਦਰ ਸਿੰਘ ਰਾਣਾ ਵੇਰਕਾ (ਅੰਮ੍ਰਿਤਸਰ) 98881-45991



ਰੀਨਾ ਸ਼ਰਮਾ ਨਕੋਦਰ 79861-27371



ਹਰਭਜਨ ਢਿੱਲੋਂ ਭਲਾਣ (ਨੰਗਲ) 94645-21052



ਮਲਵਿੰਦਰ ਸਿੰਘ ਬਟਾਲਾ 98550-20576



ਇਕਬਾਲ ਸਿੰਘ ਖਹਿਰਾ ਮੋਗਾ 97798-39323

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

## ਨਰੇਗਾ ਕਾਮਿਆਂ ਵੱਲੋਂ ਨਿਹਾਲ ਸਿੰਘ ਵਾਲਾ 'ਚ ਜ਼ਬਰਦਸਤ ਧਰਨਾ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**

ਕਿਰਤ ਕਰਨ ਵਾਲੇ ਲੋਕਾਂ ਨੂੰ ਆਪਣੀ ਧਿਰ ਪਹਿਚਾਣਦਿਆਂ, ਆਪਣੀ ਇਤਿਹਾਸਿਕ ਭੂਮਿਕਾ ਨਿਭਾਉਂਦੇ ਹੋਏ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜਵਾਦੀ ਪ੍ਰਬੰਧ ਉਸਾਰਨਾ ਪਵੇਗਾ।' ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਨੇ ਸੂਬਾ ਕਮੇਟੀ ਦੇ ਸੱਦੇ 'ਤੇ ਬੀ ਡੀ ਪੀ ਓ ਨਿਹਾਲ ਸਿੰਘ ਵਾਲਾ ਦੇ ਦਫਤਰ ਵਿਖੇ ਦਿੱਤੇ ਧਰਨੇ ਨੂੰ ਸੰਬੋਧਨ ਕਰਦਿਆਂ ਕੀਤਾ।ਉਹਨਾ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਪਿੰਡਾਂ ਦੇ ਮਜ਼ਦੂਰਾਂ ਦੇ ਹੱਕ ਵਿੱਚ ਬਣੇ ਹੋਏ ਨਰੇਗਾ ਕਾਨੂੰਨ ਨੂੰ ਬੰਦ ਕਰਨਾ ਚਾਹੁੰਦੀਆਂ ਹਨ, ਪਰ ਚੇਤਨ ਨਰੇਗਾ ਕਾਮੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਝੰਡੇ ਥੱਲੇ ਲਾਮਬੰਦ ਹੁੰਦਿਆਂ ਕਾਨੂੰਨੀ ਰੂਪ ਵਿੱਚ ਮਿਲੇ ਇਸ ਹੱਕ ਨੂੰ ਖੋਹਣ ਨਹੀਂ ਦੇਣਗੇ। ਉਹਨਾ ਕਿਹਾ ਕਿ ਨਰੇਗਾ ਕਾਮਿਆਂ ਵੱਲੋਂ ਦਿੱਤੀਆਂ ਜਾਂਦੀਆਂ ਕੰਮ ਅਰਜ਼ੀਆਂ ਦੀ ਰਸੀਦ ਦੇਣ ਤੋਂ ਇਨਕਾਰ ਕਰਨਾ 'ਨਰੇਗਾ 2005' ਦੀ ਉਲੰਘਣਾ ਹੈ।ਇਹ ਧਾਰਾ 25 ਅਧੀਨ ਜੁਰਮਾਨੇ ਯੋਗ ਹੈ। ਗ੍ਰਾਮ ਪੰਚਾਇਤ ਜਾਂ ਪੀ ਓ ਗਰੁੱਪ ਅਰਜ਼ੀਆਂ ਪ੍ਰਵਾਨ ਕਰਨ ਲਈ ਪਾਬੰਦ ਹੈ।ਮੰਗ ਅਨੁਸਾਰ ਕੰਮ ਜਾਂ ਬੇਰੁਜ਼ਗਾਰੀ ਭੱਤਾ ਦਿੱਤਾ ਜਾਣਾ ਕਾਨੂੰਨੀ ਤੌਰ ਤੇ ਲਾਜ਼ਮੀ ਹੈ, ਕਾਮਿਆਂ ਨੂੰ ਹੱਕ ਦਿੱਤਾ ਜਾਣਾ ਯਕੀਨੀ ਬਣਾਇਆ ਜਾਵੇ। ਮੰਗ ਅਨੁਸਾਰ ਕੰਮ ਨਹੀਂ ਦਿੱਤਾ ਗਿਆ ਤਾਂ ਹਰ ਕਾਮਾ ਬੇਰੁਜ਼ਗਾਰੀ ਭੱਤੇ ਦਾ ਹੱਕਦਾਰ ਹੈ, ਸਾਡੇ ਬੇਰੁਜ਼ਗਾਰੀ ਭੱਤੇ ਦੇ ਫਾਰਮ ਜਮ੍ਹਾਂ ਕਰਕੇ ਸਾਨੂੰ ਰਸੀਦ ਦਿੱਤੀ ਜਾਵੇ। ਸੱਤ ਦਿਨਾਂ ਵਿੱਚ ਬੇਰੁਜਗਾਰੀ ਭੱਤਾ ਦੇਣਾ ਯਕੀਨੀ ਬਣਾਇਆ ਜਾਵੇ। ਉਹਨਾਂ ਨਰੇਗਾ ਮਜ਼ਦੂਰਾਂ ਨੂੰ 'ਕੰਮ ਜਾਂ ਬੇਰੁਜ਼ਗਾਰੀ ਭੱਤਾ' ਲਈ ਲਾਮਬੰਦੀ ਤੇਜ਼ ਕਰਨ ਦਾ ਸੱਦਾ ਦਿੱਤਾ।



ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਤੇ

• ਬਾਕੀ ਸਫਾ 2 'ਤੇ

## ਜਵੰਦਾ ਬੱਦੀ ਨਹੀਂ, ਪਿੰਜੌਰ ਕੋਲ ਹਾਦਸੇ ਦਾ ਸ਼ਿਕਾਰ ਹੋਇਆ ਸੀ !

**ਚੰਡੀਗੜ੍ਹ** : ਗਾਇਕ ਰਾਜਵੀਰ ਜਵੰਦਾ (35) ਦਾ ਮੋਟਰਸਾਈਕਲ ਹਿਮਾਚਲ ਦੇ ਬੱਦੀ ਵਿੱਚ ਨਹੀਂ, ਹਰਿਆਣਾ ਦੇ ਪਿੰਜੌਰ ਵਿੱਚ ਹਾਦਸੇ ਦਾ ਸ਼ਿਕਾਰ ਹੋਇਆ ਸੀ। ਨਵੇਂ ਖੁਲਾਸੇ ਮੁਤਾਬਕ ਹਾਦਸਾ 27 ਸਤੰਬਰ ਨੂੰ ਸਵੇਰੇ ਪਿੰਜੌਰ-ਬੱਦੀ ਹਾਈਵੇ 'ਤੇ ਸੈਕਟਰ-30 ਟੀ ਪੁਆਇੰਟ ਨੇੜੇ ਹੋਇਆ। ਜਵੰਦਾ ਦੇ ਮੋਟਰਸਾਈਕਲ ਅੱਗੇ ਅਚਾਨਕ ਆਵਾਰਾ ਪਸ਼ੂ ਆ ਗਿਆ, ਜਿਸ ਕਾਰਨ ਉਹ ਬੇਕਾਬੂ ਹੋ ਕੇ ਡਿੱਗ ਗਿਆ ਅਤੇ ਗੰਭੀਰ ਜ਼ਖਮੀ ਹੋ ਗਿਆ। ਜਵੰਦਾ ਨੂੰ ਉਸ ਦੇ ਸਾਥੀ ਤੁਰੰਤ ਪਿੰਜੌਰ ਦੇ ਜੇ ਐੱਨ ਸ਼ੋਰੀ ਮਲਟੀਸਪੈਸ਼ਲਿਟੀ ਹਸਪਤਾਲ ਲੈ ਕੇ ਗਏ। ਦੋਸ਼ ਹੈ ਕਿ ਨਿੱਜੀ ਹਸਪਤਾਲ ਨੇ ਇਲਾਜ ਕਰਨ ਤੋਂ ਮਨ੍ਹਾ ਕਰ ਦਿੱਤਾ ਅਤੇ ਮੁੱਢਲੀ ਸਹਾਇਤਾ ਦੇ ਕੇ ਪੰਚਕੂਲਾ ਸੈਕਟਰ-6 ਸਿਵਲ ਹਸਪਤਾਲ ਰੈਫਰ ਕਰ ਦਿੱਤਾ ਗਿਆ। ਉੱਥੋਂ ਜਵੰਦਾ ਨੂੰ ਅੱਗੇ ਮੁਹਾਲੀ ਦੇ ਫੋਰਟਿਸ ਹਸਪਤਾਲ ਲਿਜਾਇਆ ਗਿਆ, ਜਿੱਥੇ ਲਗਭਗ 11 ਦਿਨਾਂ ਤੱਕ ਵੈਂਟੀਲੇਟਰ 'ਤੇ ਰਹਿਣ ਤੋਂ ਬਾਅਦ 8 ਅਕਤੂਬਰ ਨੂੰ ਉਸ ਦੀ ਮੌਤ ਹੋ ਗਈ।

ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ (ਐੱਲ ਐੱਫ ਐੱਚ ਆਰ ਆਈ) ਦੀ ਜਾਂਚ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਿੰਜੌਰ ਪੁਲਸ ਸਟੇਸ਼ਨ ਦੀ ਡੇਲੀ ਡਾਇਰੀ ਰਿਪੋਰਟ (ਡੀ ਡੀ ਆਰ) ਅਤੇ ਸਥਾਨਕ ਜਾਂਚ ਦੇ ਆਧਾਰ 'ਤੇ ਇਹ ਸਪੱਸ਼ਟ ਹੈ ਕਿ ਪਿੰਜੌਰ ਦੇ ਸ਼ੋਰੀ ਹਸਪਤਾਲ ਨੇ ਜ਼ਖਮੀ ਗਾਇਕ ਨੂੰ ਐਮਰਜੈਂਸੀ ਮੁੱਢਲੀ ਸਹਾਇਤਾ ਪ੍ਰਦਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਐੱਲ ਐੱਫ ਐੱਚ ਆਰ ਆਈ ਦੇ ਜਨਰਲ ਸਕੱਤਰ ਐਡਵੋਕੇਟ ਨਵਕਿਰਨ ਸਿੰਘ ਨੇ ਕਿਹਾ ਕਿ ਉਹ ਹੁਣ ਡਾਕਟਰੀ ਲਾਪਰਵਾਹੀ ਦਾ ਮੁੱਦਾ

• ਬਾਕੀ ਸਫਾ 2 'ਤੇ

### ਅੱਜ-ਨਾਮਾ

ਜੰਮਦੇ ਬੱਚਿਆਂ ਦੀ ਮੌਤ ਦਾ ਬਣੀ ਕਾਰਨ,
ਪਾਇਆ ਜਿਹੜੀ ਦਵਾਈ ਸੀ ਗੰਦ ਮੀਆਂ।
ਏਧਰ-ਓਧਰ ਹੀ ਫਿਰੀ ਸੀ ਜਾਂਚ ਘੁੰਮਦੀ,
ਕਿੱਧਰੋਂ-ਕਿੱਧਰ ਨੂੰ ਜਾਂਦੀ ਸੀ ਤੰਦ ਮੀਆਂ।
ਜਿਹੜੇ ਅਫਸਰ ਤੇ ਆਗੂ ਸੀ ਮਾਲ ਖਾਂਦੇ,
ਖੋਲ੍ਹੇ ਉਹਨਾਂ ਨਹੀਂ ਜੁੜੇ ਹੋਏ ਦੰਦ ਮੀਆਂ।
ਮਹੀਨੇ ਕਰੀਬ ਦੁਹਾਈ ਜਿਹੀ ਰਹੀ ਪੈਂਦੀ,
ਹੋ ਗਈ ਫੈਕਟਰੀ ਕਹਿੰਦੇ ਨੇ ਬੰਦ ਮੀਆਂ।
ਸਾਰੀ ਖੋਜ ਦੇ ਬਾਅਦ ਆ ਖਬਰ ਨਿਕਲੀ,
ਅੰਨ੍ਹੀ ਪਈ ਹੋਈ ਕੇਂਦਰ ਤੇ ਰਾਜ ਅੰਦਰ।
ਮਿਣ-ਮਿਣ ਸਿਰ ਸਿਰਵਾਰਨੇ ਹੋਈ ਜਾਂਦੇ,
ਤਾਹੀਓਂ ਪਿਆ ਸਭ ਗੰਦ ਸਮਾਜ ਅੰਦਰ।

-ਤੀਸ ਮਾਰ ਖਾਂ

## ...ਤੇ ਉਹ ਘਟਨਾ ਇੱਕ ਸਾਤਾ ਬੀਤਣ 'ਤੇ ਵੀ ਚਰਚਾ 'ਚ

**ਸ਼ਾਹਕੋਟ (ਗਿਆਨ ਸੈਦਪੁਰੀ)**

ਅੱਜ ਉਸ ਘਟਨਾ ਨੂੰ ਇੱਕ ਸਾਤਾ ਬੀਤ ਗਿਆ ਹੈ, ਜਿਸ ਵਿੱਚ ਮਹਾਂਰਿਸ਼ੀ ਵਾਲਮੀਕ ਜੀ ਦੀ ਸ਼ੋਭਾ ਯਾਤਰਾ ਦੀ ਰਵਾਨਗੀ ਵੇਲੇ ਵੱਖ-ਵੱਖ ਸਿਆਸੀ ਆਗੂਆਂ ਅੰਦਰ ਫੀਤਾ ਕੱਟਣ ਦੀ 'ਕਲਗੀ' ਆਪਣੇ ਸਿਰ ਸਜਾਉਣ ਨੂੰ ਲੈ ਕੇ ਪਏ 'ਧਮੱਚੜ' ਸਮੇਂ ਸਿਆਸੀ ਸ਼ਰੀਕੇਬਾਜ਼ੀ ਦਾ ਖੁੱਲ੍ਹ ਕੇ ਪ੍ਰਗਟਾਵਾ ਹੋਇਆ ਸੀ। ਏਨੇ ਦਿਨ ਬੀਤ ਜਾਣ ਦੇ ਬਾਅਦ ਵੀ ਇਹ ਘਟਨਾ ਸਿਆਸੀ, ਸਮਾਜੀ ਤੇ ਧਾਰਮਿਕ ਖੁੰਢ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕਿਧਰੇ ਕੁਝ ਲੋਕਾਂ ਵੱਲੋਂ ਸੰਜੀਦਗੀ ਨਾਲ ਵਿਚਾਰ ਕੀਤਾ ਜਾ ਰਿਹਾ ਹੈ ਕਿ ਅਜਿਹਾ 'ਬੰਨ੍ਹ ਸੁਬ' ਕਰਨਾ ਚਾਹੀਦਾ ਹੈ ਕਿ ਅਜਿਹੀ ਘਟਨਾ ਮੁੜ ਨਾ ਵਾਪਰੇ। ਕਈਆਂ ਵੱਲੋਂ ਇਸ ਘਟਨਾ ਉਪਰੰਤ ਧੁਖੀ ਅੱਗ ਨੂੰ 'ਚੰਗਿਆੜੀ' ਬਣਾਉਣ ਦੀਆਂ ਤਰਕੀਬਾਂ ਸੋਚੀਆਂ ਜਾ ਰਹੀਆਂ ਹਨ ਤੇ ਕਿਧਰੇ 'ਵੋਟਾਂ ਵਾਲਿਆਂ' ਨੂੰ ਧਾਰਮਿਕ ਰਸਮਾਂ ਦਾ ਹਿੱਸਾ ਨਾ ਬਣਾਉਣ ਬਾਰੇ ਵਿਚਾਰਾਂ ਹੋ ਰਹੀਆ ਹਨ। ਦੱਸ ਦੇਈਏ ਕਿ ਲੰਘੀ 7 ਅਕਤੂਬਰ ਨੂੰ ਮਹਾਂਰਿਸ਼ੀ ਵਾਲਮੀਕ ਦੇ ਪ੍ਰਗਟ ਦਿਵਸ 'ਤੇ ਸ਼ਾਮ ਨੂੰ ਸ਼ਾਹਕੋਟ ਦੇ ਮੁਹੱਲਾ ਬਾਗ ਵਾਲਾ ਤੋਂ ਸ਼ੋਭਾ ਯਾਤਰਾ ਦਾ ਆਰੰਭ ਕਰਨ ਲਈ ਵੱਖ-ਵੱਖ ਸਿਆਸੀ ਆਗੂ ਆਏ ਹੋਏ ਸਨ। ਇਸ ਸ਼ੁਭ ਕਾਰਜ ਦਾ ਆਰੰਭ ਫੀਤਾ ਕੱਟ ਕੇ ਕੀਤਾ ਜਾਣਾ ਸੀ। ਸਿਆਸੀ ਆਗੂਆਂ ਵੱਲੋਂ ਆਪੋ-ਆਪਣੀ ਚੜ੍ਹਤ ਦਾ ਵਿਖਾਵਾ ਕਰਨ ਲਈ ਅਜਿਹੇ ਮੌਕਿਆਂ ਨੂੰ ਵਰਤਣਾ ਆਮ ਵਰਤਾਰਾ ਹੈ। ਅਜਿਹੇ ਵਰਤਾਰੇ ਮੁਤਾਬਕ ਹੀ ਉਸ ਦਿਨ ਵੀ ਫੀਤਾ ਕੱਟਣ ਦੇ ਮਾਮਲੇ ਵਿੱਚ ਸਿਆਸੀ ਆਗੂਆਂ ਦਰਮਿਆਨ ਗੱਲ ਤੂੰ-ਤੂੰ, ਮੈਂ-ਮੈਂ ਤੋਂ ਅੱਗੇ ਵਧ ਜਾਣੀ ਸੀ, ਜੇ ਸਥਾਨਕ ਪੁਲਸ ਤੇ ਪ੍ਰਬੰਧਕਾਂ ਵਿੱਚੋਂ ਸਿਆਣੇ ਬੰਦੇ ਸੂਝ-ਬੂਝ ਨਾ ਵਰਤਦੇ। ਪ੍ਰਤੱਖ ਦਰਸ਼ੀ ਦੱਸਦੇ ਹਨ ਕਿ ਹਾਜ਼ਰ ਸਿਆਸੀ ਆਗੂਆਂ ਵਿੱਚੋਂ ਇੱਕ ਨੂੰ ਪ੍ਰਬੰਧਕਾਂ ਵੱਲੋਂ ਫੀਤਾ ਕੱਟਣ ਲਈ ਕੈਂਚੀ ਦਿੱਤੀ ਗਈ। ਦੂਸਰੇ ਨੇ ਅੱਖ ਦੇ ਫੋਰ ਵਿੱਚ ਇਹ ਕੈਂਚੀ ਆਪਣੇ 'ਕਬਜ਼ੇ' ਵਿੱਚ ਕਰ ਲਈ ਗਈ। ਫਿਰ 'ਮੰਦ ਬਚਨੀ' ਸ਼ੁਰੂ ਹੋ ਗਈ। ਧਾਰਮਿਕ ਸ਼ਰਧਾ ਨਾਲ ਓਤ-ਪੋਤ ਮਹੌਲ ਰੌਲੇ-ਰੱਪੇ ਨੇ ਹਫੜਾ-ਦਫ਼ੜੀ ਵਾਲਾ ਬਣਾ ਦਿੱਤਾ। ਵੱਖ-ਵੱਖ ਪਾਰਟੀਆਂ ਨਾਲ ਸੰਬੰਧਤ ਸਿਆਸੀ ਆਗੂਆਂ ਦੇ 'ਖਾਸ' ਸਮਰਥਕਾਂ ਨੇ ਆਪਣੀ ਵਧੇਰੇ ਵਫ਼ਾਦਾਰੀ ਵਿਖਾਉਣ ਦੀ ਚਾਹਤ ਅਧੀਨ ਧੁਖਦੀ ਧੂਣੀ ਨੂੰ ਜਾਣੇ ਅਣਜਾਣੇ 'ਤੇਲ' ਪਾਉਣ ਦਾ ਕੰਮ ਕਰ ਦਿੱਤਾ। ਪ੍ਰਬੰਧਕਾਂ ਨੇ ਮੌਕੇ 'ਤੇ ਹੀ ਕਹਿਣਾ ਸ਼ੁਰੂ ਕਰ ਦਿੱਤਾ ਕਿ 'ਵੋਟਾਂ ਵਾਲਿਆਂ' ਨੂੰ ਧਾਰਮਿਕ ਰਸਮਾਂ ਤੋਂ ਪਾਸੇ ਰੱਖਣਾ ਚਾਹੀਦਾ ਹੈ। ਖੈਰ, ਬਾਅਦ ਵਿੱਚ ਸ਼ੋਭਾ ਯਾਤਰਾ ਸਾਰੇ ਸ਼ਾਹਕੋਟ ਵਿੱਚੋਂ ਲੰਘੀ ਤੇ ਲਵ-ਕੁਸ਼ ਵੱਲੋਂ ਰਾਮ ਚੰਦਰ ਦਾ ਘੋੜਾ ਪਕੜੇ ਜਾਣ ਦੀ ਝਾਕੀ ਦਾ ਸਭ ਨੇ ਧਿਆਨ ਖਿੱਚਿਆ। ਇਸ ਮੌਕੇ ਪ੍ਰਬੰਧਕਾਂ ਤੇ ਹੋਰ ਲੋਕਾਂ ਤੋਂ ਇਲਾਵਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਭਾਜਪਾ ਆਗੂ ਰਾਣਾ ਹਰਦੀਪ ਸਿੰਘ, ਆਪ ਦੇ ਹਲਕਾ ਇੰਚਾਰਜ ਪਿੰਦਰ ਪੰਡੋਰੀ ਤੇ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਮੌਜੂਦ ਸਨ।



## ਜਾਇਦਾਦਾਂ ਵੇਚਣ ਦੀ ਤਜਵੀਜ਼ ਖਿਲਾਫ਼ ਪਾਵਰਕਾਮ ਇੰਜੀਨੀਅਰ, ਮੁਲਾਜ਼ਮ ਤੇ ਪੈਨਸ਼ਨਰ ਹੋਏ ਇਕਜੁੱਟ



**ਲੁਧਿਆਣਾ** : ਪਾਵਰਕਾਮ ਅਦਾਰੇ ਦੀਆਂ ਵੱਡੇ ਸ਼ਹਿਰਾਂ ਵਿੱਚ ਮੌਜੂਦ ਸੈਂਕੜੇ ਏਕੜ ਵਿੱਚ ਫੈਲੀਆਂ ਬਹੁਤ ਮਹਿੰਗੀਆਂ ਜਾਇਦਾਦਾਂ, ਜੋ ਕਈ ਦਹਾਕੇ ਪਹਿਲਾਂ ਜ਼ਿਆਦਾਤਰ ਪੰਚਾਇਤਾਂ ਵੱਲੋਂ ਅਤੇ ਕੁਝ ਨਿੱਜੀ ਤੌਰ 'ਤੇ ਲੋਕਾਂ ਵੱਲੋਂ ਦਫਤਰ ਅਤੇ ਗਰਿੱਡ ਬਣਾਉਣ ਲਈ ਉਸ ਵਕਤ ਬਿਜਲੀ ਬੋਰਡ ਨੂੰ ਦਾਨ ਵਜੋਂ ਦਿੱਤੀਆਂ ਸਨ ਨੂੰ ਸਰਕਾਰ ਵੱਲੋਂ ਵੇਚਣ ਦੀ ਤਜਵੀਜ਼ ਦੇ ਖਿਲਾਫ਼ ਅਦਾਰੇ ਦੇ ਇੰਜੀਨੀਅਰ, ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਪੀ ਐੱਸ ਈ ਬੀ ਇੰਪਲਾਈਜ਼ ਜਾਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸ਼ੀਏਸ਼ਨ ਆਫ ਜੂਨੀਅਰ ਇੰਜੀਨੀਅਰ, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ: 24), ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ (ਸੰਬੰਧਤ ਏਟਕ), ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ ਪਹਿਲਵਾਨ ਤੋਂ ਇਲਾਵਾ ਪੀ ਐੱਸ ਈ ਬੀ ਇੰਜੀਨੀਅਰ ਐਸੋਸੀਏਸ਼ਨ ਦੇ ਆਗੂਆਂ ਦੀ ਹੰਗਾਮੀ ਮੀਟਿੰਗ ਸਥਾਨਕ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਸ ਬਹੁਤ ਹੀ ਅਹਿਮ ਮੀਟਿੰਗ ਵਿੱਚ ਪਾਵਰਕਾਮ ਅਦਾਰੇ ਦੀ ਹੋਂਦ

• ਬਾਕੀ ਸਫਾ 2 'ਤੇ

## ਵਿਧਾਇਕ ਪੰਡੋਰੀ ਨੇ ਰੱਖੀ ਪੰਚਾਇਤ ਘਰ ਤੇ ਹੈਲਥ ਵੈੱਲਨੈੱਸ ਸੈਂਟਰ ਦੀ ਨੀਂਹ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਆਉਣ ਵਾਲੇ ਸਾਲ ਨੂੰ ਵਿਕਾਸ ਵਰ੍ਹੇ ਵਜੋਂ ਮਨਾਇਆ ਜਾਵੇਗਾ, ਕਿਉਂਕਿ ਸੂਬਾ ਸਰਕਾਰ ਵੱਲੋਂ ਹਰੇਕ ਹਲਕੇ ਦੇ ਵਿਕਾਸ ਕਾਰਜਾਂ ਲਈ ਗਰਾਂਟ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾ ਰਹੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਮਹਿਲ ਕਲਾਂ ਵਿਖੇ 60 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਹੈਲਥ ਵੈੱਲਨੈੱਸ ਸੈਂਟਰ ਤੇ ਪੰਚਾਇਤ ਘਰ ਦੀ ਨੀਂਹ ਰੱਖਣ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਮਹਿਲ ਕਲਾਂ ਨਾਲ ਸਬੰਧਤ ਜਿੰਨੀਆਂ ਵੀ ਤਜਵੀਜ਼ਾਂ ਪੰਜਾਬ ਸਰਕਾਰ ਨੂੰ ਭੇਜੀਆਂ ਜਾਂਦੀਆਂ ਹਨ, ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਤੁਰੰਤ ਪ੍ਰਵਾਨ ਕੀਤਾ ਜਾਂਦਾ ਹੈ।ਉਨ੍ਹਾਂ ਸਮੂਹ ਪਿੰਡ ਦੀਆਂ ਪੰਚਾਇਤਾਂ ਨੂੰ ਇਕਜੁੱਟ ਹੋ ਕੇ ਵਿਕਾਸ ਕਾਰਜ ਚਲਾਉਣ ਦੀ ਅਪੀਲ ਕੀਤੀ।ਵਿਧਾਇਕ ਪੰਡੋਰੀ ਨੇ ਹੁਣ ਤੱਕ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ 4.5 ਕਰੋੜ ਰੁਪਏ ਦੀਆਂ ਗਰਾਂਟਾਂ ਦਾ ਜ਼ਿਕਰ ਵੀ ਕੀਤਾ।ਸਰਪੰਚ ਕਿਰਨਾ ਰਾਣੀ ਦੀ ਅਗਵਾਈ 'ਚ ਗ੍ਰਾਮ ਪੰਚਾਇਤ ਵੱਲੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ।ਯੂਥ ਆਗੂ ਅਰੁਣ ਕੁਮਾਰ ਬਾਂਸਲ ਨੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਲਈ ਵਿਧਾਇਕ ਪੰਡੋਰੀ ਦਾ ਧੰਨਵਾਦ ਕੀਤਾ।ਇਸ ਸਮੇਂ ਸਰਪੰਚ ਸਰਬਜੀਤ ਸਿੰਘ ਸ਼ੰਭੂ, ਬਲਾਕ ਪ੍ਰਧਾਨ ਗੁਰਜੀਤ ਸਿੰਘ ਧਾਲੀਵਾਲ, ਮੀਡੀਆ ਇੰਚਾਰਜ ਮਨਜੀਤ ਸਿੰਘ ਸਹਿਜੜਾ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਖਾਲਸਾ, ਡਾ. ਕੇਸਰ ਖਾਨ, ਮੋਹਿਤ ਗਰਗ, ਪੰਚ ਸੰਦੀਪ ਕੌਰ, ਕੁਲਵਿੰਦਰ ਕੌਰ ਢੀਡਸਾ, ਮਨਜੀਤ ਸਿੰਘ, ਦਰਸ਼ਨ ਸਿੰਘ, ਹਰਦੀਪ ਸਿੰਘ, ਮੱਖਣ ਸਿੰਘ, ਬਲਜੀਤ ਕੌਰ, ਵਿਜੇ ਕੁਮਾਰ, ਗਗਨ ਬਾਂਸਲ, ਦਰਸ਼ਨ ਸਿੰਘ ਫੌਜੀ, ਹਰਕਮਲ ਸਿੰਘ ਚੀਮਾ ਆਦਿ ਹਾਜ਼ਰ ਸਨ।

## ਮੱਖਣ ਬਰਾੜ ਦੀ ਅਗਵਾਈ ਹੇਠ ਹਲਕਾ ਧਰਮਕੋਟ 'ਚ ਰਾਹਤ ਕਾਰਜ ਨਿਰੰਤਰ ਜਾਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਜਨਰਲ ਸਕੱਤਰ ਅਤੇ ਮੁੱਖ ਬੁਲਾਰੇ ਬਰਜਿੰਦਰ ਸਿੰਘ ਮੱਖਣ ਬਰਾੜ ਦੀ ਅਗਵਾਈ ਹੇਠ ਹਲਕਾ ਧਰਮਕੋਟ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਕਾਰਜ ਲਗਾਤਾਰ ਜਾਰੀ ਹਨ।ਪਹਿਲੇ ਦਿਨ ਤੋਂ ਹੀ ਟੀਮ ਮੱਖਣ ਬਰਾੜ ਵੱਲੋਂ ਹਰ ਪਿੰਡ ਤੱਕ ਪਹੁੰਚ ਕਰਕੇ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ।ਬਰਜਿੰਦਰ ਸਿੰਘ ਮੱਖਣ ਬਰਾੜ ਦੀ ਨਿਗਰਾਨੀ ਵਿੱਚ ਟੀਮ ਵੱਲੋ ਪ੍ਰਭਾਵਿਤ ਪਰਵਾਰਾਂ ਤੱਕ ਰਾਸ਼ਨ, ਖਾਣ-ਪੀਣ ਦੀ ਸਮੱਗਰੀ, ਪਸ਼ੂਆਂ ਲਈ ਫੀਡ ਤੇ ਮੈਡੀਕਲ ਸਹੂਲਤਾਂ ਨਿਰੰਤਰ ਪਹੁੰਚਾਈਆਂ ਹਨ।ਬਦਲਦੇ ਮੌਸਮ ਤੇ ਠੰਢ ਵਧਣ ਕਾਰਨ ਟੀਮ ਮੱਖਣ ਬਰਾੜ ਵੱਲੋਂ ਲੋੜਵੰਦ ਪਰਵਾਰਾਂ ਤੱਕ ਗਰਮ ਕੱਪੜੇ, ਕੰਬਲ ਤੇ ਹੋਰ ਲੋੜੀਂਦੀਆਂ ਚੀਜ਼ਾਂ ਵੀ ਵੰਡੀਆਂ ਜਾ ਰਹੀਆਂ ਹਨ।ਬਰਾੜ ਨੇ ਕਿਹਾ ਕਿ ਹਲਕਾ ਧਰਮਕੋਟ ਦੇ ਹਰੇਕ ਪ੍ਰਭਾਵਿਤ ਪਿੰਡ ਵਿੱਚ ਕੋਈ ਵੀ ਪਰਵਾਰ ਬਿਨਾਂ ਮਦਦ ਤੋਂ ਨਾ ਰਹਿ ਜਾਵੇ, ਇਹ ਉਨ੍ਹਾਂ ਦਾ ਮੁੱਖ ਉਦੇਸ਼ ਹੈ।ਉਨ੍ਹਾਂ ਦੱਸਿਆ ਕਿ ਜਦੋਂ ਤੱਕ ਪੀੜਤ ਪਰਵਾਰ ਪੂਰੀ ਤਰ੍ਹਾਂ ਸੁਖੀ ਨਹੀਂ ਹੋ ਜਾਂਦੇ, ਟੀਮ ਦੀ ਸੇਵਾ ਇਸੇ ਤਰ੍ਹਾਂ ਜਾਰੀ ਰਹੇਗੀ।ਇਸ ਮੌਕੇ ਟੀਮ ਮੱਖਣ ਬਰਾੜ ਦੇ ਮੈਂਬਰ ਇਕਬਾਲਦੀਪ ਸਿੰਘ ਹੈਰੀ ਵੱਲੋਂ ਵੀ ਰਾਹਤ ਕਾਰਜਾਂ ਵਿੱਚ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ।ਉਨ੍ਹਾਂ ਕੱਲ੍ਹ ਹਲਕਾ ਧਰਮਕੋਟ ਦੇ ਕਈ ਪਿੰਡਾਂ ਵਿੱਚ ਸੈਂਕੜਿਆਂ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਮੁਹੱਈਆ ਕਰਵਾਈਆਂ, ਜਿੱਥੇ ਵੀ ਨੁਕਸਾਨ ਹੋਇਆ ਹੈ, ਉਥੇ ਟੀਮ ਮੱਖਣ ਬਰਾੜ ਨੇ ਤੁਰੰਤ ਕਾਰਵਾਈ ਕਰਦਿਆਂ ਮੈਡੀਕਲ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਹਨ।ਇਕਬਾਲਦੀਪ ਸਿੰਘ ਹੈਰੀ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਨਿਰੰਤਰ ਮੈਡੀਕਲ ਕੈਂਪ ਵੀ ਜਾਰੀ ਹਨ ਤਾਂ ਜੋ ਪ੍ਰਭਾਵਿਤ ਲੋਕਾਂ ਦੀ ਸਿਹਤ ਦੀ ਪੂਰੀ ਜਾਂਚ ਕੀਤੀ ਜਾ ਸਕੇ।ਇਸ ਦੇ ਨਾਲ ਹੀ ਟੀਮ ਵੱਲੋਂ ਇਸ ਹਫ਼ਤੇ ਦੌਰਾਨ ਡੈਂਟਲ ਕੈਂਪ ਲਗਾਉਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਵਿੱਚ ਮਾਹਰ ਡਾਕਟਰ ਲੋਕਾਂ ਦੇ ਦੰਦਾਂ ਦੀ ਜਾਂਚ ਕਰਨਗੇ ਤੇ ਮੁਫ਼ਤ ਇਲਾਜ ਪ੍ਰਦਾਨ ਕਰਨਗੇ।ਬਰਜਿੰਦਰ ਸਿੰਘ ਮੱਖਣ ਬਰਾੜ ਨੇ ਕਿਹਾ ਕਿ ਇਹ ਸੇਵਾ ਸਿਰਫ਼ ਰਾਹਤ ਵੰਡਣ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਮਨੁੱਖਤਾ ਦੀ ਅਸਲ ਸੇਵਾ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਇਹ ਪ੍ਰਾਥਮਿਕਤਾ ਹੈ ਕਿ ਲੋਕਾਂ ਦੇ ਦੁੱਖ-ਦਰਦ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਹੋਇਆ ਜਾਵੇ।ਟੀਮ ਮੱਖਣ ਬਰਾੜ ਦੀ ਇਹ ਨਿਰੰਤਰ ਸੇਵਾ ਮਨੁੱਖੀ ਭਾਵਨਾ ਤੇ ਸਮਰਪਣ ਦਾ ਜੀਵੰਤ ਉਦਾਹਰਨ ਹੈ, ਜਿਸ ਦੀ ਸਾਰੇ ਹਲਕੇ ਵਿੱਚ ਭਰਪੂਰ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

## ਵਿਗਿਆਨ ਦੀ ਜੋਤ ਡੈਡੀ ਦੀਆਂ ਪੈੜਾਂ ਨੂੰ ਸਲਾਮ



ਮੇਰੇ ਡੈਡੀ ਲਾਲ ਚੰਦ ਮਸਾਣੀ ਮਿਹਨਤੀ ਅਤੇ ਕਿਰਤੀ ਇਨਸਾਨ ਸੀ, ਜਿਸ ਨੇ ਰੋਟੀ-ਰੋਜ਼ੀ ਖ਼ਾਤਰ ਦੁਬਈ, ਸਾਊਦੀ ਅਰਬ, ਨੀਦਰਲੈਂਡ, ਜਰਮਨ, ਇੰਗਲੈਂਡ ਦੀ ਧਰਤੀ 'ਤੇ ਪਰਵਾਰ ਖ਼ਾਤਰ ਪਰਵਾਸ ਦਾ ਦਰਦ ਹੰਢਾਇਆ।ਮੁਸ਼ਕਲਾਂ ਦੇ ਭੰਨੇ ਭੁੱਖਾਂ-ਦੁੱਖਾਂ ਦੀ ਜ਼ਿੰਦਗੀ ਬਸਰ ਕਰਦੇ ਰਹੇ। ਜ਼ਿੰਦਗੀ ਦੇ 20 ਸਾਲ ਵਿਦੇਸ਼ੀ ਧਰਤੀ 'ਤੇ ਪੈਰ ਲਾਉਣ ਦੀ ਅਥਾਹ ਮਿਹਨਤ ਕਰਦੇ ਰਹੇ। ਕੰਮ ਤੋਂ ਇੱਕ ਦਿਨ ਵੀ ਵਿਹਲੇ ਨਹੀਂ ਸੀ ਬੈਠੇ।ਟ੍ਰੈਪ ਚਲਾਇਆ, ਜੈਕਟਾਂ ਐਕਸਪੋਰਟ ਕੀਤੀਆਂ, ਪੈਂਟਾਂ ਬਣਾਉਣ ਦਾ ਕਾਰੋਬਾਰ ਕੀਤਾ।ਬੈਲਟਾਂ ਬਣਾਉਣ ਦੀ ਫੈਕਟਰੀ, ਕੱਪੜੇ ਧੋਣ ਦਾ ਕਾਰਖਾਨਾ, ਟੋਪੀਆਂ ਦਾ ਕਾਰੋਬਾਰ, ਪਰਸ ਬਣਾਉਣ ਦਾ ਕੰਮ, ਕੰਘਿਆਂ ਨੂੰ ਡਾਈ ਕਰਨ ਦਾ ਕਾਰਖਾਨਾ ਲੁਧਿਆਣਾ ਵਿੱਚ ਤੇ ਹੋਰ ਪਿੰਡਾਂ ਵਿੱਚ ਸਾਰੀ ਉਮਰ ਕਾਰੋਬਾਰਾਂ ਦੀਆਂ ਦੁਸ਼ਵਾਰੀਆਂ ਝੱਲਦੇ ਦੂਜਾ ਕਾਰੋਬਾਰ ਫੜਦੇ ਰਹੇ।ਮਸ਼ੀਨ, ਪੈਦਾਵਾਰੀ ਸਾਧਨਾਂ, ਸੰਦਾਂ ਤੋਂ ਵਿਹੂਣੇ ਲੋਕ ਕਿਵੇਂ ਹਨੇਰੇ ਵਿੱਚ ਟੱਕਰਾਂ ਮਾਰਦੇ ਰਹਿੰਦੇ ਨੇ।ਇਸ ਸਮਾਜ ਅੰਦਰ ਬੇਰੁਜ਼ਗਾਰੀ, ਅਗਿਆਨਤਾ, ਜਾਤ-ਪਾਤ, ਜਬਰ-ਜ਼ੁਲਮ ਪਰਵਾਰਾਂ ਤੋਂ ਦੂਰ ਰਹਿ ਕੇ ਰੋਟੀ-ਰੋਜ਼ੀ ਲਈ ਧੱਕੇ ਖਾਣ ਦਾ ਇਹ ਪੀੜਾਂ ਦਾ ਦਰਦ ਮਿਹਨਤਕਸ਼ ਲੋਕਾਂ ਨੂੰ ਕਿਉਂ ਪੀਣਾ ਪੈਂਦਾ ਹੈ। ਇਹਨਾਂ ਸਵਾਲਾਂ ਦੇ ਜਵਾਬ ਸਾਡੇ ਬਾਬਲ ਨੇ ਵਿੱਦਿਅਕ ਅਦਾਰਿਆਂ ਦੀ ਬਜਾਏ ਜ਼ਿੰਦਗੀ ਦੀ ਹਕੀਕੀ ਯੂਨੀਵਰਸਿਟੀ ਵਿੱਚੋਂ ਤਲਾਸ਼ਣ ਦਾ ਜ਼ਿੰਦਗੀ ਭਰ ਯਤਨ ਕੀਤਾ।

ਉਹ ਸਿਖ਼ਰ ਦੇ ਨਾਸਤਿਕ ਸਨ, ਪਰ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਦਾ ਮਾਨਵੀ ਇਨਕਲਾਬੀ ਕਾਰਜ ਸਮਝਦੇ ਸਨ।ਉਹ ਆਪਣੇ ਆਪ ਨੂੰ ਅਮਲ ਦੇ ਰਾਹਾਂ ਦੇ ਰਾਹੀ ਸਮਝਦੇ ਸਨ।ਉਹ ਅੰਧ-ਵਿਸ਼ਵਾਸ, ਪਾਖੰਡਾਂ ਦੀ ਦੁਨੀਆ ਤੋਂ ਕੋਹਾਂ ਦੂਰ ਰਹੇ।ਆਪਣੇ ਮਾਂ-ਪਿਓ ਦੀ ਡਟਕੇ ਸੇਵਾ ਕੀਤੀ।ਉਹਨਾਂ ਦੀ ਇੱਛਾ ਦਾ ਧਿਆਨ ਰੱਖਦੇ ਹੋਏ ਲੋੜੀਂਦੀ ਸੇਵਾ ਕਰਨ ਨੂੰ ਪਹਿਲ ਦਿੱਤੀ।ਆਪਣੇ ਦੋਹਤੇ-ਦੋਹਤੀਆਂ ਤੇ ਪੋਤੀਆਂ ਨੂੰ ਲਾਡ ਤੋਂ ਵੱਧ ਪਿਆਰ ਕਰਦੇ ਸਨ।ਮੈਨੂੰ ਫੋਨ 'ਤੇ ਨਾਟਕਾਂ ਬਾਰੇ ਪੁੱਛਣਾ ਤੇ ਮੈਨੂੰ ਕਹਿਣਾ ਕਿ ਮੇਰਾ ਪੁੱਤ ਕੋਈ ਤਕੜਾ ਜਿਹਾ ਨਾਟਕ ਬਣਾ, ਦੁਨੀਆ ਦੇਖਦੀ ਰਹੇ। ਤਕੜਾ ਜਿਹਾ ਇਨਕਲਾਬੀ ਗੀਤ ਲਿਖ, ਪੂਰੀ ਦੁਨੀਆ 'ਚ ਧੁੰਮ ਪੈ ਜਾਵੇ।ਮੇਰੇ ਡੈਡੀ ਨੇ ਜਦੋਂ ਵੀ ਆਉਣਾ, ਨਰਗਿਸ ਨੇ ਕੋਈ ਨਾ ਕੋਈ ਗੀਤ ਸੁਣਾਉਣਾ।

ਮੇਰੇ ਬੱਚੇ ਫੁੱਲ-ਬੂਟਿਆਂ ਨੂੰ ਡੈਡੀ ਸਾਰੀ ਦੁਨੀਆ ਤੋਂ ਵਧੀਆ ਸਮਝਦਾ ਸੀ।ਉਹ ਪਿੰਡ 'ਚ ਪਹਿਲਾ ਇਨਕਲਾਬੀ ਹੈ, ਜਿਹਨੇ ਆਪਣੇ ਚਾਰ ਬੱਚਿਆਂ ਦੇ ਬਿਨਾਂ ਦਾਜ-ਦਹੇਜ ਤੋਂ ਸਾਦੇ ਢੰਗ ਨਾਲ ਵਿਆਹ ਕੀਤੇ। ਦੁਨੀਆ ਦੀ ਪਰਵਾਹ ਕੀਤੇ ਬਿਨਾਂ ਇਹ ਤਾਜ ਮੇਰੇ ਡੈਡੀ ਦੇ ਸਿਰ 'ਤੇ ਸਜਦਾ ਹੈ।ਬਿਮਾਰ ਹੋਣ ਉਪਰੰਤ ਇਲਾਜ ਲਈ ਚੰਡੀਗੜ੍ਹ ਪੀ.ਜੀ.ਆਈ. ਹਸਪਤਾਲ ਤੇ ਵੀ ਕਈ ਪੱਖਾਂ ਤੋਂ ਅਫ਼ਸੋਸਨਾਕ ਤਸਵੀਰ ਹੀ ਦਿਖਾਈ।ਟੈਸਟਾਂ 'ਤੇ ਟੈਸਟ ਕਰਾਉਂਦੇ ਰਹੇ, ਪਰ ਅੰਤ ਅਸੀਂ ਸਦਾ ਲਈ ਖ਼ਾਮੋਸ਼ ਹੋਏ ਆਪਣੇ ਬਾਪ ਦੀ ਮ੍ਰਿਤਕ ਦੇਹ ਯੂਨੀਵਰਸਿਟੀ ਦੇ ਆਲਮ ਵਿਚ ਖੜ੍ਹ ਕੇ ਆਏ। ਉਨ੍ਹਾਂ ਦੀਆਂ ਯਾਦਗਾਰੀ ਪੈੜਾਂ ਨੂੰ ਸਲਾਮ ਕਰਨ ਲਈ ਅਸੀਂ ਸਾਰੇ 14 ਅਕਤੂਬਰ ਦਿਨੇ 12 ਵਜੇ ਪਿੰਡ ਮਸਾਣੀ ਵਿਖੇ ਮਿਲ ਬੈਠਾਂਗੇ।ਉਹਨਾਂ ਦੇ ਵਿਚਾਰਾਂ ਦੀ ਖ਼ੁਸ਼ਬੋ ਨੂੰ ਫੁੱਲਾਂ ਦੀ ਵਰਖਾ ਕਰਕੇ ਦੂਣ ਸਵਾਇਆ ਕਰਨ ਦਾ ਯਤਨ ਕਰਾਂਗੇ।

—ਕੁਲਵੰਤ ਕੌਰ ਨਗਰ
ਮਾਨਵਤਾ ਕਲਾ ਮੰਚ ਨਗਰ

## ਮੁੱਖ ਮੰਤਰੀ ਦੀ ਰਾਮਪੁਰਾ ਫੇਰੀ ਨੇ ਲੋਕਾਂ ਪੱਲੇ ਨਿਰਾਸ਼ਾ ਪਾਈ : ਗੁਰਪ੍ਰੀਤ ਮਲੂਕਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਹਲਕਾ ਰਾਮਪੁਰਾ ਫੂਲ ਦੇ ਵਾਸੀਆਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਫੇਰੀ ਤੋਂ ਵੱਡੀਆਂ ਉਮੀਦਾਂ ਸਨ, ਪਰ ਮੁੱਖ ਮੰਤਰੀ ਨੇ ਲੋਕਾਂ ਪੱਲੇ ਸਿਰਫ਼ ਨਿਰਾਸ਼ਾ ਹੀ ਪਾਈ ਹੈ। ਇਹ ਦੋਸ਼ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਾਮਪੁਰਾ ਫੇਰੀ 'ਤੇ ਟਿੱਪਣੀ ਕਰਦਿਆਂ ਲਗਾਏ। ਮਲੂਕਾ ਨੇ ਕਿਹਾ ਕਿ ਹਰ ਹਲਕੇ 'ਚ ਕੁੱਝ ਪੁਰਾਣੀਆਂ ਤੇ ਸਮੇਂ ਦੇ ਨਾਲ ਕੁਝ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ, ਜਿਨ੍ਹਾਂ ਦੇ ਹੱਲ ਲਈ ਤੇ ਹਲਕੇ ਲਈ ਕਿਸੇ ਵੱਡੇ ਪ੍ਰੋਜੈਕਟ ਦੀ ਉਮੀਦ ਸਰਕਾਰ ਤੋਂ ਰੱਖਦੇ ਹਨ। ਆਮ ਤੌਰ 'ਤੇ ਕਿਸੇ ਅਹਿਮ ਵਿਭਾਗ ਦੇ ਮੰਤਰੀ ਦੀ ਫੇਰੀ ਨਾਲ ਹੀ ਕਿਸੇ ਵੀ ਹਲਕੇ ਦੀਆਂ ਵੱਧ ਤੋਂ ਵੱਧ ਮੰਗਾਂ ਪੂਰੀਆਂ ਹੋ ਜਾਂਦੀਆਂ ਹਨ।ਰਾਮਪੁਰਾ 'ਚ ਖੁਦ ਸੂਬੇ ਦੇ ਮੁੱਖ ਮੰਤਰੀ ਦੇ ਆਉਣ ਨਾਲ ਹਲਕਾ ਵਾਸੀਆਂ ਨੂੰ ਉਮੀਦ ਸੀ ਕਿ ਹਲਕੇ ਦੀਆਂ ਮੰਗਾਂ ਪੂਰੀਆਂ ਕਰਨ ਦੇ ਨਾਲ ਨਾਲ ਹਲਕੇ ਲਈ ਕਿਸੇ ਵੱਡੇ ਪ੍ਰੋਜੈਕਟ ਦੇ ਨਾਲ ਗਰਾਂਟ ਦਾ ਐਲਾਨ ਕਰਨਗੇ। ਬੇਸ਼ੱਕ ਮੁੱਖ ਮੰਤਰੀ ਮਾਨ ਪਹਿਲਾਂ ਤੋਂ ਹੀ ਚੱਲ ਰਹੇ ਓਵਰ ਬ੍ਰਿਜ ਦਾ ਉਦਘਾਟਨ ਕਰਨ ਆਏ ਸੀ, ਪਰ ਹਲਕੇ ਲਈ ਕੁੱਝ ਐਲਾਨ ਕਰ ਸਕਦੇ ਸਨ।ਮੁੱਖ ਮੰਤਰੀ ਦੇ ਸੰਬੋਧਨ ਦੌਰਾਨ ਲੋਕ ਹਲਕੇ ਲਈ ਕੋਈ ਵੱਡਾ ਫੈਸਲਾ ਤੇ ਪੰਜਾਬ ਦੇ ਮਸਲਿਆਂ ਬਾਰੇ ਕੋਈ ਠੋਸ ਗੱਲ ਉਡੀਕਦੇ ਰਹੇ। ਮੁੱਖ ਮੰਤਰੀ ਦਾ ਪੂਰਾ ਭਾਸ਼ਣ ਵਿਰੋਧੀਆਂ 'ਤੇ ਟਿੱਪਣੀ ਕਰਨ ਤੇ ਚੁਟਕਲਿਆਂ ਨਾਲ ਹੀ ਖ਼ਤਮ ਹੋ ਗਿਆ। ਮਲੂਕਾ ਨੇ ਤੰਜ ਕਸਦਿਆਂ ਕਿਹਾ ਕਿ ਭਗਵੰਤ ਮਾਨ ਸੂਬੇ ਦੇ ਸਭ ਤੋਂ ਵੱਡੇ ਤੇ ਸੰਵਿਧਾਨਕ ਅਹੁਦੇ 'ਤੇ ਬੈਠਣ ਤੋਂ ਬਾਅਦ ਵੀ ਆਪਣੇ ਪੁਰਾਣੇ ਕਿੱਤੇ 'ਚੋਂ ਬਾਹਰ ਨਹੀਂ ਆ ਰਹੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਆਉਣ ਦਾ ਇੰਤਜ਼ਾਰ ਕਰ ਰਹੇ ਪੂਰੇ ਹਲਕੇ ਦੇ ਲੋਕ ਨਿਰਾਸ਼ ਨਜ਼ਰ ਆਏ ਤੇ ਦੱਬੀ ਜ਼ਬਾਨ 'ਚ ਮੁੱਖ ਮੰਤਰੀ ਵੱਲੋਂ ਸਮਾਗਮ 'ਚ ਲੱਗੇ ਟੈਂਟ ਦਾ ਮੁੱਲ ਵੀ ਨਾ ਮੋੜਨ ਵਰਗੇ ਤੰਜ ਕੱਸ ਰਹੇ ਸਨ।ਇਸ ਮੌਕੇ ਮੰਗਲ ਸਿੰਘ ਸਰਾਓ, ਸਮਪ੍ਰੀਤ ਸਿੰਘ ਜੱਸਾ, ਪ੍ਰਵੀਨ ਸਿੰਗਲਾ, ਚੰਦਨ ਕਾਂਤ, ਵਿਵੇਕ ਗਰਗ, ਮੋਹਿਤ ਕੌਸ਼ਲ, ਅਤੇ ਮੀਡੀਆ ਇੰਚਾਰਜ ਤਰਨ ਸ਼ਰਮਾ ਮਲੂਕਾ ਵੀ ਹਾਜ਼ਰ ਸਨ।

## ਸੈਂਟਰ ਖੇਡਾਂ 'ਚ ਸਰਕਾਰੀ ਪ੍ਰਾਇਮਰੀ ਸਕੂਲ ਮਲੂਕਾ ਦੀਆਂ ਸ਼ਾਨਦਾਰ ਪ੍ਰਾਪਤੀਆਂ



**ਬਠਿੰਡਾ (ਰਾਜੀਵ ਗੋਇਲ)**-ਸਰਕਾਰੀ ਪ੍ਰਾਇਮਰੀ ਸਕੂਲ ਮਲੂਕਾ (ਬਠਿੰਡਾ) ਦੇ ਵਿਦਿਆਰਥੀਆਂ ਨੇ ਸੈਂਟਰ ਪੱਧਰੀ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕੀਤਾ।ਇਹ ਖੇਡਾਂ ਗੁਰੂ ਗੋਬਿੰਦ ਸਿੰਘ ਖੇਡ ਸਟੇਡੀਅਮ ਕੋਠਾ ਗੁਰੂ ਵਿਖੇ ਕਰਵਾਈਆਂ ਗਈਆਂ।ਸ੍ਰ. ਬੂਟਾ ਸਿੰਘ ਸੀ.ਐੱਚ.ਟੀ. ਕਲੱਸਟਰ ਕੋਠਾ ਗੁਰੂ ਜੀ ਨੇ ਅਖੀਰਲੇ ਦਿਨ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕੀਤੇ।ਸਕੂਲ ਦੇ ਮੁੱਖ ਅਧਿਆਪਕ ਸ੍ਰ. ਬੇਅੰਤ ਸਿੰਘ ਮਲੂਕਾ (ਸਟੇਟ ਐਵਾਰਡੀ) ਨੇ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਬੱਚਿਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ।ਖੇਡਾਂ ਦੀ ਤਿਆਰੀ ਬੇਅੰਤ ਸਿੰਘ ਮਲੂਕਾ, ਅਮਰੀਕ ਸਿੰਘ ਕਲਿਆਣ, ਹਰਜਿੰਦਰ ਸਿੰਘ ਬੁਰਜ ਥਰੋੜ, ਕੁਲਦੀਪ ਸ਼ਰਮਾ ਭਗਤਾ, ਸੁਖਜਿੰਦਰ ਸਿੰਘ ਘਣੀਆਂ, ਮੈਡਮ ਸੁਖਜੀਤ ਕੌਰ ਤੇ ਜਸਵਿੰਦਰ ਕੌਰ ਨੇ ਕਰਵਾਈ।ਇਸ ਮੌਕੇ ਕਰਵਾਏ ਖੇਡ ਮੁਕਾਬਲੇ ਜਿਵੇਂ ਕਰਾਟੇ (ਮੁੰਡੇ/ਕੁੜੀਆਂ) 'ਚ ਫ਼ਸਟ, ਜਿਮਨਾਸਟਿਕ (ਮੁੰਡੇ/ਕੁੜੀਆਂ) 'ਚ ਫ਼ਸਟ, ਯੋਗਾ (ਮੁੰਡੇ) 'ਚ ਫਸਟ, ਰੱਸਾਕਸ਼ੀ (ਮੁੰਡੇ) 'ਚ ਸੈਕਿੰਡ, ਖੋ-ਖੋ (ਮੁੰਡੇ) 'ਚ ਸੈਕਿੰਡ, ਦੌੜਾਂ 400 ਮੀਟਰ 'ਚ ਸੈਕਿੰਡ ਰਹੇ।ਸਮੂਹ ਸਟਾਫ਼ ਨੇ ਵਿਦਿਆਰਥੀਆਂ ਨੂੰ ਇਸ ਵਧੀਆ ਪ੍ਰਦਰਸ਼ਨ ਕਰਨ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ।ਸਕੂਲ ਪੱਧਰ 'ਤੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ ਤੇ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਬਲਾਕ ਪੱਧਰ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਦਾ ਅਹਿਦ ਵੀ ਲਿਆ।ਇਸ ਸਮੇਂ ਹੋਰਨਾਂ ਤੋਂ ਇਲਾਵਾ ਸ੍ਰ. ਸੁਖਦੇਵ ਸਿੰਘ ਚੇਅਰਮੈਨ ਐੱਸ.ਐੱਮ.ਸੀ, ਮਨਦੀਪ ਕੌਰ, ਰਾਜਵਿੰਦਰ ਕੌਰ, ਮਨਦੀਪ ਕੌਰ ਬੱਬੂ ਤੇ ਪਤਵੰਤੇ ਹਾਜ਼ਰ ਸਨ।

## ਕਾਸਮਪੁਰ ਛੀਨਾ ਦੇ ਨਸ਼ਾ ਤਸ਼ਕਰ ਦੇ ਘਰ 'ਤੇ ਚੱਲਿਆ ਪੀਲਾ ਪੰਜਾ



**ਬੋਹਾ (ਨਿਰੰਜਣ ਬੋਹਾ)**-ਨੇੜਲੇ ਪਿੰਡ ਕਾਸਮਪੁਰ ਛੀਨਾ ਵਿੱਖੇ ਇਕ ਕਥਿਤ ਨਸ਼ਾ ਤਸਕਰ ਚਮਕੌਰ ਸਿੰਘ ਦੇ ਨਜਾਇਜ਼ ਜ਼ਮੀਨ ਕਬਜ਼ੇ ਹੇਠਲੀ ਜ਼ਮੀਨ ਉੱਤੇ ਬਣੇ ਘਰ 'ਤੇ ਪੀਲਾ ਪੰਜਾ ਚਲਾਉਣ ਦੀ ਕਾਰਵਾਈ ਸਬ ਡਵੀਜ਼ਨ ਬੁਢਲਾਡਾ ਦੇ ਤਹਿਸੀਲਦਾਰ ਮਨਵੀਰ ਸਿੰਘ ਦੀ ਨਿਗਰਾਨੀ ਹੇਠ ਅਮਲ ਵਿੱਚ ਲਿਆਂਦੀ ਗਈ।ਪ੍ਰਾਪਤ ਜਾਣਕਾਰੀ ਅਨੁਸਾਰ ਦਲਿਤ ਸ਼੍ਰੇਣੀ ਨਾਲ ਸੰਬੰਧਤ ਚਮਕੌਰ ਸਿੰਘ ਇਸ ਵੇਲੇ ਨਸ਼ਾ ਵਿਰੋਧੀ ਕੇਸਾਂ ਕਰਕੇ ਤਾਮਕੋਟ ਜ਼ੇਲ੍ਹ ਵਿੱਚ ਬੰਦ ਹੈ ਤੇ ਉਸ ਦੀ ਪਤਨੀ ਆਪਣੇ ਬੱਚਿਆਂ ਨੂੰ ਛੱਡ ਕੇ ਚੰਡੀਗੜ੍ਹ ਵਿੱਚ ਰਹਿ ਰਹੀ।ਇਸ ਵੇਲੇ ਘਰ ਵਿੱਚ ਉਸ ਦੀ ਬਜ਼ੁਰਗ ਮਾਤਾ ਆਪਣੇ ਪੋਤੇ ਤੇ ਪੋਤੀ ਸਮੇਤ ਰਹਿ ਰਹੀ ਹੈ।ਇਸ ਮੌਕੇ ਤਹਿਸੀਲਦਾਰ ਮਨਵੀਰ ਸਿੰਘ ਨੇ ਕਿਹਾ ਕਿ ਇਹ ਘਰ ਨਜਾਇਜ਼ ਕਬਜ਼ੇ ਹੇਠਲੀ ਜ਼ਮੀਨ 'ਤੇ ਬਣਿਆ ਹੋਣ ਕਾਰਨ ਜ਼ਿਲ੍ਹਾ ਮਾਨਸਾ ਦੇ ਡਿਪਟੀ ਕਮਿਸ਼ਨਰ ਦੇ ਅਦੇਸ਼ 'ਤੇ ਢਾਹਿਆ ਜਾ ਰਿਹਾ ਹੈ।ਇਸ ਮੌਕੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਬੁਢਲਾਡਾ ਹਰਪ੍ਰੀਤ ਸਿੰਘ, ਉਪ ਪੁਲਿਸ ਕਪਤਾਨ ਸਿੰਕਦਰ ਸਿੰਘ, ਥਾਣਾ ਬੋਹਾ ਦੇ ਐੱਸ. ਐੱਚ. ਓ. ਮੇਲਾ ਸਿੰਘ, ਥਾਣਾ ਬੁਢਲਾਡਾ ਸ਼ਹਿਰੀ ਦੇ ਐੱਸ. ਐੱਚ. ਓ. ਇੰਸਪੈਕਟਰ ਭੁਪਿੰਦਰਜੀਤ ਸਿੰਘ ਹਾਜ਼ਰ ਸਨ।ਇਸ ਕਾਰਵਾਈ ਨੂੰ ਅੰਜਾਮ ਦੇਣ ਲਈ ਭਾਰੀ ਗਿਣਤੀ ਵਿੱਚ ਪੁਲਸ ਬੱਲ ਵੀ ਤਾਇਨਾਤ ਸੀ।ਪੀਲੇ ਪੰਜੇ ਵੱਲੋਂ ਸਾਰਾ ਘਰ ਢਾਹੁਣ ਦੀ ਬਜਾਏ ਇਸ ਵੇਲੇ ਘਰ ਦਾ ਅਗਲਾ ਕੁਝ ਹਿੱਸਾ ਹੀ ਸੰਕੇਤਕ ਰੂਪ ਵਿੱਚ ਢਾਹਿਆ ਗਿਆ, ਜਿਸ ਕਰਕੇ ਬਜ਼ੁਰਗ ਮਾਤਾ ਤੇ ਬੱਚਿਆਂ ਦੇ ਸਿਰ 'ਤੇ ਛੱਤ ਬਣੀ ਰਹੀ।ਜ਼ਿਕਰਯੋਗ ਹੈ ਕਿ ਇੱਕ ਘਰ ਪ੍ਰਧਾਨ ਮੰਤਰੀ ਯੋਜਨਾ ਤਹਿਤ ਹੀ ਬਣਿਆ ਹੋਇਆ ਸੀ ਤੇ ਪਿੰਡ ਵਾਲੇ ਵਾਰ ਵਾਰ ਇਨ੍ਹਾਂ ਗਰੀਬ ਬੱਚਿਆਂ ਤੋਂ ਛੱਤ ਨਾ ਖੋਹੇ ਜਾਣ ਦੀ ਅਪੀਲ ਕਰ ਰਹੇ ਸਨ।

## ਏ ਬੀ ਵੀ ਪੀ ਇਕਾਈ ਫਿਰੋਜ਼ਪੁਰ ਨੇ ਹੜ੍ਹ ਪੀੜਤਾਂ ਨੂੰ ਵੰਡੀ ਰਾਹਤ ਸਮੱਗਰੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਇਕਾਈ ਫਿਰੋਜ਼ਪੁਰ ਵੱਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਪਿੰਡ ਰਾਦਲ ਕੇ ਨੇੜੇ ਕੋਟ ਬੁੱਢਾ ਪੁਲ ਫਿਰੋਜ਼ਪੁਰ ਵਾਸੀਆਂ ਨੂੰ ਘਰੇਲੂ ਰਾਹਤ ਸਮੱਗਰੀ ਵੰਡੀ ਗਈ, ਜਿਸ ਵਿੱਚ ਤਰਪੈਲਾਂ, ਕੰਬਲ, ਲੇਡੀਜ਼ ਸੂਟ, ਖੇਸ, ਟਿਫਨ ਬੌਕਸ ਤੇ ਚੱਪਲਾਂ ਆਦਿ ਦੀਆਂ ਲਗਭਗ 100 ਕਿੱਟਾਂ ਜ਼ਰੂਰਤਮੰਦ ਪਰਵਾਰਾਂ ਨੂੰ ਵੰਡੀਆਂ ਗਈਆਂ। ਇਸ ਮੌਕੇ ਡਾ. ਧੀਰਜ ਦੇਵਗਨ ਨਗਰ ਪ੍ਰਧਾਨ ਏਬੀਵੀਪੀ ਫਿਰੋਜ਼ਪੁਰ ਵੱਲੋਂ ਫਰੀ ਹੋਮਿਉਪੈਥਿਕ ਕੈਂਪ ਵੀ ਲਗਾਇਆ, ਜਿਸ ਵਿੱਚ 150 ਦੇ ਕਰੀਬ ਮਰੀਜ਼ਾਂ ਨੂੰ ਫਰੀ ਦਵਾਈਆਂ ਵੀ ਵੰਡੀਆਂ ਗਈਆਂ। ਏਬੀਵੀਪੀ ਵੱਲੋਂ ਵਿਸ਼ੇਸ਼ ਤੌਰ 'ਤੇ ਸੂਬਾ ਸਗੰਠਨ ਸਕੱਤਰ ਸਮਸੇਰ ਸਿੰਘ ਤੇ ਐੱਨਈਸੀ ਮੈਂਬਰ ਅਰਚਿਤ ਚੌਧਰੀ ਵੱਲੋਂ ਆਪਣੀ ਨਿਗਰਾਨੀ ਹੇਠ ਸਾਮਾਨ ਦੀ ਵੰਡ ਕੀਤੀ ਗਈ। ਸੂਬਾ ਸੰਗਠਨ ਸਕੱਤਰ ਨੇ ਦੱਸਿਆ ਗਿਆ ਕਿ ਜਲਦ ਹੀ ਫ਼ਿਰੋਜ਼ਪੁਰ ਅਧੀਨ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਜਾਵੇਗਾ ਤੇ ਹੋਰ ਵੀ ਜ਼ਰੂਰਤਮੰਦ ਪਰਵਾਰਾਂ ਨੂੰ ਰਾਹਤ ਸਮੱਗਰੀ ਦੀਆਂ ਕਿੱਟਾਂ ਵੰਡੀਆਂ ਜਾਣਗੀਆਂ। ਇਸ ਮੌਕੇ ਵਿਵਸਥਾ ਪ੍ਰਮੁੱਖ ਸਤਵਿੰਦਰ ਸਿੰਘ ਸਮਰਾ, ਜ਼ਿਲ੍ਹਾ ਪ੍ਰਮੁੱਖ ਦਿਨੇਸ਼ ਸ਼ਰਮਾ, ਬਾਬਾ ਬਲਵਿੰਦਰ ਸਿੰਘ ਤੇ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਰਹੇ।

## ਸਟੇਟ ਪੱਧਰੀ ਸਾਇੰਸ ਸੈਮੀਨਾਰ 'ਚ ਉੱਭਰਦੇ ਵਿਗਿਆਨੀ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਸਨਮਾਨਤ



**ਕੋਟ ਈਸੇ ਖਾਂ (ਅਰੋੜਾ)**-ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਟੇਟ ਪੱਧਰੀ ਸਾਇੰਸ ਸੈਮੀਨਾਰ-2025 ਮੁਕਾਬਲਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਮੋਗਾ ਸ਼੍ਰੀ ਆਸ਼ੀਸ਼ ਕੁਮਾਰ ਸ਼ਰਮਾ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਮੋਗਾ ਸ੍ਰ. ਗੁਰਦਿਆਲ ਸਿੰਘ ਮਠਾੜੂ ਦੀ ਯੋਗ ਅਗਵਾਈ ਹੇਠ ਸ੍ਰੀ ਹੇਮਕੁੰਟ ਸ.ਸ.ਸ. ਕੋਟ ਈਸੇ ਖਾਂ ਵਿਖੇ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਦੇ ਜ਼ਿਲ੍ਹਾ ਪੱਧਰੀ ਸਾਇੰਸ ਸੈਮੀਨਾਰ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੇ ਭਾਗ ਲਿਆ।ਇਹ ਸੈਮੀਨਾਰ ਕਰਵਾਉਣ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨਕ ਖੋਜ ਤੇ ਵਿਸ਼ਲੇਸ਼ਣਾਤਮਕ ਪ੍ਰਵਿਰਤੀ ਜਾਗ੍ਰਿਤ ਕਰਨਾ, ਵਿਚਾਰਾਂ ਦੇ ਵਟਾਂਦਰੇ ਲਈ ਉੱਭਰਦੇ ਵਿਗਿਆਨੀਆਂ ਨੂੰ ਇੱਕ ਮੰਚ ਮੁਹੱਈਆ ਕਰਵਾਉਣਾ ਤੇ ਦੇਸ਼ ਦੇ ਵਿਦਿਆਰਥੀਆਂ ਵਿੱਚ ਰਾਸ਼ਟਰੀ ਏਕਤਾ ਦੀ ਭਾਵਨਾ ਵਿਕਸਤ ਕਰਨਾ ਹੈ।ਇਹ ਸਟੇਟ ਪੱਧਰੀ ਸਾਇੰਸ ਸੈਮੀਨਾਰ-2025 ਮੁਕਾਬਲਾ ਸਟੇਟ ਰਿਸੋਰਸ ਪਰਸਨ (ਐੱਸ.ਸੀ.ਈ.ਆਰ.ਟੀ.) ਨਰਿੰਦਰ ਸਿੰਘ ਦੀ ਨਿਗਰਾਨੀ ਹੇਠ ਕਰਵਾਇਆ ਗਿਆ, ਜਿਨ੍ਹਾਂ ਦਾ ਸਵਾਗਤ ਮੁਕਾਬਲੇ ਦੇ ਓਵਰ ਆਲ ਇੰਚਾਰਜ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ, ਐੱਮ. ਡੀ. ਰਣਜੀਤ ਕੌਰ, ਜ਼ਿਲ੍ਹਾ ਨੋਡਲ ਇੰਚਾਰਜ ਸਾਇੰਸ ਸੈਮੀਨਾਰ-2025 ਪਲਵਿੰਦਰ ਸਿੰਘ ਸਰ੍ਹਾਂ ਤੇ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਨਵਦੀਪ ਸਿੰਘ ਬਾਜਵਾ, ਸਕੂਲ ਪ੍ਰਿੰਸੀਪਲ ਰਮਨਜੀਤ ਕੌਰ, ਸੋਨੀਆ ਸ਼ਰਮਾ ਤੇ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ ਕੀਤਾ ਗਿਆ।ਮੁਕਾਬਲੇ ਦੀ ਸ਼ੁਰੂਆਤ ਦੀਪ ਪ੍ਰਜਵਲਿਤ ਕਰਕੇ ਕੀਤੀ ਗਈ।

ਇਸ ਮੁਕਾਬਲੇ ਵਿੱਚ 8ਵੀਂ ਤੋਂ 10ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ 'ਕੁਆਂਟਮ ਯੁੱਗ ਦਾ ਆਗਾਜ਼-ਸੰਭਾਵਨਾਵਾਂ ਤੇ ਚੁਣੌਤੀਆਂ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ।ਮੁਕਾਬਲੇ ਦੌਰਾਨ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਮੋਗਾ ਆਸ਼ੀਸ਼ ਕੁਮਾਰ ਸ਼ਰਮਾ ਤੇ ਡਾਇਟ ਇੰਚਾਰਜ ਸਿਮਰਜੀਤ ਕੌਰ ਪਧਾਰੇ, ਜਿਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਸਟੇਟ ਪੱਧਰੀ ਮੁਕਾਬਲੇ ਲਈ ਜੱਜ ਦੀ ਭੂਮਿਕਾ ਪ੍ਰਿੰਸੀਪਲ ਖੁਸ਼ਵੰਤ ਸਿੰਘ, ਲੈਕ. ਸੁਖਦੇਵ ਸਿੰਘ ਤੇ ਡੀ.ਆਰ.ਸੀ. ਸੰਗਰੂਰ ਪਰਵੀਨ ਕੁਮਾਰ ਵੱਲੋਂ ਬਾਖ਼ੂਬੀ ਨਿਭਾਈ ਗਈ।ਸਟੇਟ ਪੱਧਰੀ ਸਾਇੰਸ ਸੈਮੀਨਾਰ-2025 ਮੁਕਾਬਲੇ ਵਿੱਚ ਪਹਿਲਾ ਸਥਾਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਵਿਦਿਆਰਥਣ ਜਸਨੀਤ ਕੌਰ, ਦੂਜਾ ਸਥਾਨ ਜ਼ਿਲ੍ਹਾ ਗੁਰਦਾਸਪੁਰ ਦੀ ਵਿਦਿਆਰਥਣ ਸੀਰਤ ਸ਼ਰਮਾ ਤੇ ਤੀਜਾ ਸਥਾਨ ਜ਼ਿਲ੍ਹਾ ਜਲੰਧਰ ਦੀ ਵਿਦਿਆਰਥਣ ਜਸਮੀਨ ਨੇ ਹਾਸਲ ਕੀਤਾ।ਜੇਤੂ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਟ੍ਰਾਫੀਆਂ ਤੇ ਸਰਟੀਫਿਕੇਟਸ ਦੇ ਕੇ ਆਸ਼ੀਸ਼ ਕੁਮਾਰ ਸ਼ਰਮਾ ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਸਰਟੀਫਿਕੇਟ, ਟ੍ਰਾਫੀਆਂ ਦੇ ਕੇ ਅਤੇ ਉਨ੍ਹਾਂ ਦੇ ਗਾਈਡ ਅਧਿਆਪਕਾਂ ਨੂੰ ਵੀ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਜੱਜ ਸਾਹਿਬਾਨਾਂ ਨੂੰ ਸ਼ਲਾਘਾਯੋਗ ਜੱਜਮੈਂਟ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਅੰਤ ਵਿੱਚ ਸਮੂਹ ਟੀਮ ਵੱਲੋਂ ਸਟੇਜ ਤੋਂ ਸ਼੍ਰੀਮਤੀ ਰੁਪਿੰਦਰਜੀਤ ਕੌਰ ਤੇ ਮਿਸ ਸਿਲਵੀ ਨੇ ਮੁਕਾਬਲੇ ਵਿੱਚ ਭਾਗੀਦਾਰੀ ਕਰਨ ਵਾਲੇ ਅਤੇ ਇਸ ਨੂੰ ਸਫਲ ਬਣਾਉਣ ਵਾਲੇ ਸਾਰੇ ਅਧਿਆਪਕਾਂ, ਵਿਦਿਆਰਥੀਆਂ ਤੇ ਸਕੂਲ ਸਟਾਫ਼ ਦਾ ਉਨ੍ਹਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਜੇਤੂ ਵਿਦਿਆਰਥੀਆਂ ਨੂੰ ਨੈਸ਼ਨਲ ਸਾਇੰਸ ਸੈਮੀਨਾਰ-2025 ਮੁਕਾਬਲੇ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਲੜਕੀ ਦੇ ਵਿਆਹ 'ਤੇ ਦਿੱਤਾ ਲੋੜੀਂਦਾ ਸਾਮਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ ਨਗਰ (ਮੋਹਾਲੀ) ਦੇ ਕਾਰਜਕਾਰੀ ਚੇਅਰਮੈਨ-ਕਮ-ਜੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਅਤੇ ਸੁਮੀਤ ਮਲਹੋਤਰਾ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਅਨੁਰਾਧਾ ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਪਿੰਡ ਟੱਲੀ ਗੁਲਾਮ ਦੀ ਇਕ ਲੜਕੀ, ਜਿਸ ਦਾ ਵਿਆਹ ਹੋਣ ਜਾ ਰਿਹਾ ਹੈ, ਉਸ ਨੂੰ ਕੱਪੜੇ, ਭਾਂਡੇ ਤੇ ਹੋਰ ਜ਼ਰੂਰੀ ਸਾਮਾਨ ਦਿੱਤਾ। ਜੱਜ ਸਾਹਿਬ ਨੇ ਜਾਣਕਾਰੀ ਦਿੱਤੀ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਮੁਆਇਨਾ ਕਰਦੇ ਹੋਏ ਇਹ ਲੜਕੀ ਦੇ ਘਰ ਵਾਲਿਆਂ ਨੇ ਸਾਡੀ ਟੀਮ ਨਾਲ ਸੰਪਰਕ ਕੀਤਾ ਅਤੇ ਦੱਸਿਆ ਕਿ ਲੜਕੀ ਦਾ ਵਿਆਹ ਹੈ ਤੇ ਵਿਆਹ ਲਈ ਕੁਝ ਜ਼ਰੂਰੀ ਵਸਤਾਂ ਮੁਹੱਈਆ ਕਰਵਾਈਆਂ ਜਾਣ। ਇਸ 'ਤੇ ਧਿਆਨ ਦਿੰਦਿਆਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਅੱਜ ਲੜਕੀ ਨੂੰ ਦਫ਼ਤਰ ਬੁਲਾਇਆ ਗਿਆ ਤੇ ਉਸ ਦੇ ਵਿਆਹ ਲਈ ਕੱਪੜੇ, ਭਾਂਡੇ ਤੇ ਹੋਰ ਜ਼ਰੂਰੀ ਸਾਮਾਨ ਮੁਹੱਈਆ ਕਰਵਾਇਆ।

## ਐਥਲੈਟਿਕ ਮੀਟ 'ਚ ਫਤਿਹ ਗਰੁੱਪ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਪੋਰਟਸ ਸਕੂਲ ਘੁੱਦਾ ਵਿਖੇ ਸਕੂਲੀ ਜ਼ਿਲ੍ਹਾ ਐਥਲੈਟਿਕ ਮੀਟ ਵਿੱਚ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 2 ਸੋਨੇ ਤੇ 2 ਚਾਂਦੀ ਦੇ ਤਮਗੇ ਆਪਣੇ ਨਾਮ ਕੀਤੇ।ਖਿਡਾਰੀਆਂ ਨੇ ਮੈਦਾਨ ਵਿੱਚ ਜੋਸ਼, ਜਨੂੰਨ ਤੇ ਅਨੁਸ਼ਾਸਨ ਨਾਲ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਤੇ ਸੰਸਥਾ ਦਾ ਮਾਣ ਵਧਾਇਆ।ਖੇਡ ਵਿਭਾਗ ਮੁਖੀ ਪ੍ਰੋ. ਕੁਲਦੀਪ ਸਿੰਘ ਤੇ ਪ੍ਰੋ. ਵਰਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੰਡਰ-17 ਸ਼੍ਰੇਣੀ ਵਿੱਚ ਸਮਾਇਲਵੀਰ ਸਿੰਘ ਨੇ ਲੰਬੀ ਛਾਲ ਵਿੱਚ ਪਹਿਲਾ ਸਥਾਨ (ਸੋਨੇ ਦਾ ਤਮਗਾ) ਤੇ 400 ਮੀਟਰ ਹਰਡਲਜ਼ ਵਿੱਚ ਦੂਜਾ ਸਥਾਨ (ਚਾਂਦੀ ਦਾ ਤਮਗਾ) ਹਾਸਲ ਕੀਤਾ।ਇਸੇ ਤਰ੍ਹਾਂ, ਅੰਡਰ-19 ਸ਼੍ਰੇਣੀ ਵਿੱਚ ਅਜੈ ਕੁਮਾਰ ਨੇ 110 ਮੀਟਰ ਹਰਡਲਜ਼ ਵਿੱਚ ਪਹਿਲਾ ਸਥਾਨ (ਸੋਨੇ ਦਾ ਤਮਗਾ) ਤੇ 400 ਮੀਟਰ ਹਰਡਲਜ਼ ਵਿੱਚ ਦੂਜਾ ਸਥਾਨ (ਚਾਂਦੀ ਦਾ ਤਮਗਾ) ਜਿੱਤਿਆ।ਸੰਸਥਾ ਦੇ ਚੇਅਰਮੈਨ ਐੱਸ. ਐੱਸ. ਚੱਠਾ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ 60 ਖਿਡਾਰੀਆਂ ਦੀ ਚੋਣ ਹੋਣਾ ਤੇ ਉਨ੍ਹਾਂ ਵਿੱਚੋਂ 7 ਖਿਡਾਰੀਆਂ ਦਾ ਸੂਬਾ ਪੱਧਰ ਲਈ ਚੁਣਿਆ ਜਾਣਾ ਸੰਸਥਾ ਤੇ ਇਲਾਕੇ ਲਈ ਇਤਿਹਾਸਕ ਪ੍ਰਾਪਤੀ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਵਿੱਚ ਖੇਡਾਂ ਦੀ ਚਿਣਗ ਜਗਾਉਣ ਲਈ ਸਰਕਾਰਾਂ, ਪੰਚਾਇਤਾਂ ਤੇ ਸਿੱਖਿਆ ਸੰਸਥਾਵਾਂ ਨੂੰ ਖੇਡ ਮਾਹੌਲ, ਕੋਚ, ਇੰਫਰਾਸਟਰੱਕਚਰ ਤੇ ਸਾਜ਼ੋ-ਸਾਮਾਨ ਉਪਲਬਧ ਕਰਵਾਉਣ 'ਤੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ।ਪ੍ਰਿੰਸੀਪਲ ਬਘੇਲ ਸਿੰਘ ਨੇ ਕਿਹਾ ਕਿ ਫਤਿਹ ਗਰੁੱਪ ਵਿੱਚ ਸਿਰਫ਼ ਪਾਠਕ੍ਰਮਕ ਸਿੱਖਿਆ ਹੀ ਨਹੀਂ, ਸਗੋਂ ਖੇਡਾਂ ਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਵੀ ਸਮਾਨ ਮਹੱਤਵ ਦਿੱਤਾ ਜਾਂਦਾ ਹੈ ਤਾਂ ਜੋ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੋ ਸਕੇ।ਇਸ ਮੌਕੇ ਐੱਮ. ਡੀ. ਮਨਜੀਤ ਕੌਰ ਚੱਠਾ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ, ਸਹਾਇਕ ਡਾਇਰੈਕਟਰ ਪਬਲਿਕ ਰਿਲੇਸ਼ਨ ਐਂਡ ਡਿਵੈਲਪਮੈਂਟ ਹਰਪ੍ਰੀਤ ਸ਼ਰਮਾ ਤੇ ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ, ਸੀਨੀਅਰ ਪ੍ਰੋ. ਕੁਮਾਰੀ ਸ਼ੈਲਜਾ, ਪ੍ਰੋ. ਸੰਦੀਪ ਕੌਰ ਸਮੇਤ ਸਮੂਹ ਸਟਾਫ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ।

## ਮਾਨ ਵੱਲੋਂ ਪੰਜਾਬ ਤੇ ਅਰਜਨਟੀਨਾ ਵਿਚਾਲੇ ਖੇਤੀ ਸਹਿਯੋਗ ਵਧਾਉਣ ਦੀ ਵਕਾਲਤ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਪੰਜਾਬ ਤੇ ਅਰਜਨਟੀਨਾ ਵਿਚਾਲੇ ਆਪਸੀ ਸਹਿਯੋਗ ਵਧਾਉਣ ਦੀ ਵਕਾਲਤ ਕੀਤੀ।ਅਰਜਨਟੀਨਾ ਦੇ ਸੈਂਟਰੋ ਐਗਰੋਟੈਕਨੀਕੋ ਰਿਜਨਲ ਦੇ ਵਫ਼ਦ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਖ਼ੁਸ਼ੀ ਦੀ ਗੱਲ ਹੈ ਕਿ ਇਸ ਵੱਕਾਰੀ ਸੰਸਥਾ ਦਾ ਸਟਾਫ਼ ਤੇ ਵਿਦਿਆਰਥੀ 8 ਤੋਂ 17 ਅਕਤੂਬਰ ਤੱਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਦੌਰੇ ਉੱਤੇ ਆਏ ਹੋਏ ਹਨ। ਉਨ੍ਹਾਂ ਕਿਹਾ ਕਿ ਅਰਜਨਟੀਨਾ ਦੇ ਅਰਥਚਾਰੇ ਵਿੱਚ ਖੇਤੀਬਾੜੀ ਦਾ ਅਹਿਮ ਸਥਾਨ ਹੈ, ਖ਼ਾਸ ਤੌਰ ਉੱਤੇ ਪਸ਼ੂ-ਪਾਲਣ ਅਤੇ ਅਨਾਜ ਉਤਪਾਦਨ ਨਾਲ ਅਰਜਨਟੀਨਾ ਵਿਸ਼ਵ ਦੇ ਮੋਹਰੀ ਖ਼ੁਰਾਕ ਉਤਪਾਦਕਾਂ ਵਿੱਚ ਹੈ। ਉਨ੍ਹਾ ਕਿਹਾ ਕਿ ਪੰਜਾਬ ਤੇ ਅਰਜਨਟੀਨਾ ਦੋਵੇਂ ਖਿੱਤੇ ਦੁਵੱਲੇ ਆਪਸੀ ਸਹਿਯੋਗ ਨੂੰ ਹੁਲਾਰਾ ਦੇਣ ਲਈ ਖੇਤੀਬਾੜੀ ਦੇ ਖ਼ੇਤਰ ਵਿੱਚ ਮਿਲ ਕੇ ਕੰਮ ਕਰ ਸਕਦੇ ਹਨ। ਉਨ੍ਹਾ ਉਮੀਦ ਜਤਾਈ ਕਿ ਦੁਵੱਲਾ ਸਹਿਯੋਗ ਖੇਤੀਬਾੜੀ ਨੂੰ ਲਾਹੇਵੰਦਾ ਬਣਾਉਣ ਵੱਲ ਵੱਡੀ ਪੁਲਾਂਘ ਹੋਵੇਗਾ। ਭਗਵੰਤ ਸਿੰਘ ਮਾਨ ਨੇ ਵਫ਼ਦ ਨੂੰ ਪੰਜਾਬ ਦੇ ਅਮੀਰ ਸੱਭਿਆਚਾਰ ਬਾਰੇ ਜਾਣੂੰ ਕਰਵਾਇਆ ਅਤੇ ਉਮੀਦ ਜਤਾਈ ਕਿ ਉਨ੍ਹਾ ਨੂੰ ਆਪਣੇ ਦੌਰੇ ਦੌਰਾਨ ਇਸ ਦੀ ਝਲਕ ਦਿਸੇਗੀ।ਇਸ ਦੌਰਾਨ ਜਨਰਲ ਕੋਆਰਡੀਨੇਟਰ ਆਫ਼ ਪ੍ਰੈਕਟੀਕਲ ਐਕਟੀਵਿਟੀ ਹੂਬਰ ਕੈਟਾਲਿਨਾ ਫੇਲੀਸਾ, ਇੰਸਟ੍ਰਕਟਰ/ਅਧਿਆਪਕ ਕਸਾਲ ਯੁਆਨ ਪਾਬਲੋ, ਅਧਿਆਪਕ ਇਗਨਾਸੀਓ ਇਸਤੇਬਾਨ, ਵਿਦਿਆਰਥੀ ਕਿਆਰਾ ਅਮਾਇਰਾ ਵਿਕਟੋਰੀਆ, ਵਿਦਿਆਰਥੀ ਟਿਆਗੋ ਇਲੂਨੀ ਅਰਨੈਸਟੋ, ਮੈਹਫੂਡ ਟੇਰੇ ਸੈਂਟੀਆਗੋ ਅਤੇ ਹੋਰਨਾਂ ਨੇ ਪੰਜਾਬ ਵਿੱਚ ਨਿੱਘੀ ਮਹਿਮਾਨਨਿਵਾਜ਼ੀ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ। ਆਪਣੇ ਦੌਰੇ ਨੂੰ ਵਿਲੱਖਣ ਤਜਰਬਾ ਦੱਸਦਿਆਂ ਵਫ਼ਦ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਸ ਦੌਰੇ ਨਾਲ ਬਹੁਤ ਜ਼ਿਆਦਾ ਫਾਇਦਾ ਹੋਇਆ ਹੈ।ਇਸ ਮੌਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ, ਡਾਇਰੈਕਟਰ ਸਟੂਡੈਂਟਸ ਵੈੱਲਫੇਅਰ ਡਾ. ਨਿਰਮਲ ਜੌੜਾ, ਐਸੋਸੀਏਟ ਡਾਇਰੈਕਟਰ ਡਾ. ਵਿਸ਼ਾਲ ਬੈਕਟਰ, ਹੈੱਡ ਆਫ਼ ਦਿ ਡਿਪਾਰਟਮੈਂਟ ਰਿਸੋਰਸ ਮੈਨੇਜਮੈਂਟ ਅਤੇ ਕੰਜ਼ਿਊਮਰ ਸਾਇੰਸ ਡਾ. ਸ਼ਰਨਬੀਰ ਕੌਰ ਬੱਲ ਤੇ ਹੋਰ ਹਾਜ਼ਰ ਸਨ।

# ...ਸਫ਼ਾ 1 ਦੇ ਬਾਕੀ

### ਕੈਬਨਿਟ ਵੱਲੋਂ ਪ੍ਰਤੀ ਏਕੜ...

(ਮਾਈਨਰ ਮਿਨਰਲਜ਼) ਲਿਜਾਣ ਵਾਲੇ ਵਾਹਨਾਂ 'ਤੇ ਫੀਸ ਲਾਈ ਜਾ ਸਕੇਗੀ।ਵਿਕਾਸ ਅਥਾਰਟੀਆਂ ਦੀਆਂ ਵੱਖ-ਵੱਖ ਥਾਵਾਂ ਦੀ ਰਾਖਵੀਂ ਕੀਮਤ ਨਿਰਧਾਰਤ ਕਰਨ ਦੀ ਪ੍ਰਕਿਰਿਆ ਨੂੰ ਸਰਲ ਅਤੇ ਸੁਖਾਲਾ ਬਣਾਉਣ ਲਈ ਮੰਤਰੀ ਮੰਡਲ ਨੇ ਪਲਾਟਾਂ ਦੀ ਰਾਖਵੀਂ ਕੀਮਤ ਤੈਅ ਕਰਨ ਲਈ ਨੀਤੀ ਵਿੱਚ ਸੋਧ ਨੂੰ ਵੀ ਸਹਿਮਤੀ ਦੇ ਦਿੱਤੀ। ਪ੍ਰਚੱਲਤ ਈ-ਨਿਲਾਮੀ ਨੀਤੀ ਵਿੱਚ ਸੋਧ ਦੇ ਅਨੁਸਾਰ ਸਾਈਟ ਦੀ ਰਾਖਵੀਂ ਕੀਮਤ ਕੌਮੀ ਬੈਂਕਾਂ ਵਿੱਚ ਸੂਚੀਬੱਧ ਤਿੰਨ ਸੁਤੰਤਰ ਮੁੱਲਕਾਰਾਂ (ਵੈਲੂਅਰਜ਼) ਦੇ ਮੁਲਾਂਕਣ ਦੇ ਅਨੁਸਾਰ ਨਿਰਧਾਰਤ ਕੀਤੀ ਜਾਵੇਗੀ। ਇਕ ਵਾਰ ਨਿਲਾਮੀ ਲਈ ਨਿਰਧਾਰਤ ਕੀਤੀ ਗਈ ਰਾਖਵੀਂ ਕੀਮਤ ਕੈਲੰਡਰ ਸਾਲ ਲਈ ਯੋਗ ਰਹੇਗੀ।

ਮੰਤਰੀ ਮੰਡਲ ਨੇ ਗਰੁੱਪ ਹਾਊਸਿੰਗ ਸਕੀਮ-2025 ਅਧੀਨ ਬਹੁ-ਮੰਜ਼ਲਾ ਫਲੈਟਾਂ ਦੀ ਉਸਾਰੀ ਲਈ ਕੋਆਪ੍ਰੇਟਿਵ ਸੁਸਾਇਟੀਆਂ ਨੂੰ ਜਗ੍ਹਾ ਅਲਾਟ ਕਰਨ ਦੀ ਨੀਤੀ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਨੀਤੀ ਦਾ ਉਦੇਸ਼ ਸਹਿਕਾਰੀ ਹਾਊਸਿੰਗ ਸੁਸਾਇਟੀਆਂ ਦੀ ਸਹੂਲਤ ਦੇ ਕੇ ਪੰਜਾਬ ਦੇ ਸ਼ਹਿਰੀ ਖੇਤਰਾਂ ਵਿੱਚ ਕਿਫਾਇਤੀ ਅਤੇ ਯੋਜਨਾਬੱਧ ਰਿਹਾਇਸ਼ ਨੂੰ ਯਕੀਨੀ ਬਣਾਉਣਾ ਹੈ।

ਮੰਤਰੀ ਮੰਡਲ ਨੇ ਵੱਖ-ਵੱਖ ਵਿਕਾਸ ਅਥਾਰਟੀਆਂ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਮੈਗਾ ਹਾਊਸਿੰਗ ਪ੍ਰੋਜੈਕਟਾਂ ਨੂੰ ਮੁਕੰਮਲ ਕਰਨ ਸਬੰਧੀ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪ੍ਰਾਜੈਕਟ ਦੇ ਵਿਕਾਸ ਸਬੰਧੀ ਲਾਗੂਕਰਨ ਦੀ ਮਿਆਦ ਅਤੇ ਪਹਿਲਾਂ ਤੋਂ ਪ੍ਰਵਾਨਿਤ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਮਿਤੀ 31 ਦਸੰਬਰ ਤੋਂ ਵੱਧ ਤੋਂ ਵੱਧ ਪੰਜ ਸਾਲਾਂ ਦੀ ਮਿਆਦ ਲਈ ਪ੍ਰਮੋਟਰ ਦੀ ਬੇਨਤੀ 'ਤੇ 25,000 ਰੁਪਏ ਪ੍ਰਤੀ ਏਕੜ ਪ੍ਰਤੀ ਸਾਲ ਦੇ ਹਿਸਾਬ ਨਾਲ ਸਿਰਫ਼ ਇਕ ਵਾਰ ਵਾਧੇ ਦੀ ਆਗਿਆ ਦਿੱਤੀ ਜਾਵੇਗੀ।ਮੰਤਰੀ ਮੰਡਲ ਨੇ ਮੰਡੀ ਗੋਬਿੰਦਗੜ੍ਹ ਅਤੇ ਖੰਨਾ ਖੇਤਰ ਦੀਆਂ ਰੋਲਿੰਗ ਮਿੱਲਾਂ ਨੂੰ ਕੋਲੇ ਤੋਂ ਪੀ ਐੱਨ ਜੀ ਵਿੱਚ ਤਬਦੀਲ ਕਰਨ ਲਈ ਕੈਬਨਿਟ ਸਬ-ਕਮੇਟੀ ਦੇ ਗਠਨ ਨੂੰ ਵੀ ਕਾਰਜ-ਬਾਅਦ ਪ੍ਰਵਾਨਗੀ ਦੇ ਦਿੱਤੀ ਹੈ।ਅਪਰਾਧਿਕ ਗਤੀਵਿਧੀਆਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ, ਮੁਲਾਕਾਤੀਆਂ ਦੀ ਤਲਾਸ਼ੀ ਦਾ ਪੱਧਰ ਵਧਾਉਣ ਅਤੇ ਜੇਲ੍ਹਾਂ ਦੇ ਸਮੁੱਚੇ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਲਈ ਮੰਤਰੀ ਮੰਡਲ ਨੇ ਪੰਜਾਬ ਟਰਾਂਸਪੇਰੈਂਸੀ ਇਨ ਪ੍ਰੋਕਿਊਰਮੈਂਟ ਐਕਟ, 2019 ਦੀ ਧਾਰਾ 63(1) ਦੇ ਤਹਿਤ ਸਨਿਫਰ ਕੁੱਤੇ ਖਰੀਦਣ ਲਈ ਛੋਟ ਦਿੱਤੀ ਹੈ। ਜੇਲ੍ਹਾਂ ਦੇ ਅੰਦਰੋਂ ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਵਾਸਤੇ ਜੇਲ੍ਹਾਂ ਦੀਆਂ ਸੁਰੱਖਿਆ ਜ਼ਰੂਰਤਾਂ ਲਈ ਬੀ ਐੱਸ ਐੱਫ /ਸੀ ਆਰ ਪੀ ਐੱਫ ਤੋਂ ਛੇ ਸਨਿਫਰ ਕੁੱਤੇ ਖਰੀਦੇ ਜਾਣਗੇ। ਇਹ ਕਦਮ ਜੇਲ੍ਹਾਂ ਦੀ ਸੁਰੱਖਿਆ ਵਧਾਉਣ ਅਤੇ ਜੇਲ੍ਹਾਂ ਵਿੱਚ ਅਪਰਾਧਿਕ ਗਤੀਵਿਧੀਆਂ ਦੀ ਜਾਂਚ ਕਰਨ ਵਿੱਚ ਸਹਾਇਤਾ ਕਰੇਗਾ।

### ਜਾਇਦਾਦਾਂ ਵੇਚਣ ਦੀ ਤਜਵੀਜ਼...

ਬਚਾਉਣ ਦੇ ਸਵਾਲ ਤੇ ਇੰਜੀਨੀਅਰ, ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਨੇ ਇਕਜੁੱਟ ਹੋ ਕੇ ਸਰਕਾਰ ਵੱਲੋਂ ਜਾਇਦਾਦਾਂ ਵੇਚਣ ਦੀ ਤਜਵੀਜ਼ ਖਿਲਾਫ਼ ਸਾਂਝਾ ਸੰਘਰਸ਼ ਸ਼ੁਰੂ ਕਰਨ ਦਾ ਫੈਸਲਾ ਕੀਤਾ।

ਇਸ ਮੀਟਿੰਗ ਦੀ ਕਾਰਵਾਈ ਰਿਪੋਰਟ ਬਾਰੇ ਸਾਂਝੇ ਧੜੇ ਦੇ ਆਗੂਆਂ ਹਰਪਾਲ ਸਿੰਘ ਅਤੇ ਗੁਰਵੇਲ ਸਿੰਘ ਬੱਲਪੁਰੀਆ ਨੇ ਦੱਸਿਆ ਕਿ 16 ਅਕਤੂਬਰ ਤੋਂ 31 ਅਕਤੂਬਰ ਤੱਕ ਪਾਵਰਕਾਮ ਦੇ ਸਮੁੱਚੇ ਸਰਕਲਾਂ ਵਿੱਚ ਰੋਸ ਧਰਨੇ ਲਗਾਉਣ ਉਪਰੰਤ ਝੰਡਾ ਮਾਰਚ ਕੀਤੇ ਜਾਣਗੇ ਅਤੇ 2 ਨਵੰਬਰ ਨੂੰ ਬਿਜਲੀ ਮੰਤਰੀ ਖਿਲਾਫ਼ ਲੁਧਿਆਣਾ ਵਿਖੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਦੀਆਂ ਤਿਆਰੀਆਂ ਲਈ 14 ਅਕਤੂਬਰ ਨੂੰ ਸਮੁੱਚੇ ਪੰਜਾਬ ਵਿੱਚ ਸਰਕਲ ਪੱਧਰ ਤੇ ਸਾਂਝੀਆਂ ਮੀਟਿੰਗਾਂ ਕਰਕੇ ਸੰਘਰਸ਼ ਦੀ ਵੱਡੇ ਪੱਧਰ 'ਤੇ ਲਾਮਬੰਦੀ ਕੀਤੀ ਜਾਵੇਗੀ।

ਮੀਟਿੰਗ ਵਿੱਚ ਹਾਜ਼ਰ ਆਗੂਆਂ ਇੰਜੀ. ਜਗਦੀਪ ਸਿੰਘ ਗਰਚਾ, ਇੰਜੀ. ਪਰਮਿੰਦਰ ਸਿੰਘ, ਗੁਰਭੇਜ ਸਿੰਘ ਢਿੱਲੋਂ, ਸਰਬਜੀਤ ਸਿੰਘ ਭਾਣਾ, ਸਰਿੰਦਰ ਪਾਲ ਲਹੌਰੀਆ, ਬਲਜੀਤ ਸਿੰਘ ਮੋਦਲਾ, ਦਵਿੰਦਰ ਸਿੰਘ ਪਿਸ਼ੌਰ, ਰਵੇਲ ਸਿੰਘ ਸਹਾਏਪੁਰ, ਗੁਰਜੀਤ ਸਿੰਘ ਸ਼ੇਰਗਿੱਲ , ਜਸਬੀਰ ਸਿੰਘ ਆਂਡਲੂ, ਹਰਮਨਦੀਪ , ਰਾਧੇਸ਼ਿਆਮ, ਅਮਰੀਕ ਸਿੰਘ ਮਸੀਤਾਂ, ਪੂਰਨ ਸਿੰਘ ਗੁਮਟੀ, ਸੁਖਵਿੰਦਰ ਭਗਤ, ਬਾਬਾ ਅਮਰਜੀਤ ਸਿੰਘ, ਕੌਰ ਸਿੰਘ ਸੋਹੀ, ਪਵਨਪ੍ਰੀਤ ਸਿੰਘ, ਗੁਰਤੇਜ ਸਿੰਘ ਪੱਖੋ, ਰਘਬੀਰ ਸਿੰਘ, ਰਛਪਾਲ ਸਿੰਘ ਪਾਲੀ, ਕੇਵਲ ਸਿੰਘ ਬਨਵੈਤ, ਗਗਨਦੀਪ ਸਿੰਘ ਵਿਰਦੀ,ਅਰਸਵੀਰ ਸਿੰਘ, ਗੁਰਪਿਆਰ ਸਿੰਘ, ਸੁਖਵਿੰਦਰ ਸਿੰਘ ਆਦਿ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ 14 ਅਕਤੂਬਰ ਨੂੰ ਹੋ ਰਹੀਆਂ ਸਾਂਝੀਆਂ ਮੀਟਿੰਗਾਂ ਵਿੱਚ ਵੱਡੇ ਪੱਧਰ 'ਤੇ ਲਾਮਬੰਦੀ ਕਰਕੇ ਹਾਕਮ ਧਿਰ ਦੇ ਸਾਹਮਣੇ ਅਦਾਰੇ ਦੀਆਂ ਜਾਇਦਾਦਾਂ ਵੇਚਣ ਦੀ ਤਜਵੀਜ਼ ਖਿਲਾਫ਼ ਸੰਘਰਸ਼ਾਂ ਦੇ ਬਲਬੂਤੇ ਵੱਡੀ ਲਹਿਰ ਖੜੀ ਕੀਤੀ ਜਾਵੇਗੀ।

ਇੰਜੀਨੀਅਰ, ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਿਜਲੀ ਮੁਲਾਜ਼ਮਾਂ ਦੀਆਂ ਝੋਨੇ ਦੀ ਪਰਾਲੀ ਨੂੰ ਸਾੜੇ ਜਾਣ ਤੋਂ ਰੋਕਣ ਲਈ ਧੱਕੇ ਨਾਲ ਲਗਾਈਆਂ ਡਿਊਟੀਆਂ ਤੁਰੰਤ ਕੱਟੀਆਂ ਜਾਣ। ਆਗੂਆਂ ਨੇ ਅਦਾਰੇ ਵਿੱਚ ਖਾਲੀ ਪਈਆਂ ਅਸਾਮੀਆਂ 'ਤੇ ਰੈਗੂਲਰ ਭਰਤੀ ਕਰਨ ਦੀ ਬਜਾਏ ਪੈਸਕੋ ਕੰਪਨੀ ਰਾਹੀਂ ਭਰਤੀ ਕਰਨ ਦੀ ਘਟੀਆ ਤਜਵੀਜ਼ ਦੀ ਵੀ ਜ਼ੋਰਦਾਰ ਨਿੰਦਾ ਕੀਤੀ । ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਨੇ 10 ਅਗਸਤ ਅਤੇ 14 ਅਗਸਤ ਨੂੰ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਨਾਲ ਮੁਲਾਜ਼ਮ ਅਤੇ ਪੈਨਸ਼ਨਰ ਦੀਆਂ ਮੰਗਾਂ ਸੰਬੰਧੀ ਜਥੇਬੰਦੀਆਂ ਨਾਲ ਹੋਏ ਸਮਝੌਤਿਆਂ ਸਮੇਂ ਮੰਨੀਆਂ ਸਾਰੀਆਂ ਮੰਗਾਂ ਜਲਦੀ ਲਾਗੂ ਕਰਨ ਦੀ ਮੰਗ ਕੀਤੀ । ਆਗੂਆਂ ਨੇ ਸੰਘਰਸ਼ਸ਼ੀਲ ਕਿਸਾਨ ਅਤੇ ਭਰਾਤਰੀ ਜਥੇਬੰਦੀਆਂ ਨੂੰ ਅਦਾਰੇ ਦੀਆਂ ਜਾਇਦਾਦਾਂ ਵੇਚਣ ਦੀ ਤਜਵੀਜ਼ ਵਿਰੁੱਧ ਲੜੇ ਜਾ ਰਹੇ ਸੰਘਰਸ਼ ਵਿੱਚ ਬਣਦਾ ਯੋਗਦਾਨ ਪਾਉਣ ਦੀ ਅਪੀਲ ਕੀਤੀ।

### ਜਵੰਦਾ ਬੱਦੀ ਨਹੀਂ, ਪਿੰਜੌਰ...

ਉਠਾਉਂਦੇ ਹੋਏ ਹਾਈ ਕੋਰਟ ਤੱਕ ਪਹੁੰਚ ਕਰਨਗੇ। ਇਹ ਪਟੀਸ਼ਨ ਨਾ ਸਿਰਫ ਜਵੰਦਾ ਦੇ ਮਾਮਲੇ ਵਿੱਚ ਇਨਸਾਫ ਦੀ ਮੰਗ ਕਰੇਗੀ, ਸਗੋਂ ਐਮਰਜੈਂਸੀ ਵਿੱਚ ਹਸਪਤਾਲਾਂ ਤੇ ਡਾਕਟਰਾਂ ਦੀ ਜ਼ਿੰਮੇਵਾਰੀ, ਸੜਕਾਂ 'ਤੇ ਅਵਾਰਾ ਪਸ਼ੂਆਂ ਤੋਂ ਵਧਦੇ ਖਤਰੇ ਅਤੇ ਐਮਰਜੈਂਸੀ ਡਾਕਟਰੀ ਬੁਨਿਆਦੀ ਢਾਂਚੇ ਦੀ ਘਾਟ ਵਰਗੇ ਵਿਆਪਕ ਮੁੱਦਿਆਂ ਨੂੰ ਵੀ ਉਜਾਗਰ ਕਰੇਗੀ। ਉਧਰ, ਜੇ ਐੱਨ ਸ਼ੋਰੀ ਹਸਪਤਾਲ ਦੇ ਡਾਕਟਰ ਵਿਮਲ ਸ਼ੋਰੀ ਅਤੇ ਮੋਹਿਤ ਸ਼ੋਰੀ ਨੇ ਦੱਸਿਆ ਕਿ ਰਾਜਵੀਰ ਨਾਂਅ ਦੇ ਇੱਕ ਬੇਹੋਸ਼ ਮਰੀਜ਼ ਨੂੰ ਦੋ ਸਾਥੀ ਸਵੇਰੇ ਲਗਭਗ 9 ਵਜੇ ਹਸਪਤਾਲ ਲੈ ਕੇ ਆਏ ਸਨ। ਡਾ. ਮੋਹਿਤ ਨੇ ਦੱਸਿਆ, 'ਮਰੀਜ਼ ਦੇ ਸਰੀਰ 'ਤੇ ਕੋਈ ਬਾਹਰੀ ਸੱਟ ਨਹੀਂ ਸੀ। ਅਸੀਂ ਤੁਰੰਤ ਇੰਜੈਕਸ਼ਨ ਅਤੇ ਦਵਾਈਆਂ ਦੇ ਕੇ ਲਗਭਗ 15-20 ਮਿੰਟ ਤੱਕ ਹੋਸ਼ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ। ਸਾਨੂੰ ਲੱਗਾ ਕਿ ਮਰੀਜ਼ ਨੂੰ ਵੱਡੇ ਹਸਪਤਾਲ ਵਿੱਚ ਇਲਾਜ ਮਿਲਣਾ ਚਾਹੀਦਾ ਹੈ, ਇਸ ਲਈ ਅਸੀਂ ਰੈਫਰ ਕਰ ਦਿੱਤਾ।' ਡਾਕਟਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਉਸ ਸਮੇਂ ਇਹ ਨਹੀਂ ਪਤਾ ਸੀ ਕਿ ਜ਼ਖਮੀ ਵਿਅਕਤੀ ਮਸ਼ਹੂਰ ਪੰਜਾਬੀ ਗਾਇਕ ਜਵੰਦਾ ਹੈ। ਡਾਕਟਰ ਮੋਹਿਤ ਨੇ ਕਿਹਾ, 'ਟੀ ਵੀ 'ਤੇ ਖਬਰਾਂ ਚੱਲਣ ਤੋਂ ਬਾਅਦ ਹੀ ਸਾਨੂੰ ਉਸ ਦੀ ਪਛਾਣ ਦਾ ਪਤਾ ਲੱਗਾ।' ਹਸਪਤਾਲ ਨੇ ਸੀ ਸੀ ਟੀ ਵੀ ਫੁਟੇਜ਼ ਵੀ ਜਾਰੀ ਕੀਤੀ ਹੈ, ਜਿਸ ਵਿੱਚ ਜ਼ਖਮੀ ਵਿਅਕਤੀ ਨੂੰ ਹਸਪਤਾਲ ਲਿਆਉਂਦੇ ਹੋਏ ਕੁਝ ਲੋਕ ਦਿਖਾਈ ਦੇ ਰਹੇ ਹਨ। ਸਥਾਨਕ ਦੁਕਾਨਦਾਰਾਂ ਅਨੁਸਾਰ ਹਾਦਸੇ ਦੇ ਸਮੇਂ ਸੜਕ 'ਤੇ ਦੋ ਸਾਨ੍ਹ ਆਪਸ ਵਿੱਚ ਲੜ ਰਹੇ ਸਨ, ਜੋ ਅਚਾਨਕ ਰਾਜਵੀਰ ਦੇ ਮੋਟਰਸਾਈਕਲ ਸਾਹਮਣੇ ਆ ਗਏ। ਮੋਟਰਸਾਈਕਲ ਬੇਕਾਬੂ ਹੋ ਗਿਆ ਅਤੇ ਸਵਾਰ ਸੜਕ 'ਤੇ ਜਾ ਡਿੱਗਿਆ। ਪਿੰਜੌਰ ਥਾਣਾ ਇੰਚਾਰਜ ਬੱਚੂ ਸਿੰਘ ਨੇ ਦੱਸਿਆ ਕਿ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਇਸ ਗੱਲ ਦੀ ਵੀ ਪੜਤਾਲ ਕਰ ਰਹੀ ਹੈ ਕਿ ਹਾਦਸੇ ਤੋਂ ਬਾਅਦ ਮੁੱਢਲੀ ਸਹਾਇਤਾ ਵਿੱਚ ਕੋਈ ਲਾਪਰਵਾਹੀ ਜਾਂ ਦੇਰੀ ਤਾਂ ਨਹੀਂ ਹੋਈ।

### ਵਾਈ ਪੂਰਨ ਕੁਮਾਰ ਦੇ...

ਜਾਂ ਸਾਰੇ ਦੇਸ਼ ਵਿਚ ਲੜਨੀ ਪਏ। ਇਨ੍ਹਾਂ ਆਗੂਆਂ ਨੇ ਸਾਰੇ ਸਾਥੀਆਂ ਨੂੰ ਸੱਦਾ ਦਿੱਤਾ ਕਿ ਉਹ ਇਸ ਸੰਬੰਧੀ ਚੱਲ ਰਹੇ ਅੰਦੋਲਨ ਦਾ ਵਧ-ਚੜ੍ਹ ਕੇ ਸਾਥ ਦੇਣ। ਸਾਂਝੇ ਤੌਰ 'ਤੇ ਵੀ ਅਤੇ ਆਜ਼ਾਦਾਨਾ ਤੌਰ 'ਤੇ ਵੀ ਇਨਸਾਫ ਲਈ ਆਵਾਜ਼ ਬੁਲੰਦ ਕਰਨ।

ਇਹ ਇਸ ਲਈ ਵੀ ਜ਼ਰੂਰੀ ਹੈ ਕਿ ਜਦੋਂ ਦੀ ਭਾਜਪਾ-ਆਰ ਐੱਸ ਐਸ ਦੀ ਸਰਕਾਰ ਆਈ ਹੈ, ਦੇਸ਼ ਵਿਚ ਦਲਿਤਾਂ ਅਤੇ ਘੱਟ ਗਿਣਤੀਆਂ ਖਿਲਾਫ ਜ਼ੁਲਮਾਂ ਵਿਚ ਭਾਰੀ ਵਾਧਾ ਹੋਇਆ ਹੈ। ਦਲਿਤਾਂ ਅਤੇ ਘੱਟ ਗਿਣਤੀਆਂ ਖਿਲਾਫ ਨਫਰਤ ਦਾ ਮਾਹੌਲ ਬਣਾਇਆ ਜਾ ਰਿਹਾ ਹੈ, ਇਥੋਂ ਤੱਕ ਕਿ ਦੇਸ਼ ਦੇ ਜੀਫ ਜਸਟਿਸ ਦੇ ਉਪਰ ਵੀ ਦਲਿਤ ਹੋਣ ਦੇ ਨਾਤੇ ਜੁੱਤੀ ਸੁੱਟੀ ਗਈ। ਇਸੇ ਤਰ੍ਹਾਂ ਜਲਾਲਾਬਾਦ ਵਿਖੇ ਦਲਿਤ ਹੈੱਡ ਟੀਚਰ ਮਹਿੰਦਰ ਸਿੰਘ ਦੀ ਕੁੱਟਮਾਰ ਵੀ ਨਿੰਦਣਯੋਗ ਹੈ, ਇਹ ਸਾਡੇ ਲਈ ਗੰਭੀਰ ਚੁਣੌਤੀ ਹੈ, ਇਸ ਦਾ ਮੁਕਾਬਲਾ ਵਿਸ਼ਾਲ ਏਕਾ ਬਣਾ ਕੇ ਹੀ ਕੀਤਾ ਜਾ ਸਕਦਾ ਹੈ।

### ਨਰੇਗਾ ਕਾਮਿਆਂ ਵੱਲੋਂ ...

ਯੂਨੀਅਨ ਦੇ ਸਲਾਹਕਾਰ ਕੁਲਦੀਪ ਸਿੰਘ ਭੋਲਾ, ਸੀ ਪੀ ਆਈ ਬਲਾਕ ਨਿਹਾਲ ਸਿੰਘ ਵਾਲਾ ਦੇ ਸਕੱਤਰ ਜਗਜੀਤ ਸਿੰਘ ਧੂੜਕੋਟ ,ਯੂਨੀਅਨ ਦੇ ਸੂਬਾ ਆਗੂ ਮਹਿੰਦਰ ਸਿੰਘ ਧੂੜਕੋਟ ਅਤੇ ਨੌਜਵਾਨ ਆਗੂ ਗੁਰਦਿੱਤ ਸਿੰਘ ਦੀਨਾ, ਨਰੰਗ ਸਿੰਘ ਸੈਦੋਕੇ, ਕੱਤਰ ਸਿੰਘ ਨੰਗਲ, ਸਿਕੰਦਰ ਮਧੇਕੇ , ਮੁਕੰਦ ਕੁੱਸਾ ਨੇ ਕਿਹਾ ਕਿ ਪਿੰਡਾਂ ਦੇ ਮਜ਼ਦੂਰਾਂ ਨੂੰ ਇਸ ਸਮੇਂ ਨਾਮਾਤਰ ਹੀ ਕੰਮ ਮਿਲ ਰਿਹਾ ਹੈ, ਜਿਸ ਕਾਰਨ ਨਰੇਗਾ ਕਾਮੇ ਮਾਰੇ ਮਾਰੇ ਫਿਰ ਰਹੇ ਹਨ। ਮਜ਼ਦੂਰਾਂ ਦੀਆਂ ਵੋਟਾਂ ਦੇ ਸਿਰ ਤੇ ਕੁਰਸੀਆਂ ਮੱਲੀ ਬੈਠੇ ਐੱਮ ਐੱਲ ਏ, ਮੰਤਰੀ, ਸੱਤਾ ਦਾ ਸੁੱਖ ਮਾਣ ਰਹੇ ਚੌਧਰੀ ਅਤੇ ਨਰੇਗਾ ਪ੍ਰਸ਼ਾਸਨ ਵਿਚੋਂ ਕੋਈ ਵੀ ਨਰੇਗਾ ਮਜ਼ਦੂਰਾਂ ਦੀ ਸਾਰ ਲੈਣ ਨੂੰ ਤਿਆਰ ਨਹੀਂ। ਇਸ ਬੇਇਨਸਾਫ਼ੀ ਵਿਰੁੱਧ ਸਿਰਫ ਤੇ ਸਿਰਫ ਲਾਲ ਝੰਡੇ ਵਾਲੀਆਂ ਪਾਰਟੀਆਂ ਹੀ ਮਜ਼ਦੂਰਾਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ ਲਈ ਮੈਦਾਨ ਵਿੱਚ ਨਿੱਤਰੀਆਂ ਹਨ। ਉਹਨਾ ਮੰਗ ਕੀਤੀ ਕਿ ਨਰੇਗਾ ਦੀ ਪਾਰਦਰਸ਼ਤਾ ਨੂੰ ਬਹਾਲ ਕਰਦਿਆਂ ਨਰੇਗਾ ਮਜ਼ਦੂਰਾਂ ਦਾ ਬਣਦਾ 100 ਦਿਨ ਦਾ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇ, ਅੱਜ ਦੀ ਮਹਿੰਗਾਈ ਦੇ ਹਿਸਾਬ ਨਾਲ ਨਰੇਗਾ ਮਜ਼ਦੂਰਾਂ ਦੀ ਦਿਹਾੜੀ ਕੀਤੀ 1000 ਰੁਪਏ ਕੀਤੀ ਜਾਵੇ ਨਰੇਗਾ ਮਜ਼ਦੂਰਾਂ ਦੇ ਕੰਮ ਦਾ ਸਮਾਂ ਸ਼ੁਰੂਆਤ ਵਾਲਾ 6 ਘੰਟੇ ਕੀਤਾ ਜਾਵੇ ਅਤੇ ਨਰੇਗਾ ਮੇਟਾ ਨੂੰ ਸੈਮੀ ਸਕਿਲਡ ਵਾਲੀ ਦਿਹਾੜੀ ਦਿੱਤੀ ਜਾਵੇ। ਅੰਤ ਵਿੱਚ ਉਹਨਾਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਨੂੰ ਮਜਬੂਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਨਰੇਗਾ ਮਜ਼ਦੂਰਾਂ ਦੇ ਇਕੱਠ ਨੇ ਨਰੇਗਾ ਦੇ ਦਿਨਾਂ ਦੀ ਗਾਰੰਟੀ ਵਧਾ ਕੇ 200 ਦਿਨ ਕਰਨ, ਕੰਮ ਵਾਲੀ ਜਗ੍ਹਾ ਤੇ ਸਾਫ਼ ਪਾਣੀ ਦਾ ਪ੍ਰਬੰਧ, ਫਸਟ ਏਡ ਬਾਕਸ ਦੇਣ ਅਤੇ ਕੰਮ ਵਾਲੀ ਥਾਂ 'ਤੇ ਹਾਦਸਾ ਵਾਪਰਨ ਸਮੇਂ ਦਿੱਤੀ ਜਾਣ ਵਾਲੀ ਐਕਸਗਰੇਸ਼ੀਆ ਗਰਾਂਟ 25 ਹਜਾਰ ਤੋਂ ਵਧਾ ਕੇ 5 ਲੱਖ ਕਰਨ ਦੀ ਮੰਗ ਕੀਤੀ। ਇਸ ਮੌਕੇ ਨਵਜੋਤ ਕੌਰ ਬਿਲਾਸਪੁਰ, ਹਰਪ੍ਰੀਤ ਸਿੰਘ ਤੋਂ ਇਲਾਵਾ ਜ਼ਿਲ੍ਹਾ ਆਗੂ ਸੁਖਦੇਵ ਭੋਲਾ ਨੇ ਆਏ ਹੋਏ ਆਗੂ ਤੇ ਨਰੇਗਾ ਵਰਕਰਾਂ ਦਾ ਧੰਨਵਾਦ ਕੀਤਾ।

### ਮਾਨ ਵੱਲੋਂ ਹੜ੍ਹ ਪੀੜਤਾਂ...

ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਅਤੇ ਇਹ ਨੁਕਸਾਨ ਦੇ ਵੇਰਵੇ ਕੇਂਦਰ ਸਰਕਾਰ ਨੂੰ ਢੁਕਵਾਂ ਮੁਆਵਜ਼ਾ ਦੇਣ ਲਈ ਭੇਜੇ ਗਏ ਹਨ। ਉਨ੍ਹਾ ਦੱਸਿਆ ਕਿ ਅਜਨਾਲਾ ਹਲਕੇ ਵਿੱਚ ਲਗਭਗ ਪੰਜ ਕਰੋੜ 70 ਲੱਖ ਰੁਪਏ ਦਾ ਮੁਆਵਜ਼ਾ ਵੰਡਿਆ ਜਾ ਰਿਹਾ ਹੈ, ਜਿਸ ਵਿੱਚ 3 ਕਰੋੜ 84 ਲੱਖ ਰੁਪਏ ਘਰਾਂ ਦੇ ਨੁਕਸਾਨ ਲਈ, 1.16 ਕਰੋੜ ਰੁਪਏ ਫਸਲਾਂ ਦੇ ਨੁਕਸਾਨ ਲਈ ਅਤੇ ਲਗਭਗ 73 ਲੱਖ ਰੁਪਏ ਤੋਂ ਵੱਧ ਜਾਨਵਰਾਂ ਦੇ ਨੁਕਸਾਨ ਦਾ ਮੁਆਵਜ਼ਾ ਸ਼ਾਮਲ ਹੈ। ਮੁੱਖ ਮੰਤਰੀ ਨੇ ਇੱਕ ਹੋਰ ਖੁਲਾਸਾ ਕੀਤਾ ਕਿ ਸਿੱਧੇ ਤੌਰ 'ਤੇ ਜ਼ਮੀਨਾਂ 'ਤੇ ਕਾਸ਼ਤ ਕਰਨ ਵਾਲੇ ਵਿਅਕਤੀ ਹੀ ਮੁਆਵਜ਼ਾ ਲੈ ਸਕਣਗੇ, ਨਾ ਕਿ ਜ਼ਮੀਨਾਂ ਨੂੰ ਠੇਕੇ 'ਤੇ ਦੇਣ ਵਾਲੇ ਵਿਅਕਤੀ। ਮੁੱਖ ਮੰਤਰੀ ਨੇ ਦੱਸਿਆ ਕਿ ਮੰਗਲਵਾਰ ਤੋਂ ਸੂਬੇ ਦੇ ਹੋਰ ਪ੍ਰਭਾਵਤ ਜ਼ਿਲ੍ਹਿਆਂ ਵਿੱਚ ਵੀ ਪੀੜਤ ਲੋਕਾਂ ਨੂੰ ਮੁਆਵਜ਼ਾ ਵੰਡਣ ਦਾ ਕੰਮ ਸ਼ੁਰੂ ਹੋ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

14 Oct Page 3.qxd 10/13/2025 9:27 PM Page 1



# ਜਗਰੂਪ ਸੇਖਵਾਂ ਨੇ ਰਾਜੂਬੇਲਾ ਤੋਂ ਧੁੱਸੀ ਬੰਨ੍ਹ ਤੱਕ ਸੜਕ ਦਾ ਰੱਖਿਆ ਨੀਂਹ ਪੱਥਰ

**ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)**- ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਵਿਕਾਸ ਕਾਰਜਾਂ ਦੀ ਰਫਤਾਰ ਜਾਰੀ ਹੈ, ਜਿਸ ਦੇ ਚੱਲਦਿਆਂ ਕਾਦੀਆਂ ਹਲਕੇ ਦੇ ਇੰਚਾਰਜ ਸੀਨੀਅਰ ਆਗੂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਅੱਜ ਹਲਕਾ ਕਾਦੀਆ ਦੇ ਪਿੰਡ ਰਾਜੂਬੇਲਾ ਤੋਂ ਧੁੱਸੀ ਬੰਨ੍ਹ ਤੱਕ ਦੀ ਸੜਕ ਦੀ 48 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕਰਨ ਦਾ ਨੀਂਹ-ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਵਿਕਾਸ ਲਈ ਦ੍ਰਿੜ ਸੰਕਲਪ ਹਨ ਅਤੇ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।ਇਸ ਮੌਕੇ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਕਾਦੀਆਂ ਵਿੱਚ ਤਿੰਨ ਮਾਰਕਿਟ ਕਮੇਟੀਆਂ ਕਾਹਨੂੰਵਾਨ, ਕਾਦੀਆਂ ਅਤੇ ਧਾਰੀਵਾਲ ਪੈਂਦੀਆਂ ਹਨ ਅਤੇ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਤਿੰਨਾਂ ਮਾਰਕਿਟ ਕਮੇਟੀਆਂ ਅਧੀਨ ਆਉਂਦੀਆਂ ਪੇਂਡੂ ਸੰਪਰਕ ਸੜਕਾਂ ਦੀ ਮੁਰੰਮਤ ਲਈ 100 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਅੱਜ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਮਾਰਕੀਟ ਕਮੇਟੀ ਕਾਹਨੂੰਵਾਨ ਅਧੀਨ ਆਉਂਦੇ ਪਿੰਡਾਂ ਦੀਆਂ ਸੰਪਰਕ ਸੜਕਾਂ ਦੀ ਮੁਰੰਮਤ ਦੇ ਕਾਰਜ ਸ਼ੁਰੂ ਕਰਵਾਏ ਗਏ ਹਨ।ਉਨ੍ਹਾਂ ਕਿਹਾ ਕਿ ਸੜਕਾਂ ਦੀ ਮੁਰੰਮਤ ਦੌਰਾਨ ਇਸ ਦੀ ਗੁਣਵੱਤਾ ਦਾ ਖਾਸ ਖਿਆਲ ਰੱਖਿਆ ਜਾ ਰਿਹਾ ਹੈ ਅਤੇ 5 ਸਾਲ ਤੱਕ ਸੜਕ ਦੇ ਰੱਖ-ਰਖਾਅ ਦੀ ਜ਼ਿੰਮੇਵਾਰੀ ਵੀ ਠੇਕੇਦਾਰ ਦੀ ਹੋਵੇਗੀ।ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਕਾਦੀਆਂ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਦੱਸਿਆ ਕਿ ਧਾਰੀਵਾਲ ਸ਼ਹਿਰ ਦੇ ਵਾਟਰ ਸਪਲਾਈ ਤੇ ਸੀਵਰੇਜ ਉੱਪਰ 75 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ।ਇਸੇ ਤਰ੍ਹਾਂ ਹੀ ਕਾਦੀਆਂ ਸ਼ਹਿਰ ਵਿੱਚ ਵੀ ਵਾਟਰ ਸਪਲਾਈ ਤੇ ਸੀਵਰੇਜ ਉੱਪਰ 75 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹਲਕੇ ਵਿੱਚ ਸਰਕਾਰੀ ਸਕੂਲਾਂ ਉੱਪਰ ਸਿੱਖਿਆ ਕ੍ਰਾਂਤੀ ਤਹਿਤ 60 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ ਇਸ ਤੋਂ ਇਲਾਵਾ ਹਲਕੇ ਵਿੱਚ 25 ਖੇਡ ਸਟੇਡੀਅਮ ਮਨਜ਼ੂਰ ਕੀਤੇ ਗਏ ਹਨ ਜਿਨ੍ਹਾਂ ਉੱਪਰ ਕਰੋੜਾਂ ਰੁਪਏ ਖ਼ਰਚ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਵਿਕਾਸ ਪੱਖੋਂ ਵਿਧਾਨ ਸਭਾ ਹਲਕਾ ਕਾਦੀਆਂ ਸੂਬੇ ਦਾ ਮੋਹਰੀ ਹਲਕਾ ਬਣੇਗਾ।ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚ ਤੇ ਮੋਹਤਬਰ ਵੀ ਹਾਜ਼ਰ ਸਨ।



# ਮਿਮਿਟ ਮਲੋਟ ਦਾ ਦੋ ਦਿਨਾ ਯੁਵਕ ਮੇਲੇ 'ਚ ਓਵਰਆਲ ਟਰਾਫੀ 'ਤੇ ਕਬਜ਼ਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪ੍ਰਯਾ)**- ਆਈ. ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਵੱਲੋਂ ਦੋ ਦਿਨਾ ਯੁਵਕ ਮੇਲਾ ਜੋ ਕਿ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਦਾਖਾ (ਲੁਧਿਆਣਾ) ਵਿਖੇ ਹੋਇਆ ਸੀ, ਜਿਸ ਵਿੱਚ ਯੂਨੀਵਰਸਿਟੀ ਨਾਲ ਸਬੰਧਤ ਸੈਂਟਰਲ ਜ਼ੋਨ ਦੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।ਇਨ੍ਹਾਂ ਮੁਕਾਬਲਿਆਂ ਦੀ ਜਾਣਕਾਰੀ ਦਿੰਦੇ ਹੋਏ ਮਿਮਿਟ ਮਲੋਟ ਦੇ ਡਾਇਰੈਕਟਰ ਡਾ. ਜਸਕਰਨ ਸਿੰਘ ਭੁੱਲਰ ਨੇ ਦੱਸਿਆ ਕਿ ਸੰਸਥਾ ਦੇ ਵਿਦਿਆਰਥੀਆਂ ਨੇ ਵੱਖ-ਵੱਖ ਸੱਭਿਆਚਾਰਕ ਅਤੇ ਲਿਟਰੇਰੀ ਵੰਨਗੀਆਂ ਵਿੱਚ ਓਵਰਆਲ ਟਰਾਫੀ ਜਿੱਤ ਕੇ ਸੰਸਥਾ ਅਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ।ਉਨ੍ਹਾਂ ਦੱਸਿਆ ਕਿ ਸੰਸਥਾ ਨੇ ਵੈਸਟਰਨ ਗਰੁੱਪ ਗੀਤ, ਵੈਸਟਰਨ ਸੋਲੋ, ਡਿਬੇਟ, ਐਸੇ ਰਾਈਟਿੰਗ, ਸਕਿੱਟ ਅਤੇ ਗਜ਼ਲ ਵਿੱਚ ਸੋਨੇ ਦੇ ਤਮਗੇ ਹਾਸਲ ਕੀਤੇ।ਇਸੇ ਤਰ੍ਹਾਂ ਗਜ਼ਲ, ਕਵਿਤਾ ਰਾਈਟਿੰਗ, ਗਰੁੱਪ ਭਜਨ, ਪਰਕਸ਼ਨ ਸੋਲੋ, ਇੰਡੀਅਨ ਗਰੁੱਪ ਗੀਤ ਵਿੱਚ ਚਾਂਦੀ ਦੇ ਤਮਗੇ ਅਤੇ ਲੋਕ ਗੀਤ ਅਤੇ ਕੁਇੱਜ਼ ਵਿਚ ਕਾਂਸੀ ਦੇ ਤਮਗੇ ਜਿੱਤੇ।ਡਾਇਰੈਕਟਰ ਡਾ. ਜਸਕਰਨ ਸਿੰਘ ਭੁੱਲਰ ਨੇ ਜੇਤੂ ਵਿਦਿਆਰਥੀਆਂ, ਡੀਨ ਵਿਦਿਆਰਥੀ ਮਾਮਲੇ ਡਾ. ਮੋਹਿਤ ਕੁਮਾਰ, ਕਲਚਰਲ ਕੋਆਰਡੀਨੇਟਰ ਡਾ. ਨਵਜੋਤ ਸਿੰਘ, ਕੋਕੋਆਰਡੀਨੇਟਰ ਇੰਜ. ਗੁਰਪ੍ਰੀਤ ਸਿੰਘ ਸੈਣੀ, ਡਾ. ਸੁਖਵੀਰ ਕੌਰ ਇੰਚਾਰਜ ਲਿਟਰੇਰੀ ਇਵੈਂਟ, ਡਾ. ਵਿਜੈ ਸਾਮਿਆਲ ਇੰਚਾਰਜ ਥੀਏਟਰ, ਡਾ. ਦੀਪਿਕਾ ਜੈਨ, ਇੰਚਾਰਜ ਫਾਈਨ ਆਰਟਸ ਅਤੇ ਸਮੁੱਚੇ ਫੈਕਲਟੀ ਤੇ ਸਟਾਫ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਡਾਇਰੈਕਟਰ ਡਾ. ਜਸਕਰਨ ਸਿੰਘ ਭੁੱਲਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਸਥਾਪਕ ਤਕਨੀਕੀ ਸੰਸਥਾ ਮਿਮਿਟ, ਮਲੋਟ ਸੰਸਥਾ ਦੇ ਵਿਦਿਆਰਥੀ ਹਮੇਸ਼ਾ ਹੀ ਵਿੱਦਿਅਕ, ਸਭਿਆਚਾਰਕ ਅਤੇ ਖੇਡ ਗਤੀਵਿਧੀਆਂ ਵਿੱਚ ਯੂਨੀਵਰਸਿਟੀ ਪੱਧਰ ਦੀਆਂ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਕੇ ਸੰਸਥਾ ਅਤੇ ਇਲਾਕੇ ਦਾ ਨਾਮ ਰੋਸ਼ਨ ਕਰਦੇ ਰਹੇ ਹਨ।ਕਲਚਰਲ ਕੋਆਰਡੀਨੇਟਰ ਡਾ. ਨਵਜੋਤ ਸਿੰਘ ਨੇ ਦੱਸਿਆ ਕਿ ਸੈਂਟਰਲ ਜ਼ੋਨ ਦੇ ਜੇਤੂ ਵਿਦਿਆਰਥੀ ਇਸ ਵਾਰ ਇੰਟਰ ਜ਼ੋਨਲ ਦੇ ਮੁਕਾਬਲੇ ਜੋ ਕਿ ਆਉਣ ਵਾਲੇ ਦਿਨਾਂ ਵਿੱਚ ਯੂਨੀਵਰਸਿਟੀ ਵੱਲੋਂ ਕਰਵਾਏ ਜਾ ਰਹੇ ਹਨ, ਵਿੱਚ ਹਿੱਸਾ ਲੈਣਗੇ ਅਤੇ ਸੰਸਥਾ ਨੂੰ ਪੂਰਨ ਵਿਸ਼ਵਾਸ ਹੈ ਕਿ ਇਹ ਵਿਦਿਆਰਥੀ ਇੰਟਰ ਜ਼ੋਨਲ ਦੇ ਮੁਕਾਬਲਿਆਂ ਵਿੱਚ ਸੰਸਥਾ ਅਤੇ ਇਲਾਕੇ ਨਾਮ ਰੋਸ਼ਨ ਕਰਨਗੇ ਕਿਉਂਕਿ ਸੰਸਥਾ ਦੇ ਵਿਦਿਆਰਥੀਆਂ ਪਿਛਲੇ ਸਮੇਂ ਵਿੱਚ ਵੀ ਯੂਨੀਵਰਸਿਟੀ ਦੇ ਯੁਵਕ ਮੇਲਿਆਂ ਵਿੱਚ ਓਵਰਆਲ ਅਤੇ ਓਵਰਆਲ ਰਨਰਅੱਪ ਟਰਾਫੀਆਂ ਜਿੱਤਦੇ ਰਹੇ ਹਨ। ਡਾ.ਜਸਕਰਨ ਸਿੰਘ ਭੁੱਲਰ ਡਾਇਰੈਕਟਰ ਨੇ ਇਸ ਪ੍ਰਾਪਤੀ ਲਈ ਸੰਸਥਾ ਦੇ ਕਲਚਰਲ ਵਿਭਾਗ ਦੇ ਅਧਿਕਾਰੀਆਂ, ਕੋਚ ਸਾਹਿਬਾਨ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।



# ਸੈਣੀ 'ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ' ਨਾਲ ਸਨਮਾਨਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੂੰ 13 ਅਕਤੂਬਰ ਨੂੰ ਗਲੋਬਲ ਪੰਜਾਬੀ ਐਸੋਸੀਏਸ਼ਨ ਵੱਲੋਂ 'ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਉਨ੍ਹਾਂ ਦੀ ਪ੍ਰੇਰਣਾਦਾਇਕ ਅਗਵਾਈ, ਸਮਾਜਿਕ ਸਦਭਾਵਨਾ ਪ੍ਰਤੀ ਪ੍ਰਤੀਬੱਧਤਾ ਤੇ ਹਰਿਆਣਾ ਦੇ ਸਿੱਖ ਭਾਈਚਾਰੇ ਦੀ ਭਲਾਈ ਲਈ ਕੀਤੇ ਗਏ ਲਗਾਤਾਰ ਯਤਨਾਂ ਦੀ ਸ਼ਲਾਘਾ ਵਜੋਂ ਪ੍ਰਦਾਨ ਕੀਤਾ ਗਿਆ। ਮੁੱਖ ਮੰਤਰੀ ਨੇ ਚੰਡੀਗੜ੍ਹ ਦੇ ਸੈਕਟਰ 18 ਸਥਿਤ ਟੈਗੋਰ ਥਿਏਟਰ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਨਮਨ ਕਰਦੇ ਹੋਏ ਕਿਹਾ ਕਿ ਅੱਜ ਦਾ ਇਹ ਮੌਕਾ ਮੇਰੇ ਲਈ ਬਹੁਤਾ ਪ੍ਰੇਰਨਾਦਾਇਕ ਅਤੇ ਦਿਲ ਨੂੰ ਛੂਹ ਲੈਣ ਵਾਲਾ ਹੈ ਜਦੋਂ ਅਸੀ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ 'ਤੇ ਅਧਾਰਿਤ ਕਿਤਾਬ ਦੇ ਵਿਮੋਚਨ ਦੇ ਗਵਾਹ ਬਣੇ ਹਨ।

# ਫੋਰਟਿਸ ਐਸਕਾਰਟਸ ਹਸਪਤਾਲ ਨੇ ਸਟ੍ਰੋਕ ਪ੍ਰਬੰਧਨ 'ਚ ਨਵੇਂ ਬਦਲਾਅ ਬਾਰੇ ਜਾਗਰੂਕਤਾ ਸੈਸ਼ਨ ਦੀ ਮੇਜ਼ਬਾਨੀ ਕੀਤੀ

**ਅੰਮ੍ਰਿਤਸਰ:** ਸਟ੍ਰੋਕ ਦੀ ਰੋਕਥਾਮ, ਜਲਦੀ ਪਤਾ ਲਗਾਉਣ ਅਤੇ ਇਲਾਜ ਵਿੱਚ ਨਵੀਨਤਮ ਤਰੱਕੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਫੋਰਟਿਸ ਐਸਕਾਰਟਸ ਹਸਪਤਾਲ ਅੰਮ੍ਰਿਤਸਰ ਨੇ ਸਟ੍ਰੋਕ ਪ੍ਰਬੰਧਨ ਵਿੱਚ ਹਾਲੀਆ ਤਰੱਕੀਆਂ ਬਾਰੇ ਇੱਕ ਜਾਗਰੂਕਤਾ ਸੈਸ਼ਨ ਦਾ ਆਯੋਜਨ ਕੀਤਾ।ਇਸ ਸਮਾਗਮ ਦਾ ਉਦੇਸ਼ ਲੋਕਾਂ ਨੂੰ ਸਟ੍ਰੋਕ ਦੇ ਸ਼ੁਰੂਆਤੀ ਲੱਛਣਾਂ ਨੂੰ ਪਛਾਣਨ, ਸਮੇਂ ਸਿਰ ਡਾਕਟਰੀ ਦਖਲਅੰਦਾਜ਼ੀ ਦੀ ਮਹੱਤਤਾ ਨੂੰ ਸਮਝਣ ਅਤੇ ਸਥਿਤੀ ਨਾਲ ਜੁੜੀਆਂ ਆਮ ਮਿੱਥਾਂ ਨੂੰ ਦੂਰ ਕਰਨ ਬਾਰੇ ਜਾਗਰੂਕ ਕਰਨਾ ਸੀ।ਇਸ ਸੈਸ਼ਨ ਵਿੱਚ ਮਰੀਜ਼ਾਂ, ਦੇਖਭਾਲ ਕਰਨ ਵਾਲਿਆਂ ਅਤੇ ਭਾਈਚਾਰੇ ਦੇ ਮੈਂਬਰਾਂ ਸਮੇਤ 250 ਤੋਂ ਵੱਧ ਭਾਗੀਦਾਰਾਂ ਨੇ ਹਿੱਸਾ ਲਿਆ।ਜਾਗਰੂਕਤਾ ਸੈਸ਼ਨ ਦੀ ਅਗਵਾਈ ਫੋਰਟਿਸ ਐਸਕਾਰਟਸ ਹਸਪਤਾਲ ਅੰਮ੍ਰਿਤਸਰ ਤੋਂ ਡਾ. ਮਾਨਿਕ ਮਹਾਜਨ (ਐਡੀਸ਼ਨਲ ਡਾਇਰੈਕਟਰ - ਨਿਊਰੋਲੋਜੀ), ਡਾ. ਰਾਜ ਕਮਲ (ਡਾਇਰੈਕਟਰ-ਨਿਊਰੋਸਰਜਰੀ) ਅਤੇ ਡਾ. ਤ੍ਰਿਮਾਨ ਸਿੰਘ ਸਿਕੰਦ (ਕੰਸਲਟੈਂਟ - ਨਿਊਰੋਇੰਟਰਵੈਂਸ਼ਨ) ਨੇ ਕੀਤੀ।ਡਾਕਟਰਾਂ ਨੇ ਦੱਸਿਆ ਕਿ ਹਾਲ ਹੀ ਦੇ ਸਾਲਾਂ ਵਿੱਚ ਸਟ੍ਰੋਕ ਦੇ ਇਲਾਜ ਵਿੱਚ ਕਿਵੇਂ ਨਵਾਂ ਵਿਕਾਸ ਹੋਇਆ ਹੈ ਅਤੇ ਕਿਉਂ ਜਲਦੀ ਪਛਾਣ ਅਤੇ ਤੁਰੰਤ ਹਸਪਤਾਲ ਵਿੱਚ ਭਰਤੀ ਮਰੀਜ਼ਾਂ ਦੇ ਨਤੀਜਿਆਂ ਵਿੱਚ ਬਹੁਤ ਸੁਧਾਰ ਕਰ ਸਕਦੇ ਹਨ।ਭਾਗੀਦਾਰਾਂ ਨੂੰ ਸਟ੍ਰੋਕ ਦੇ ਚਿਤਾਵਨੀ ਸੰਕੇਤਾਂ ਦੀ ਪਛਾਣ ਕਰਨ ਦੇ ਤਰੀਕੇ ਬਾਰੇ ਮਾਰਗਦਰਸ਼ਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਆਧੁਨਿਕ ਡਾਕਟਰੀ ਇੰਟਰਵੈਂਸ਼ਨ ਨਾਲ ਜਾਣੂ ਕਰਵਾਇਆ ਗਿਆ ਜੋ ਰਿਕਵਰੀ ਨੂੰ ਮਹੱਤਵਪੂਰਨ ਤੌਰ 'ਤੇ ਵਧਾ ਸਕਦੇ ਹਨ।

# ਸੈਂਟ ਕਬੀਰ ਪਬਲਿਕ ਸਕੂਲ ਦੇ ਦੋ ਅਧਿਆਪਕਾਂ ਦਾ ਐਵਾਰਡ ਫਾਰ ਐਕਸੀਲੈਂਸ ਨਾਲ ਸਨਮਾਨ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੈਂਟ ਕਬੀਰ ਪਬਲਿਕ ਸਕੂਲ, ਸੁਲਤਾਨਪੁਰ, ਗੁਰਦਾਸਪੁਰ ਸਿੱਖਿਆ ਦੇ ਵਿਸ਼ਾਲ ਖੇਤਰ ਵਿੱਚ ਨਵੀਆਂ ਪੈੜਾਂ ਪਾ ਰਿਹਾ ਹੈ ਜਿਸ ਦਾ ਸਿਹਰਾ ਹੋਣਹਾਰ ਸਟਾਫ਼ ਤੇ ਮਿਹਨਤੀ ਵਿਦਿਆਰਥੀਆਂ ਨੂੰ ਜਾਂਦਾ ਹੈ ।ਅਧਿਆਪਕ ਹੀ ਅਜਿਹੇ ਪਾਰਖੂ ਹੁੰਦੇ ਹਨ ਜੋ ਆਪਣੀ ਕਾਬਲੀਅਤ ਤੇ ਤਜ਼ਰਬੇ ਨਾਲ ਵਿਦਿਆਰਥੀ ਰੂਪੀ ਹੀਰੇ ਨੂੰ ਤਰਾਸ਼ਦੇ ਹਨ।ਆਪਣੇ ਇਸੇ ਹੁਨਰ ਤੇ ਤਜ਼ਰਬੇ ਨੂੰ ਮੁੱਖ ਰੱਖਦਿਆਂ ਹੋਇਆਂ ਸੈਂਟ ਕਬੀਰ ਪਬਲਿਕ ਸਕੂਲ ਦੇ ਦੋ ਅਧਿਆਪਕਾਂ ਮੈਡਮ ਜਸਵਿੰਦਰ ਕੌਰ ਅਤੇ ਸ. ਦਮਨਬੀਰ ਸਿੰਘ ਨੂੰ ਗੁਰਦਾਸਪੁਰ ਸਹੋਦਿਆ ਸਕੂਲ ਕੰਪਲੈਕਸ ਵੱਲੋਂ ਡਾ. ਰਾਧਾ ਕ੍ਰਿਸ਼ਨ ਐਵਾਰਡ ਫਾਰ-ਐਕਸੀਲੈਂਸ 2025-26 ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ।ਸਕੂਲ ਪਹੁੰਚਣ ਤੇ ਪ੍ਰਿੰਸੀਪਲ ਐੱਸ. ਬੀ. ਨਾਯਰ, ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ, ਸਮੂਹ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਉਨ੍ਹਾਂ ਦਾ ਸਵੇਰ ਦੀ ਸਭਾ ਵਿੱਚ ਨਿੱਘਾ ਸਵਾਗਤ ਕਰਦਿਆਂ ਵਧਾਈ ਦਿੱਤੀ ਗਈ।ਇਸ ਸਬੰਧੀ ਖ਼ੁਸ਼ੀ ਪ੍ਰਗਟ ਕਰਦਿਆਂ ਪ੍ਰਿੰਸੀਪਲ ਨੇ ਦੱਸਿਆ ਕਿ ਗੁਰਦਾਸਪੁਰ ਸਹੋਦਿਆ ਸਕੂਲ ਕੰਪਲੈਕਸ ਵੱਲੋਂ ਕਰਵਾਏ ਗਏ ਇਸ ਸਨਮਾਨ ਸਮਾਰੋਹ ਵਿੱਚ ਲਗਭਗ 26 ਸਕੂਲਾਂ ਦੇ ਅਧਿਆਪਕ ਆਏ ਹੋਏ ਸਨ ਜਿਸ ਵਿੱਚੋਂ ਸਾਡੇ ਸਕੂਲ ਦੇ ਅਧਿਆਪਕਾਂ ਨੂੰ ਸਰਵੋਤਮ ਅਧਿਆਪਕ ਹੋਣ ਦਾ ਖਿਤਾਬ ਮਿਲਣਾ ਬਹੁਤ ਹੀ ਮਾਣ ਤੇ ਪ੍ਰਸ਼ੰਸਾਯੋਗ ਗੱਲ ਹੈ।ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ ਗੁਰਦਾਸਪੁਰ ਵਿਖੇ ਕਰਵਾਏ ਗਏ ਸਨਮਾਨ ਸਮਾਰੋਹ ਵਿੱਚ ਡਾ. ਐੱਸ. ਕੇ. ਮਿਸ਼ਰਾ (ਵਾਇਸ ਚਾਂਸਲਰ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ) ਨੇ ਮੁੱਖ ਮਹਿਮਾਨ ਵਜੋਂ ਭੂਮਿਕਾ ਨਿਭਾਈ।ਇਸ ਮੌਕੇ ਪ੍ਰਿੰ. ਐੱਸ. ਬੀ. ਨਾਯਰ (ਸਹੋਦਿਆ ਪ੍ਰੈਜ਼ੀਡੈਂਟ) ਪ੍ਰਿੰ. ਬਰਿੰਦਰ ਕੌਰ (ਵਾਈਸ ਪ੍ਰੈਜ਼ੀਡੈਂਟ), ਪ੍ਰਿੰ. ਰਾਜੀਵ ਭਾਰਤੀ (ਸੈਕਟਰੀ), ਪ੍ਰਿੰ. ਪੰਕਜ ਰਾਣਾ ਤੇ ਪ੍ਰਿੰ. ਉਪਮਾ ਮਹਾਜਨ ਉਚੇਚੇ ਰੂਪ ਵਿੱਚ ਸ਼ਾਮਿਲ ਸਨ।ਸਨਮਾਨਿਤ ਅਧਿਆਪਕ ਮੈਡਮ ਜਸਵਿੰਦਰ ਕੌਰ ਅਤੇ ਸ. ਦਮਨਬੀਰ ਸਿੰਘ ਨੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਸਨਮਾਨ ਪਿੱਛੇ ਸਕੂਲ ਸੰਸਥਾਪਕ ਸਵਰਗੀ ਸ. ਹਰਪਾਲ ਸਿੰਘ, ਪ੍ਰਿੰਸੀਪਲ ਤੇ ਸਮੂਹਿਕ ਅਧਿਆਪਕਾਂ ਦੀ ਸਮੇਂ ਸਿਰ ਦਿੱਤੀ ਜਾਂਦੀ ਸਹੀ ਪ੍ਰੇਰਨਾ ਹੈ ਜਿਸ ਸਦਕਾ ਉਹ ਇਸ ਲਾਇਕ ਬਣੇ ਹਨ। ਇਸ ਮੌਕੇ ਸਮੂਹ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।



# ਕਣਕ ਦੀ ਫ਼ਸਲ ਤੋਂ ਵਧੇਰੇ ਪੈਦਾਵਾਰ ਲੈਣ ਲਈ ਪੋਟਾਸ਼ ਖਾਦ ਦੀ ਵਰਤੋਂ ਜ਼ਰੂਰੀ : ਡਾ. ਅਮਰੀਕ ਸਿੰਘ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਪੋਟਾਸ਼ ਜਿਸਨੂੰ ਪੋਟਾਸ਼ੀਅਮ ਵੀ ਕਿਹਾ ਜਾਂਦਾ ਹੈ, ਇੱਕ ਜ਼ਰੂਰੀ ਖੁਰਾਕੀ ਤੱਤ ਹੈ ਜੋ ਕਣਕ ਦੀ ਫਸਲ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।ਪੋਟਾਸ਼ ਖੁਰਾਕੀ ਤੱਤ ਬਾਜ਼ਾਰ ਵਿਚ ਉਪਲਬਧ ਮਿਊਰਟ ਆਫ ਪੋਟਾਸ਼ 60% ਜਾਂ ਸਲਫੇਟ ਆਫ ਪੋਟਾਸ਼ ਤੋਂ ਪ੍ਰਾਪਤ ਹੁੰਦੀ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਸੰਯੁਕਤ ਨਿਰਦੇਸ਼ਕ (ਖ਼ੇਤੀਬਾੜੀ) ਪੰਜਾਬ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਪੋਟਾਸ਼ ਖਾਦ ਫਸਲ ਦੀ ਪੈਦਾਵਾਰ, ਗੁਣਵੱਤਾ, ਸੁਆਦ ਨੂੰ ਵਧਾਉਂਦੀ ਹੈ ਅਤੇ ਸਾਰੀਆਂ ਕਿਸਮਾਂ ਦੇ ਪੌਦਿਆਂ ਲਈ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਰੀ ਕ੍ਰਾਂਤੀ ਨੇ ਇੱਕ ਉਚ ਉਤਪਾਦਕ ਝੋਨੇ-ਕਣਕ ਫ਼ਸਲੀ ਚੱਕਰ ਨੂੰ ਉਤਸ਼ਾਹਿਤ ਕੀਤਾ, ਇਹ ਦੋਵੇਂ ਫਸਲਾਂ ਮਿੱਟੀ ਵਿਚੋਂ ਵੱਡੀ ਮਾਤਰਾ ਵਿੱਚ ਪੋਟਾਸ਼ੀਅਮ ਲੈਂਦੀਆਂ ਹਨ ਪ੍ਰੰਤੂ ਕਿਸਾਨਾਂ ਵਲੋਂ ਯੂਰੀਆ, ਡੀ ਏ ਪੀ ਤੋਂ ਇਲਾਵਾ ਪੋਟਾਸ਼ੀਅਮ ਖਾਦ ਦੀ ਵਰਤੋਂ ਨਹੀਂ ਕੀਤੀ ਜਾਂਦੀ।ਉਨ੍ਹਾਂ ਕਿਹਾ ਕਿ ਅਸੰਤੁਲਿਤ ਖਾਦਾਂ ਦੀ ਵਰਤੋਂ ਕਰਨ ਨਾਲ ਪੰਜਾਬ ਦੀ ਮਿੱਟੀ ਵਿਚ ਪੋਟਾਸ਼ ਦੀ ਘਾਟ ਦਿਨੋ ਦਿਨ ਵਧਦੀ ਜਾ ਰਹੀ ਹੈ ।ਪਿਛਲੇ ਕਈ ਸਾਲਾਂ ਤੋਂ ਪੰਜਾਬ ਦੀ ਮਿੱਟੀ ਵਿੱਚ ਕਾਫ਼ੀ ਪੋਟਾਸ਼ੀਅਮ ਭੰਡਾਰ ਮੰਨਿਆ ਜਾਂਦਾ ਸੀ।ਆਮ ਕਰਕੇ ਜ਼ਿਆਦਾਤਰ ਕਿਸਾਨਾਂ ਵੱਲੋਂ ਨਾਈਟ੍ਰੋਜਨ ਅਤੇ ਫਾਸਫੋਰਸ ਖਾਦਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਦਕਿ ਅਤੇ ਪੋਟਾਸ਼ੀਅਮ ਖਾਦ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਪੋਟਾਸ਼ ਖਾਦ ਪੌਦਿਆਂ ਨੂੰ ਬਿਮਾਰੀਆਂ ਅਤੇ ਕੀੜਿਆਂ ਦੇ ਹਮਲਿਆਂ ਦਾ ਵਿਰੋਧ ਕਰਨ ਵਿੱਚ ਮਦਦ ਕਰਦਾ ਹੈ, ਸਮੁੱਚੀ ਸਿਹਤ ਨੂੰ ਉਤਸ਼ਾਹਿਤ ਕਰਦਾ ਹੈ।ਇਹ ਮਜ਼ਬੂਤ ਅਤੇ ਸਿਹਤਮੰਦ ਜੜ੍ਹ ਪ੍ਰਣਾਲੀਆਂ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ, ਬਿਹਤਰ ਪੌਸ਼ਟਿਕ ਤੱਤਾਂ ਨੂੰ ਗ੍ਰਹਿਣ ਕਰਨ ਵਿੱਚ ਸਹਾਇਤਾ ਕਰਦਾ ਹੈ।ਉਨ੍ਹਾਂ ਕਿਹਾ ਕਿ ਪੋਟਾਸ਼ ਸਟੋਮੈਟਾ (ਪੱਤੇ ਦੀ ਸਤ੍ਹਾ ਜਾਂ ਪੌਦੇ ਦੇ ਡੰਡੀ ਵਿੱਚ ਬਹੁਤ ਛੋਟਾ ਛੇਕ ਜੋ ਗੈਸਾਂ ਨੂੰ ਅੰਦਰ ਅਤੇ ਬਾਹਰ ਜਾਣ ਦਿੰਦਾ ਹੈ) ਦੇ ਖੁੱਲ੍ਹਣ ਅਤੇ ਬੰਦ ਹੋਣ ਨੂੰ ਨਿਯੰਤਰਣ ਕਰਦਾ ਹੈ, ਵਾਸ਼ਪੀਕਰਨ ਦਾ ਪ੍ਰਬੰਧਨ ਕਰਦਾ ਹੈ ਅਤੇ ਪੌਦਿਆਂ ਨੂੰ ਸੋਕੇ ਦਾ ਸਾਹਮਣਾ ਕਰਨ ਵਿੱਚ ਮਦਦ ਕਰਦਾ ਹੈ।



# ਸਾਈਬਰ ਜਾਗਰੂਕਤਾ ਬਾਰੇ ਸਕੂਲ 'ਚ ਸੈਮੀਨਾਰ ਕਰਵਾਇਆ ਗਿਆ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਪੰਜਾਬ ਪੁਲਸ ਗੁਰਦਾਸਪੁਰ ਸਾਈਬਰ ਸੈੱਲ ਵੱਲੋਂ ਟੀਸੀ ਇੰਟਰਨੈਸ਼ਨਲ ਸਕੂਲ ਵਿਖੇ ਸਾਈਬਰ ਜਾਗਰੂਕਤਾ ਬਾਰੇ ਇੱਕ ਸੈਮੀਨਾਰ ਕਰਵਾਇਆ ਗਿਆ।ਗੁਰਦਾਸਪੁਰ ਸਾਈਬਰ ਸੈੱਲ ਦੇ ਐੱਸਐੱਚਓ ਇੰਸਪੈਕਟਰ ਅਮਨਪ੍ਰੀਤ ਕੌਰ ਅਤੇ ਏਐੱਸਆਈ ਇੰਸਪੈਕਟਰ ਕਮਲਦੀਪ ਸ਼ਰਮਾ ਨੇ ਸੈਮੀਨਾਰ ਦਾ ਸੰਚਾਲਨ ਕੀਤਾ ਅਤੇ ਵਿਦਿਆਰਥੀਆਂ ਨੂੰ ਸਾਈਬਰ ਸੁਰੱਖਿਆ ਬਾਰੇ ਜਾਗਰੂਕ ਕੀਤਾ।ਸਕੂਲ ਚੇਅਰਮੈਨ ਰਵਿੰਦਰ ਸ਼ਰਮਾ ਨੇ ਸੈਮੀਨਾਰ ਲਈ ਦੋਵਾਂ ਅਧਿਕਾਰੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਜਿਹੇ ਸੈਮੀਨਾਰ ਵਿਦਿਆਰਥੀਆਂ ਲਈ ਬਹੁਤ ਫਾਇਦੇਮੰਦ ਹੁੰਦੇ ਹਨ।ਇਸ ਮੌਕੇ ਵਿਦਿਆਰਥੀਆਂ ਨੇ ਸਾਈਬਰ ਸੁਰੱਖਿਆ ਨਾਲ ਸਬੰਧਤ ਕਈ ਸਵਾਲ ਪੁੱਛੇ ਜਿਨ੍ਹਾਂ ਦੇ ਅਧਿਕਾਰੀਆਂ ਨੇ ਜਵਾਬ ਦਿੱਤੇ।ਸੈਮੀਨਾਰ ਦਾ ਉਦੇਸ਼ ਵਿਦਿਆਰਥੀਆਂ ਨੂੰ ਸਾਈਬਰ ਅਪਰਾਧਾਂ ਤੋਂ ਆਪਣੇ ਆਪ ਨੂੰ ਬਚਾਉਣ ਦੇ ਤਰੀਕਿਆਂ ਬਾਰੇ ਜਾਗਰੂਕ ਕਰਨਾ ਸੀ।ਸਕੂਲ ਨੇ ਸੈਮੀਨਾਰ ਦੇ ਆਯੋਜਨ ਲਈ ਪੰਜਾਬ ਪੁਲਸ ਗੁਰਦਾਸਪੁਰ ਸਾਈਬਰ ਸੈੱਲ ਦਾ ਧੰਨਵਾਦ ਕੀਤਾ।

# ਡੀ ਏ ਦੀਆਂ ਕਿਸ਼ਤਾਂ ਜਾਰੀ ਨਾ ਕਰਨ 'ਤੇ ਪੈਨਸ਼ਨਰਾਂ ਨੇ ਸਰਕਾਰ ਖਿਲਾਫ ਕੀਤਾ ਪਿੱਟ ਸਿਆਪਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੀ ਮਾਸਿਕ ਮੀਟਿੰਗ ਪ੍ਰਧਾਨ ਬਲਰਾਜ ਸਿੰਘ ਭੰਗੂ, ਕੁਲਵੰਤ ਸਿੰਘ ਤੋਲਾ ਨੰਗਲ, ਕੁਲਦੀਪ ਸਿੰਘ ਬਲ ਤੇ ਨਿਰਵੈਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸੂਬਾ ਡਿਪਟੀ ਜਨਰਲ ਸਕੱਤਰ ਸਤਿਆਪਾਲ ਗੁਪਤਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ।ਜਨਰਲ ਸਕੱਤਰ ਕੁਲਵੰਤ ਸਿੰਘ ਘੂਕੇਵਾਲੀ ਸਟੇਜ ਦੀ ਕਾਰਵਾਈ ਚਲਾਉਂਦਿਆਂ ਪੰਜਾਬ ਸਰਕਾਰ ਵੱਲੋਂ ਪੈਨਸ਼ਨਰ ਮਾਰੂ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗੁਪਤਾ ਨੇ ਪੈਨਸ਼ਨਰਾਂ ਦੀਆਂ ਮੰਗਾਂ ਅਤੇ ਮਾਨਯੋਗ ਅਦਾਲਤ ਵੱਲੋਂ ਪੈਨਸ਼ਨਰਾਂ ਦੇ ਹੱਕ ਵਿੱਚ ਦਿੱਤੇ ਫੈਸਲਿਆਂ ਤੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਖਾਸ ਕਰਕੇ ਪੰਜਾਬ ਸਰਕਾਰ ਵੱਲੋਂ 2.59 ਦੇ ਗੁਣਾਂਕ ਲਾਗੂ ਕਰਨ ਤੇ ਜੋ ਸਪੀਕਿੰਗ ਆਰਡਰ ਕੋਰਟ ਵਿੱਚ ਪੇਸ਼ ਕੀਤੇ ਹਨ ਮਾਨਯੋਗ ਕੋਰਟ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ ਜਦੋਂ ਕਿ 119% ਡੀਏ ਦਾ ਛੇ ਮਹੀਨੇ ਦਾ ਬਕਾਇਆ ਆਪ ਜਾਰੀ ਕੀਤਾ ਹੈ। ਵੱਖ-ਵੱਖ ਬੁਲਾਰਿਆਂ ਬਲਦੇਵ ਰਾਜ, ਪਰਮਜੀਤ ਸਿੰਘ ਨਿੱਝਰ, ਭਵਾਨੀ ਫੇਰ, ਹਰਦੇਵ ਸਿੰਘ ਭਕਨਾ, ਰਾਮ ਮੂਰਤੀ ਅਤੇ ਬਲੌਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਡੀਏ ਦੀਆਂ ਪੰਜ ਕਿਸ਼ਤਾਂ ਅਤੇ ਹਜ਼ਾਰਾਂ ਰੁਪਏ ਬਣਦਾ ਬਕਾਇਆ ਅਤੇ ਹਰ ਪੈਨਸ਼ਨਰ ਨੂੰ ਲੱਗਭਗ ਚਾਰ ਪੰਜ ਹਜ਼ਾਰ ਪ੍ਰਤੀ ਮਹੀਨਾ ਘਾਟੇ ਦੀ ਪੰਜਾਬ ਸਰਕਾਰ ਵੱਲੋਂ ਵੱਟੀ ਚੁੱਪ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਇਹ ਵੀ ਮੰਗ ਕੀਤੀ ਗਈ ਕਿ ਜ਼ਿਲ੍ਹਾ ਪ੍ਰੀਸ਼ਦ ਦੇ ਪੈਨਸ਼ਨਰਾਂ ਨੂੰ ਹਰ ਮਹੀਨੇ ਸਮੇਂ ਸਿਰ ਪੈਨਸ਼ਨਾ ਦਿੱਤੀਆਂ ਜਾਣ, ਸਮੁੱਚੇ ਪੈਨਸ਼ਨਰਾਂ ਵੱਲੋਂ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਚੋਣਾਂ ਵਿਚ ਹੁਣ ਸਮਾਂ ਬਹੁਤ ਘੱਟ ਰਹਿ ਗਿਆ ਹੈ, ਅਜੇ ਵੀ ਹੋਸ਼ ਕਰੋ ਨਹੀਂ ਤਾਂ ਤੁਹਾਡੀ ਫੱਟੀ ਪੋਚਣ ਵਿਚ ਕੋਈ ਕਸਰ ਨਹੀਂ ਛੱਡਾਂਗੇ। ਮੀਟਿੰਗ ਵਿੱਚ ਤਿਲਕ ਰਾਜ, ਬਲਦੇਵ ਸਿੰਘ, ਤੀਰਥ ਰਾਮ, ਸੁਰਿੰਦਰ ਕੁਮਾਰ, ਮਨਮੋਹਨ ਸਿੰਘ, ਅਵਤਾਰ ਸਿੰਘ, ਸਲਵਿੰਦਰ ਸਿੰਘ ਬਲਦੇਵ ਸਿੰਘ ਭੋਮਾ, ਮੇਲਾ ਰਾਮ ਸਾਬਕਾ ਬੀਪੀਓ, ਨਰ ਬਹਾਦਰ, ਧਨੀਰਾਮ ਅਜਨਾਲਾ, ਅੰਚਲ ਕੁਮਾਰ, ਹਰਪਾਲ ਸਿੰਘ, ਸੁਖਦੇਵ ਸਿੰਘ ਪੱਟੀ, ਖਾਸ ਕਰਕੇ ਨਵੇਂ ਸਾਥੀ ਪਰਮਜੀਤ ਭਾਰਦਵਾਜ, ਪ੍ਰੇਮ ਸਿੰਘ ਅਤੇ ਵੱਡੀ ਗਿਣਤੀ ਵਿਚ ਪੈਨਸ਼ਨਰ ਹਾਜ਼ਰ ਸਨ।



# ਗੁਰੂ ਅਰਜਨ ਦੇਵ ਜੀ ਨਰਸਿੰਗ ਇੰਸਟੀਚਿਊਟ ਨੇ ਮਨਾਇਆ ਕੌਮਾਂਤਰੀ ਬਾਲਿਕਾ ਦਿਵਸ

**ਛੇਹਰਟਾ (ਮਨੋਜ ਕੁਮਾਰ)**- ਸ੍ਰੀ ਗੁਰੂ ਅਰਜਨ ਦੇਵ ਜੀ ਨਰਸਿੰਗ ਇੰਸਟੀਚਿਊਟ ਵਿਚ ਕੌਮਾਂਤਰੀ ਬਾਲਿਕਾ ਦਿਵਸ ਬਹੁਤ ਉਤਸ਼ਾਹ ਮਨਾਇਆ ਗਿਆ। ਇਸ ਮੌਕੇ ਸੰਸਥਾ ਨੇ ਲੜਕੀਆਂ ਦੀ ਸਿੱਖਿਆ, ਸਿਹਤ ਤੇ ਸੰਪੂਰਨ ਵਿਕਾਸ ਨੂੰ ਬੜ੍ਹਾਵਾ ਦੇਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਸਮਾਗਮ ਵਿਚ ਬੁਲਾਰਿਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਚਲਾਈਆਂ ਜਾ ਰਹੀਆਂ ਬੇਟੀ ਬਚਾਓ, ਬੇਟੀ ਪੜ੍ਹਾਓ ਵਰਗੀਆਂ ਇਤਿਹਾਸਕ ਪਹਿਲਕਦਮੀਆਂ ਨੇ ਦੇਸ਼ ਭਰ ਦੀਆਂ ਲੜਕੀਆਂ ਨੂੰ ਸਨਮਾਨ ਤੇ ਮੌਕੇ ਪ੍ਰਦਾਨ ਕੀਤੇ ਹਨ। ਇਹ ਮੁਹਿੰਮ ਸਮਾਜ ਦੀ ਮਾਨਸਿਕਤਾ ਨੂੰ ਬਦਲ ਰਹੀ ਹੈ ਅਤੇ ਲੜਕੀਆਂ ਨੂੰ ਸਿੱਖਿਆ ਤੇ ਬਰਾਬਰ ਅਧਿਕਾਰਾਂ ਵੱਲ ਅੱਗੇ ਵਧਾ ਰਹੀ ਹੈ। ਸੰਸਥਾ ਦੇ ਸਟਾਫ ਮੈਂਬਰ ਮਨਜੀਤ ਸਿੰਘ, ਹਰਸੁਮਿਤ ਕੌਰ, ਸੁਨੇਹਾ, ਪਾਇਲ, ਸਵਿਤਾ ਤੇ ਪੂਨਮ ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਾਰਿਆਂ ਨੇ ਸਰਬਸੰਮਤੀ ਨਾਲ ਇਹ ਸੰਦੇਸ਼ ਦਿੱਤਾ ਕਿ ਲੜਕੀਆਂ ਦਾ ਸਤਿਕਾਰ ਕਰਨਾ ਤੇ ਸਸ਼ਕਤੀਕਰਨ ਕਿਸੇ ਵੀ ਦੇਸ਼ ਦੀ ਤਰੱਕੀ ਦੀ ਨੀਂਹ ਹੈ। ਸੰਸਥਾ ਨੇ ਲੜਕੀਆਂ ਦੀ ਸਿਹਤ ਤੇ ਤੰਦਰੁਸਤੀ ਬਾਰੇ ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਸਮਾਜ ਨੂੰ ਸੱਦਾ ਦਿੱਤਾ ਕਿ ਹਰ ਪਰਿਵਾਰ ਆਪਣੀ ਧੀ ਦੀ ਸਿੱਖਿਆ ਤੇ ਵਿਕਾਸ ਵਿਚ ਸਹਿਯੋਗ ਕਰੇ। ਕੇਂਦਰ ਸਰਕਾਰ ਦੀ ਵਚਨਬੱਧਤਾ ਅਨੁਸਾਰ ਸੰਸਥਾ ਨੇ ਵਿਸ਼ਵਾਸ ਪ੍ਰਗਟਾਇਆ ਕਿ ਲੜਕੀਆਂ ਦਾ ਉੱਜਵਲ ਭਵਿੱਖ ਹੀ ਦੇਸ਼ ਦੀ ਅਸਲ ਤਾਕਤ ਹੈ।



# ਬੇਰੁਜ਼ਗਾਰੀ ਨੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਰਾਹ ਪਾਇਆ ਹੋਇਆ : ਪੰਡੋਰੀ, ਰਟੌਲ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਦੇਸ਼ ਦੀਆਂ ਹਾਕਮ ਜਮਾਤਾਂ ਨੇ ਗਰੀਬ ਲੋਕਾਂ ਦੇ ਬੱਚਿਆਂ ਨੂੰ ਵਿੱਦਿਆ ਤੋਂ ਵਾਂਝਿਆਂ ਕੀਤਾ ਹੋਇਆ ਹੈ ਅਤੇ ਵਿੱਦਿਆ ਅਮੀਰ ਲੋਕਾਂ ਦੇ ਬੱਚਿਆਂ ਲਈ ਰਾਖਵੀਂ ਕਰ ਦਿਤੀ ਹੈ।ਉੱਚ ਵਿੱਦਿਆ ਪ੍ਰਾਪਤ ਕਰਨ ਲਈ ਗਰੀਬ ਲੋਕਾਂ ਦੇ ਬੱਚੇ ਕਾਲਜਾਂ/ਯੂਨੀਵਰਸਟੀਆਂ ਤੱਕ ਨਹੀਂ ਜਾ ਰਹੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਰਟੌਲ ਨੇ ਪਿੰਡ ਰਟੌਲ 'ਚ ਨੌਜਵਾਨਾਂ ਦੀ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਇਨ੍ਹਾਂ ਆਗੂਆਂ ਨੇ ਕਿਹਾ ਕਿ ਗਰੀਬ ਵਰਗ ਦੇ ਬੱਚੇ ਵਿੱਦਿਆ, ਸਿਹਤ ਸਹੂਲਤਾਂ ਅਤੇ ਰੁਜ਼ਗਾਰ ਤੋਂ ਵਾਂਝੇ ਫਿਰ ਰਹੇ ਹਨ।ਜਵਾਨੀ ਦਾ ਨਸ਼ਿਆਂ ਨੇ ਘਾਣ ਕਰਕੇ ਰੱਖਿਆ ਹੋਇਆ।ਉਨ੍ਹਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਰੁਜ਼ਗਾਰ ਖੋਹਣ ਵਾਲੀਆਂ ਨੀਤੀਆਂ ਨੇ ਜਵਾਨੀ ਨੂੰ ਨਸ਼ਿਆਂ ਦੇ ਰਾਹ ਪਾਇਆ ਹੋਇਆ ਹੈ।ਰੁਜ਼ਗਾਰ ਨਾ ਮਿਲਣ ਦੀ ਸੂਰਤ 'ਚ ਨੌਜਵਾਨ ਕੰਮ ਲਈ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਵਾਅਦੇ ਕਰਕੇ ਸੱਤਾ 'ਚ ਆਈ ਸੀ, ਪਰ ਸੱਤਾਂ 'ਚ ਆਉਂਦਿਆਂ ਹੀ ਰੁਜ਼ਗਾਰ ਮੰਗਦੇ ਨੌਜਵਾਨਾਂ ਨੂੰ ਕੁੱਟਿਆ, ਮਾਰਿਆ ਜਾ ਰਿਹਾ ਅਤੇ ਜੇਲਾਂ 'ਚ ਸੁੱਟਿਆ ਜਾ ਰਿਹਾ ਹੈ।ਪੰਜਾਬ ਅੰਦਰ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ 'ਚ ਹਜ਼ਾਰਾਂ ਪੋਸਟਾਂ ਖਾਲੀ ਪਈਆਂ ਹਨ, ਸਰਕਾਰ ਭਰਨ ਨੂੰ ਤਿਆਰ ਨਹੀਂ। ਜੇ ਕਿਤੇ ਸੀਮਤ ਪੋਸਟਾਂ ਭਰੀਆਂ ਜਾਂਦੀਆਂ ਹਨ ਤਾਂ ਉਹ ਵੀ ਅਸਥਾਈ ਰੂਪ 'ਚ ਭਰੀਆਂ ਜਾਂਦੀਆਂ ਹਨ।ਇਨ੍ਹਾਂ ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਸਿੱਖਿਆ, ਸਿਹਤ ਸਹੂਲਤਾਂ ਅਤੇ ਰੁਜ਼ਗਾਰ ਦਾ ਪੱਕਾ ਪ੍ਰਬੰਧ ਕਰੇ ਅਤੇ ਨਸ਼ਿਆਂ ਦੀ ਦਲਦਲ ਫਸੇ ਨੌਜਵਾਨਾਂ ਨੂੰ ਕੱਢ ਕੇ ਰੁਜ਼ਗਾਰ ਦੇਣ ਦਾ ਉਪਰਾਲਾ ਕਰੇ।ਇਸ ਮੌਕੇ ਸੁਰਜੀਤ ਸਿੰਘ, ਗੁਲਜਾਰ ਸਿੰਘ, ਬਲਵਿੰਦਰ ਸਿੰਘ, ਹੀਰਾ ਸਿੰਘ, ਗੁਰਸ਼ਰਨ ਸਿੰਘ, ਨਰਿੰਦਰ ਸਿੰਘ, ਬਲਵੀਰ ਸਿੰਘ, ਬਲਰਾਜ ਸਿੰਘ, ਸੰਦੀਪ ਸਿੰਘ, ਪੰਜਾਬ ਸਿੰਘ, ਸੁਖਬੀਰ ਸਿੰਘ ਆਦਿ ਹਾਜ਼ਰ ਸਨ।



# ਸੀ ਐੱਚ ਸੀ ਸਰਹਾਲੀ ਅਧੀਨ ਆਉਂਦੇ ਪਿੰਡਾਂ 'ਚ 8453 ਬੱਚਿਆਂ ਨੂੰ ਪਿਲਾਈਆਂ ਪੋਲੀਓ ਰੋਕੂ ਬੂੰਦਾਂ

**ਚੋਹਲਾ ਸਾਹਿਬ (ਰਮਨ ਚੱਢਾ)**- ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਸਰਹਾਲੀ ਦੀ ਯੋਗ ਰਹਿਨੁਮਾਈ ਹੇਠ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਪਲਸ ਪੋਲੀਓ ਮੁਹਿੰਮ ਤਿੰਨ ਦਿਨ ਤੱਕ ਚੱਲੇਗੀ ਜਿਸਦੇ ਤਹਿਤ ਬਲਾਕ ਸੀਐੱਚਸੀ ਸਰਹਾਲੀ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਜਿਵੇਂ ਚੋਹਲਾ ਸਾਹਿਬ, ਡੇਅਰਾ ਸਾਹਿਬ, ਫਤਿਹਾਬਾਦ ਆਦਿ ਵਿਖੇ 6 ਮੋਬਾਇਲ ਟੀਮਾਂ ਅਤੇ 3 ਟ੍ਰਾਂਜ਼ਿਟ ਟੀਮਾਂ ਵੱਲੋਂ 0 ਤੋਂ 5 ਸਾਲ ਤੱਕ ਦੇ 8453 ਬੱਚਿਆਂ ਨੂੰ ਪਲਸ ਪੋਲੀਓ ਬੂੰਦਾਂ ਪਿਲਾਈਆਂ ਗਈਆਂ।ਉਨ੍ਹਾਂ ਦੱਸਿਆ ਕਿ ਚੋਹਲਾ ਸਾਹਿਬ, ਸਰਹਾਲੀ ਕਲਾਂ ਅਤੇ ਫਤਿਹਾਬਾਦ ਦੇ ਬੱਸ ਅੱਡਿਆਂ ਵਿੱਚ ਟੀਮਾਂ ਵੱਲੋਂ ਬੱਚਿਆਂ ਨੂੰ ਪਲਸ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ ਅਤੇ 3 ਟ੍ਰਾਂਜ਼ਿਟ ਟੀਮਾਂ ਵੱਲੋਂ ਭੱਠਿਆਂ, ਝੁੱਗੀਆਂ ਝੌਂਪੜੀਆਂ ਆਦਿ 'ਤੇ ਜਾ ਕੇ ਬੱਚਿਆਂ ਨੂੰ ਪਲਸ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਇਸ ਸਮੇਂ ਨੋਡਲ ਅਫਸਰ ਡਾ. ਕਰਮਬੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 13 ਅਤੇ 14 ਅਕਤੂਬਰ ਨੂੰ ਸਿਹਤ ਵਿਭਾਗ ਟੀਮਾਂ ਵੱਲੋਂ ਘਰ-ਘਰ ਅਤੇ ਬਹਿਕਾਂ 'ਤੇ ਜਾ ਕੇ 0 ਤੋਂ 6 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਤੋਂ ਬਚਾਅ ਲਈ ਪਲਸ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਉਨ੍ਹਾਂ ਅਪੀਲ ਕੀਤੀ ਕਿ ਜਿਨ੍ਹਾਂ ਦੇ ਬੱਚਿਆਂ ਦੀ ਉਮਰ 0 ਤੋਂ 5 ਸਾਲ ਤੱਕ ਹੈ ਉਹ ਬੱਚਿਆਂ ਨੂੰ ਪਲਸ ਪੋਲੀਓ ਬੂੰਦਾਂ ਪਿਲਾਉਣ। ਇਸ ਸਮੇਂ ਸਮੂਹ ਪਲਸ ਪੋਲੀਓ ਟੀਮ ਹਾਜ਼ਰ ਸੀ।



# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀਆਂ ਦਾ ਕ੍ਰਿਕਟ 'ਚ ਬਾਕਮਾਲ ਪ੍ਰਦਰਸ਼ਨ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਬੀਤੇ ਦਿਨੀਂ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਨੇ 69ਵੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਹ ਖੇਡ ਮੁਕਾਬਲੇ ਮਹਾਰਾਜਾ ਰਣਜੀਤ ਸਿੰਘ ਸਕੂਲ, ਤਰਨ ਤਾਰਨ ਵਿੱਚ ਜ਼ਿਲ੍ਹਾ ਖੇਡ ਕੋਆਰਡੀਨੇਟਰ ਜੁਗਰਾਜ ਸਿੰਘ ਅਤੇ ਏਈਓ ਮਨਿੰਦਰ ਸਿੰਘ ਦੀ ਦੇਖ-ਰੇਖ ਹੇਠ ਕਰਵਾਏ ਗਏ ।ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਤਰਨਤਾਰਨ ਜ਼ਿਲ੍ਹੇ ਦੇ ਦਸ ਜ਼ੋਨਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਮੁਕਾਬਲੇ ਬਹੁਤ ਕਠਿਨ ਹੋਣ ਦੇ ਬਾਵਜੂਦ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਖਿਡਾਰੀਆਂ ਨੇ ਆਪਣੇ ਕੋਚ ਸੁਖਵਿੰਦਰ ਸਿੰਘ ਅਤੇ ਰੇਸ਼ਮ ਸਿੰਘ ਦੀ ਸਹੀ ਸੇਧ ਅਤੇ ਆਪਣੀ ਮਿਹਨਤ ਸਦਕਾ ਸ਼ਮਸ਼ੇਰ ਸਿੰਘ ਸਪੁੱਤਰ ਮਨਜੀਤ ਸਿੰਘ ਜਮਾਤ ਨੌਵੀਂ, ਹਰਸਿਮਰਨ ਸਿੰਘ ਸਪੁੱਤਰ ਬਲਜਿੰਦਰ ਸਿੰਘ ਜਮਾਤ ਦੱਸਵੀਂ ਅਤੇ ਮਨਪ੍ਰੀਤ ਸਿੰਘ ਸਪੁੱਤਰ ਕੁਲਦੀਪ ਸਿੰਘ ਜਮਾਤ ਗਿਆਰਵੀਂ ਨੇ ਤਰਨ ਤਾਰਨ ਜ਼ਿਲ੍ਹੇ ਦੇ ਕਈ ਜ਼ੋਨਾਂ ਨੂੰ ਪਛਾੜ ਕੇ ਕ੍ਰਿਕਟ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਜ਼ਿਲ੍ਹਾ ਖੇਡ ਕੋਆਰਡੀਨੇਟਰ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਇਹ ਜੇਤੂ ਖਿਡਾਰੀ ਹੁਣ ਰਾਜ ਪੱਧਰੀ ਖੇਡਾਂ ਵਿੱਚ ਹਿੱਸਾ ਲੈਣਗੇ।ਇਸ ਮੌਕੇ ਆਪਣੀ ਖੁਸ਼ੀ ਜ਼ਾਹਿਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਡਾ: ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਨਾਂ ਨੂੰ ਵਧਾਈ ਦਿੱਤੀ ਅਤੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।



# ਵਿਧਾਇਕ ਟੌਂਗ ਨੇ 1.29 ਕਰੋੜ ਦੀ ਲਾਗਤ ਵਾਲੀਆਂ 7.09 ਕਿ. ਮੀ. ਸੜਕਾਂ ਦਾ ਕੀਤਾ ਉਦਘਾਟਨ

**ਬਿਆਸ (ਪਰਮਜੀਤ ਸਿੰਘ ਰੱਖੜਾ)**- ਆਮ ਆਦਮੀ ਪਾਰਟੀ ਦੇ ਬਾਬਾ ਬਕਾਲਾ ਸਾਹਿਬ ਹਲਕੇ ਤੋਂ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਥੋਥੀਆਂ, ਕਲੇਰ ਘੁਮਾਣ, ਨਿਰੰਜਨਪੁਰ, ਲੋਹਗੜ੍ਹ ਪਿੰਡਾਂ ਵਿੱਚ 1.29 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀਆਂ ਗਈਆਂ 7.09 ਕਿ. ਮੀ. ਲੰਬਾਈ ਵਾਲੀਆਂ ਸੜਕਾਂ ਦਾ ਉਦਘਾਟਨ ਕੀਤਾ।ਇਸ ਮੌਕੇ ਵਿਧਾਇਕ ਟੌਂਗ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪਿੰਡਾਂ ਦੇ ਹਰ ਖੇਤਰ ਦਾ ਸੰਤੁਲਿਤ ਵਿਕਾਸ ਯਕੀਨੀ ਬਣਾ ਰਹੀ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਸੜਕਾਂ, ਗਲੀਆਂ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣਾ ਸਰਕਾਰ ਦੀ ਪ੍ਰਾਥਮਿਕਤਾ ਵਿੱਚ ਹੈ ਤਾਂ ਜੋ ਲੋਕਾਂ ਨੂੰ ਆਵਾਜਾਈ ਅਤੇ ਰੋਜ਼ਾਨਾ ਜੀਵਨ ਵਿੱਚ ਸਹੂਲਤ ਮਿਲ ਸਕੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਾਜਨੀਤੀ ਤੋਂ ਉਪਰ ਉਠ ਕੇ ਲੋਕਾਂ ਦੇ ਵਿਕਾਸ ਲਈ ਕੰਮ ਕੀਤਾ ਹੈ।ਹਰ ਪਿੰਡ ਵਿੱਚ ਕੰਮ ਜ਼ਰੂਰਤ ਮੁਤਾਬਕ ਹੋ ਰਿਹਾ ਹੈ ਅਤੇ ਕਿਸੇ ਨਾਲ ਭੇਦਭਾਵ ਨਹੀਂ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਇਹ ਸੜਕਾਂ ਬਣਨ ਨਾਲ ਕਿਸਾਨਾਂ ਨੂੰ ਆਪਣੀ ਫ਼ਸਲ ਮੰਡੀ ਤੱਕ ਪਹੁੰਚਾਉਣ ਵਿੱਚ ਸਹੂਲਤ ਹੋਵੇਗੀ ਅਤੇ ਵਿਦਿਆਰਥੀਆਂ ਨੂੰ ਸਕੂਲਾਂ ਤੱਕ ਸੁਰੱਖਿਅਤ ਆਵਾਜਾਈ ਮਿਲੇਗੀ।ਇਸ ਮੌਕੇ ਵਿਧਾਇਕ ਟੌਂਗ ਨੇ ਇਹ ਵੀ ਦੱਸਿਆ ਕਿ ਹਲਕੇ ਦੇ ਹੋਰ ਪਿੰਡਾਂ ਵਿੱਚ ਵੀ ਵਿਕਾਸ ਕਾਰਜ ਤੇਜ਼ੀ ਨਾਲ ਜਾਰੀ ਹਨ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਕਈ ਹੋਰ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਹਰ ਵਾਸੀ ਦੇ ਸੁਖ-ਸੁਵਿਧਾ ਲਈ ਹਮੇਸ਼ਾ ਤਤਪਰ ਰਹਿਣਗੇ ਅਤੇ ਲੋਕਾਂ ਦੇ ਵਿਸ਼ਵਾਸ 'ਤੇ ਖਰੇ ਉਤਰਨਗੇ।ਇਸ ਮੌਕੇ ਪਿੰਡਾਂ ਦੇ ਸਰਪੰਚਾਂ ਅਤੇ ਨਿਵਾਸੀਆਂ ਨੇ ਵਿਧਾਇਕ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮਾਨ ਸਰਕਾਰ ਦੇ ਆਉਣ ਤੋਂ ਬਾਅਦ ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲੀ ਹੈ।ਉਨ੍ਹਾਂ ਕਿਹਾ ਕਿ ਸੜਕਾਂ ਦੇ ਸੁਧਾਰ ਨਾਲ ਆਵਾਜਾਈ ਸੁਖਾਲੀ ਹੋਈ ਹੈ ਅਤੇ ਪਿੰਡਾਂ ਦੀ ਆਰਥਿਕ ਗਤੀਵਿਧੀ ਨੂੰ ਨਵਾਂ ਬਲ ਮਿਲਿਆ ਹੈ।ਲੋਕਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਵਾਅਦੇ ਕੀਤੇ ਸਨ, ਉਹ ਜ਼ਮੀਨ 'ਤੇ ਉਤਾਰੇ ਜਾ ਰਹੇ ਹਨ।



# 'ਆਪ' ਆਗੂ ਬਚਨ ਲਾਲ ਵੱਲੋਂ ਐੱਸਐੱਚਓ ਕੱਥੂਨੰਗਲ ਦਾ ਨਿੱਘਾ ਸਵਾਗਤ



**ਵੇਰਕਾ (ਰਾਣਾ)** ਵਿਧਾਨ ਸਭਾ ਹਲਕਾ ਮਜੀਠਾ ਦੇ ਸੀਨੀਅਰ ਆਮ ਆਦਮੀ ਪਾਰਟੀ ਦੇ ਆਗੂ ਬਚਨ ਲਾਲ (ਕਾਲੇ ਸ਼ਾਹ) ਜੈਂਤੀਪੁਰ ਦੇ ਗ੍ਰਹਿ ਸਥਾਨਕ ਕਸਬਾ ਜੈਂਤੀਪੁਰ ਵਿਖੇ ਪੁੱਜਣ 'ਤੇ ਨਵ-ਨਿਯੁਕਤ ਹੋਏ ਐੱਸਐੱਚਓ ਬਲਵਿੰਦਰ ਸਿੰਘ ਪੁਲਸ ਥਾਣਾ ਕੱਥੂਨੰਗਲ ਦਾ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਆਪ ਆਗੂ ਬਚਨ ਲਾਲ ਵੱਲੋਂ ਐੱਸਐੱਚਓ ਬਲਵਿੰਦਰ ਸਿੰਘ ਨੂੰ ਸਿਰੋਪਾਓ ਭੇਟ ਕੀਤਾ ਗਿਆ।ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਐੱਸਐੱਚਓ ਬਲਵਿੰਦਰ ਸਿੰਘ ਨੇ ਆਖਿਆ ਕਿ ਮਾਨਯੋਗ ਮਨਵਿੰਦਰ ਸਿੰਘ ਐੱਸਐੱਸਪੀ ਪੁਲਸ ਜ਼ਿਲਾ ਅੰਮ੍ਰਿਤਸਰ (ਦਿਹਾਤੀ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਿਆਂ ਦਾ ਗੋਰਖ ਧੰਦਾ ਕਰਨ ਵਾਲਿਆਂ ਨੂੰ ਬਿਲਕੁਲ ਬਖਸ਼ਿਆ ਨਹੀਂ ਜਾਵੇਗਾ।ਅਮਨ ਤੇ ਕਾਨੂੰਨ ਦੀ ਸਥਿਤੀ ਪੂਰਨ ਤੌਰ 'ਤੇ ਬਹਾਲ ਰੱਖੀ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਦਰਜੀਤ ਸਿੰਘ, ਸੁਖਬੀਰ ਸਿੰਘ, ਮਲਕੀਅਤ ਸਿੰਘ (ਗੋਲਡੀ) ਜਸਬੀਰ ਸਿੰਘ ਆਦਿ ਵੀ ਹਾਜ਼ਰ ਸਨ।

# ਕਰਜ਼ੇ ਤੋਂ ਦੁਖੀ ਕਿਸਾਨ ਵੱਲੋਂ ਆਤਮ ਹੱਤਿਆ

**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਫਤਿਹਗੜ੍ਹ ਚੂੜੀਆਂ ਦੇ ਪਿੰਡ ਡੁੱਲਟ ਦੇ ਇੱਕ ਕਿਸਾਨ ਵੱਲੋਂ ਕਰਜ਼ੇ ਤੋਂ ਦੁਖੀ ਹੋ ਕੇ ਆਤਮ ਹੱਤਿਆ ਕੀਤੇ ਜਾਣ ਦਾ ਅੱਤ ਦੁਖਦਾਈ ਸਮਾਚਾਰ ਮਿਲਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਘਣੀਏ-ਕੇ-ਬਾਂਗਰ ਦੇ ਐੱਸਆਈ ਨਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ 'ਚ ਵੱਸਣ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਡੁੱਲਟ ਨੇ ਲਿਖਵਾਇਆ ਹੈ ਕਿ ਉਹ ਖੇਤੀਬਾੜੀ ਦਾ ਕੰਮ ਕਰਦਾ ਹੈ ਅਤੇ ਉਸਦੇ ਭਰਾ ਸੁਲੱਖਣ ਸਿੰਘ ਨੇ ਆਪਣੀ ਜ਼ਮੀਨ ਦੀ ਲਿਮਟ ਬਣਾਈ ਹੋਈ ਸੀ ਅਤੇ ਹੋਰ ਵੀ ਕਾਫੀ ਕਰਜ਼ਾ ਲਿਆ ਹੋਇਆ ਸੀ, ਜਿਸ ਕਰਕੇ ਇਹ ਕਰਜ਼ੇ ਦੇ ਚਲਦਿਆਂ ਪ੍ਰੇਸ਼ਾਨ ਰਹਿੰਦਾ ਸੀ।ਉਕਤ ਬਿਆਨਕਰਤਾ ਮੁਤਾਬਕ ਬੀਤੀ 10 ਅਕਤੂਬਰ ਨੂੰ ਸਵੇਰੇ ਸੁਲੱਖਣ ਸਿੰਘ ਘਰੋਂ ਬਿਨਾਂ ਦੱਸੇ ਕਿਧਰੇ ਚਲਾ ਗਿਆ, ਜਿਸ ਦੀ ਅਸੀਂ ਕਾਫੀ ਭਾਲ ਕੀਤੀ ਤਾਂ ਸ਼ਾਮ ਸਮੇਂ ਪਤਾ ਲੱਗਾ ਕਿ ਮੇਰੇ ਭਰਾ ਨੇ ਪਿੰਡ ਦੀਆਂ ਮੜ੍ਹੀਆਂ ਵਿਚ ਆਪਣੇ ਪਰਨੇ ਨਾਲ ਦਰੱਖਤ ਨਾਲ ਲਟਕ ਕੇ ਆਤਮ ਹੱਤਿਆ ਕਰ ਲਈ ਹੈ ਅਤੇ ਅਜਿਹਾ ਉਸਨੇ ਨੇ ਤੰਗੀ ਅਤੇ ਕਰਜ਼ੇ ਤੋਂ ਦੁਖੀ ਹੋ ਕੇ ਕੀਤਾ ਹੈ।ਉਕਤ ਪੁਲਸ ਅਧਿਕਾਰੀ ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਮ੍ਰਿਤਕ ਦੇ ਭਰਾ ਵੱਸਣ ਸਿੰਘ ਦੇ ਬਿਆਨ 'ਤੇ ਉਪਰੋਕਤ ਥਾਣੇ ਵਿਚ 194 ਬੀਐੱਨਐੱਸਐੱਸ ਤਹਿਤ ਬਣਦੀ ਕਾਨੂੰਨੀ ਕਾਰਵਾਈ ਕਰ ਦਿੱਤੀ ਗਈ ਹੈ।



# ਕਲੱਸਟਰ ਲੀਲ ਕਲਾਂ ਦੇ 7 ਸਕੂਲਾਂ ਦੀਆਂ ਐੱਸਐੱਮਸੀ ਕਮੇਟੀਆਂ ਦੀ ਟ੍ਰੇਨਿੰਗ ਸਹਸ ਬਸਰਾਏ ਵਿਖੇ ਹੋਈ

**ਕਾਦੀਆਂ, ਧਾਰੀਵਾਲ (ਯਾਦਵਿੰਦਰ ਸਿੰਘ ਮਲਹੋਤਰਾ, ਮਨਦੀਪ ਸਿੰਘ ਵਿੱਕੀ)**- ਸਰਕਾਰੀ ਹਾਈ ਸਕੂਲ ਬਸਰਾਏ ਵਿਖੇ ਕਲੱਸਟਰ ਲੀਲ ਕਲਾਂ ਦੇ 7 ਸਕੂਲਾਂ ਦੀਆਂ ਐੱਸਐੱਮਐੱਸ ਕਮੇਟੀਆਂ ਦੀ ਟ੍ਰੇਨਿੰਗ ਬੀਆਰਸੀ ਰਣਜੀਤ ਸਿੰਘ ਦੁਆਰਾ ਬਲਾਕ ਨੋਡਲ ਅਫਸਰ ਅਤੇ ਹੈੱਡਮਾਸਟਰ ਵਿਜੈ ਕੁਮਾਰ ਦੀ ਹਾਜ਼ਰੀ ਵਿੱਚ ਹੋਈ।ਇਸ ਵਿਚ ਕਾਹਲਵਾਂ, ਢੱਪਈ, ਬਸਰਾਏ, ਨਹਿਰ ਪੁਲ ਭਾਮੜੀ ਅਤੇ ਨੱਤ ਮੋਕਲ ਪਿੰਡਾਂ ਦੇ 7 ਸਕੂਲਾਂ ਦੀਆਂ ਐੱਸਐੱਮਐੱਸ ਕਮੇਟੀਆਂ ਦੇ ਅਹੁਦੇਦਾਰ ਅਤੇ ਮੈਂਬਰਾਂ ਦੀ ਟ੍ਰੇਨਿੰਗ ਹੋਈ।ਇਹ ਟ੍ਰੇਨਿੰਗ ਬੀਆਰਸੀ ਰਣਜੀਤ ਸਿੰਘ ਵੱਲੋਂ ਬੜੇ ਵਧੀਆ ਤਰੀਕੇ ਦੇ ਨਾਲ ਕਰਵਾਈ ਗਈ।ਇਸ ਮੀਟਿੰਗ ਵਿੱਚ ਸੇਵਾ ਮੁਕਤ ਜ਼ਿਲ੍ਹਾ ਰਿਸੋਰਸਪਰਸਨ ਦਿਲਬਾਗ ਸਿੰਘ ਬਸਰਾਵਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਇਸ ਟਰੇਨਿੰਗ ਨੂੰ ਲਾਹੇਵੰਦ ਦੱਸਿਆ।ਉਨ੍ਹਾਂ ਲੋਕਾਂ ਨੂੰ ਸਰਕਾਰੀ ਸਕੂਲ ਵਿੱਚ ਆਪਣੇ ਬੱਚਿਆਂ ਦੀਆਂ ਪੀਟੀਏ ਮੀਟੰਗਾਂ ਵਿੱਚ ਸ਼ਮੂਲੀਅਤ ਕਰਨ ਲਈ ਸੁਚੇਤ ਕੀਤਾ।ਉਨ੍ਹਾਂ ਕਿਹਾ ਕਿ ਐੱਸਐੱਮਸੀ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਬੱਚਿਆਂ ਦੇ ਮਾਪਿਆਂ ਵੱਲੋਂ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਸਕੂਲਾਂ ਦੁਆਰਾ ਬੁਲਾਈਆਂ ਗਈਆਂ ਮੀਟੰਗਾਂ ਵਿੱਚ ਹਾਜ਼ਰ ਹੋਣਾ ਚਾਹੀਦਾ ਹੈ ਤਾਂ ਜੋ ਸਕੂਲ ਅਧਿਆਪਕਾਂ ਅਤੇ ਬੱਚਿਆਂ ਦੇ ਮਾਪਿਆਂ ਵਿੱਚ ਤਾਲਮੇਲ ਬਣਿਆ ਰਹੇ ਅਤੇ ਸਕੂਲ ਦੇ ਵਿਕਾਸ ਲਈ ਕਮੇਟੀਆਂ ਯੋਗਦਾਨ ਪਾ ਸਕਣ।ਅਖੀਰ ਵਿੱਚ ਬਲਾਕ ਨੋਡਲ ਅਫਸਰ ਅਤੇ ਹੈੱਡਮਾਸਟਰ ਸਰਕਾਰੀ ਹਾਈ ਸਕੂਲ ਬਸਰਾਏ ਵਿਜੈ ਕੁਮਾਰ ਨੇ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੇ ਗਿਣਤੀ ਵਧਾਉਣ ਦੀ ਲੋੜ ਤੇ ਜ਼ੋਰ ਦਿੱਤਾ ਅਤੇ ਸਕੂਲ ਵਿੱਚ ਪਹੁੰਚੇ ਵੱਖ-ਵੱਖ ਸਕੂਲਾਂ ਦੇ ਅਧਿਆਪਕ ਅਤੇ ਕਮੇਟੀ ਦੇ ਨੁਮਾਇੰਦਿਆਂ ਦਾ ਧੰਨਵਾਦ ਵੀ ਕੀਤਾ। ਇਸ ਸਮੇਂ ਸਰਪੰਚ ਸਤਨਾਮ ਸਿੰਘ, ਮੈਂਬਰ ਬਲਵਿੰਦਰ ਸਿੰਘ, ਹੈੱਡਮਾਸਟਰ ਜਸਪਾਲ ਸਿੰਘ, ਰਕੇਸ਼ ਕੁਮਾਰ ਕਾਲੀਆ ਸਿੱਖਿਆ ਕੋਆਡੀਨੇਟਰ, ਮੁਕੇਸ਼ ਕੁਮਾਰ ਹਿੰਦੀ ਅਧਿਆਪਕ, ਸਿਕੰਦਰ ਸਿੰਘ ਪੰਜਾਬੀ ਅਧਿਆਪਕ ਅਤੇ ਅਰਵਿੰਦਰਪਾਲ ਸਿੰਘ ਭਾਟੀਆ ਸਮੇਤ ਵੱਖ-ਵੱਖ ਸਕੂਲਾਂ ਦੇ ਅਧਿਆਪਕ ਵੀ ਮੌਜੂਦ ਸਨ।




# ਭਾਈ ਰਾਮ ਸਿੰਘ ਦੇ ਅਕਾਲ ਚਲਾਣੇ 'ਤੇ ਬਾਬਾ ਬਲਬੀਰ ਸਿੰਘ ਵੱਲੋਂ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਚੱਕ੍ਰਵਰਤੀ ਦੇ 14ਵੇਂ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਭਾਈ ਰਾਮ ਸਿੰਘ ਦੀ ਹੋਈ ਮੌਤ 'ਤੇ ਗਹਿਰਾ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਕਿਹਾ ਕਿ ਸਿੱਖੀ ਜਜ਼ਬੇ ਨਾਲ ਲਬਰੇਜ਼, ਉੱਘੇ ਵਿਦਵਾਨ, ਰੱਬੀ ਰੂਹ ਭਾਈ ਰਾਮ ਸਿੰਘ ਕੁੱਝ ਦਿਨ ਸਰੀਰਕ ਤੌਰ ਤੇ ਬੀਮਾਰ ਰਹਿਣ ਕਾਰਨ ਅਕਾਲ ਚਲਾਣਾ ਕਰ ਗਏ ਹਨ ਜਿਸ ਕਰਕੇ ਸਿੱਖ ਸਮਾਜ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ ਪਰ ਅਕਾਲ ਪੁਰਖ ਦੇ ਭਾਣੇ ਨੂੰ ਕੋਈ ਟਾਲ ਨਹੀਂ ਸਕਦਾ।ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਭਾਈ ਰਾਮ ਸਿੰਘ ਦੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਹ ਨਿਮਰ ਅਤੇ ਨੇਕ ਦਿਲ ਇਨਸਾਨ ਸਨ। ਉਨ੍ਹਾਂ ਨੇ ਹਮੇਸ਼ਾ ਪੰਥਕ ਸਰੋਕਾਰਾਂ ਨੂੰ ਪਹਿਲ ਦਿੱਤੀ।ਭਾਈ ਰਾਮ ਸਿੰਘ ਨੇ ਲੰਮਾ ਸਮਾਂ ਸ਼੍ਰੋਮਣੀ ਕਮੇਟੀ ਮੈਂਬਰ ਵਜੋਂ ਸੇਵਾ ਕੀਤੀ ਅਤੇ ਧਰਮ ਤੇ ਪ੍ਰਚਾਰ ਲਈ ਵੱਡੇ ਯੋਗਦਾਨ ਪਾਏ।ਅਕਾਲ ਪੁਰਖ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਿਸ਼ ਕਰਨ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।

ਨਵਾਂ ਜ਼ਮਾਨਾ
ਮੰਗਲਵਾਰ, 14 ਅਕਤੂਬਰ 2025

# ਵੱਡੇ ਭਰਾ ਦਾ ਰੁਤਬਾ ਖਤਮ

ਬਿਹਾਰ ਅਸੈਂਬਲੀ ਚੋਣਾਂ ਲਈ ਐੱਨ ਡੀ ਏ ਦੀਆਂ ਭਾਈਵਾਲ ਪਾਰਟੀਆਂ ਵਿਚਾਲੇ ਐਤਵਾਰ ਹੋਈ ਸੀਟਾਂ ਦੀ ਵੰਡ ਦੇ ਨਾਲ ਹੀ ਮੁੱਖ ਮੰਤਰੀ ਤੇ ਜਨਤਾ ਦਲ (ਯੂ) ਦੇ ਸੁਪਰੀਮੋ ਨਿਤੀਸ਼ ਕੁਮਾਰ ਦਾ ਵੱਡੇ ਭਰਾ ਵਾਲਾ ਰੁਤਬਾ ਖਤਮ ਹੋ ਗਿਆ। ਹਾਲਾਂਕਿ ਨਿਤੀਸ਼ ਕੁਮਾਰ ਇਸ ਸਮੇਂ ਸਭ ਤੋਂ ਔਖੇ ਦੌਰ ਵਿੱਚੋਂ ਲੰਘ ਰਹੇ ਹਨ, ਪਰ ਉਨ੍ਹਾ ਦੀ ਪਾਰਟੀ ਦੀ ਜ਼ਿਦ ਸੀ ਕਿ ਸੀਟਾਂ ਦੀ ਵੰਡ ਵੇਲੇ ਉਸ ਦਾ ਸਭ ਤੋਂ ਵੱਡੀ ਪਾਰਟੀ ਦਾ ਰੁਤਬਾ ਬਰਕਰਾਰ ਰੱਖਿਆ ਜਾਵੇ। ਚਰਚਾ ਵੀ ਸੀ ਕਿ ਜੇ ਭਾਜਪਾ 101 ਸੀਟਾਂ ਲੜੇਗੀ ਤਾਂ ਜਨਤਾ ਦਲ (ਯੂ) ਨੂੰ ਇੱਕ ਵਧਾ ਕੇ 102 ਸੀਟਾਂ ਦਿੱਤੀਆਂ ਜਾਣਗੀਆਂ। ਤੈਅ ਇਹ ਹੋਇਆ ਹੈ ਕਿ 243 ਮੈਂਬਰੀ ਅਸੈਂਬਲੀ ਲਈ ਭਾਜਪਾ ਤੇ ਜਨਤਾ ਦਲ (ਯੂ) 101-101 ਸੀਟਾਂ ਲੜਨਗੀਆਂ। ਇਸ ਤਰ੍ਹਾਂ ਭਾਜਪਾ ਨੇ ਬਰਾਬਰੀ ਦਾ ਦਰਜਾ ਹਾਸਲ ਕਰ ਲਿਆ ਹੈ। ਇਹ ਉਹੀ ਨਿਤੀਸ਼ ਕੁਮਾਰ ਹਨ, ਜਿਹੜੇ 2020 ਦੀਆਂ ਅਸੈਂਬਲੀ ਚੋਣਾਂ ਵਿੱਚ ਅੜ ਗਏ ਸਨ ਕਿ ਉਨ੍ਹਾ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਇਆ ਜਾਵੇ। ਉਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮੰਨਣਾ ਪਿਆ ਸੀ, ਪਰ ਹੁਣ ਮਾਹੌਲ ਬਦਲ ਗਿਆ ਹੈ। ਸਿਆਸੀ ਵਿਸ਼ਲੇਸ਼ਕਾਂ ਮੁਤਾਬਕ ਸੀਟ ਵੰਡ ਫਾਰਮੂਲੇ ਨਾਲ ਨਿਤੀਸ਼ ਨੂੰ ਪਹਿਲਾ ਝਟਕਾ ਲੱਗਿਆ ਹੈ। 2020 ਵਿੱਚ ਉਨ੍ਹਾ ਦੀ ਪਾਰਟੀ ਨੇ 115 ਤੇ ਭਾਜਪਾ ਨੇ 110 ਸੀਟਾਂ ਲੜੀਆਂ ਸਨ। ਨਿਤੀਸ਼ ਦੇ ਕਰੀਬੀ ਮੰਨੇ ਜਾਣ ਵਾਲੇ ਜੀਤਨ ਰਾਮ ਮਾਂਝੀ ਦੀ ਪਾਰਟੀ ਹਿੰਦੁਸਤਾਨ ਆਵਾਮ ਮੋਰਚਾ ਲਈ ਵੀ ਪਿਛਲੀ ਵਾਰ ਦੀਆਂ 7 ਦੀ ਥਾਂ 6 ਸੀਟਾਂ ਛੱਡੀਆਂ ਗਈਆਂ ਹਨ। ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ (ਆਰ) ਨੂੰ 29 ਸੀਟਾਂ ਛੱਡੀਆਂ ਗਈਆਂ ਹਨ। ਪਿਛਲੀ ਵਾਰ ਚਿਰਾਗ ਨੇ ਐੱਨ ਡੀ ਏ ਵਿੱਚ ਹੋਣ ਦੇ ਬਾਵਜੂਦ 135 ਉਮੀਦਵਾਰ ਖੜ੍ਹੇ ਕਰ ਦਿੱਤੇ ਸਨ। ਹਾਲਾਂਕਿ ਉਨ੍ਹਾ ਦਾ ਇੱਕ ਉਮੀਦਵਾਰ ਹੀ ਜਿੱਤਿਆ ਸੀ, ਪਰ ਨਿਤੀਸ਼ ਕੁਮਾਰ ਦੇ ਘੱਟੋ-ਘੱਟ ਤਿੰਨ ਦਰਜਨ ਉਮੀਦਵਾਰਾਂ ਦੀਆਂ ਬੇੜੀਆਂ ਵਿੱਚ ਵੱਟੇ ਪਾ ਦਿੱਤੇ ਸਨ। ਇਸ ਵਾਰ ਐੱਨ ਡੀ ਏ ਵਿੱਚ ਸ਼ਾਮਲ ਉਪਿੰਦਰ ਕੁਸ਼ਵਾਹਾ ਦੀ ਨਵੀਂ ਪਾਰਟੀ ਰਾਸ਼ਟਰੀ ਲੋਕ ਮੋਰਚਾ ਲਈ ਵੀ ਛੇ ਸੀਟਾਂ ਛੱਡੀਆਂ ਗਈਆਂ ਹਨ। ਪਿਛਲੀ ਵਾਰ ਉਨ੍ਹਾ ਦੀ ਰਾਸ਼ਟਰੀ ਲੋਕ ਸਮਤਾ ਪਾਰਟੀ ਸੀ ਅਤੇ ਉਸ ਨੇ ਓਵੈਸੀ ਦੀ ਏ ਆਈ ਐੱਮ ਆਈ ਐੱਮ ਤੇ ਬਸਪਾ ਨਾਲ ਗੱਠਜੋੜ ਕਰਕੇ 104 ਉਮੀਦਵਾਰ ਉਤਾਰੇ ਸਨ, ਪਰ ਜਿੱਤਿਆ ਕੋਈ ਨਹੀਂ ਸੀ। ਇਸ ਵਾਰ ਚਿਰਾਗ 40 ਸੀਟਾਂ, ਮਾਂਝੀ 15 ਤੇ ਕੁਸ਼ਵਾਹਾ ਵੀ ਏਨੀਆਂ ਹੀ ਮੰਗ ਰਹੇ ਸਨ, ਪਰ ਭਾਜਪਾ ਨੇ ਉਨ੍ਹਾਂ ਨੂੰ ਉਨ੍ਹਾਂ ਦੀ 'ਔਕਾਤ' ਮੁਤਾਬਕ ਹੀ ਸੀਟਾਂ ਛੱਡੀਆਂ ਹਨ।

ਸੀਟਾਂ ਦੀ ਵੰਡ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਜਪਾ ਬਿਹਾਰ 'ਚ ਮੁੜ ਸੱਤਾ ਵਿੱਚ ਆਉਣ ਲਈ ਭਾਵੇਂ ਨਿਤੀਸ਼ ਨੂੰ ਅਜੇ ਵੀ ਮਦਦਗਾਰ ਸਮਝਦੀ ਹੈ, ਪਰ ਉਹ ਆਪਣੇ ਕਾਡਰ ਨੂੰ ਇਹ ਸੰਦੇਸ਼ ਦੇਣ ਵਿੱਚ ਵੀ ਕਾਮਯਾਬ ਹੋ ਗਈ ਹੈ ਕਿ ਉਹ ਤਕੜੇ ਹੋ ਕੇ ਚੋਣਾਂ ਲੜਨ, ਕਿਉਂਕਿ ਨਿਤੀਸ਼ ਕੁਮਾਰ ਨੇ ਬਥੇਰਾ ਰਾਜ ਕਰ ਲਿਆ ਹੈ ਤੇ ਬਿਹਾਰ ਵਿੱਚ ਮੁੜ ਐੱਨ ਡੀ ਏ ਸਰਕਾਰ ਦਾ ਮਤਲਬ ਹੋਵੇਗਾ-ਭਾਜਪਾ ਦੀ ਸਰਕਾਰ।

## ਸਰਹੱਦਾਂ ਦੀ ਅੱਗ 'ਚ ਸੜਦੀ ਸ਼ਾਂਤੀ ਦੀ ਆਸ

ਭਾਰਤ ਤੇ ਪਾਕਿਸਤਾਨ ਵਿਚਕਾਰ ਫਿਰ ਉਹੀ ਪੁਰਾਣੀ ਅੱਗ ਭੜਕ ਰਹੀ ਹੈ, ਜੋ ਸਰਹੱਦਾਂ ਨੂੰ ਨਹੀਂ, ਸਗੋਂ ਦਿਲਾਂ ਨੂੰ ਸਾੜਦੀ ਹੈ। ਇਹ ਤਣਾਅ ਹੁਣ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ, ਜਿੱਥੇ ਹਰ ਸ਼ਬਦ, ਹਰ ਧਮਕੀ ਤੇ ਹਰ ਹਰਕਤ ਜਿਵੇਂ ਜੰਗ ਦੀਆਂ ਤਾਰਾਂ ਨੂੰ ਹੋਰ ਤਣਦੀ ਜਾ ਰਹੀ ਹੈ। ਦੋਹਾਂ ਮੁਲਕਾਂ ਦੇ ਫੌਜੀ ਮੁਖੀਆਂ ਦੇ ਤਾਜ਼ਾ ਬਿਆਨਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਜੇ ਅੱਗੇ ਕੋਈ ਟਕਰਾਅ ਹੋਇਆ ਤਾਂ ਉਹ ਪਹਿਲਾਂ ਵਾਂਗ ਸੀਮਤ ਨਹੀਂ ਰਹੇਗਾ, ਸਗੋਂ ਇੱਕ ਅਜਿਹੀ ਤਬਾਹੀ ਦੀ ਸ਼ੁਰੂਆਤ ਹੋ ਸਕਦੀ ਹੈ, ਜਿਸ ਦੀ ਗੂੰਜ ਸਦੀਆਂ ਤੱਕ ਸੁਣਾਈ ਦੇਵੇ।3 ਅਕਤੂਬਰ ਨੂੰ ਭਾਰਤ ਦੇ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਇੱਕ ਅਜਿਹੀ ਚੇਤਾਵਨੀ ਦਿੱਤੀ, ਜੋ ਜਿਵੇਂ ਸਰਹੱਦ ਪਾਰ ਗੂੰਜ ਉੱਠੀ। ਅਪ੍ਰੇਸ਼ਨ ਸਿੰਧੂਰ 1.0 ਵਰਗਾ ਸਬਰ ਹੁਣ ਨਹੀਂ ਕਰਾਂਗੇ, ਉਨ੍ਹਾਂ ਦੇ ਸ਼ਬਦ ਸੀ।ਇਹ ਸਿਰਫ਼ ਬਿਆਨ ਨਹੀਂ ਸੀ, ਸਗੋਂ ਇੱਕ ਖੁੱਲ੍ਹੀ ਘੋਸ਼ਣਾ ਸੀ ਕਿ ਜੇ ਪਾਕਿਸਤਾਨ ਨੇ ਕੋਈ ਚੁਣੌਤੀ ਪੇਸ਼ ਕੀਤੀ ਤਾਂ ਭਾਰਤੀ ਫੌਜ ਨਾ ਸਿਰਫ਼ ਸਰਹੱਦ 'ਤੇ, ਸਗੋਂ ਅੰਦਰੂਨੀ ਗਹਿਰਾਈਆਂ ਤੱਕ ਜਾ ਕੇ ਜਵਾਬ ਦੇਵੇਗੀ। ਸਰਹੱਦੀ ਕਮਾਂਡਰਾਂ ਨੂੰ ਪੂਰੀ ਆਜ਼ਾਦੀ ਦੇ ਦਿੱਤੀ ਗਈ ਹੈ, ਕੋਈ ਵੀ ਗੋਲਾਬਾਰੀ ਜਾਂ ਹਮਲੇ ਦਾ ਜਵਾਬ ਤੁਰੰਤ ਤੇ ਪੂਰੀ ਤਾਕਤ ਨਾਲ ਦੇਣ ਦਾ ਹੁਕਮ। ਇਹ ਜਿਵੇਂ ਕਿਸੇ ਸ਼ੇਰ ਨੂੰ ਜੰਜ਼ੀਰਾਂ ਤੋਂ ਖੁੱਲ੍ਹਾ ਛੱਡ ਦੇਣ ਵਾਲੀ ਗੱਲ ਹੋਵੇ।ਅਗਲੇ ਦਿਨ ਭਾਰਤੀ ਵਾਯੂ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਏ ਪੀ ਸਿੰਘ ਨੇ ਇੱਕ ਹੋਰ ਤੇਜ਼ ਤੀਰ ਛੱਡਿਆ। ਉਨ੍ਹਾ ਦਾਅਵਾ ਕੀਤਾ ਕਿ ਮਈ 2025 ਦੇ ਟਕਰਾਅ ਵਿੱਚ ਭਾਰਤੀ ਜਹਾਜ਼ਾਂ ਨੇ ਪਾਕਿਸਤਾਨ ਦੇ ਪੰਜ ਲੜਾਕੂ ਜਹਾਜ਼ - ਐੱਫ-16 ਅਤੇ ਜੇ ਐੱਫ- 17 ਨੂੰ ਨਸ਼ਟ ਕਰ ਦਿੱਤਾ ਸੀ। ਸਭ ਤੋਂ ਲੰਮਾ ਨਿਸ਼ਾਨਾ, ਉਨ੍ਹਾ ਇਸ ਨੂੰ ਕਿਹਾ, ਜੋ ਪਾਕਿਸਤਾਨ ਦੇ ਅੰਦਰੂਨੀ ਇਲਾਕਿਆਂ ਤੱਕ ਮਾਰਿਆ ਗਿਆ। ਇਹ ਸ਼ਬਦ ਸਿਰਫ਼ ਜਿੱਤ ਦੀ ਗੱਲ ਨਹੀਂ ਸਨ, ਸਗੋਂ ਇੱਕ ਸੰਦੇਸ਼ ਸਨ ਕਿ ਭਾਰਤ ਹੁਣ ਰੱਖਿਆ ਦੀ ਬਜਾਏ ਹਮਲੇ ਦੀ ਰਣਨੀਤੀ ਨੂੰ ਅਪਣਾਉਣ ਲਈ ਤਿਆਰ ਹੈ, ਜਿਵੇਂ ਕੋਈ ਤੀਰਅੰਦਾਜ਼ ਨਾ ਸਿਰਫ਼ ਸੁਰੱਖਿਆ, ਸਗੋਂ ਸ਼ਿਕਾਰ ਦੀ ਤਿਆਰੀ ਕਰ ਰਿਹਾ ਹੋਵੇ।ਇਸ ਦੇ ਜਵਾਬ ਵਿੱਚ ਪਾਕਿਸਤਾਨ ਦੀ ਫੌਜ ਦੇ ਮੀਡੀਆ ਵਿਭਾਗ ਆਈ ਐਸ ਪੀ ਆਰ ਨੇ ਵੀ ਚੁੱਪ ਨਾ ਵਿਖਾਈ। ਉਨ੍ਹਾਂ ਦੇ ਬਿਆਨ ਨੇ ਸਾਫ਼ ਕਰ ਦਿੱਤਾ ਕਿ ਜੇ ਭਾਰਤ ਨਾਲ ਕੋਈ ਨਵਾਂ ਟਕਰਾਅ ਹੋਇਆ ਤਾਂ ਉਹ ਤਬਾਹੀ ਦੇ ਨਤੀਜੇ ਲਿਆਏਗਾ।ਅਸੀਂ ਪੂਰੀ ਤਾਕਤ ਨਾਲ ਜਵਾਬ ਦੇਵਾਂਗੇ। ਉਨ੍ਹਾਂ ਕਿਹਾ ਕਿ ਇਹ ਭਰਮ ਤੋੜ ਦੇਵਾਂਗੇ ਕਿ ਭਾਰਤ ਦੇ ਕੁਝ ਇਲਾਕੇ ਜੰਗ ਦੀ ਅੱਗ ਤੋਂ ਬਚ ਜਾਣਗੇ। ਇਹ ਸ਼ਬਦ ਜਿਵੇਂ ਕਿਸੇ ਤੂਫ਼ਾਨ ਦੀ ਚੀਸ ਸਨ, ਜੋ ਸਭ ਕੁਝ ਉਡਾ ਕੇ ਲੈ ਜਾਣ ਦੀ ਧਮਕੀ ਦੇ ਰਹੇ ਹਨ। ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜ਼ਾ ਆਸਿਫ ਨੇ ਵੀ ਆਪਣੇ ਸ਼ਬਦਾਂ ਨਾਲ ਅੱਗ ਵਿੱਚ ਘਿਓ ਪਾਇਆ।ਭਾਰਤੀ ਫੌਜੀ ਮੁਖੀਆਂ ਦੇ ਬਿਆਨ ਸਿਰਫ਼ ਆਪਣੀ ਗੁਆਚੀ ਇੱਜ਼ਤ ਵਾਪਸ ਪਾਉਣ ਦੀਆਂ ਖੋਖਲੀਆਂ ਕੋਸ਼ਿਸ਼ਾਂ ਹਨ, ਉਨ੍ਹਾ ਤਨਜ਼ ਕੱਸਿਆ। ਜੇ ਭਾਰਤ ਨੇ ਹਮਲਾਵਰ ਰੁਖ ਜਾਰੀ ਰੱਖਿਆ ਤਾਂ ਉਸ ਦੇ ਜਹਾਜ਼ਾਂ ਦੀ ਖੰਡਰਾਂ ਵਿੱਚ ਕਬਰ ਬਣ ਜਾਵੇਗੀ।ਇਹ ਸ਼ਬਦ ਜਿਵੇਂ ਪੁਰਾਣੀ ਦੁਸ਼ਮਣੀ ਦੇ ਜ਼ਖਮਾਂ 'ਤੇ ਲੂਣ ਛਿੜਕਣ ਵਾਲੇ ਸਨ।ਇਹ ਸਭ ਸਿਰਫ਼ ਸ਼ਬਦੀ ਜੰਗ ਨਹੀਂ ਇਹ ਉਹ ਖਤਰਨਾਕ ਮੋੜ ਹੈ, ਜਿੱਥੇ ਦੋਵੇਂ ਮੁਲਕ ਆਪਣੀਆਂ ਲਾਲ ਰੇਖਾਵਾਂ ਨੂੰ ਹੋਰ ਅੱਗੇ ਧੱਕ ਰਹੇ ਹਨ। ਭਾਰਤ ਦਾ ਸਬਰ ਛੱਡਣਾ ਤੇ ਸਰਹੱਦੀ ਕਮਾਂਡਰਾਂ ਨੂੰ ਪੂਰੀ ਆਜ਼ਾਦੀ ਦੇਣਾ ਇੱਕ ਹਮਲਾਵਰ ਰਣਨੀਤੀ ਦੀ ਨੀਂਹ ਹੈ, ਜਦਕਿ ਪਾਕਿਸਤਾਨ ਦਾ ਬਿਨਾਂ ਸਬਰ ਦੇ ਪੂਰਾ ਜਵਾਬ ਦੇਣ ਦਾ ਵਾਅਦਾ ਇਹ ਦਰਸਾਉਂਦਾ ਹੈ ਕਿ ਉਹ ਵੀ ਕਿਸੇ ਹਮਲੇ ਨੂੰ ਚੁੱਪਚਾਪ ਸਹਿਣ ਨੂੰ ਤਿਆਰ ਨਹੀਂ। ਹੁਣ ਸਭ ਦੀਆਂ ਨਜ਼ਰਾਂ ਡਿਪਲੋਮੇਸੀ 'ਤੇ ਟਿਕੀਆਂ ਹਨ।ਜੇ ਗੱਲਬਾਤ ਦਾ ਰਾਹ ਨਾ ਅਪਣਾਇਆ ਗਿਆ, ਜੇ ਭਰੋਸੇ ਦੀ ਮੁੜ ਉਸਾਰੀ ਨਾ ਹੋਈ, ਤਾਂ ਸਰਹੱਦ ਦਾ ਹਰ ਧਮਾਕਾ, ਹਰ ਡਰੋਨ, ਹਰ ਸੈਨਿਕ ਹਲਚਲ ਇੱਕ ਵੱਡੇ ਜੰਗੀ ਬੋਰਡ ਦਾ ਹਿੱਸਾ ਬਣ ਜਾਵੇਗੀ। ਸਰਹੱਦੀ ਇਲਾਕਿਆਂ ਦੇ ਲੋਕਾਂ ਲਈ ਇਹ ਕੋਈ ਸਿਆਸੀ ਜਾਂ ਫੌਜੀ ਖੇਡ ਨਹੀਂ, ਇਹ ਉਨ੍ਹਾਂ ਦੇ ਜੀਵਨ ਦਾ ਸਵਾਲ ਹੈ। ਘਰਾਂ ਦੀ ਤਬਾਹੀ, ਬੱਚਿਆਂ ਦੀ ਪੜ੍ਹਾਈ ਦਾ ਰੁਕ ਜਾਣਾ ਤੇ ਬੇਘਰ ਹੋਣ ਵਾਲੇ ਪਰਵਾਰਾਂ ਦੀਆਂ ਅੱਥਰੂ ਭਰੀਆਂ ਕਹਾਣੀਆਂ, ਇਹ ਹੀ ਇਸ ਸੰਘਰਸ਼ ਦੀ ਅਸਲੀ ਕੀਮਤ ਹੈ। ਇਹ ਕੀਮਤ ਹਥਿਆਰਾਂ ਨਾਲ ਨਹੀਂ, ਸਗੋਂ ਦਿਲਾਂ ਦੀ ਚੀਸ ਨਾਲ ਨਾਪੀ ਜਾਂਦੀ ਹੈ।ਅਖੀਰ ਵਿੱਚ ਇਹ ਸਮਝਣਾ ਜ਼ਰੂਰੀ ਹੈ ਕਿ ਬੇਅੰਤ ਧਮਕੀਆਂ ਤੇ ਹਥਿਆਰਾਂ ਦੀ ਦੌੜ ਨਾਲ ਸਿਰਫ਼ ਤਬਾਹੀ ਹੀ ਹੱਥ ਲੱਗੇਗੀ।ਸ਼ਾਂਤੀ ਦਾ ਰਾਹ ਮੁਸ਼ਕਲ ਹੈ, ਪਰ ਇਹੀ ਇਕੱਲਾ ਵਿਕਲਪ ਹੈ, ਜੋ ਜੀਵਨ ਨੂੰ ਬਚਾ ਸਕਦਾ ਹੈ। ਜੇ ਦੋਵੇਂ ਮੁਲਕਾਂ ਨੇ ਜ਼ਿੰਮੇਵਾਰੀ ਨਾਲ ਗੱਲਬਾਤ ਨਾ ਕੀਤੀ, ਜੇ ਭਰੋਸੇ ਦੀ ਨੀਂਹ ਮੁੜ ਨਾ ਬਣਾਈ, ਤਾਂ ਦੱਖਣੀ ਏਸ਼ੀਆ ਇੱਕ ਅਜਿਹੇ ਖਤਰਨਾਕ ਮੋੜ 'ਤੇ ਖੜ੍ਹਾ ਰਹੇਗਾ, ਜਿੱਥੇ ਨਾ ਸਿਰਫ਼ ਦੇਸ਼ਾਂ ਦੀਆਂ ਸਰਹੱਦਾਂ, ਸਗੋਂ ਸੁਪਨਿਆਂ ਦੀਆਂ ਸੀਮਾਵਾਂ ਵੀ ਟੁੱਟ ਜਾਣਗੀਆਂ।

**ਮਨਮੀਤ ਕੱਕੜ**

# ਸੰਪਰਕ : 91 7986-307793

# ਆਰ ਐੱਸ ਐੱਸ ਦੇ ਅਤੀਤ ਅਤੇ ਵਰਤਮਾਨ 'ਤੇ ਪਰਦਾ ਕਿਉਂ ਨਹੀਂ ਪਾਇਆ ਜਾ ਸਕਦਾ ?

**ਡੀ ਰਾਜਾ** ਜਨਰਲ ਸਕੱਤਰ ਸੀ ਪੀ ਆਈ

ਅਨੁ. : ਐੱਮ ਐੱਸ ਭਾਟੀਆ

ਭਾਰਤੀ ਕਮਿਊਨਿਸਟ ਪਾਰਟੀ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ) ਦੀ ਸਥਾਪਨਾ 1925 ਵਿੱਚ ਹੋਈ ਸੀ - ਇੱਕ ਦੀ ਕਾਨਪੁਰ ਵਿੱਚ, ਦੂਜੇ ਦੀ ਨਾਗਪੁਰ ਵਿੱਚ, ਪਰ ਉਦੇਸ਼, ਦਰਸ਼ਨ ਅਤੇ ਇਤਿਹਾਸਕ ਭੂਮਿਕਾਵਾਂ ਇੱਕ-ਦੂਜੇ ਤੋਂ ਬਿਲਕੁਲ ਵੱਖਰੀਆਂ ਸਨ। ਸੀ.ਪੀ.ਆਈ. ਬਸਤੀਵਾਦ ਵਿਰੋਧੀ ਸੰਘਰਸ਼ ਵਿੱਚੋਂ ਪੈਦਾ ਹੋਈ ਹੈ - ਇਹ ਭਾਰਤ ਦੇ ਮਜ਼ਦੂਰ ਜਮਾਤ ਅਤੇ ਕਿਸਾਨ ਵਰਗ ਨੂੰ ਧਰਮ, ਜਾਤ ਅਤੇ ਖੇਤਰ ਤੋਂ ਸਾਮਰਾਜਵਾਦ ਅਤੇ ਜ਼ੁਲਮ ਵਿਰੁੱਧ ਜਾਗ੍ਰਿਤ ਕਰਨ ਦੀ ਪ੍ਰਤੀਨਿਧਤਾ ਕਰਦੀ ਸੀ। ਇਹ ਆਜ਼ਾਦੀ ਅੰਦੋਲਨ ਦਾ ਇੱਕ ਸਰਗਰਮ ਹਿੱਸਾ ਸੀ, ਜੋ ਸਿਰਫ਼ ਰਾਜਨੀਤਿਕ ਆਜ਼ਾਦੀ ਦੀ ਹੀ ਨਹੀਂ, ਸਗੋਂ ਸਮਾਜਿਕ ਅਤੇ ਆਰਥਿਕ ਤਬਦੀਲੀ ਦੀ ਮੰਗ ਕਰਦੀ ਸੀ। ਇਸ ਦੇ ਉਲਟ, ਆਰ.ਐੱਸ.ਐੱਸ. ਆਜ਼ਾਦੀ ਸੰਘਰਸ਼ ਤੋਂ ਦੂਰ ਰਹੀ। ਸੰਗਠਨ ਦੇ ਸੰਸਥਾਪਕ ਕੇ.ਬੀ. ਹੇਡਗੇਵਾਰ ਅਤੇ ਬਾਅਦ ਵਿੱਚ ਇਸਦੇ ਵਿਚਾਰਧਾਰਕ ਐੱਮ.ਐੱਸ. ਗੋਲਵਲਕਰ ਨੇ ਆਜ਼ਾਦੀ ਅੰਦੋਲਨ ਨੂੰ 'ਰਾਜਨੀਤਿਕ' ਦੱਸ ਕੇ ਖਾਰਜ ਕਰ ਦਿੱਤਾ ਸੀ। ਇਸ ਦੀ ਬਜਾਏ, ਇਸ ਨੇ ਧਾਰਮਿਕ ਕੱਟੜਵਾਦ ਅਤੇ ਸਖ਼ਤ ਸਮਾਜਿਕ ਜਾਤ-ਪਾਤ ਅਧਾਰਤ ਰਾਸ਼ਟਰ ਬਣਾਉਣ 'ਤੇ ਧਿਆਨ ਕੇਂਦਰਿਤ ਕੀਤਾ, ਜਦੋਂ ਕਿ ਕਮਿਊਨਿਸਟ ਲੋਕਾਂ ਨੂੰ ਆਜ਼ਾਦੀ ਲਈ ਲਾਮਬੰਦ ਕਰ ਰਹੇ ਸਨ ਅਤੇ ਬਹੁਤ ਸਾਰੇ ਲੋਕਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਗਿਆ ਅਤੇ ਸ਼ਹੀਦ ਕੀਤਾ ਗਿਆ ਸੀ, ਉਦੋਂ ਹੀ ਆਰ.ਐੱਸ.ਐੱਸ. ਜਾਤੀਗਤ ਭੇਦਭਾਵ ਨੂੰ ਮਜ਼ਬੂਤ ??ਕਰਨ ਅਤੇ ਬਸਤੀਵਾਦੀ ਪ੍ਰਸ਼ਾਸਨ ਪ੍ਰਤੀ ਵਫ਼ਾਦਾਰੀ ਦਾ ਵਾਅਦਾ ਪੂਰਾ ਕਰਨ ਲਈ ਗੁਪਤ ਅਭਿਆਸ ਕਰਨ ਵਿੱਚ ਰੁੱਝਿਆ ਹੋਇਆ ਸੀ।

ਸੀ.ਪੀ.ਆਈ ਦੇ ਕਾਰਕੁੰਨ ਹਰ ਵੱਡੇ ਕੌਮੀ ਉਭਾਰ ਦਾ ਹਿੱਸਾ ਸਨ -ਜਿਵੇਂ ਕਿ 1930 ਦੇ ਦਹਾਕੇ ਦੀਆਂ ਮਜ਼ਦੂਰਾਂ ਦੀਆਂ ਹੜਤਾਲਾਂ ਤੋਂ ਲੈ ਕੇ ਤੇਲੰਗਾਨਾ ਅਤੇ ਤੇਭਾਗਾ ਸੰਘਰਸ਼ਾਂ ਤੱਕ ਅਤੇ ਪੁੰਨਪਰਾ- ਵਯਾਲਰ ਵਿਦਰੋਹ ਤੋਂ ਲੈ ਕੇ 1940 ਦੇ ਦਹਾਕੇ ਦੇ ਵਿਦਿਆਰਥੀ ਅੰਦੋਲਨਾਂ ਤੱਕ। ਇਸ ਦਾ ਦ੍ਰਿਸ਼ਟੀਕੋਣ ਸਿਰਫ਼ ਸੱਤਾ ਦੇ ਤਬਾਦਲੇ ਤੱਕ ਸੀਮਤ ਨਹੀਂ ਸੀ, ਸਗੋਂ ਇਹ ਇਸ ਤੋਂ ਅੱਗੇ ਦਾ ਸੋਚਦੇ ਸਨ; ਇਹ ਸ਼ੋਸ਼ਣ ਅਤੇ ਅਸਮਾਨਤਾ ਦੇ ਅੰਤ ਲਈ ਲੜੇ। ਦੂਜੇ ਪਾਸੇ, ਆਰ.ਐੱਸ.ਐੱਸ ਭਾਰਤ ਦੀ ਮੁਕਤੀ ਦੇ ਹਰ ਸੰਘਰਸ਼ ਤੋਂ ਗੈਰ ਹਾਜ਼ਰ ਰਿਹਾ ਅਤੇ ਇਹ ਵਿਭਿੰਨਤਾ ਵਾਲੇ ਲੋਕਤੰਤਰੀ ਭਾਰਤ ਦੇ ਵਿਚਾਰ ਤੋਂ ਨਫ਼ਰਤ ਕਰਦਾ ਸੀ। ਸੰਘ ਭਾਰਤ ਦੀ ਵਿਭਿੰਨਤਾ ਨੂੰ ਇੱਕ ਤਾਕਤ ਵਜੋਂ ਨਹੀਂ, ਸਗੋਂ ਇੱਕ ਕਮਜ਼ੋਰੀ ਵਜੋਂ ਦੇਖਦਾ ਸੀ। ਧਾਰਮਿਕ ਪਛਾਣ ਪ੍ਰਤੀ ਇਸ ਦਾ ਜਨੂੰਨ 'ਵੰਡੋ ਅਤੇ ਰਾਜ ਕਰੋ' ਦੀ ਬਸਤੀਵਾਦੀ ਰਣਨੀਤੀ ਦੇ ਅਨੁਕੂਲ ਸੀ ਅਤੇ ਸਮਾਜਿਕ ਤਬਦੀਲੀ ਦਾ ਇਸਦਾ ਡਰ ਆਧੁਨਿਕਤਾ, ਸਮਾਨਤਾ ਅਤੇ ਸਮਾਜਿਕ ਨਿਆਂ ਤੋਂ ਖ਼ਤਰੇ ਵਿੱਚ ਪਈਆਂ ਉੱਚ ਜਾਤੀਆਂ ਦੀਆਂ ਚਿੰਤਾਵਾਂ ਨੂੰ ਦਰਸਾਉਂਦਾ ਸੀ।

ਆਰ.ਐੱਸ.ਐੱਸ ਸ਼ਤਾਬਦੀ ਸਮਾਰੋਹਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਾਸ਼ਣ ਇਤਿਹਾਸਕ ਪੁਨਰ-ਨਿਰਮਾਣ ਦਾ ਇੱਕ ਜ਼ੋਰਦਾਰ ਹੰਭਲਾ ਸੀ। ਉਨ੍ਹਾਂ ਨੇ ਸੰਘ ਨੂੰ 'ਦੇਸ਼ ਭਗਤੀ ਅਤੇ ਸੇਵਾ' ਦਾ ਸਿਹਰਾ ਬੰਨ੍ਹਿਆ, ਇਹ ਦਾਅਵਾ ਕਰਦੇ ਹੋਏ ਕਿ ਸਵੈਮ ਸੇਵਕਾਂ ਨੇ ਵੰਡ ਦੌਰਾਨ ਸ਼ਰਨਾਰਥੀਆਂ ਦੀ ਮਦਦ ਲਈ ਅਣਥੱਕ ਮਿਹਨਤ ਕੀਤੀ।ਹਾਲਾਂਕਿ ਸੱਚਾਈ ਇਹ ਹੈ ਕਿ ਆਰ.ਐੱਸ.ਐੱਸ ਦਾ ਪ੍ਰਚਾਰ ਅਤੇ ਨਫ਼ਰਤ ਦੀ ਵਿਚਾਰਧਾਰਾ ਉਨ੍ਹਾਂ ਚੰਗਿਆੜੀਆਂ ਵਿੱਚੋਂ ਇੱਕ ਸੀ, ਜਿਨ੍ਹਾਂ ਨੇ 1947 ਦੀ ਫਿਰਕੂ ਅੱਗ ਨੂੰ ਭੜਕਾਇਆ, ਖਾਸ ਕਰਕੇ ਪੰਜਾਬ ਅਤੇ ਜੰਮੂ ਵਿੱਚ। ਉਸ ਸਮੇਂ ਦੇ ਸੰਘ ਦੇ ਸਾਹਿਤ ਅਤੇ ਭਾਸ਼ਣਾਂ ਵਿੱਚ ਮੁਸਲਮਾਨਾਂ ਨੂੰ ਗੱਦਾਰ ਦੱਸਿਆ ਗਿਆ ਸੀ, ਜਿਸ ਨਾਲ ਸ਼ੱਕ ਅਤੇ ਬਦਲੇ ਦਾ ਮਾਹੌਲ ਪੈਦਾ ਹੋਇਆ ਸੀ। ਇਸ ਨੂੰ ਮਾਨਵਤਾਵਾਦੀ ਸੇਵਾ ਵਜੋਂ ਪੇਸ਼ ਕਰਨਾ ਉਪ-ਮਹਾਂਦੀਪ ਦੇ ਸਭ ਤੋਂ ਵੱਡੇ ਦੁਖਾਂਤਾਂ ਵਿੱਚੋਂ ਇੱਕ ਹੈ। ਇਸ ਤਰ੍ਹਾਂ ਕਰਕੇ ਇਸ ਦੀ ਫਿਰਕੂ ਲਾਮਬੰਦੀ ਦੀ ਭੂਮਿਕਾ ਨੂੰ ਲੁਕੋ ਕੇ ਬਰੀ ਕੀਤਾ ਜਾ ਰਿਹਾ ਹੈ। ਮੋਦੀ ਨੇ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਇੱਕ ਹੋਰ ਝੂਠ ਵੀ ਦੁਹਰਾਇਆ: ਕਿ ਆਰ.ਐੱਸ.ਐੱਸ ਨੂੰ ਜਵਾਹਰ ਲਾਲ ਨਹਿਰੂ ਨੇ ਚੀਨ ਯੁੱਧ ਦੌਰਾਨ ਉਨ੍ਹਾਂ ਦੀਆਂ ਸੇਵਾਵਾਂ ਦੇ ਸਨਮਾਨ ਵਿੱਚ 1963 ਦੀ ਗਣਤੰਤਰ ਦਿਵਸ ਪਰੇਡ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਸੀ। ਸੱਚ ਤਾਂ ਇਹ ਹੈ ਕਿ 1963 ਦੀ ਪਰੇਡ ਵਿੱਚ ਸੰਸਦ ਮੈਂਬਰ, ਸਕੂਲੀ ਬੱਚੇ, ਸਾਰੇ ਸਵੈ-ਸੇਵਕ ਸਮੂਹ ਅਤੇ ਟਰੇਡ ਯੂਨੀਅਨਾਂ ਸ਼ਾਮਲ ਸਨ। ਇਹ ਸੰਭਵ ਹੈ ਕਿ ਆਰ.ਐੱਸ.ਐੱਸ ਦਾ ਕੇਡਰ ਭਾਰਤੀ ਮਜ਼ਦੂਰ ਸੰਘ ਦੇ ਹਿੱਸੇ ਵਜੋਂ ਪਰੇਡ ਵਿੱਚ ਸ਼ਾਮਲ ਹੋਏ ਹੋਣ, ਜੋ ਕਿ ਆਰ.ਐਸ.ਐਸ ਨਾਲ ਸੰਬੰਧਤ ਸੰਗਠਨ ਹੈ; ਹਾਲਾਂਕਿ ਸੰਘ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ।

ਆਰ.ਐੱਸ.ਐੱਸ ਮੁੱਖੀ ਮੋਹਨ ਭਾਗਵਤ ਨੇ ਸ਼ਤਾਬਦੀ ਭਾਸ਼ਣ ਵਿੱਚ ਸੱਚ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ ਅਤੇ ਉਹੀ ਤਰੀਕਾ ਅਪਣਾਇਆ। ਉਨ੍ਹਾਂ ਨੇ 'ਸਵਦੇਸ਼ੀ', 'ਸਵੈ-ਨਿਰਭਰਤਾ' ਅਤੇ 'ਏਕਤਾ' ਦੀ ਗੱਲ ਕੀਤੀ, ਪਰ ਏਕਤਾ ਦਾ ਉਨ੍ਹਾਂ ਦਾ ਦ੍ਰਿਸ਼ਟੀਕੋਣ ਬਾਕੀਆਂ ਨੂੰ ਬਾਹਰ ਰੱਖ ਕੇ ਸਿਰਫ ਹਿੰਦੂ ਏਕਤਾ ਨੂੰ ਸੀਮਤ ਰੱਖ ਕੇ ਬਣਾਇਆ ਗਿਆ ਹੈ। ਇਹ ਉਹੀ ਭਾਗਵਤ ਹੈ, ਜਿਸ ਨੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪੱਛੜੇ ਵਰਗਾਂ ਲਈ ਰਾਖਵੇਂਕਰਨ 'ਤੇ ਦੁਬਾਰਾ ਵਿਚਾਰ ਕਰਨ ਦੀ ਮੰਗ ਕੀਤੀ ਸੀ। ਰਾਸ਼ਟਰੀ ਏਕਤਾ ਦੀਆਂ ਆਪਣੀਆਂ ਸਾਰੀਆਂ ਗੱਲਾਂ ਦੇ ਬਾਵਜੂਦ, ਆਰ. ਐੱਸ.ਐੱਸ ਜਾਤ, ਮਰਦਾਂ ਅਤੇ ਔਰਤਾਂ ਵਿਚਕਾਰ, ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਅਤੇ ਸ਼ਕਤੀਹੀਣ ਵਿਚਕਾਰ ਦਰਜਾਬੰਦੀ ਦਾ ਇੱਕ ਪੱਕਾ ਅਲੰਬਰਦਾਰ ਬਣਿਆ ਹੋਇਆ ਹੈ, ਜਦੋਂ ਕਿ ਇਸਦਾ ਮਹਿਲਾ ਵਿੰਗ- ਰਾਸ਼ਟਰ ਸੇਵਿਕਾ ਸਮਿਤੀ, ਪੁਰਸ਼-ਅਗਵਾਈ ਵਾਲੇ ਸੰਗਠਨ ਦੇ ਪਿਤਾ-ਪੁਰਖੀ ਅਧਿਕਾਰ ਅਧੀਨ ਕੰਮ ਕਰਦਾ ਹੈ। ਸੰਘ ਲਈ, 'ਏਕਤਾ' ਦਾ ਅਰਥ ਹੈ ਕਿ ਹਰ ਕੋਈ ਜੋ ਉੱਚ-ਜਾਤੀ ਦੇ ਹਿੰਦੂ ਪਿੱਤਰ ਸੱਤਾ ਦੀ ਸਰਵੋਤਮਤਾ ਨੂੰ ਸਵੀਕਾਰ ਕਰੇ।

ਭਾਗਵਤ ਦਾ ਇਹ ਦਾਅਵਾ ਕਿ ਆਰ. ਐੱਸ.ਐੱਸ ਨੇ ਸਦਭਾਵਨਾ ਅਤੇ ਸੇਵਾ ਲਈ ਕੰਮ ਕੀਤਾ ਹੈ, ਆਪਣੇ ਹੀ ਕੀਤੇ ਕੁਕਰਮਾਂ ਨਾਲ ਢਹਿ-ਢੇਰੀ ਹੋ ਜਾਂਦਾ ਹੈ। ਗੋਲਵਲਕਰ ਦੀ 'ਬੰਚ ਆਫ਼ ਥੌਟਸ', ਜੋ ਕਿ ਸੰਘ ਦੇ ਬੁਨਿਆਦੀ ਗ੍ਰੰਥਾਂ ਵਿੱਚੋਂ ਇੱਕ ਹੈ, ਨੇ ਰਾਸ਼ਟਰ ਦੇ ਤਿੰਨ ਅੰਦਰੂਨੀ ਦੁਸ਼ਮਣ - ਮੁਸਲਮਾਨ, ਈਸਾਈ ਅਤੇ ਕਮਿਊਨਿਸਟਾਂ ਦੀ ਪਛਾਣ ਕੀਤੀ ਸੀ। ਸੰਘ ਕਦੇ ਵੀ ਇਸ ਵਿਚਾਰ ਤੋਂ ਪਿੱਛੇ ਨਹੀਂ ਹਟਿਆ - ਇਹ ਆਪਣੇ ਅਧਾਰ ਨੂੰ ਮਜ਼ਬੂਤ ਕਰਨ ਲਈ 'ਅੰਦਰੋਂ ਦੁਸ਼ਮਣ' ਲੱਭਦਾ ਰਹਿੰਦਾ ਹੈ।ਭਾਗਵਤ ਦਾ ਸਵਦੇਸ਼ੀ ਅਤੇ ਰਾਸ਼ਟਰਵਾਦ ਦਾ ਸੱਦਾ ਉਦੋਂ ਖੋਖਲਾ ਜਾਪਦਾ ਹੈ ਜਦੋਂ ਇਸ ਦੀ ਅਗਵਾਈ ਵਾਲੀ ਸਰਕਾਰ ਦੀਆਂ ਆਰਥਿਕ ਨੀਤੀਆਂ ਨੇ ਰਾਸ਼ਟਰੀ ਸੰਪਤੀਆਂ ਨੂੰ ਕਾਰਪੋਰੇਟ ਅਜਾਰੇਦਾਰੀ ਨੂੰ ਸੌਂਪ ਦਿੱਤਾ ਹੈ ਅਤੇ ਛੋਟੇ ਉਦਯੋਗਾਂ ਅਤੇ ਖੇਤੀਬਾੜੀ ਨੂੰ ਤਬਾਹ ਕੀਤਾ ਹੈ। ਸੰਘ ਦਾ 'ਸਵੈ-ਨਿਰਭਰਤਾ' ਦਾ ਵਿਚਾਰ ਕ੍ਰੋਨੀ ਪੂੰਜੀਵਾਦ ਦੀ ਅਧੀਨਗੀ ਵੱਲ ਲੈ ਕੇ ਜਾਂਦਾ ਹੈ; ਇਸ ਦਾ 'ਸੱਭਿਆਚਾਰਕ ਰਾਸ਼ਟਰਵਾਦ' ਫਿਰਕੂ ਧਰੁਵੀਕਰਨ ਵਿੱਚ ਤਬਦੀਲ ਹੋ ਜਾਂਦਾ ਹੈ।

ਇੱਕ ਸਦੀ ਤੋਂ ਆਰ.ਐੱਸ.ਐੱਸ ਹਿੰਮਤ ਨਾਲ ਨਹੀਂ, ਸਗੋਂ ਸਮਝੌਤਿਆਂ ਨਾਲ ਬਚਿਆ ਹੈ। ਆਜ਼ਾਦੀ ਅੰਦੋਲਨ ਦੌਰਾਨ ਇਹ ਅੰਗਰੇਜ਼ਾਂ ਨਾਲ ਟਕਰਾਅ ਤੋਂ ਬਚਿਆ। ਗਾਂਧੀ ਦੀ ਹੱਤਿਆ ਤੋਂ ਬਾਅਦ, ਇਸ ਨੇ ਕਾਂਗਰਸ ਦੇ ਕੁਝ ਹਿੱਸਿਆਂ ਨਾਲ ਗੱਲਬਾਤ ਕੀਤੀ ਤਾਂ ਜੋ ਇਸ 'ਤੇ ਲਗਾਈ ਗਈ ਪਾਬੰਦੀ ਨੂੰ ਹਟਾਇਆ ਜਾ ਸਕੇ। ਐਮਰਜੈਂਸੀ ਦੌਰਾਨ ਵੀ ਇਹੀ ਦੁਹਰਾਇਆ ਗਿਆ ਅਤੇ ਆਰ.ਐੱਸ.ਐੱਸ ਮੁਖੀ ਬਾਲਾ ਸਾਹਿਬ ਦੇਵਰਸ ਨੇ ਸਰਕਾਰ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ 'ਜੇਕਰ ਉਨ੍ਹਾਂ ਦੇ ਸੰਗਠਨ ਤੋਂ ਪਾਬੰਦੀ ਹਟਾ ਦਿੱਤੀ ਜਾਂਦੀ ਹੈ ਤਾਂ ਉਹ ਸਹਿਯੋਗ ਲਈ ਤਿਆਰ ਹਨ'।

ਇਸ ਦੇ ਉਲਟ ਕਮਿਊਨਿਸਟਾਂ ਨੇ ਮਜ਼ਦੂਰਾਂ ਦੇ ਅਧਿਕਾਰਾਂ, ਭੂਮੀ ਸੁਧਾਰਾਂ, ਸਿੱਖਿਆ ਅਤੇ ਸਿਹਤ ਸੰਭਾਲ ਲਈ ਲੜਾਈ ਲੜੀ, ਆਧੁਨਿਕ ਭਾਰਤ ਦੇ ਪ੍ਰਗਤੀਸ਼ੀਲ ਕਾਨੂੰਨ ਜਿਵੇਂ ਕਿ ਬੈਂਕਾਂ ਅਤੇ ਕੋਲੇ ਦੀਆਂ ਖਾਨਾਂ ਦਾ ਰਾਸ਼ਟਰੀਕਰਨ, ਭੂਮੀ ਸੁਧਾਰ, ਕਿਰਤ ਸੁਰੱਖਿਆ ਅਤੇ ਜਨਤਕ ਸਿਹਤ ਪਹਿਲ-ਕਦਮੀਆਂ ਨੂੰ ਸਾਕਾਰ ਕਰਨ ਵਿੱਚ ਮਦਦ ਕੀਤੀ। ਸੀ.ਪੀ.ਆਈ ਅਤੇ ਹੋਰ ਖੱਬੇ-ਪੱਖੀ ਤਾਕਤਾਂ ਗਣਰਾਜ ਦੀ ਜ਼ਮੀਰ ਰਹੀਆਂ ਹਨ, ਜੋ ਸਾਰੇ ਹਮਲਿਆਂ ਦੇ ਵਿਰੁੱਧ ਧਰਮ ਨਿਰਪੱਖਤਾ, ਲੋਕਤੰਤਰ ਅਤੇ ਸਮਾਜਿਕ ਨਿਆਂ ਦੀ ਰੱਖਿਆ ਕਰਦੀਆਂ ਹਨ। ਉਹ ਦੇਸ਼ 'ਤੇ ਥੋਪੀ ਗਈ ਹਰ ਜੰਗ ਵਿੱਚ ਮਜ਼ਬੂਤੀ ਨਾਲ ਖੜ੍ਹੇ ਰਹੇ - ਖਾਸ ਕਰਕੇ 1971 ਵਿੱਚ, ਜਦੋਂ ਭਾਰਤ ਨੇ ਬੰਗਲਾਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਮਦਦ ਕੀਤੀ। ਕਮਿਊਨਿਸਟਾਂ ਨੇ ਨਿੱਜੀ ਜਾਇਦਾਦਾਂ ਦੇ ਖਾਤਮੇ, ਫੈਡਰਲਿਜ਼ਮ ਨੂੰ ਡੂੰਘਾ ਕਰਨ ਅਤੇ ਲੋਕਤੰਤਰੀ ਅਧਿਕਾਰਾਂ ਦੇ ਵਿਸਥਾਰ ਦਾ ਸਮਰਥਨ ਕੀਤਾ। ਉਨ੍ਹਾਂ ਨੇ ਪੰਜਾਬ ਅਤੇ ਉੱਤਰ-ਪੂਰਬ ਵਿੱਚ ਵੱਖਵਾਦੀ ਤਾਕਤਾਂ ਨਾਲ ਲੋਹਾ ਲਿਆ ਅਤੇ ਖਾਲਿਸਤਾਨੀ ਅੱਤਵਾਦ ਦੌਰਾਨ 300 ਤੋਂ ਵੱਧ ਸਾਥੀਆਂ ਨੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਅਤੇ ਲਗਾਤਾਰ ਫਿਰਕੂ ਸਦਭਾਵਨਾ ਨੂੰ ਬਣਾਈ ਰੱਖਣ ਲਈ ਕੰਮ ਕੀਤਾ।

ਆਰ.ਐੱਸ.ਐੱਸ ਮਹਾਤਮਾ ਗਾਂਧੀ ਅਤੇ ਬੀ.ਆਰ. ਅੰਬੇਡਕਰ ਦੁਆਰਾ ਬਰਕਰਾਰ ਰੱਖੇ ਗਏ ਸਮਾਨਤਾ ਦੇ ਆਦਰਸ਼ਾਂ ਦਾ ਵਿਰੋਧ ਕਰਦਾ ਹੈ। ਆਰ.ਐੱਸ.ਐੱਸ ਸ਼ਤਾਬਦੀ 'ਤੇ ਮੋਦੀ ਅਤੇ ਭਾਗਵਤ ਦੇ ਭਾਸ਼ਣ ਸੇਵਾ ਦੀ ਇੱਕ ਸਦੀ ਦਾ ਪ੍ਰਤੀਬਿੰਬ ਨਹੀਂ, ਸਗੋਂ ਇਤਿਹਾਸ ਨੂੰ ਦੁਬਾਰਾ ਲਿਖਣ ਅਤੇ ਇੱਕ ਵਿਚਾਰਧਾਰਾ ਨੂੰ ਜਾਇਜ਼ ਠਹਿਰਾਉਣ ਦੀਆਂ ਕੋਸ਼ਿਸ਼ਾਂ ਸਨ, ਜੋ ਹਮੇਸ਼ਾ 'ਵੰਡ ਅਤੇ ਧੋਖੇ' 'ਤੇ ਵਧੀਆਂ-ਫੁੱਲੀਆਂ ਹਨ।

ਸੌ ਸਾਲ ਬਾਅਦ ਇਹ ਸਪੱਸ਼ਟ ਹੈ ਕਿ ਕਿਸ ਨੇ ਸੱਚਮੁੱਚ ਦੇਸ਼ ਦੀ ਸੇਵਾ ਕੀਤੀ ਹੈ - 'ਉਹ ਨਹੀਂ, ਜਿਨ੍ਹਾਂ ਨੇ ਇਸ ਨੂੰ ਵੰਡਿਆ, ਸਗੋਂ ਉਹ ਜੋ ਇਸ ਨੂੰ ਨਿਆਂ ਦੇ ਨਾਂਅ 'ਤੇ ਇੱਕਜੁੱਟ ਰੱਖਦੇ ਹਨ।

# ਸੰਪਰਕ : 91 99884-91002

# ਤਿਆਗ, ਸਾਦਗੀ ਅਤੇ ਸਮਰਪਣ



ਮੁਕੇਸ਼ ਵਰਮਾ

ਜ਼ਿੰਦਗੀ ਵਿੱਚ ਕੁਝ ਪ੍ਰਾਪਤ ਕਰਨ ਦੀ ਦੌੜ ਵਿੱਚ ਮਨੁੱਖ ਏਨੇ ਸੁਆਰਥੀ ਹੁੰਦੇ ਜਾ ਰਹੇ ਹਨ ਕਿ ਉਹ ਜੀਵਨ ਦੇ ਅਸਲ ਉਦੇਸ਼ ਨੂੰ ਭੁੱਲ ਗਏ ਹਨ। ਹਰ ਵਿਅਕਤੀ ਦੀ ਜ਼ਮੀਰ ਜਾਣਦੀ ਹੈ ਕਿ ਉਹ ਕੀ ਗਲਤ ਕਰ ਰਹੇ ਹਨ, ਪਰ ਆਪਣੇ ਆਪ ਨੂੰ ਅਧਿਆਤਮਿਕ ਵਜੋਂ ਪੇਸ਼ ਕਰਨ ਲਈ ਉਹ ਧੋਖਾ ਕਰਦੇ ਹਨ ਅਤੇ ਆਪਣੇ ਸਵਾਰਥੀ ਉਦੇਸ਼ਾਂ ਲਈ ਦੂਜਿਆਂ ਦੀ ਮਿਹਨਤ ਅਤੇ ਲਗਨ ਨੂੰ ਕੁਰਬਾਨ ਕਰਨ ਤੋਂ ਨਹੀਂ ਝਿਜਕਦੇ। ਕਿਸੇ ਅਹੁਦੇ 'ਤੇ ਕਾਬਜ਼ ਹੋਣ ਤੋਂ ਬਾਅਦ ਉਹ ਇਸ ਨੂੰ ਛੱਡਣ ਵਿੱਚ ਓਨਾ ਹੀ ਦਰਦ ਮਹਿਸੂਸ ਕਰਦੇ ਹਨ ਜਿੰਨਾ ਇੱਕ ਔਰਤ ਬੱਚੇ ਦੇ ਜਨਮ ਦੌਰਾਨ ਮਹਿਸੂਸ ਕਰਦੀ ਹੈ। ਜੇਕਰ ਤੁਸੀਂ ਸੱਚਮੁੱਚ ਜ਼ਿੰਦਗੀ ਜੀਊਣਾ ਚਾਹੁੰਦੇ ਹੋ, ਤਾਂ ਕੁਰਬਾਨੀ ਜ਼ਰੂਰੀ ਹੈ, ਕਿਉਂਕਿ ਜੇਕਰ ਤੁਸੀਂ ਜਗ੍ਹਾ ਛੱਡ ਦਿੰਦੇ ਹੋ, ਤਾਂ ਤੁਹਾਨੂੰ ਕੁਝ ਨਵਾਂ ਮਿਲੇਗਾ।

ਦਰੱਖਤ ਵੀ ਪਤਝੜ ਵਿੱਚ ਆਪਣੇ ਪੱਤੇ ਛੱਡ ਦਿੰਦੇ ਹਨ ਤਾਂ ਜੋ ਨਵੇਂ ਪੱਤੇ ਆ ਸਕਣ, ਪਰ ਜੋ ਲੋਕ ਕਿਸੇ ਵਸਤੂ ਜਾਂ ਜੀਵ ਨਾਲ ਲਗਾਤਾਰ ਜੁੜੇ ਰਹਿੰਦੇ ਹਨ, ਉਹ ਉਸ ਔਰਤ ਵਾਂਗ ਹਨ, ਜੋ ਹਮੇਸ਼ਾ ਆਪਣੇ ਨਾਲ ਇੱਕ ਘੜਾ ਰੱਖਦੀ ਹੈ, ਭਾਵੇਂ ਇਸ ਦਾ ਕੁਝ ਹਿੱਸਾ ਟੁੱਟ ਸੀ, ਪਰ ਇੱਕ ਵਾਰ ਹੜ੍ਹ ਆਉਣ 'ਤੇ ਉਸ ਘੜੇ ਦੀ ਮਦਦ ਨਾਲ ਨਦੀ ਪਾਰ ਕਰਦੇ ਸਮੇਂ ਉਹ ਡੁੱਬ ਜਾਂਦੀ ਹੈ। ਇਸ ਲਈ ਤਿਆਗ ਹਲਕੇਪਨ ਦਾ ਅਹਿਸਾਸ ਲਿਆਉਂਦਾ ਹੈ। ਕਰਮ ਕਰਦੇ ਸਮੇਂ ਮਨੁੱਖ ਨੂੰ ਕਰਮ ਦੇ ਫਲ ਦੀ ਇੱਛਾ ਨਹੀਂ ਕਰਨੀ ਚਾਹੀਦੀ, ਕਿਉਂਕਿ ਪਰਮਾਤਮਾ ਨੇ ਹਰ ਮਨੁੱਖ ਲਈ ਕੁਝ ਨਾ ਕੁਝ ਰੱਖਿਆ ਹੈ। ਸਹਿਣਸ਼ੀਲਤਾ ਅਤੇ ਸਾਦਗੀ ਧਿਆਨ ਹਨ, ਇਸ ਲਈ ਮਨੁੱਖ ਨੂੰ ਇਨ੍ਹਾਂ ਗੁਣਾਂ ਨੂੰ ਆਪਣੇ ਸੁਭਾਅ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਜੇਕਰ ਸੰਗੀਤ ਯੰਤਰ, ਵੀਣਾ ਦੀਆਂ ਤਾਰਾਂ ਬਹੁਤ ਤੰਗ ਜਾਂ ਬਹੁਤ ਢਿੱਲੀਆਂ ਹਨ ਤਾਂ ਸੰਗੀਤ ਪੈਦਾ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਸੰਗੀਤ ਵੀਣਾ ਦੀਆਂ ਤਾਰਾਂ ਨੂੰ ਸੰਤੁਲਿਤ ਰੱਖ ਕੇ ਹੀ ਪੈਦਾ ਕੀਤਾ ਜਾ ਸਕਦਾ ਹੈ, ਉਸੇ ਤਰ੍ਹਾਂ ਆਪਣੇ ਜੀਵਨ ਨੂੰ ਸੰਤੁਲਿਤ ਰੱਖ ਕੇ ਮਨੁੱਖ ਬੇਅੰਤ ਖੁਸ਼ੀ ਅਤੇ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ।

**ਬਲੀਦਾਨ ਸਮਰਪਣ ਹੈ**

ਕੇਵਲ ਉਹੀ ਲੋਕ ਜੋ ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਦਾ ਤਿਆਗ ਕਰਦੇ ਹਨ , ਉਹੀ ਸੰਤੁਸ਼ਟੀ ਪਾ ਸਕਦੇ ਹਨ। ਇਹ ਪੰਜ ਵਿਕਾਰ, ਜੋ ਹਰ ਮਨੁੱਖ ਵਿੱਚ ਹੁੰਦੇ ਹਨ, ਉਨ੍ਹਾਂ ਨੂੰ ਅਧਿਆਤਮਿਕਤਾ ਦੇ ਮਾਰਗ 'ਤੇ ਅੱਗੇ ਵਧਣ ਤੋਂ ਰੋਕਦੇ ਹਨ। ਇਸ ਲਈ ਉਨ੍ਹਾਂ ਨੂੰ ਤਿਆਗ ਕੇ ਹੀ ਮਨੁੱਖ ਨੂੰ ਸ਼ਾਂਤ ਰਹਿ ਸਕਦਾ ਹੈ। ਜਦੋਂ ਕੋਈ ਤੁਹਾਡੀ ਪ੍ਰਸੰਸਾ ਕਰਦਾ ਹੈ, ਤਾਂ ਉਨ੍ਹਾਂ ਨਾਲ ਨਾ ਜੁੜੋ। ਜਦੋਂ ਕੋਈ ਤੁਹਾਡੇ ਬਾਰੇ ਬੁਰਾ ਬੋਲਦਾ ਹੈ, ਤਾਂ ਇਸ ਨੂੰ ਦਿਲ 'ਤੇ ਨਾ ਲਓ, ਕਿਉਂਕਿ ਧਿਆਨ ਆਪਣੀ ਇਕਾਗਰਤਾ ਬਣਾਈ ਰੱਖਣ ਵਿੱਚ ਹੈ।

**ਹਉਮੈ ਨੂੰ ਤਿਆਗ ਦਿਓ**

ਕਿਉਂਕਿ ਹੰਕਾਰ ਇੱਕ ਪਿਆਜ਼ ਵਾਂਗ ਹੈ, ਜਿਸ ਦੀ ਹਰ ਪਰਤ ਇੱਕ ਦੂਜੇ ਦੇ ਉੱਪਰ ਪਰਤ ਹੁੰਦੀ ਹੈ। ਕੁਝ ਆਪਣੀ ਦੌਲਤ, ਕੁਝ ਆਪਣੀ ਸਥਿਤੀ, ਕੁਝ ਆਪਣੇ ਗਿਆਨ ਦਾ ਮਾਣ ਕਰਦੇ ਹਨ। ਅਸੀਂ ਹੰਕਾਰ ਦੀਆਂ ਇਨ੍ਹਾਂ ਪਰਤਾਂ ਨੂੰ ਹਕੀਕਤ ਸਮਝ ਲਿਆ ਹੈ। ਸਹੀ ਅਰਥਾਂ ਵਿੱਚ ਨਿਮਰਤਾ ਹੀ ਤਾਕਤ ਦਿੰਦੀ ਹੈ। ਫਲ ਹੇਠਾਂ ਵੱਲ ਝੁਕਣ ਵਾਲੇ ਰੁੱਖਾਂ 'ਤੇ ਲੱਗਦੇ ਹਨ। ਜੇ ਉਹ ਸਖ਼ਤ ਹਨ, ਤਾਂ ਉਹ ਇੱਕ ਦਿਨ ਟੁੱਟ ਕੇ ਡਿੱਗਣਗੇ। ਹਮੇਸ਼ਾ ਅੱਗੇ ਰਹਿਣ ਲਈ ਮੁਕਾਬਲਾ ਨਹੀਂ ਕਰਨਾ ਚਾਹੀਦਾ, ਕਿਉਂਕਿ ਜੋ ਅੱਗੇ ਹੈ ਉਹ ਹਮੇਸ਼ਾ ਤਣਾਅ ਵਿੱਚ ਰਹਿੰਦਾ ਹੈ, ਜਦੋਂ ਕਿ ਜੋ ਪਿੱਛੇ ਰਹਿੰਦਾ ਹੈ ਉਹ ਨਿਮਰ ਹੁੰਦਾ ਹੈ। ਤਾਕਤ ਝੁਕਣ ਵਿੱਚ, ਨੀਵੇਂ ਰਹਿਣ ਵਿੱਚ ਹੈ, ਟਕਰਾਉਣ ਵਿੱਚ ਨਹੀਂ; ਮਹਾਨਤਾ ਨੀਵੇਂ ਰਹਿਣ ਵਿੱਚ ਹੈ।

ਲੱਖਾਂ ਚੀਜ਼ਾਂ ਨੇ ਮਨੁੱਖੀ ਹੋਂਦ ਵਿੱਚ ਯੋਗਦਾਨ ਪਾਇਆ ਹੈ। ਹਵਾ ਅਤੇ ਪਾਣੀ ਕੁਦਰਤ ਦੇ ਤੋਹਫ਼ੇ ਹਨ। ਜੇ ਉਹ ਨਾ ਹੁੰਦੇ, ਤਾਂ ਕੀ ਮਨੁੱਖੀ ਹੋਂਦ ਸੰਭਵ ਹੁੰਦੀ ? ਅਸਲੀਅਤ ਵਿੱਚ ਮਨੁੱਖੀ ਹੋਂਦ ਧੂੜ ਦੇ ਇੱਕ ਕਣ ਤੋਂ ਵੱਧ ਨਹੀਂ, ਇਸ ਲਈ ਮਾਣ ਕਰਨ ਵਾਲੀ ਕੀ ਗੱਲ ਹੈ ?

ਮਨੁੱਖ ਸਭ ਕੁਝ ਜਲਦੀ ਕਰਨਾ ਚਾਹੁੰਦੇ ਹਨ, ਪਰ ਜਲਦਬਾਜ਼ੀ ਸਭ ਤੋਂ ਵੱਡੀ ਕਮਜ਼ੋਰੀ ਹੈ, ਕਿਉਂਕਿ ਜ਼ਿੰਦਗੀ ਇੱਕ ਮੈਰਾਥਨ ਦੌੜ ਹੈ, 100 ਮੀਟਰ ਦੀ ਦੌੜ ਨਹੀਂ ਜੋ ਤੁਰੰਤ ਪੂਰੀ ਕੀਤੀ ਜਾ ਸਕਦੀ ਹੈ। ਇਸ ਲਈ, ਇਸ ਜੀਵਨ ਨੂੰ ਬਰਬਾਦ ਕੀਤੇ ਬਿਨਾਂ ਹਮੇਸ਼ਾ ਸੱਚ, ਅਹਿੰਸਾ, ਤਿਆਗ, ਸਮਰਪਣ, ਸਾਦਗੀ ਅਤੇ ਸਹਿਣਸ਼ੀਲਤਾ ਵਰਗੇ ਗੁਣਾਂ ਨੂੰ ਆਪਣੇ ਸੁਭਾਅ ਵਿੱਚ ਸ਼ਾਮਲ ਕਰਕੇ ਜੀਵਨ ਜੀਣਾ ਚਾਹੀਦਾ ਹੈ, ਇਹੀ ਸੱਚਾਈ ਹੈ।

# ਸੰਪਰਕ : 80547-47374

# ਭਾਜਪਾ ਨੂੰ ਚੰਗਾ ਲੱਗਦੈ ਹਿੰਦੂ-ਮੁਸਲਿਮ ਤੇ ਜਾਤੀਗਤ ਭੇਦਭਾਵ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਭਾਰਤੀ ਜਨਤਾ ਪਾਰਟੀ ਦਰਅਸਲ 'ਗ਼ੈਰ-ਸਿਆਸੀ' ਅਤੇ 'ਸਮਾਜ ਸੇਵੀ' ਆਖੇ ਜਾਂਦੇ ਆਰ.ਐੱਸ.ਐੱਸ.ਨਾਮਕ ਸੰਗਠਨ ਦੀ ਪੁਸ਼ਤਪਨਾਹੀ 'ਚ ਚੱਲਦੇ ਜਨਸੰਘ ਤੋਂ ਉਪਜੀ ਪਾਰਟੀ ਹੈ। ਆਰ. ਐੱਸ.ਐੱਸ. ਵੀ ਅਸਲ ਵਿਚ ਉਹ ਸੰਗਠਨ ਹੈ, ਜੋ ਨਾ ਤਾਂ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਨੂੰ ਮੰਨਦਾ ਸੀ ਤੇ ਨਾ ਹੀ ਸ. ਭਗਤ ਸਿੰਘ ਦਾ ਪ੍ਰਸ਼ੰਸਕ ਸੀ। ਇਸ ਦੇ ਆਗੂਆਂ ਨੇ ਕਦੇ ਵੀ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਕੋਈ ਸਰਗਰਮ ਭੂਮਿਕਾ ਨਹੀਂ ਨਿਭਾਈ ਸੀ ਤੇ ਨਾ ਹੀ ਇਸ ਸੰਗਠਨ ਦੇ ਕਿਸੇ ਨੇਤਾ ਨੇ ਬਰਤਾਨਵੀ ਸਰਕਾਰ ਦੀਆਂ ਨੀਤੀਆਂ ਅਤੇ ਜ਼ੁਲਮਾਂ ਦਾ ਵਿਰੋਧ ਕਰਦਿਆਂ ਹੋਇਆਂ ਕਦੇ ਫ਼ਾਂਸੀ ਜਾਂ ਉਮਰ ਕੈਦ ਕੱਟੀ ਸੀ। ਇਸ ਸੰਗਠਨ ਦੀ ਵਿਚਾਰਧਾਰਾ ਦੇ ਸਮੱਰਥਕ ਸਾਵਰਕਰ ਅਤੇ ਨੱਥੂ ਰਾਮ ਗੋਂਡਸੇ ਜਿਹੇ ਸ਼ਖ਼ਸ ਸਨ। ਜਿਨ੍ਹਾਂ ਵਿੱਚੋਂ ਸਾਵਰਕਰ ਨੇ ਤਾਂ ਬਰਤਾਨਵੀ ਸਰਕਾਰ ਤੋਂ 60 ਰੁਪਏ ਮਹੀਨਾ ਭਾਵ ਅੱਜ ਦੇ ਜ਼ਮਾਨੇ ਦੇ ਦੋ ਲੱਖ ਰੁਪਏ ਦੇ ਬਰਾਬਰ ਪੈਨਸ਼ਨ ਹਾਸਲ ਕੀਤੀ ਸੀ ਤੇ ਭਾਰਤੀ ਨੌਜਵਾਨਾਂ ਨੂੰ ਬਰਤਾਨਵੀ ਫ਼ੌਜ ਵਿਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ ਸੀਅਤੇ ਨੱਥੂ ਰਾਮ ਗੋਂਡਸੇ ਜਿਸ ਦਾ ਖ਼ੂਨ ਅੰਗਰੇਜ਼ ਹਾਕਮਾਂ ਦੀਆਂ ਜ਼ਿਅਦਤੀਆਂ ਅਤੇ ਭਾਰਤ ਵਿਚ ਵਾਪਰੇ ਵੱਖ-ਵੱਖ ਖ਼ੂਨੀ ਸਾਕਿਆਂ ਨੂੰ ਵੇਖ਼ ਕੇ ਤਾਂ ਉਬਲਿਆ ਨਹੀਂ ਸੀ, ਪਰ ਉਸ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਮਹਾਤਮਾ ਗਾਂਧੀ ਜਿਹੇ ਇਕ ਨਿਹੱਥੇ ਅਤੇ ਬਜ਼ੁਰਗ ਇਨਸਾਨ 'ਤੇ ਗੋਲੀ ਚਲਾ ਕੇ ਉਸ ਨੂੰ ਸ਼ਹੀਦ ਕਰ ਦੇਣ ਦਾ 'ਵੱਡਾ ਕਾਰਨਾਮਾ' ਜ਼ਰੂਰ ਕੀਤਾ ਸੀ। ਇਤਿਹਾਸ ਗਵਾਹ ਹੈ ਕਿ ਤਿਰੰਗੇ ਝੰਡੇ ਦਾ ਸ਼ੁਰੂ ਤੋਂ ਹੀ ਵਿਰੋਧ ਕਰਨ ਵਾਲੇ ਆਰ.ਐੱਸ.ਐੱਸ. ਨੇ ਆਜ਼ਾਦੀ ਦੇ 50 ਸਾਲ ਬਾਅਦ ਤੱਕ ਵੀ ਆਪਣੇ ਮੁੱਖ ਦਫ਼ਤਰ ਵਿਖੇ ਤਿਰੰਗਾ ਨਹੀਂ ਲਹਿਰਾਇਆ ਸੀ ਤੇ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਸਮੇਂ ਵੀ ਭਾਰਤੀ ਸੰਵਿਧਾਨ ਦੀ ਕਰੜੀ ਆਲੋਚਨਾ ਕੀਤੀ ਸੀ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੁਆਰਾ ਤਿਆਰ ਕੀਤੇ ਗਏ ਭਾਰਤੀ ਸੰਵਿਧਾਨ ਨੂੰ ਸਵੀਕਾਰ ਕਰਨ ਤੋਂ ਹੀ ਇਨਕਾਰ ਕਰ ਦਿੱਤਾ ਸੀ। ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣਾ ਇਸ ਸੰਗਠਨ ਦੇ ਮੁੱਖ ਉਦੇਸ਼ਾਂ 'ਚੋਂ ਇਕ ਹੈ।

ਉਪਰੋਕਤ ਉਲਾਰੂ ਅਤੇ ਸੰਪ੍ਰਦਾਇਕ ਵਿਚਾਰਧਾਰਾ ਨਾਲ ਜੁੜੇ ਸੰਗਠਨ ਦੇ ਸਿਆਸੀ ਚਿਹਰੇ ਵਜੋਂ ਉੱਭਰੀ ਭਾਰਤੀ ਜਨਤਾ ਪਾਰਟੀ ਨੇ 2 ਲੋਕ ਸਭਾ ਸੀਟਾਂ ਤੋਂ 200 ਲੋਕ ਸਭਾ ਸੀਟਾਂ ਜਿੱਤਣ ਦਾ ਸਫ਼ਰ 'ਰਾਮ ਮੰਦਰ-ਬਾਬਰੀ ਮਸਜਿਦ ਵਿਵਾਦ' ਦੇ ਚੱਲਦਿਆਂ ਸੰਨ 1992 ਵਿਚ 'ਕਾਰ ਸੇਵਕਾਂ' ਦੀ ਮਦਦ ਨਾਲ 'ਬਾਬਰੀ ਮਸਜਿਦ' ਨੂੰ ਨੇਸਤਨਾਬੂਦ ਕਰਕੇ ਸ਼ੁਰੂ ਕੀਤਾ ਸੀ। ਭਾਰਤ ਵਿਚ 'ਹਿੰਦੂ-ਮੁਸਲਿਮ' ਕਰਕੇ ਸਮਾਜਿਕ ਉਲਾਰ ਪੈਦਾ ਕਰਨ ਦੀ ਸਦਾ ਹੀ ਸਫ਼ਲ ਕੋਸ਼ਿਸ਼ ਕਰਨ ਵਾਲੀ ਇਸ ਪਾਰਟੀ ਦੇ ਵੱਡੇ ਕੱਦ ਦੇ ਆਗੂ ਨਰਿੰਦਰ ਮੋਦੀ ਤਾਂ ਫ਼ਿਰਕੂ ਰੰਗਤ ਨੂੰ ਉਛਾਲਦਿਆਂ ਹੋਇਆਂ ਆਖ਼ ਚੁੱਕੇ ਹਨ, "ਮੈਂ ਤਾਂ ਕੱਪੜਿਆਂ ਤੋਂ ਬੰਦਾ ਪਛਾਣ ਲੈਂਦਾ ਹਾਂ।" ਅਤੇ ਭਾਜਪਾ ਦੇ ਹੀ ਨਾਮਵਰ ਆਗੂ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਤਾਂ '80 : 20' ਦੀਆਂ ਗੱਲਾਂ ਕਰਕੇ ਸੰਪ੍ਰਦਾਇਕ ਤਣਾਅ ਪੈਦਾ ਕਰਨ ਅਤੇ ਕੇਵਲ ਇਕ ਹੀ ਫ਼ਿਰਕੇ ਦੀਆਂ ਜਾਇਦਾਦਾਂ 'ਤੇ ਬੁਲਡੋਜ਼ਰ ਚੜ੍ਹਾਉਣ ਲਈ ਜਾਣੇ ਜਾਂਦੇ ਹਨ।

'ਬਹੁਗਿਣਤੀ' ਦੇ ਪੱਖ ਵਿਚ ਭੁਗਤਣਾ ਤੇ 'ਘੱਟ ਗਿਣਤੀਆਂ' ਨੂੰ ਦਬਾਉਣਾ ਭਾਜਪਾ ਨੂੰ ਚੰਗਾ ਲੱਗਦਾ ਹੈ। ਇਕ ਧਰਮ ਵਿਸ਼ੇਸ਼ ਨਾਲ ਜੁੜੇ 'ਟ੍ਰਿਪਲ ਤਲਾਕ' ਅਤੇ 'ਹਿਜਾਬ' ਆਦਿ ਜਿਹੇ ਮੁੱਦਿਆਂ 'ਤੇ ਬੜੀ ਹੀ ਬੇਬਾਕੀ ਨਾਲ ਨਵੇਂ ਕਾਨੂੰਨ ਬਣਾਉਣ ਜਾਂ ਪੁਰਾਣੇ ਕਾਨੂੰਨਾਂ ਵਿਚ ਸੋਧ ਕਰਨ ਵਾਲੀ ਭਾਜਪਾ ਭਾਰਤ ਅੰਦਰ ਮੌਜੂਦ ਵੱਖ-ਵੱਖ ਹਿੰਦੂ ਮੰਦਰਾਂ ਵਿਚ ਮਹਿਲਾਵਾਂ ਦੇ ਪ੍ਰਵੇਸ਼ ਦੀ ਮਨਾਹੀ ਨੂੰ 'ਲਿੰਗਕ ਵਿਤਕਰੇ' ਦੇ ਦਾਇਰੇ ਵਿਚ ਨਹੀਂ ਲਿਆਉਂਦੀ ਤੇ ਔਰਤਾਂ ਨੂੰ ਇਹ ਹੱਕ ਪ੍ਰਦਾਨ ਕਰਨ ਲਈ ਕੋਈ ਕਾਨੂੰਨ ਨਹੀਂ ਬਣਾਉਂਦੀ ਹੈ। ਇਸੇ ਤਰ੍ਹਾਂ ਭਾਜਪਾ ਉਨ੍ਹਾ ਹਿੰਦੂ 'ਮਰਦਾਂ' ਸੰਬੰਧੀ ਵੀ ਕੋਈ ਕਾਨੂੰਨ ਨਹੀਂ ਬਣਾਉਂਦੀ ਹੈ, ਜਿਨ੍ਹਾਂ ਆਪਣੇ ਜਿਊਂਦੇ ਜੀਅ ਆਪਣੀਆਂ ਪਤਨੀਆਂ 'ਤਿਆਗੀਆਂ' ਹੋਈਆਂ ਹਨ, ਭਾਵ ਬਿਨਾਂ ਕੋਈ ਕਾਰਨ ਦੱਸੇ, ਬਿਨਾਂ ਕਾਨੂੰਨ ਤਲਾਕ ਦਿੱਤਿਆਂ ਤੇ ਬਿਨਾਂ ਕੋਈ ਖ਼ਰਚਾ ਦਿੱਤਿਆਂ ਉਹ ਕਈ ਸਾਲਾਂ ਤੋਂ ਆਪਣੀਆਂ ਪਤਨੀਆਂ ਤੋਂ ਵੱਖ ਰਹਿ ਰਹੇ ਹਨ। ਕੀ ਭਾਜਪਾ ਨੂੰ ਅਜਿਹੀਆਂ ਹਿੰਦੂ ਮਹਿਲਾਵਾਂ ਦੇ ਮਨੁੱਖੀ ਅਤੇ ਸਮਾਜਿਕ ਅਧਿਕਾਰਾਂ ਦਾ ਘਾਣ ਵਿਖਾਈ ਨਹੀਂ ਦਿੰਦਾ ਹੈ ਜਾਂ ਫਿਰ ਬਹੁਗਿਣਤੀ ਨੂੰ ਖੁਸ਼ ਕਰਨ ਦੇ ਮਕਸਦ ਨਾਲ ਕੇਵਲ ਘੱਟ-ਗਿਣਤੀਆਂ ਨੂੰ ਹੀ ਤੰਗ ਕਰਨ ਲਈ ਕਾਨੂੰਨੀ ਸੋਧਾਂ ਕਰਨਾ ਭਾਜਪਾ ਦਾ ਮੁੱਖ ਏਜੰਡਾ ਹੈ।

ਬੜੀ ਹੀ ਦਿਲਚਸਪ ਗੱਲ ਹੈ ਕਿ ਭਾਜਪਾ ਵੱਲੋਂ ਬੀਤੇ ਕੁਝ ਵਰ੍ਹਿਆਂ ਤੋਂ ਇਕ ਖ਼ਾਸ ਫ਼ਿਰਕੇ ਦੇ ਲੋਕਾਂ ਨੂੰ ਵਿਧਾਨ ਸਭਾ ਜਾਂ ਲੋਕ ਸਭਾ ਸੀਟਾਂ ਲਈ ਉਮੀਦਵਾਰ ਹੀ ਨਹੀਂ ਬਣਾਇਆ ਜਾ ਰਿਹਾ ਤੇ ਨਾ ਹੀ ਰਾਜ ਸਭਾ ਲਈ ਉਸ ਫ਼ਿਰਕੇ ਦੇ ਵੱਡੇ ਆਗੂਆਂ ਨੂੰ ਨਾਮਜ਼ਦ ਕੀਤਾ ਜਾ ਰਿਹਾ ਹੈ। ਭਾਜਪਾ ਦੇ ਵਿਰੋਧੀ ਦਲਾਂ ਵੱਲੋਂ ਭਾਜਪਾ 'ਤੇ ਦਲਿਤ ਅਤੇ ਪੱਛੜਾ ਵਰਗ ਵਿਰੋਧੀ ਹੋਣ ਦਾ ਪ੍ਰਮਾਣ ਪੇਸ਼ ਕਰਦਿਆਂ ਆਖਿਆ ਜਾਂਦਾ ਹੈ ਕਿ ਭਾਜਪਾ ਅਸਲ ਵਿਚ ਬਿਹਾਰ ਵਿਚ 'ਜਾਤੀਗਤ ਗਣਨਾ' ਕਰਵਾਉਣ ਤੋਂ ਭੱਜਦੀ ਇਸੇ ਕਰਕੇ ਹੈ, ਕਿਉਂਕਿ ਜੇਕਰ ਇਹ ਜਨਗਣਨਾ ਹੋ ਜਾਂਦੀ ਹੈ ਤਾਂ ਫਿਰ ਸੰਬੰਧਤ ਜਾਤੀ ਦੀ ਸਮਾਜਿਕ ਭਾਗੀਦਾਰੀ ਦੇ ਆਧਾਰ 'ਤੇ ਨੌਕਰੀਆਂ ਅਤੇ ਪਾਰਟੀਆਂ ਦੇ ਅਹੁਦਿਆਂ ਵਿਚ ਰਾਖਵਾਂਕਰਨ ਲਾਗੂ ਕਰਨਾ ਪਏਗਾ ਤੇ ਚੋਣਾਂ ਦੌਰਾਨ ਟਿਕਟਾਂ ਦੀ ਵੰਡ ਵੀ ਉਸੇ ਭਾਗੀਦਾਰੀ ਦੇ ਆਧਾਰ 'ਤੇ ਹੀ ਤੈਅ ਹੋਵੇਗੀ, ਜਿਸ ਨਾਲ ਦਲਿਤ ਅਤੇ ਪੱਛੜੇ ਵਰਗਾਂ ਦੇ ਲੋਕ ਵੱਡੀ ਗਿਣਤੀ ਵਿਚ ਸਿਆਸੀ ਪਾਰਟੀਆਂ ਦੇ ਸੰਗਠਨਾਤਮਕ ਢਾਂਚੇ ਵਿਚ ਅਤੇ ਮੰਤਰੀ ਮੰਡਲਾਂ ਵਿਚ ਸਥਾਨ ਹਾਸਲ ਕਰ ਜਾਣਗੇ, ਜੋ ਕਿ ਭਾਜਪਾ ਬਿਲਕੁਲ ਵੀ ਨਹੀਂ ਚਾਹੁੰਦੀ, ਜਿਸ ਕਰਕੇ ਉਹ ਜਾਤੀਗਤ ਜਨਗਣਨਾ ਨੂੰ ਹੁਣ ਤੱਕ ਟਾਲਦੀ ਆਈ ਹੈ ਤੇ ਇਸ ਸੰਬੰਧਤ ਮੰਗ ਦੇ ਵਧਦੇ ਪ੍ਰਭਾਵ ਕਰਕੇ ਹੁਣ ਦੱਬੀ ਜ਼ੁਬਾਨ ਵਿਚ ਭਾਜਪਾ ਨੂੰ ਇਸ ਜਨਗਣਨਾ ਦਾ ਸਮਰਥਨ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ, ਪਰ ਹਕੀਕਤ ਇਹੋ ਹੈ ਕਿ ਭਾਜਪਾ ਆਪਣੇ ਸੰਗਠਨ ਅੰਦਰ ਅਤੇ ਆਪਣੀ ਪਾਰਟੀ ਦੀਆਂ ਸਰਕਾਰਾਂ ਵਾਲੇ ਰਾਜਾਂ ਅੰਦਰ ਉੱਚ ਅਹੁਦਿਆਂ ਉੱਤੇ ਅਤੇ ਮੰਤਰੀ ਮੰਡਲ ਵਿਚ ਜ਼ਿਆਦਾਤਰ 'ਸਵਰਨ ਜਾਤਾਂ' ਨੂੰ ਹੀ ਪ੍ਰਮੁੱਖਤਾ ਦਿੰਦੀ ਆਈ ਹੈ ਤੇ ਹੁਣ ਵੀ ਦੇ ਰਹੀ ਹੈ।

ਜਾਤ-ਪਾਤ ਸੰਬੰਧੀ ਵਿਤਕਰਾ ਨਾ ਮੰਨਣ ਦਾ ਝੂਠਾ ਦਾਅਵਾ ਕਰਨ ਵਾਲੀ ਭਾਜਪਾ ਦਾ ਫ਼ਿਰਕੂ ਅਤੇ ਛੋਟੀਆਂ ਜਾਤਾਂ ਨਾਲ ਨਫ਼ਰਤ ਕਰਨ ਵਾਲਾ ਕੋਝਾ ਚਿਹਰਾ ਉਸ ਵੇਲੇ ਬੇਨਕਾਬ ਹੁੰਦਾ ਹੈ, ਜਦੋਂ ਉੱਤਰ ਪ੍ਰਦੇਸ਼ ਦੇ ਇਕ ਜਾਤੀ ਵਿਸ਼ੇਸ਼ ਨਾਲ ਸੰਬੰਧਤ ਮੁੱਖ ਮੰਤਰੀ ਵੱਲੋਂ ਚੋਣਾਂ ਹਾਰ ਜਾਣ ਪਿੱਛੋਂ ਮੁੱਖ ਮੰਤਰੀ ਨਿਵਾਸ ਖ਼ਾਲੀ ਕਰ ਦਿੱਤਾ ਜਾਂਦਾ ਹੈ ਤਾਂ ਭਾਜਪਾ ਆਗੂ ਅਤੇ ਕਾਰਜਕਰਤਾ ਉਸ ਮੁੱਖ ਮੰਤਰੀ ਦੇ ਜਾਣ ਤੋਂ ਬਾਅਦ ਸਭ ਤੋਂ ਪਹਿਲਾਂ ਗੰਗਾ ਜਲ ਨਾਲ ਸਮੁੱਚਾ ਮੁੱਖ ਮੰਤਰੀ ਨਿਵਾਸ ਧੋਂਦੇ ਹਨ ਤੇ ਫਿਰ ਨਵੇਂ ਮੁੱਖ ਮੰਤਰੀ ਜੋ ਕਿ ਭਾਜਪਾ ਨਾਲ ਸੰਬੰਧ ਰੱਖਦੇ ਹਨ, ਉਕਤ ਨਿਵਾਸ ਵਿਚ ਪ੍ਰਵੇਸ਼ ਕਰਦੇ ਹਨ। ਕੁਝ ਪੱਤਰਕਾਰਾਂ ਦਾ ਮੰਨਣਾ ਹੈ ਕਿ ਭਾਜਪਾ ਅਤੇ ਆਰ.ਐੱਸ.ਐੱਸ. ਵੱਲੋਂ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਸਮੇਂ ਸੰਨ 1950 ਵਿਚ ਭਾਰਤੀ ਸੰਵਿਧਾਨ ਦਾ ਵਿਰੋਧ ਵੀ ਇਸੇ ਕਰਕੇ ਕੀਤਾ ਗਿਆ ਸੀ, ਕਿਉਂਕਿ ਇਸ ਸੰਵਿਧਾਨ ਦੇ ਨਿਰਮਾਣ ਦੀ ਮੁੱਖ ਜ਼ਿੰਮੇਵਾਰੀ ਡਾ. ਭੀਮ ਰਾਓ ਅੰਬੇਡਕਰ ਜੋ ਕਿ ਇਕ ਦਲਿਤ ਸਨ, ਵੱਲੋਂ ਨਿਭਾਈ ਗਈ ਸੀ। ਉਕਤ ਇਲਜ਼ਾਮ ਦੀ ਰੌਸ਼ਨੀ ਵਿਚ ਜੇਕਰ ਕੁਝ ਤਾਜ਼ਾ ਘਟਨਾਕ੍ਰਮ ਵੇਖੇ ਜਾਣ ਤਾਂ ਭਾਜਪਾ ਅਤੇ ਆਰ.ਐੱਸ.ਐੱਸ. ਦੀ ਦਲਿਤ ਵਿਰੋਧੀ ਸੋਚ ਦਾ ਪ੍ਰਗਟਾਵਾ ਸਪੱਸ਼ਟ ਤੌਰ 'ਤੇ ਹੋ ਜਾਂਦਾ ਹੈ। ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਸੁਪਰੀਮ ਕੋਰਟ ਦੇ ਕਿਸੇ ਚੀਫ਼ ਜਸਟਿਸ 'ਤੇ ਕਿਸੇ ਨੇ ਜੁੱਤੀ ਸੁੱਟਣ ਦੀ ਕੋਸ਼ਿਸ਼ ਕੀਤੀ ਹੈ ਤੇ ਪੱਛੜੇ ਭਾਈਚਾਰੇ ਨਾਲ ਸੰਬੰਧਤ ਚੀਫ਼ ਜਸਟਿਸ ਦੇ ਇਸ ਘੋਰ ਅਪਮਾਨ ਸੰਬੰਧੀ ਭਾਜਪਾ ਜਾਂ ਆਰ.ਐੱਸ.ਐੱਸ. ਦੀ ਸਮੁੱਚੀ ਲੀਡਰਸ਼ਿਪ ਵੱਲੋਂ ਕੋਈ ਸਖ਼ਤ ਸ਼ਬਦਾਂ ਵਿਚ ਨਿਖੇਧੀ ਸਾਹਮਣੇ ਨਹੀਂ ਆਈ ਹੈ ਤੇ 'ਸਨਾਤਨ ਦਾ ਅਪਮਾਨ' ਕੀਤੇ ਜਾਣ ਦਾ ਨਾਅਰਾ ਮਾਰਨ ਵਾਲੇ ਸੰਬੰਧਤ ਗੁਨਾਹਗਾਰ ਦੇ ਬਚਾਅ ਲਈ ਭਾਜਪਾ ਦੇ ਕਈ ਕਾਰਜਕਰਤਾ ਜ਼ਰੂਰ ਅੱਗੇ ਆਏ ਹਨ।

ਹਰਿਆਣਾ ਦੇ ਉੱਚ-ਪੁਲਸ ਅਧਿਕਾਰੀ ਸ੍ਰੀ ਵਾਈ ਪੂਰਨ ਕੁਮਾਰ ਆਈ.ਪੀ.ਐੱਸ. ਵੱਲੋਂ ਖ਼ੁਦਕੁਸ਼ੀ ਕਰ ਲਏ ਜਾਣ ਪਿੱਛੋਂ ਸਾਹਮਣੇ ਆਏ ਉਨ੍ਹਾ ਦੇ ਖ਼ੁਦਕੁਸ਼ੀ ਨੋਟ ਵਿਚ ਉਨ੍ਹਾ ਨਾਲ ਉੱਚ ਪੁਲਸ ਅਧਿਕਾਰੀਆਂ ਅਤੇ ਰਾਜਨੇਤਾ ਵੱਲੋਂ ਲਗਾਤਾਰ ਜਾਤੀਗਤ ਵਿਤਕਰਾ ਕੀਤੇ ਜਾਣ ਅਤੇ ਦਲਿਤ ਹੋਣ ਕਰਕੇ ਸਰਕਾਰੇ-ਦਰਬਾਰੇ ਉਨ੍ਹਾ ਦੀ ਕੋਈ ਸੁਣਵਾਈ ਨਾ ਹੋਣ ਦੇ ਦੋਸ਼ ਉਨ੍ਹਾ ਬੜੇ ਹੀ ਸਪੱਸ਼ਟ ਤੇ ਸਾਫ਼ ਸ਼ਬਦਾਂ ਵਿਚ ਲਗਾਏ ਹਨ, ਪਰ ਇਸ ਸਮੁੱਚੇ ਮਾਮਲੇ ਵਿਚ ਹੁਣ ਹਰਿਆਣਾ ਅਤੇ ਚੰਡੀਗੜ੍ਹ ਪੁਲਸ ਵੱਲੋਂ ਕਾਹਲੀ ਵਿਚ ਕੀਤੀ ਜਾ ਰਹੀ ਕਾਰਵਾਈ ਸੰਬੰਧੀ ਪੀੜਤ ਪਰਵਾਰ ਨੇ ਆਪਣਾ ਰੋਸ ਅਤੇ ਵਿਰੋਧ ਜ਼ਾਹਿਰ ਕੀਤਾ ਹੈ ਤੇ ਦੋਸ਼ ਲਗਾਏ ਹਨ ਕਿ ਇਸ ਮਾਮਲੇ ਵਿਚ ਉੱਚ ਪੁਲਸ ਅਧਿਕਾਰੀਆਂ ਅਤੇ ਰਾਜਨੇਤਾਵਾਂ ਦੇ ਨਾਂਅ ਸਾਹਮਣੇ ਆਉਣ ਕਰਕੇ ਸਮੁੱਚਾ ਪੁਲਸ ਪ੍ਰਸ਼ਾਸਨ 'ਅਸਲ ਕਾਤਲਾਂ ਨੂੰ ਬਚਾਉਣ ਲਈ' ਸਾਰੇ ਸਬੂਤਾਂ ਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਸੰਬੰਧਤ ਮ੍ਰਿਤਕ ਅਧਿਕਾਰੀ ਦੀ ਆਈ.ਏ.ਐੱਸ.ਅਫ਼ਸਰ ਪਤਨੀ ਨੂੰ ਜੋ 'ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ' ਆਦਿ ਸੰਵਾਦ ਬੋਲ ਕੇ ਭਰੋਸਾ ਦਿੱਤਾ ਗਿਆ ਹੈ, ਉਸ ਭਰੋਸੇ 'ਤੇ ਪੀੜਤ ਪਰਵਾਰ ਨੂੰ ਇਕ ਵੀ ਪ੍ਰਤੀਸ਼ਤ ਵਿਸ਼ਵਾਸ ਹੁੰਦਾ ਨਜ਼ਰ ਨਹੀਂ ਆਉਂਦਾ ਤੇ ਉਕਤ ਸਾਰਾ ਵਰਤਾਰਾ ਚੀਕ-ਚੀਕ ਕੇ ਇਹ ਸਾਬਿਤ ਕਰਦਾ ਹੈ ਕਿ ਭਾਜਪਾ ਰਾਜ ਵਿਚ ਜੇਕਰ ਦਲਿਤ ਅਫ਼ਸਰਾਂ ਨਾਲ ਹੀ ਜਾਤੀਗਤ ਵਿਕਤਰਾ ਹੁੰਦਾ ਹੈ ਤੇ ਇਨਸਾਫ਼ ਨਹੀਂ ਮਿਲਦਾ ਹੈ ਤਾਂ ਫਿਰ ਦਲਿਤ ਜਾਂ ਪੱਛੜੇ ਵਰਗ ਨਾਲ ਸੰਬੰਧਤ ਆਮ ਆਦਮੀ ਭਲਾ ਇਨਸਾਫ਼ ਦੀ ਆਸ ਕਿਵੇਂ ਰੱਖ ਸਕਦਾ ਹੈ ?

# ਸੰਪਰਕ : 97816-46008

# ਵਿਧਾਇਕਾ ਨੇ ਪੇਂਡੂ ਸੜਕਾਂ ਦੇ ਨਵੀਨੀਕਰਨ ਲਈ ਰੱਖੇ ਨੀਂਹ ਪੱਥਰ

## 4.82 ਕਰੋੜ ਰੁਪਏ ਦੀ ਲਾਗਤ ਨਾਲ ਬਦਲੀ ਜਾਵੇਗੀ ਸੜਕਾਂ ਦੀ ਨੁਹਾਰ : ਬੀਬੀ ਮਾਣੂੰਕੇ



**ਜਗਰਾਉਂ (ਅਮਿਤ ਖੰਨਾ)**-ਵਿਧਾਨ ਸਭਾ ਹਲਕਾ ਜਗਰਾਉਂ ਅਧੀਨ ਖਸਤਾ ਹਾਲਤ ਪੇਂਡੂ ਸੜਕਾਂ ਦੀ ਹਾਲਤ ਸੁਧਾਰਨ ਲਈ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਲਗਾਤਾਰ ਦੋ ਦਿਨ ਮੁਹਿੰਮ ਚਲਾ ਕੇ ਨੀਂਹ ਪੱਥਰ ਰੱਖੇ ਗਏ ਅਤੇ ਕੰਮ ਸ਼ੁਰੂ ਕਰਵਾਇਆ ਗਿਆ।ਇਸ ਮੁਹਿੰਮ ਤਹਿਤ ਰੱਖੇ ਗਏ ਸਮਾਗਮਾਂ ਦੌਰਾਨ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਸੰਬੋਧਨ ਕਰਦਿਆਂ ਆਖਿਆ ਕਿ ਵਿਧਾਨ ਸਭਾ ਹਲਕਾ ਜਗਰਾਉਂ ਅਧੀਨ ਪਿੰਡਾਂ ਦੀਆਂ ਟੁੱਟੀਆਂ ਸੜਕਾਂ ਦਾ ਲਗਭਗ 4.82 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕਰਕੇ ਨੁਹਾਰ ਬਦਲੀ ਜਾਵੇਗੀ, ਤਾਂ ਜੋ ਲੋਕਾਂ ਨੂੰ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਦੌਰਾਨ ਸਮੱਸਿਆਵਾਂ ਤੋਂ ਨਿਜਾਤ ਮਿਲ ਸਕੇ।ਉਨ੍ਹਾਂ ਆਖਿਆ ਕਿ ਗਾਲਿਬ ਕਲਾਂ ਤੋਂ ਖ੍ਰੀਦ ਕੇਂਦਰ ਤੱਕ 13.17 ਲੱਖ ਰੁਪਏ, ਰਸੂਲਪੁਰ ਤੋਂ ਲੋਪੋ 35.88 ਲੱਖ ਰੁਪਏ, ਡੱਲਾ ਤੋਂ ਮੱਲਾ ਰੋਡ 12.57 ਲੱਖ ਰੁਪਏ, ਡੱਲਾ ਰੋਡ ਤੋਂ ਕੋਠੇ ਰਾਹਲਾਂ ਰੋਡ 39.27 ਲੱਖ ਰੁਪਏ, ਸ਼ੇਖ ਦੌਲਤ ਤੋਂ ਲੀਲਾਂ 37.20 ਲੱਖ ਰੁਪਏ, ਚੀਮਨਾਂ ਤੋਂ ਸਿੱਧਵਾਂ ਕਲਾਂ 51.86 ਲੱਖ ਰੁਪਏ, ਮੱਲ੍ਹਾ ਤੋਂ ਮਾਣੂੰਕੇ 36.81 ਲੱਖ ਰੁਪਏ, ਭੰਮੀਪੁਰਾ ਤੋਂ ਰਣਧੀਰਗੜ੍ਹ 12.59 ਲੱਖ ਰੁਪਏ, ਮਲਕ ਰੋਡ ਤੋਂ ਕੋਠੇ ਖੰਜੂਰਾਂ 15.24 ਲੱਖ ਰੁਪਏ, ਡਾਂਗੀਆਂ ਤੋਂ ਕਾਉਂਕੇ ਖੋਸਾ 45.88 ਲੱਖ ਰੁਪਏ, ਬਰਸਾਲ ਤੋਂ ਪੋਨਾ 67.86 ਲੱਖ ਰੁਪਏ, ਕਾਉਂਕੇ ਖੋਸਾ ਤੋਂ ਡੱਲਾ ਰੋਡ 12.30 ਲੱਖ ਰੁਪਏ, ਡੱਲਾ ਤੋਂ ਭੰਮੀਪੁਰਾ 52.18 ਲੱਖ ਰੁਪਏ, ਮਲਕ ਤੋਂ ਅਲੀਗੜ੍ਹ 21.25 ਲੱਖ ਰੁਪਏ, ਰਾਮਗੜ੍ਹ ਤੋਂ ਬੁਜਰਗ 7.37 ਲੱਖ ਰੁਪਏ, ਅਪ੍ਰੋਚ ਰੋਡ ਬੋਦਲਵਾਲਾ 3.76 ਲੱਖ ਰੁਪਏ, ਜੀ. ਟੀ. ਰੋਡ ਤੋਂ ਕੋਠੇ ਸ਼ੇਰਜੰਗ 7.95 ਲੱਖ ਰੁਪਏ ਤੇ ਜੀ. ਟੀ. ਰੋਡ ਤੋਂ ਕੋਠੇ ਜੀਵਾ 8.03 ਲੱਖ ਰੁਪਏ ਦੀ ਲਾਗਤ ਨਾਲ ਖਸਤਾ ਹਾਲਤ ਸੜਕਾਂ ਦੀ ਹਾਲਤ ਸੁਧਾਰੀ ਜਾਵੇਗੀ।ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪਿੰਡਾਂ ਦੇ ਲੋਕਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ ਤੇ ਪੇਂਡੂ ਸੜਕਾਂ ਤੋਂ ਇਲਾਵਾ 'ਰੌਸ਼ਨ ਪੰਜਾਬ' ਮੁਹਿੰਮ ਤਹਿਤ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਪਿੰਡਾਂ ਅੰਦਰ ਸ਼ਾਨਦਾਰ ਪਾਰਕਾਂ ਬਣਾਉਣ ਲਈ ਵੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ, ਤਾਂ ਜੋ ਪਿੰਡਾਂ ਨੂੰ ਹੋਰ ਸੁੰਦਰ ਬਣਾਇਆ ਜਾ ਸਕੇ।ਇਸ ਮੌਕੇ ਉਨ੍ਹਾਂ ਦੇ ਨਾਲ ਮਾਰਕੀਟ ਕਮੇਟੀ ਹਠੂਰ ਦੇ ਚੇਅਰਮੈਨ ਕਰਮਜੀਤ ਸਿੰਘ ਡੱਲਾ, ਮੰਡੀ ਬੋਰਡ ਦੇ ਜੇ ਈ ਪਰਮਿੰਦਰ ਸਿੰਘ ਢੋਲਣ, ਕੁਲਦੀਪ ਸਿੰਘ ਸਰਪੰਚ ਬੋਦਲਵਾਲਾ, ਰਣਜੀਤ ਸਿੰਘ ਚੀਮਨਾ, ਪਰਮਾਤਮਾ ਸਿੰਘ, ਸੁਖਦੀਪ ਸਿੰਘ ਬਰਸਾਲ, ਜਸਵੰਤ ਸਿੰਘ ਰਾਮਗੜ੍ਹ ਭੁੱਲਰ, ਲਾਡੀ ਸ਼ੇਰਪੁਰ ਕਲਾਂ, ਡਾ. ਰਾਮ ਸਿੰਘ, ਪ੍ਰਦੀਪ ਸਿੰਘ ਕੋਠੇ ਸ਼ੇਰਜੰਗ, ਸ਼ਪਿੰਦਰ ਸਿੰਘ, ਚਰਨਜੀਤ ਸਿੰਘ, ਸਰਪੰਚ ਹਰਦੀਪ ਸਿੰਘ ਬਰਸਾਲ, ਮਾ. ਮਲਕੀਤ ਸਿੰਘ, ਬਲਵੀਰ ਸਿੰਘ, ਮੁਕੰਦ ਸਿੰਘ, ਯੂਥ ਪ੍ਰਧਾਨ ਰਵੀ ਬਰਸਾਲ, ਸੁਖਦੀਪ ਸਿੰਘ ਫੌਜੀ, ਸਰਪੰਚ ਗੁਰਪ੍ਰੀਤ ਸਿੰਘ ਭੰਮੀਪੁਰਾ, ਦਵਿੰਦਰ ਸਿੰਘ ਪੰਚ, ਭੁਪਿੰਦਰ ਸਿੰਘ ਪੰਚ, ਸੁਖਦਰਸ਼ਨ ਸਿੰਘ ਪੰਚ, ਸੋਨੂੰ ਨੰਬਰਦਾਰ, ਡਾ. ਮਨਦੀਪ ਸਿੰਘ, ਕਮਲਜੀਤ ਕੌਰ ਪੰਚ, ਸੱਜਣ ਸਿੰਘ ਫੌਜੀ, ਕੁਲਜੀਤ ਸਿੰਘ ਪਟਵਾਰੀ, ਪ੍ਰਕਾਸ਼ ਸਿੰਘ, ਜਗਰੂਪ ਸਿੰਘ ਮੱਲ੍ਹਾ, ਹਰਜਿੰਦਰ ਸਿੰਘ ਪੰਚ, ਜਗਦੀਪ ਸਿੰਘ ਜੱਗੀ, ਨੰਬਰਦਾਰ ਸੁਖਜੀਤ ਸਿੰਘ, ਕਾਕਾ ਪਰਜੀਆਂ ਆਦਿ ਹਾਜ਼ਰ ਸਨ।

# ਅਮਰੀਕਾ ਓਲੰਪਿਕ ਚੈਂਪੀਅਨਸ਼ਿਪ 'ਚ ਪੰਜਾਬੀਆਂ ਨੇ ਝੰਡਾ ਲਹਿਰਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**

ਅਮਰੀਕਾ ਦੇ ਲਾਸ ਵੇਗਾਸ ਵਿਖੇ ਹੋਈ ਓਲੰਪਿਕ ਚੈਂਪੀਅਨਸ਼ਿਪ ਵਿੱਚ ਪੰਜਾਬੀਆਂ ਨੇ ਵੱਡੀ ਸਫਲਤਾ ਹਾਸਲ ਕਰਦਿਆਂ ਸੋਨ ਤਮਗਾ ਜਿੱਤ ਕੇ ਨਾ ਸਿਰਫ਼ ਪੰਜਾਬ, ਸਗੋਂ ਪੂਰੇ ਭਾਰਤ ਦਾ ਮਾਣ ਵਧਾਇਆ।ਵਰਲਡ ਸਟ੍ਰੌਂਗਮੈਨ ਡੇਅ ਦੇ ਪ੍ਰਧਾਨ ਹਰਵਿੰਦਰ ਸਿੰਘ ਸਲੀਨਾ ਨੇ ਕਿਹਾ ਕਿ ਦੁਨੀਆ ਭਰ ਦੇ ਐਥਲੀਟਾਂ ਨੇ ਇਸ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ।ਉਹ ਆਪਣੀ ਟੀਮ ਨਾਲ ਇਸ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣ ਲਈ ਗਏ।

ਪੰਜਾਬ ਦੇ ਅਬੋਹਰ ਦੇ ਰਹਿਣ ਵਾਲੇ ਅਮਨ ਪ੍ਰਕਾਸ਼ ਟੋਨੀ ਸੰਧੂ ਨੇ 90 ਕਿਲੋਗ੍ਰਾਮ ਭਾਰ ਵਰਗ ਵਿੱਚ ਹਿੱਸਾ ਲਿਆ।ਇਸ ਪੰਜਾਬੀ ਐਥਲੀਟ ਨੇ ਸੋਨ ਤਮਗਾ ਜਿੱਤ ਕੇ ਇਤਿਹਾਸ ਰਚਿਆ ਤੇ ਪੰਜਾਬ ਦਾ ਮਾਣ ਵਧਾਇਆ।ਉਨ੍ਹਾਂ ਕਿਹਾ ਕਿ ਟੋਨੀ ਨੇ ਇਸ ਜਿੱਤ ਨੂੰ ਪ੍ਰਾਪਤ ਕਰਨ ਲਈ ਬਹੁਤ ਮਿਹਨਤ ਕੀਤੀ।ਹਰਵਿੰਦਰ ਸਲ੍ਹੀਨਾ ਨੇ ਕਿਹਾ ਕਿ ਖੇਡਾਂ ਮਨੁੱਖਤਾ ਲਈ ਬਹੁਤ ਮਹੱਤਵਪੂਰਨ ਹਨ ਤੇ ਪੰਜਾਬੀਆਂ ਨੂੰ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਆਈ.ਐੱਨ.ਜੀ.ਈ. ਟੋਨੀ ਦੀ ਇੱਕ ਵੱਖਰੀ ਪਛਾਣ ਹੈ।ਇਸ ਤੋਂ ਪਹਿਲਾਂ ਟੋਨੀ ਨੇ ਵਿਸ਼ਵ ਪਾਵਰਲਿਫਟਿੰਗ ਚੈਂਪੀਅਨਸ਼ਿਪ ਵਿੱਚ ਤਿੰਨ ਸੋਨ ਤਮਗੇ ਜਿੱਤ ਕੇ ਇਤਿਹਾਸ ਰਚਿਆ ਸੀ।ਇਸ ਵਾਰ, ਉਸ ਨੇ ਸਾਡੇ ਦਿਲ ਜਿੱਤ ਲਏ ਤੇ ਓਲੰਪੀਅਨ ਵਿੱਚ ਸੋਨ ਤਮਗਾ ਜਿੱਤ ਕੇ ਸਾਨੂੰ ਸਨਮਾਨਤ ਮਹਿਸੂਸ ਕਰਵਾਇਆ।ਇਸ ਮੌਕੇ ਟੋਨੀ ਸੰਧੂ ਨੇ ਕਿਹਾ ਕਿ ਆਈਪੀਐੱਲ ਓਲੰਪਿਕ ਪਾਵਰਲਿਫਟਿੰਗ ਗੋਲਡ ਮੈਡਲ ਜਿੱਤਣਾ ਉਸ ਦਾ ਸੁਪਨਾ ਸੀ।ਲਾਸ ਵੇਗਾਸ ਵਿੱਚ ਓਲੰਪਿਕ ਵਿੱਚ ਸੋਨ ਤਮਗਾ ਲੈ ਕੇ ਖੜ੍ਹਾ ਹੋਣਾ ਸਿਰਫ਼ ਇੱਕ ਜਿੱਤ ਨਹੀਂ ਹੈ, ਇਹ ਇਸ ਗੱਲ ਦਾ ਸਬੂਤ ਹੈ ਕਿ ਜਦੋਂ ਜਨੂੰਨ ਦ੍ਰਿੜਤਾ ਨਾਲ ਮਿਲਦਾ ਹੈ, ਤਾਂ ਸਫਲਤਾ ਅਟੱਲ ਹੈ।

ਹਰਵਿੰਦਰ ਸਲੀਨਾ ਨੇ ਐਲਾਨ ਕੀਤਾ ਕਿ ਟੋਨੀ ਸੰਧੂ ਨੂੰ ਪੰਜਾਬ ਆਉਣ 'ਤੇ ਸਨਮਾਨਤ ਕੀਤਾ ਜਾਵੇਗਾ।ਉਨ੍ਹਾਂ ਟੋਨੀ ਦੇ ਪਰਵਾਰ ਨੂੰ ਵਧਾਈ ਵੀ ਦਿੱਤੀ।

# ਹੁਸੈਨੀਵਾਲਾ ਹੈੱਡ ਵਰਕਸ 'ਤੇ ਫਾਲਤੂ ਪਾਣੀ ਨੂੰ ਪਾਊਂਡ ਕਰਨ ਦੀ ਲੋੜ : ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਹੁਸੈਨੀਵਾਲਾ ਹੈੱਡ ਵਰਕਸ ਸਾਲ 1920 'ਚ ਹੜ੍ਹਾਂ ਤੋਂ ਬਚਾਉਣ ਲਈ ਉਸਾਰਿਆ ਗਿਆ ਸੀ, ਜੋ ਫ਼ਿਰੋਜ਼ਪੁਰ ਤੋਂ 10 ਕਿਲੋਮੀਟਰ ਦੂਰ ਲਾਹੌਰ ਨੂੰ ਜਾਂਦੀ ਸੜਕ ਉਪਰ ਸਥਿਤ ਹੈ।13 ਅਕਤੂਬਰ 1925 ਨੂੰ ਇਸ ਹੈੱਡ ਵਰਕਸ ਤੋਂ ਮਹਾਰਾਜਾ ਬੀਕਾਨੇਰ ਨੇ ਗੰਗ ਕੈਨਾਲ ਦਾ ਨੀਂਹ ਪੱਥਰ ਰੱਖਿਆ ਸੀ ਤੇ ਉਸ ਨੂੰ ਪੂਰਾ ਸੌ ਸਾਲ ਹੋ ਗਿਆ ਹੈ। ਪਿਛਲੇ ਲੰਮੇ ਸਮੇਂ ਤੋਂ ਸਿੰਚਾਈ ਵਿਭਾਗ ਵੱਲੋਂ ਇਥੇ ਪਾਣੀ ਨਹੀਂ ਪਾਊਂਡ ਨਹੀਂ ਕੀਤਾ ਜਾਂਦਾ ਤੇ ਗੰਗ ਕੈਨਾਲ ਅਤੇ ਦੂਜੀਆਂ ਨਹਿਰਾਂ, ਫ਼ਿਰੋਜ਼ਪੁਰ ਕੈਨਾਲ ਤੋਂ ਗੁਰਦਿੱਤੀਵਾਲਾ ਗੇਟ ਤੋਂ ਜੋੜੀਆਂ ਗਈਆਂ ਹਨ।

ਇਹ ਹੈੱਡ ਵਰਕਸ ਤੋਂ ਪਾਣੀ ਬਗੈਰ ਵਰਤਿਆਂ ਪਾਕਿਸਤਾਨ ਨੂੰ ਦਰਿਆ 'ਚ ਜਾਂਦਾ ਹੈ।ਬਾਰਿਸ਼ਾਂ ਦੀ ਰੁੱਤ 'ਚ ਲਗਭਗ 50 ਹਜ਼ਾਰ ਕਿਊਸਿਕ ਪਾਣੀ ਚੱਲਦਾ ਰਹਿੰਦਾ ਹੈ, ਜਿਸ ਨੂੰ ਪਾਊਂਡ ਕਰਕੇ ਵਰਤਿਆ ਜਾ ਸਕਦਾ ਹੈ।ਇਸ ਹੈੱਡ ਵਰਕਸ (ਬਰਾਜ) ਦੀ ਡਿਸਚਾਰਜ ਸਮਰੱਥਾ 3 ਲੱਖ ਕਿਊਸਿਕ ਤੋਂ ਵੱਧ ਹੈ ਤੇ ਉਪਰ ਨੂੰ ਇਸ ਦੀ ਲੰਬਾਈ 646.50 ਮੀਟਰ ਤੇ ਹੇਠਾਂ ਨੂੰ 646.15 ਮੀਟਰ ਹੈ।

ਇਸ ਸਾਲ ਰਾਜਸਥਾਨ ਸਰਕਾਰ ਨੇ ਪੰਜਾਬ ਸਰਕਾਰ ਨਾਲ ਸੰਪਰਕ ਕਰਕੇ ਹੈੱਡ ਵਰਕਸ ਤੋਂ ਗੰਗ ਕੈਨਾਲ ਤੱਕ ਦਾ ਕੱਚਾ ਚੈਨਲ ਸਾਫ਼ ਕੀਤਾ ਤੇ ਕੁਝ ਪਾਣੀ ਦੀ ਸਮਰੱਥਾ ਗੰਗ ਕੈਨਾਲ ਵਿਚ ਵਧੀ।ਇਹ ਹੈੱਡ ਵਰਕਸ ਹਰੀਕੇ ਹੈਡ ਵਰਕਸ ਤੋਂ ਬਹੁਤ ਪਹਿਲਾਂ ਦਾ ਬਣਿਆ ਹੈ, ਜਿਸ ਨੂੰ ਹੁਣ ਸੰਭਾਲਣ ਤੇ ਪਾਣੀ ਦੀ ਯੋਗ ਵਰਤੋਂ ਕਰਨ ਲਈ ਸਟੋਰ ਕਰਨ ਦੀ ਲੋੜ ਹੈ।ਜੇਕਰ ਪਾਣੀ ਇਥੇ ਸਟੋਰ ਕਰ ਲਿਆ ਜਾਵੇ ਤਾਂ ਜਿਥੇ ਗੰਗ ਕੈਨਾਲ ਤੇ ਈਸਟਰਨ ਕੈਨਾਲ ਦਾ ਪਾਣੀ ਪੂਰਾ ਚੱਲ ਸਕੇਗਾ, ਉਥੇ ਹੀ ਇਹ ਨਹਿਰਾਂ ਜਿਹੜਾ ਪਾਣੀ ਲੈਂਦੀਆਂ ਹਨ, ਉਹ ਪਾਣੀ ਸਰਹੰਦ ਫੀਡਰ 'ਚ ਵੱਧ ਚੱਲ ਕੇ ਜ਼ਿਲ੍ਹਾ ਫ਼ਰੀਦਕੋਟ, ਮੁਕਤਸਰ, ਫ਼ਾਜ਼ਿਲਕਾ ਤੇ ਹੋਰ ਖੇਤਰਾਂ ਦੇ ਸਿੰਚਾਈ ਲਈ ਕੰਮ ਆ ਸਕਦਾ ਹੈ, ਜਿਥੇ ਪਾਣੀ ਦੀਆਂ ਟੇਲਾਂ ਆਮ ਹੀ ਘੱਟ ਰਹਿੰਦੀਆਂ ਹਨ ਤੇ ਧਰਤੀ ਹੇਠਲਾ ਪਾਣੀ ਵੀ ਮਾੜਾ ਹੈ।ਜੇਕਰ ਹਰੀਕੇ ਹੈੱਡ ਵਰਕਸ ਤੋਂ ਅੱਗੇ ਇਹ ਪਾਣੀ ਜਦੋਂ ਕਸੂਰ (ਪਾਕਿਸਤਾਨ) ਤੋਂ ਹੋ ਕੇ ਹੁਸੈਨੀਵਾਲਾ ਪਹੁੰਚਦਾ ਹੈ, ਉਸ 'ਚ ਕੋਈ ਪ੍ਰਦੂਸ਼ਣ ਦੀ ਸਮੱਸਿਆ ਹੈ, ਪ੍ਰਦੂਸ਼ਤ ਪਾਣੀ ਦਰਿਆਵਾਂ ਵਿਚੋਂ ਪਹਿਲਾਂ ਹੀ ਸ਼ਾਮਲ ਹੋ ਜਾਂਦਾ ਹੈ।ਸੇਵਾਮੁਕਤ ਪ੍ਰਿੰਸੀਪਲ ਜਸਵੰਤ ਸਿੰਘ ਭਾਗਸਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਿੰਚਾਈ ਵਿਭਾਗ ਨੂੰ ਹਦਾਇਤ ਜਾਰੀ ਕਰਕੇ ਇਸ ਪਾਣੀ ਦੀ ਵਰਤੋਂ ਕਰਨ ਲਈ ਸੋਚਣ ਦੀ ਲੋੜ ਹੈ, ਜਿਸ ਨਾਲ ਬਹੁਤ ਸਿੰਚਾਈ ਕਰਕੇ ਖੁਸ਼ਹਾਲੀ ਹੋ ਸਕਦੀ ਹੈ।ਅਜਿਹਾ ਫੈਸਲਾ ਲੈਣ ਲਈ ਰਾਜਸੀ ਦ੍ਰਿੜਤਾ ਤੇ ਦੂਰਅੰਦੇਸ਼ੀ ਦੀ ਲੋੜ ਹੈ।

## ਕਾਤਰਾਂ

### ਘਰ ਦਾ ਬਾਹਰ ਸੈਰ ਕਰ ਰਹੇ ਵਿਅਕਤੀ 'ਤੇ ਹਮਲਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਘਰ ਦੇ ਬਾਹਰ ਸੈਰ ਕਰ ਰਹੇ ਵਿਅਕਤੀ 'ਤੇ ਇੱਟਾਂ ਨਾਲ ਹਮਲਾ ਕਰਕੇ ਜ਼ਖਮੀਂ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਬਾਏ ਨੇਮ ਵਿਅਕਤੀ ਤੇ ਇਕ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਹੁਲ ਬਜਾਜ ਪੁੱਤਰ ਰਮੇਸ਼ ਬਜਾਜ ਵਾਸੀ ਅੰਮ੍ਰਿਤਸਰੀ ਗੇਟ ਲਕਸ਼ਮੀ ਇਨਕਲੇਵ ਫਿਰੋਜ਼ਪੁਰ ਸਿਟੀ ਨੇ ਦੱਸਿਆ ਕਿ 22 ਸਤੰਬਰ 2025 ਨੂੰ ਰਵੀ ਮੋਂਗਾ ਪੁੱਤਰ ਰਣਬੀਰ ਮੋਂਗਾ ਵਾਸੀ ਖਾਈ ਫੇਮੇ ਕੀ ਤਹਿ. ਵਾ ਜ਼ਿਲ੍ਹਾ ਫਿਰੋਜ਼ਪੁਰ ਨੇ ਰੋਕ ਕੇ ਕਿਹਾ ਕਿ ਜਿਹੜਾ ਤੂੰ ਮੇਰੇ ਖਿਲਾਫ ਦੁਕਾਨ ਸਬੰਧੀ ਕੋਰਟ ਕੇਸ ਲਗਾਇਆ ਹੈ, ਵਾਪਸ ਲੈ ਲੈ ਨਹੀਂ ਤਾਂ ਤੇਰਾ ਬੁਰਾ ਹਸ਼ਰ ਹੋਵੇਗਾ। ਰਾਹੁਲ ਬਜਾਜ ਨੇ ਦੱਸਿਆ ਕਿ 29 ਸਤੰਬਰ 2025 ਨੂੰ ਕਰੀਬ 11 ਪੀ ਐੱਮ 'ਤੇ ਉਹ ਆਪਣੀ ਪਤਨੀ ਮੋਨਿਕਾ ਨਾਲ ਘਰ ਦੇ ਬਾਹਰ ਗਲੀ ਵਿੱਚ ਸੈਰ ਕਰ ਰਿਹਾ ਸੀ ਤਾਂ ਦੋ ਵਿਅਕਤੀ ਅਣਪਛਾਤੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ, ਜਿਨ੍ਹਾਂ ਕੋਲ ਇੱਟਾਂ ਫੜੀਆਂ ਹੋਈਆਂ ਸਨ, ਨੇ ਉਸ ਦੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

### ਸੂਫੀ ਗਾਇਕ ਬਰਕਤ ਸਿੱਧੂ ਦੇ ਜਨਮ ਦਿਨ ਸੰਬੰਧੀ ਸੱਭਿਆਚਾਰਕ ਮੇਲਾ 18 ਨੂੰ

**ਮੋਗਾ (ਇਕਬਾਲ ਸਿੰਘ ਖਹਿਰਾ)**-ਆਪਣੀ ਸੂਫ਼ੀਆਨਾ ਗਾਇਕੀ ਨਾਲ ਕਰੀਬ 5 ਦਹਾਕੇ ਪੰਜਾਬ ਦੇ ਲੋਕਾਂ 'ਤੇ ਰਾਜ ਕਰਨ ਵਾਲੇ ਉਸਤਾਦ ਬਰਕਤ ਸਿੱਧੂ ਦੇ 79ਵੇਂ ਜਨਮ ਦਿਨ ਨੂੰ ਸਮਰਪਤ ਸ਼ਿਵ ਮੰਦਰ ਸਵਰਗ ਧਾਮ ਦੇ ਸਹਿਯੋਗ ਤੇ ਬੀਨ ਰਿਕਾਰਡਜ਼ ਕੰਪਨੀ ਵੱਲੋਂ ਸੱਭਿਆਚਾਰਕ ਮੇਲਾ 18 ਅਕਤੂਬਰ 2025 ਨੂੰ ਸਥਾਨਕ ਸ਼ਹਿਰ ਦੇ ਕੋਟਕਪੂਰਾ ਬਾਈਪਾਸ ਮਹਾਰਾਜਾ ਪੈਲੇਸ ਵਿਖੇ ਮਨਾਇਆ ਜਾ ਰਿਹਾ ਹੈ।ਇਸ ਮੇਲੇ ਵਿੱਚ ਵਿਸ਼ੇਸ਼ ਖਿੱਚ ਦਾ ਕੇਂਦਰ ਤੇ ਜਨਾਬ ਬਰਕਤ ਸਿੱਧੂ ਦੇ ਭਤੀਜੇ ਮਾਸਟਰ ਸਲੀਮ ਹੋਣਗੇ।ਉਸ ਤੋਂ ਇਲਾਵਾ ਤੇਜ਼ੀ ਸ਼ਾਹਕੋਟੀ, ਪਾਲੀ ਦੇਤਵਾਲੀਆ, ਗੁਰਬਖ਼ਸ਼ ਸ਼ੌਂਕੀ, ਪ੍ਰਵੀਨ ਨੂਰ, ਵਨੀਤ ਖ਼ਾਨ, ਦਰਸ਼ਨਜੀਤ ਆਦਿ ਕਲਾਕਾਰ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ ਤੇ ਉਸ ਤੋਂ ਇਲਾਵਾ ਕਾਮੇਡੀ ਕਿੰਗ ਸੁਰਿੰਦਰ ਫ਼ਰਿਸ਼ਤਾ ਉਰਫ਼ ਘੁੱਲੇਸ਼ਾਹ ਦਰਸ਼ਕਾਂ ਦਾ ਮਨੋਰੰਜਨ ਕਰਨਗੇ।ਸਮਾਗਮ ਦੌਰਾਨ ਵਿਸ਼ੇਸ਼ ਸ਼ਖ਼ਸੀਅਤਾਂ ਵਿੱਚ ਲਖਵਿੰਦਰ ਸਿੰਘ ਵੰਡਾਲੀ, ਕੁਲਵਿੰਦਰ ਕਿੰਦਾ, ਕੁਲਵਿੰਦਰ ਖਹਿਰਾ, ਵਿਜੇ ਹਮਰਾਹੀ, ਜਗਦੀਪ ਜੋਗਾ, ਮਾਤਾ ਗਗਨ, ਸਰਬਜੀਤ ਕੌਰ, ਜਸਵੰਤ ਕੌਰ, ਮਨਦੀਪ ਲੱਕੀ, ਮਨਦੀਪ ਸਾਈਂ, ਯੁਵਰਾਜ ਮੁਦਕੀ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਸਮਾਗਮ ਦੇ ਸੰਚਾਲਕ ਬੀਨ ਰਿਕਾਰਡ ਮੈਨੇਜਰ ਤੇ ਪ੍ਰੋਡਿਊਸਰ ਹਰਸਿਮਰਨ ਕੌਰ, ਗੁਰਸੇਵਕ ਸਿੰਘ ਤੇ ਮਿਸਟਰ ਬੀਨ ਆਸਟ੍ਰੇਲੀਆ ਹੋਣਗੇ। ਪ੍ਰਬੰਧਕਾਂ ਨੇ ਉਸਤਾਦ ਬਰਕਤ ਸਿੱਧੂ ਦੇ ਚਾਹੁਣ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੇਲੇ ਵਿੱਚ ਪਹੁੰਚ ਕੇ ਮੇਲੇ ਦੀ ਰੌਣਕ ਵਧਾਉਣ।

### ਮਹਿੰਦਰਾ ਗੱਡੀ ਤੇ ਐਕਟਿਵਾ ਦੀ ਟੱਕਰ 'ਚ ਦੋ ਜ਼ਖਮੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਮਹਿੰਦਰਾ ਗੱਡੀ ਤੇ ਐਕਟਿਵਾ ਸਕੂਟਰੀ ਦੀ ਟੱਕਰ ਵਿੱਚ ਇੱਕ ਔਰਤ ਤੇ ਵਿਅਕਤੀ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸੰਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਮਹਿੰਦਰਾ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਮਤਾ ਸ਼ਰਮਾ ਪਤਨੀ ਅਸ਼ਵਨੀ ਕੁਮਾਰ ਸ਼ਰਮਾ ਵਾਸੀ ਰੇਲਵੇ ਕਲੋਨੀ ਡਬਲ ਸਟੋਰੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਰੇਲਵੇ ਹਸਪਤਾਲ ਕੈਂਟ ਵਿਖੇ ਦਫਤਰ ਸੁਪਰਡੈਂਟ ਲੱਗੀ ਹੋਈ ਹੈ। ਉਸ ਨੇ ਦੱਸਿਆ ਕਿ ਉਸ ਨਾਲ ਕਮਲ ਸ਼ਰਮਾ, ਜੋ ਕਿ ਉਸ ਦੇ ਨਾਲ ਹੀ ਦਫਤਰ ਕਲਰਕ ਲੱਗਾ ਹੋਇਆ ਹੈ, ਨਾਲ ਬੈਂਕ ਆਫ ਇੰਡੀਆ ਤੋਂ ਦਫਤਰ ਰੇਲਵੇ ਹਸਪਤਾਲ ਦੇ ਗੇਟ ਪਾਸ ਆਪਣੀ ਐਕਟਿਵਾ ਨੰਬਰ ਪੀਬੀ 05 ਏਜੀ 5434 'ਤੇ ਪੁੱਜੀ ਤਾਂ ਇੱਕ ਅੱਧਖੜ ਉਮਰ ਦੇ ਅਣਪਛਾਤੇ ਵਿਅਕਤੀ ਨੇ ਬੜੀ ਤੇਜ਼ ਰਫਤਾਰ ਤੇ ਬਿਨਾਂ ਹਾਰਨ ਵਜਾਏ ਅਤੇ ਲਾਪ੍ਰਵਾਹੀ ਨਾਲ ਆਪਣੀ ਗੱਡੀ ਲਿਆ ਕੇ ਉਨ੍ਹਾਂ ਦੀ ਐਕਟਿਵਾ ਵਿੱਚ ਮਾਰੀ, ਜਿਸ ਨਾਲ ਉਹ ਸੜਕ 'ਤੇ ਡਿੱਗ ਗਏ ਤੇ ਉਨ੍ਹਾਂ ਦੇ ਸੱਟਾਂ ਲੱਗੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਮਹਿੰਦਰਾ ਗੱਡੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਬੀ ਕੇ ਯੂ ਲੱਖੋਵਾਲ ਦੇ ਫਰਜ਼ੀ ਕਾਰਡ, ਕਾਪੀਆਂ ਬਣਾਉਣ ਵਾਲੀ ਪ੍ਰਿੰਟਿੰਗ ਪ੍ਰੈੱਸ 'ਤੇ ਹੋਵੇਗੀ ਸਖਤ ਕਾਰਵਾਈ : ਦੌਲਤਪੁਰਾ



**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਦਫਤਰ ਵਿਖੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਮੀਟਿੰਗ ਹੋਈ। ਮੀਟਿੰਗ ਦੌਰਾਨ ਸੂਬਾ ਆਗੂ ਮੰਦਰਜੀਤ ਸਿੰਘ ਮਨਾਵਾਂ, ਸੂਬਾ ਆਗੂ ਜਰਨੈਲ ਸਿੰਘ ਤਖਾਣ ਵੱਧ, ਜ਼ਿਲ੍ਹਾ ਮੀਤ ਪ੍ਰਧਾਨ ਲਖਵੀਰ ਸਿੰਘ ਸੰਧੂ, ਜ਼ਿਲ੍ਹਾ ਆਗੂ ਮੋਹਨ ਸਿੰਘ ਨਿਧਾਂਵਾਲਾ, ਬਲਾਕ ਪ੍ਰਧਾਨ ਗੁਰਮੇਲ ਸਿੰਘ ਡਰੋਲੀ, ਬਲਾਕ ਜਰਨਲ ਸਕੱਤਰ ਜਸਕਰਨ ਸਿੰਘ, ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਜ਼ਿਲ੍ਹਾ ਆਗੂ ਬਲਕਰਨ ਸਿੰਘ ਢਿੱਲੋਂ, ਦਫਤਰ ਇੰਚਾਰਜ ਪ੍ਰਕਾਸ਼ ਸਿੰਘ ਨੇ ਕਿਹਾ ਕਿ ਜੋ ਵੀ ਪ੍ਰਿੰਟਿੰਗ ਪ੍ਰੈੱਸ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਪਹਿਚਾਨ (ਅਡੈਂਟੀ) ਕਾਰਡ ਤੇ ਕਲੈਕਸ਼ਨ ਵਾਲੀਆਂ ਕਾਪੀਆਂ ਬਿਨਾਂ ਜ਼ਿਲ੍ਹਾ ਪ੍ਰਧਾਨ ਦੀ ਮਨਜ਼ੂਰੀ ਤੋਂ ਛਪਾਈ ਕਰੇਗੀ, ਉਸ ਪ੍ਰਿੰਟਿੰਗ ਪ੍ਰੈੱਸ ਉੱਪਰ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਬਿਆਨ ਤੋਂ ਬਾਅਦ ਜੇ ਕੋਈ ਵੀ ਇਸ ਤਰ੍ਹਾਂ ਦੇ ਫੇਕ ਕਾਰਡ ਫੜੇ ਗਏ ਤਾਂ ਉਨ੍ਹਾਂ ਦੀ ਇਨਕੁਆਇਰੀ ਕਰਕੇ ਛਪਾਈ ਕਰਨ ਵਾਲੀ ਪ੍ਰਿੰਟਿੰਗ ਪ੍ਰੈੱਸ 'ਤੇ ਸਰਕਾਰੀ ਤੌਰ 'ਤੇ ਕਾਰਵਾਈ ਕੀਤੀ ਜਾਵੇਗੀ। ਪ੍ਰਧਾਨ ਨੇ ਕਿਹਾ ਕਿ ਕੋਈ ਵੀ ਪ੍ਰਿੰਟਿੰਗ ਪ੍ਰੈੱਸ ਕਿਸੇ ਵੀ ਬਲਾਕ ਦੀ ਹੋਵੇ, ਉਸ ਨੂੰ ਛਪਾਈ ਕਰਨ ਲਈ ਜ਼ਿਲ੍ਹਾ ਪ੍ਰਧਾਨ ਦੀ ਲਿਖਤੀ ਮਨਜ਼ੂਰੀ ਲੈਣੀ ਜ਼ਰੂਰੀ ਹੋਵੇਗੀ।

# ਦਲ ਖਾਲਸਾ ਦੇ ਭਾਈ ਬ੍ਰਾਹਮਕੇ ਜ਼ਿਲ੍ਹਾ ਪ੍ਰਧਾਨ ਤੇ ਇੰਦਗੜ੍ਹ ਜਨਰਲ ਸਕੱਤਰ ਬਣੇ

## ਸਰਕਾਰੀ-ਸ਼ਹਿ ਪ੍ਰਾਪਤ ਪ੍ਰਵਾਸ ਪੰਜਾਬ ਲਈ ਖ਼ਤਰੇ ਦੀ ਘੰਟੀ : ਟਾਂਡਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਦਲ ਖਾਲਸਾ ਦੀ ਇੱਕ ਅਹਿਮ ਮੀਟਿੰਗ ਗੁਰਦੁਆਰਾ ਅਕਾਲਗੜ੍ਹ ਛਾਉਣੀ ਨਿਹੰਗ ਸਿੰਘਾ ਕੋਟ ਈਸੇ ਖਾਂ ਵਿਖੇ ਪਾਰਟੀ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ ਤੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਦੀ ਅਗਵਾਈ ਵਿੱਚ ਹੋਈ।ਮੀਟਿੰਗ ਦੀ ਇੱਕਤਰਤਾ ਵਿੱਚ ਪੰਥ ਤੇ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਨੂੰ ਲੈ ਕੇ ਆਗੂਆਂ ਵੱਲੋਂ ਵਿਚਾਰ ਚਰਚਾ ਕੀਤੀ ਗਈ।ਦੋਵਾਂ ਹੀ ਆਗੂਆਂ ਨੇ ਸਾਂਝੇ ਰੂਪ ਵਿੱਚ ਮੀਟਿੰਗ ਵਿੱਚ ਬੋਲਦਿਆਂ ਕਿਹਾ ਕਿ ਸਟੇਟ ਦੁਆਰਾ ਫਰਜ਼ੀ ਮੁਕਾਬਲੇ, ਪਾਣੀ ਦੀ ਹਥਿਆਰ ਵਜੋਂ ਵਰਤੋਂ ਤੇ ਸਰਕਾਰੀ-ਸ਼ਹਿ ਪ੍ਰਾਪਤ ਪ੍ਰਵਾਸ ਪੰਜਾਬ ਲਈ ਖ਼ਤਰੇ ਦੀ ਘੰਟੀ ਹੈ।ਦਲ ਖਾਲਸਾ ਚਿੰਤਤ ਵੀ ਹੈ ਤੇ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਸਤਰਕ ਵੀ।ਸਟੇਟ ਵੱਲੋਂ ਫਰਜ਼ੀ ਮੁਕਾਬਲੇ, ਤਸ਼ੱਦਦ ਰਾਹੀਂ ਹਿੰਸਾ, ਪਾਣੀ ਦੀ ਹਥਿਆਰ ਵਜੋਂ ਵਰਤੋਂ ਤੇ ਸਰਕਾਰੀ-ਸ਼ਹਿ ਪ੍ਰਾਪਤ ਪ੍ਰਵਾਸ ਰਾਹੀਂ ਸਮਾਜ ਵਿੱਚ ਉਥਲ-ਪੁਥਲ ਤੇ ਡੈਮੋਗ੍ਰਾਫਿਕ ਵਿਗਾੜ ਨੂੰ ਪੰਜਾਬ ਲਈ ਗੰਭੀਰ ਚੁਣੌਤੀਆਂ ਮੰਨਦਿਆਂ ਦਲ ਖ਼ਾਲਸਾ ਨੇ ਸਤੰਬਰ ਮਹੀਨੇ ਵਿੱਚ ਪੰਜਾਬ ਸੰਮੇਲਨ 2025 ਦੇ ਸਿਰਲੇਖ ਹੇਠ ਪੰਜਾਬ ਦੀ ਨੁਮਾਇੰਦਗੀ ਕਰਨ ਵਾਲੇ ਚੋਣਵੇਂ ਰਾਜਸੀ ਤੇ ਸਮਾਜਿਕ ਆਗੂ ਤੇ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਦੀ ਇਕੱਤਰਤਾ ਸੱਦੀ ਸੀ।ਉਸ ਵਿਚਾਰ ਵਟਾਂਦਰੇ ਦੀ ਰੌਸ਼ਨੀ ਵਿੱਚ ਜਲਦ ਹੀ ਜਨਤਕ ਪ੍ਰੋਗਰਾਮਾਂ ਦੀ ਲੜੀ ਤੋਰੀ ਜਾਵੇਗੀ।

ਇਸ ਮੌਕੇ ਪਾਰਟੀ ਵੱਲੋਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ, ਜਿਸ ਵਿੱਚ ਭਾਈ ਸਾਰਜ ਸਿੰਘ ਬ੍ਰਾਹਮਕੇ ਨੂੰ ਜ਼ਿਲ੍ਹਾ ਪ੍ਰਧਾਨ, ਹਰਬਿੰਦਰ ਸਿੰਘ ਨੰਬਰਦਾਰ ਜਥੇਬੰਦਕ ਸਕੱਤਰ, ਜਗਸੀਰ ਸਿੰਘ ਇੰਦਗੜ੍ਹ ਜਨਰਲ ਸਕੱਤਰ, ਪਰਮਿੰਦਰ ਸਿੰਘ ਮੀਤ ਪ੍ਰਧਾਨ, ਬਲਵੰਤ ਸਿੰਘ ਪ੍ਰੈੱਸ ਸਕੱਤਰ, ਕੁਲਦੀਪ ਸਿੰਘ ਸਕੱਤਰ ਬਲਾਕ ਕੋਟ ਈਸੇ ਖਾਂ, ਹਰਜਿੰਦਰ ਸਿੰਘ ਫੌਜੀ ਅਕਾਲੀਆਂ ਵਾਲਾ ਬਲਾਕ ਪ੍ਰਧਾਨ ਫਤਹਿਗੜ੍ਹ ਪੰਜਤੂਰ, ਦਲਜੀਤ ਸਿੰਘ ਬ੍ਰਾਹਮਕੇ ਬਲਾਕ ਪ੍ਰਧਾਨ ਕੋਟ ਈਸੇ ਖਾਂ, ਲਖਵੀਰ ਸਿੰਘ ਧੱਲੇਕੇ ਬਲਾਕ ਪ੍ਰਧਾਨ ਮੋਗਾ, ਬਲਵੀਰ ਸਿੰਘ ਬੱਧਨੀ ਬਲਾਕ ਪ੍ਰਧਾਨ ਨਿਹਾਲ ਸਿੰਘ ਵਾਲਾ ਬਣਾਇਆ ਗਿਆ।ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਭਾਈ ਜਗਜੀਤ ਸਿੰਘ ਖੋਸਾ ਤੇ ਭਾਈ ਸੁਰਜੀਤ ਸਿੰਘ ਖਾਲਸਤਾਨੀ ਨੇ ਪਹੁੰਚੇ ਹੋਏ ਆਗੂਆਂ ਤੇ ਸਿੰਘਾਂ ਦਾ ਧੰਨਵਾਦ ਕੀਤਾ ਅਤੇ ਨਵੇਂ ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ।

# ਵਧੀਆ ਸੇਵਾਵਾਂ ਦੇਣ ਵਾਲੇ ਅਧਿਆਪਕਾਂ ਨੂੰ ਕੀਤਾ ਸਨਮਾਨਤ

**ਫਿਰੋਜ਼ਪੁਰ (ਗੁਰਬਚਨ ਸਿੰਘ)**-ਸਰਕਾਰੀ ਪ੍ਰਾਇਮਰੀ ਸਕੂਲ ਚੁੰਗੀ ਖਾਨਾ ਬਲਾਕ ਫਿਰੋਜ਼ਪੁਰ-1 ਵਿਖੇ ਬਲਾਕ ਪੱਧਰੀ ਅਧਿਆਪਕ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਸਾਲ ਭਰ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਅਧਿਆਪਕਾਂ ਨੂੰ ਉਨ੍ਹਾਂ ਵੱਲੋਂ ਦਿੱਤੀਆਂ ਸੇਵਾਵਾਂ ਦੇ ਬਦਲੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸੁਮਨਦੀਪ ਕੌਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਸੁਦੇਸ਼ ਰਾਣੀ ਤੇ ਸੀਐੱਚਟੀ ਸਾਹਿਬਾਨ ਗੁਰਬਚਨ ਸਿੰਘ ਭੁੱਲਰ ਅਤੇ ਰਾਜੇਸ਼ ਧੀਂਗੜਾ, ਜਨਕ ਸਿੰਘ, ਹੈੱਡ ਟੀਚਰ ਬਲਜਿੰਦਰ ਕੌਰ ਤੇ ਸਮੂਹ ਸਨਮਾਨਤ ਅਧਿਆਪਕ ਮੌਜੂਦ ਸਨ।

ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸੁਮਨਦੀਪ ਕੌਰ ਵੱਲੋਂ ਕੰਵਲਜੀਤ ਕੌਰ ਸਿਟੀ ਸਕੂਲ, ਰਜੇਸ਼ ਕੁਮਾਰ, ਜਗਮੀਤ ਕੌਰ, ਆਰਤੀ, ਕੰਵਲਜੀਤ ਕੌਰ, ਸੁਦੇਸ਼ਰਾਣੀ, ਵੰਦਨਾ ਸ਼ਰਮਾ, ਹਰਜੀਤ ਕੌਰ, ਹਨੂਤ ਕੁਮਾਰ, ਵਿਕਾਸ ਸਿੰਘ ਮੈਨੀ, ਸਿਮਰਨ, ਗਣੇਸ਼ ਕੁਮਾਰ, ਗੁਰਪ੍ਰੀਤ ਸਿੰਘ, ਅੰਕੁਸ਼, ਬਿਕਰਮਜੀਤ ਸਿੰਘ, ਸਾਕਸ਼ੀ, ਸੁਨੀਤਾ ਕੁਮਾਰੀ, ਰਿਪੂ ਬਾਲਾ, ਵੀਰਪਾਲ ਕੌਰ, ਮੀਨਾ ਰਾਣੀ, ਕੁਲਬੀਰ ਕੌਰ ਆਦਿ ਅਧਿਆਪਕਾਂ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।



# ਜਗਸੀਰ ਕਾਲੇਕੇ ਦੀ ਸਾਫ ਸੁਥਰੀ ਛਵੀ 2027 'ਚ ਕਾਂਗਰਸ ਨੂੰ ਵੱਡੇ ਅੰਤਰ ਨਾਲ ਜਿਤਾਵੇਗੀ : ਆਗੂ

## ਕਾਲੇਕੇ ਨੇ ਹਮੇਸ਼ਾ ਹਲਕੇ ਦੇ ਲੋਕਾਂ ਦੇ ਹੱਕਾਂ ਦੀ ਆਵਾਜ਼ ਉਠਾਈ

**ਬਾਘਾ ਪੁਰਾਣਾ (ਮਨੀ ਸਿੰਗਲਾ)**



ਕਾਂਗਰਸ ਆਗੂਆਂ ਸਾਬਕਾ ਕੌਂਸਲਰ ਸ਼ਸ਼ੀ ਗਰਗ, ਕਾਂਗਰਸ ਆਗੂ ਸੀਪਾ ਰਾਜਿਆਣਾ, ਗਗਨ ਨਿਗਾਹਾ, ਕਾਕਾ ਅਲਮਵਾਲਾ, ਸੁੱਖਾ ਲੰਗਿਆਣਾ ਤੇ ਹਰਦੀਸ਼ ਦੀਸ਼ਾ ਨੇ ਕਿਹਾ ਕਿ ਜਗਸੀਰ ਸਿੰਘ ਕਾਲੇਕੇ ਦੀ ਅਗਵਾਈ ਹੇਠ ਹਲਕਾ ਬਾਘਾ ਪੁਰਾਣਾ ਅੰਦਰ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਮਜ਼ਬੂਤ ਹੋ ਚੁੱਕੀ ਹੈ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਹਲਕਾ ਬਾਘਾ ਪੁਰਾਣਾ ਤੋਂ ਵੱਡੀ ਲੀਡ ਨਾਲ ਜਿੱਤ ਦਰਜ ਕਰੇਗੀ।ਕਾਂਗਰਸੀ ਆਗੂਆਂ ਨੇ ਦੱਸਿਆ ਕਿ ਜਗਸੀਰ ਸਿੰਘ ਕਾਲੇਕੇ ਨੇ ਹਮੇਸ਼ਾ ਹਲਕੇ ਦੇ ਲੋਕਾਂ ਦੇ ਹੱਕ ਲਈ ਆਵਾਜ਼ ਉਠਾਈ ਹੈ ਅਤੇ ਵਿਕਾਸ ਕਾਰਜਾਂ 'ਤੇ ਖਾਸ ਧਿਆਨ ਦਿੱਤਾ ਹੈ।ਉਨ੍ਹਾਂ ਦੀ ਨਿਰਦੇਸ਼ਨਾਂ ਹੇਠ ਪਾਰਟੀ ਕਾਡਰ ਪਿੰਡ ਪਿੰਡ ਤੇ ਵਾਰਡ ਵਾਰਡ ਤੱਕ ਮਜ਼ਬੂਤੀ ਨਾਲ ਸਰਗਰਮ ਹੈ।ਆਗੂਆਂ ਨੇ ਕਿਹਾ ਕਿ ਲੋਕ ਕਾਂਗਰਸ ਸਰਕਾਰ ਦੇ ਸੁਨੇਹੇ ਤੇ ਨੀਤੀਆਂ ਨਾਲ ਜੁੜ ਰਹੇ ਹਨ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਾਘਾ ਪੁਰਾਣਾ ਹਲਕਾ ਕਾਂਗਰਸ ਲਈ ਮਜ਼ਬੂਤ ਕਿਲ੍ਹਾ ਸਾਬਿਤ ਹੋਵੇਗਾ।ਉਨ੍ਹਾਂ ਦਾਅਵਾ ਕੀਤਾ ਕਿ ਜਨਤਾ ਜਗਸੀਰ ਸਿੰਘ ਕਾਲੇਕੇ ਦੀ ਸਾਫ਼-ਸੁਥਰੀ ਛਵੀ ਤੇ ਹਲਕੇ ਦੇ ਵਿਕਾਸ ਲਈ ਕੀਤੇ ਯਤਨਾਂ ਨੂੰ ਦੇਖਦੇ ਹੋਏ ਇਸ ਵਾਰ ਵੱਡੇ ਅੰਤਰ ਨਾਲ ਕਾਂਗਰਸ ਨੂੰ ਜਿਤਾਏਗੀ।ਉਕਤ ਆਗੂਆਂ ਨੇ ਤਰਨ ਤਾਰਨ ਉੱਪ-ਚੋਣ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਤਰਨ ਤਾਰਨ ਉੱਪ-ਚੋਣ ਵਿੱਚ ਕਾਂਗਰਸ ਪਾਰਟੀ ਵੱਡੀ ਲੀਡ ਨਾਲ ਜਿੱਤ ਹਾਸਲ ਕਰਕੇ ਇਹ ਸਾਬਿਤ ਕਰੇਗੀ ਕਿ ਪੰਜਾਬ ਦੇ ਲੋਕ ਅਜੇ ਵੀ ਕਾਂਗਰਸ ਦੀਆਂ ਨੀਤੀਆਂ 'ਤੇ ਭਰੋਸਾ ਰੱਖਦੇ ਹਨ।ਇਸ ਜਿੱਤ ਨਾਲ ਇਹ ਸਪੱਸ਼ਟ ਹੋ ਜਾਵੇਗਾ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੜ ਕਾਂਗਰਸ ਪਾਰਟੀ ਦੀ ਸਰਕਾਰ ਬਣੇਗੀ।ਕਾਂਗਰਸੀ ਆਗੂ ਨੇ ਕਿਹਾ ਕਿ ਇਹ ਜਿੱਤ ਸਿਰਫ਼ ਉਮੀਦਵਾਰ ਦੀ ਨਹੀਂ ਹੋਵੇਗੀ, ਸਗੋਂ ਹਰ ਉਸ ਵਰਕਰ ਦੀ ਹੈ, ਜਿਸ ਨੇ ਘਰ-ਘਰ ਜਾ ਕੇ ਪਾਰਟੀ ਦੀਆਂ ਨੀਤੀਆਂ ਤੇ ਲੋਕ ਹਿੱਤਾਂ ਲਈ ਕੀਤੇ ਕਾਰਜਾਂ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਈ।ਉਨ੍ਹਾਂ ਕਿਹਾ ਕਿ ਕਾਂਗਰਸ ਹਮੇਸ਼ਾ ਲੋਕਾਂ ਦੀ ਭਲਾਈ ਤੇ ਪੰਜਾਬ ਦੇ ਵਿਕਾਸ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਤਰਨ ਤਾਰਨ ਦੀ ਇਹ ਜਿੱਤ ਪਾਰਟੀ ਕਾਡਰ ਵਿੱਚ ਨਵੀਂ ਊਰਜਾ ਭਰਨ ਵਾਲੀ ਹੈ ਤੇ ਇਸ ਨਾਲ ਸੂਬੇ ਭਰ ਵਿੱਚ ਕਾਂਗਰਸ ਦੇ ਹੱਕ ਵਿੱਚ ਹਵਾ ਬਣ ਗਈ ਹੈ।ਉਨ੍ਹਾਂ ਦਾਅਵਾ ਕੀਤਾ ਕਿ ਜਿਵੇਂ ਲੋਕਾਂ ਨੇ ਉੱਪ-ਚੋਣ ਵਿੱਚ ਕਾਂਗਰਸ 'ਤੇ ਭਰੋਸਾ ਜਤਾਇਆ ਹੈ, ਉਸੇ ਤਰ੍ਹਾਂ 2027 ਵਿੱਚ ਵੀ ਕਾਂਗਰਸ ਨੂੰ ਪੰਜਾਬ ਵਿੱਚ ਪੂਰੀ ਬਹੁਮੱਤ ਨਾਲ ਸਰਕਾਰ ਬਣਾਉਣ ਦਾ ਮੌਕਾ ਦੇਣਗੇ।

# ਪੰਜਾਬੀ ਯੂਨੀਵਰਸਿਟੀ ਵਿਖੇ ਪ੍ਰੋ. ਤਾਰਾ ਸਿੰਘ ਪਟਿਆਲਾ ਸੰਗੀਤ ਸੰਮੇਲਨ ਅੱਜ ਤੋਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ 11ਵਾਂ ਸਾਲਾਨਾ ਦੋ ਰੋਜ਼ਾ ਪ੍ਰੋ. ਤਾਰਾ ਸਿੰਘ ਪਟਿਆਲਾ ਸੰਗੀਤ ਸੰਮੇਲਨ 14 ਅਕਤੂਬਰ ਤੋਂ ਆਰੰਭ ਹੋ ਰਿਹਾ ਹੈ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਵਿਭਾਗ ਦੇ ਸੀਨੀਅਰ ਪ੍ਰੋਫ਼ੈਸਰ ਤੇ ਇਸ ਸੰਮੇਲਨ ਦੇ ਕੋਆਰਡੀਨੇਟਰ ਪ੍ਰੋ. ਨਿਵੇਦਿਤਾ ਸਿੰਘ ਨੇ ਦੱਸਿਆ ਕਿ ਪ੍ਰੋ. ਤਾਰਾ ਸਿੰਘ ਉੱਘੇ ਸੰਗੀਤ ਸ਼ਾਸਤਰੀ, ਖੋਜੀ, ਲੇਖਕ, ਸੁਰ ਰਚਨਾਕਾਰ, ਅਧਿਆਪਕ ਤੇ ਗੁਰੂ ਸਨ, ਜਿਨ੍ਹਾਂ ਆਪਣੇ ਸੰਗੀਤ ਚਿੰਤਨ ਤੇ ਰਚਨਾਵਾਂ ਰਾਹੀਂ ਪੰਜਾਬ ਦੀ ਸੰਗੀਤ ਪ੍ਰੰਪਰਾ ਵਿੱਚ ਨਿੱਗਰ ਯੋਗਦਾਨ ਦਿੱਤਾ।ਉਨ੍ਹਾਂ ਦੱਸਿਆ ਕਿ ਇਸ ਸੰਮੇਲਨ ਵਿਚ ਵਿਸ਼ਵ ਪ੍ਰਸਿੱਧ ਕਲਾਕਾਰ ਪੰਡਤ ਰਾਜਨ ਸਾਜਨ ਮਿਸਰ, ਪੰਡਤ ਵਿਸ਼ਵ ਮੋਹਨ ਭੱਟ, ਐੱਲ. ਕੇ ਪੰਡਿਤ ਜਿਹੇ ਕਲਾਕਾਰਾਂ ਤੋਂ ਇਲਾਵਾ ਰਾਸ਼ਟਰੀ ਪੱਧਰ ਦੇ ਅਨੇਕ ਕਲਾਕਾਰ ਆਪਣੀ ਪੇਸ਼ਕਾਰੀ ਦੇ ਚੁੱਕੇ ਹਨ।ਇਸ ਵਾਰ ਦੇ ਸੰਮੇਲਨ ਵਿੱਚ ਵਿਸ਼ਵ ਭਾਰਤੀ ਸ਼ਾਂਤੀ ਨਿਕਤੇਨ ਤੋਂ ਪ੍ਰੋ. ਸਬਿਯਾਸਾਚੀ ਸਰਖੇਲ ਸਿਤਾਰ ਵਾਦਨ ਤੇ ਦਿੱਲੀ ਤੋਂ ਪੰਡਿਤ ਦੁਰਜੈ ਭੌਮਿਕ ਏਕਲ ਤਬਲਾ ਵਾਦਨ, ਪੁਣੇ ਤੋਂ ਡਾ. ਸਮੀਰ ਦੁਬਲੇ ਤੇ ਪੁਰੂਲਿਆ, ਪੱਛਮੀ ਬੰਗਾਲ ਤੋਂ ਡਾ. ਅੰਮ੍ਰਿਤਾ ਸਰਖੇਲ ਗਾਇਨ ਹਾਜ਼ਰ ਹੋ ਰਹੇ ਹਨ।ਸੰਮੇਲਨ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਅੰਮ੍ਰਿਤਸਰ ਤੋਂ ਸ੍ਰੀ ਦੀਪਿਨ ਰਾਜ ਕਰਨਗੇ, ਜੋ ਆਪਣੇ ਸ਼ਾਸਤਰੀ ਗਾਇਨ ਦੀ ਪੇਸ਼ਕਾਰੀ ਦੇਣਗੇ।ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਪ੍ਰੋ. ਤਾਰਾ ਸਿੰਘ ਦੀਆਂ ਬੰਦਿਸ਼ਾਂ ਦਾ ਗਾਇਨ ਵਿਸ਼ੇਸ਼ ਰੂਪ ਵਿੱਚ ਕੀਤਾ ਜਾਵੇਗਾ।ਸੰਮੇਲਨ ਦਾ ਇੱਕ ਸ਼ੈਸਨ ਵਿਖਿਆਤ ਸੰਗੀਤ ਚਿੰਤਕ ਤੇ ਆਲੋਚਕ ਸੰਗੀਤ ਸੰਕਲਪ ਨਾਮਕ ਰਾਸ਼ਟਰੀ ਸੰਸਥਾ ਦੇ ਸੰਸਥਾਪਕ ਡਾ. ਮੁਕੇਸ਼ ਗਰਗ ਨੂੰ ਸਮਰਪਤ ਹੋਵੇਗਾ।

# ਸਾਈਆਂ ਵਾਲਾ ਪਰਵਾਰ ਵੱਲੋਂ ਗੁਰਦੁਆਰਾ ਜਾਮਨੀ ਸਾਹਿਬ ਨੂੰ ਬੱਸ ਦੇ ਰੂਪ 'ਚ ਪਾਲਕੀ ਸਾਹਿਬ ਦੀ ਸੇਵਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਗੁਰੂ ਨਾਨਕ ਕਾਲਜ ਦੇ ਚੇਅਰਮੈਨ ਸਵ. ਰਤਿੰਦਰ ਸਿੰਘ ਸਾਈਆਂ ਵਾਲਾ ਦੇ ਪਰਵਾਰ ਵੱਲੋਂ ਉਨ੍ਹਾਂ ਦੇ ਜਨਮ ਦਿਨ ਤੇ ਸਦੀਵੀ ਯਾਦ ਨੂੰ ਸਮਰਪਿਤ ਗੁਰਦੁਆਰਾ ਜਾਮਨੀ ਸਾਹਿਬ (ਬਜੀਦਪੁਰ ਸਾਹਿਬ) ਲਈ ਸੁੰਦਰ ਬੱਸ ਦੇ ਰੂਪ ਵਿਚ ਪਾਲਕੀ ਸਾਹਿਬ ਦੀ ਸੇਵਾ ਕੀਤੀ ਗਈ। ਪਰਵਾਰ ਨੇ ਇਹ ਸੇਵਾ ਨਗਰ-ਕੀਰਤਨ ਤੇ ਹੋਰ ਧਾਰਮਿਕ ਸਮਾਗਮਾਂ ਲਈ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਸਸ਼ੋਭਤ ਕਰਕੇ ਲੈ ਜਾਣ ਦੇ ਮੰਤਵ ਵਜੋਂ ਕੀਤੀ, ਜਿਸ ਦੀ ਗੁਰਦੁਆਰਾ ਸਾਹਿਬ ਤੇ ਇਲਾਕੇ ਵਿੱਚ ਭਾਰੀ ਲੋੜ ਸੀ। ਇਸ ਸੇਵਾ ਨਾਲ ਪੂਰੇ ਇਲਾਕੇ ਨੂੰ ਲਾਭ ਹੋਵੇਗਾ।

ਸਾਈਆਂ ਵਾਲਾ ਪਰਵਾਰ ਵੱਲੋਂ ਆਪਣੇ ਗ੍ਰਹਿ ਵਿਖੇ ਵਾਹਿਗੁਰੂ ਦੀ ਹਜ਼ੂਰੀ ਵਿੱਚ ਇਲਾਕੇ ਦੀ ਸੰਗਤ ਦੇ ਭਾਰੀ ਇੱਕਠ ਸਮੇਤ ਅਰਦਾਸ ਬੇਨਤੀ ਕੀਤੀ ਤੇ ਸਮੂਹ ਇਲਾਕਾ ਨਿਵਾਸੀਆਂ ਅਤੇ ਵੱਖ-ਵੱਖ ਸ਼ਖਸੀਅਤਾਂ ਸਮੇਤ ਆਪਣੇ ਗ੍ਰਹਿ ਤੋਂ ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ ਵਿਖੇ ਅਰਦਾਸ ਉਪਰੰਤ ਮਹਾਰਾਜ ਦੀ ਹਜ਼ੂਰੀ ਵਿੱਚ ਪਾਲਕੀ ਸਾਹਿਬ ਦੀਆਂ ਚਾਬੀਆਂ ਭੇਟ ਕੀਤੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਗੁਰੂ ਨਾਨਕ ਕਾਲਜ ਦੇ ਚੇਅਰਮੈਨ ਅਸੀਸਪ੍ਰੀਤ ਸਿੰਘ ਸਾਈਆਂਵਾਲਾ ਨੇ ਕਿਹਾ ਕਿ ਉਨ੍ਹਾਂ ਦਾ ਪਰਵਾਰ ਤੇ ਸਵ. ਰਤਿੰਦਰ ਸਿੰਘ ਸਾਈਆਂਵਾਲਾ ਸ਼ੁਰੂ ਤੋਂ ਹੀ ਪੰਥ ਦਾ ਸੇਵਾਦਾਰ ਰਿਹਾ ਹੈ ਅਤੇ ਵਾਹਿਗੁਰੂ ਜੀ ਦੀ ਬਖਸ਼ਿਸ਼ ਨਾਲ ਭਵਿੱਖ ਵਿੱਚ ਵੀ ਹਮੇਸ਼ਾ ਹਾਜ਼ਰ ਰਹੇਗਾ। ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਸੀਸਪ੍ਰੀਤ ਸਿੰਘ ਸਾਈਆਂਵਾਲਾ, ਅੰਮ੍ਰਿਤਪਾਲ ਕੌਰ, ਡੀਆਈਜੀ ਰਾਜਪਾਲ ਸਿੰਘ ਸੰਧੂ ਆਈਪੀਐੱਸ, ਜੈਸਮਿਨ, ਬਾਣੀ ਤੇ ਅਰਜ਼ਾਨ ਸਾਈਆਂ ਵਾਲਾ ਨੂੰ ਸਿਰੋਪਾਓ ਤੇ ਧਾਰਮਿਕ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਉਪਰੰਤ ਕਮੇਟੀ ਨੇ ਪਰਵਾਰ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਚਾਨਣਾ ਪਾਉਂਦਿਆਂ ਸਮੂਹ ਪਰਵਾਰ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਇਲਾਕੇ ਦੀਆਂ ਉੱਘੀਆਂ ਧਾਰਮਿਕ ਸ਼ਖਸੀਅਤਾਂ ਤੋਂ ਇਲਾਵਾ ਸਮੂਹ ਗੁਰੂ ਨਾਨਕ ਕਾਲਜ ਮੈਨੇਜਮੈਂਟ ਤੇ ਸਟਾਫ ਤੇ ਇਲਾਕੇ ਦੀਆਂ ਮੋਹਤਬਰ ਸ਼ਖ਼ਸੀਅਤਾਂ ਅਰਦਾਸ ਵਿੱਚ ਹਾਜ਼ਰ ਹੋਈਆਂ।

# ਮੁੱਖ ਮੰਤਰੀ ਹਲਕੇ ਦੀਆਂ ਸੜਕਾਂ ਵਿਵਾਦਾਂ 'ਚ ਘਿਰੀਆਂ

## ਇਨਸਾਫ਼ ਪਸੰਦ ਲੋਕਾਂ ਵੱਲੋਂ ਮਿਸਾਲੀ ਕਾਰਵਾਈ ਦੀ ਮੰਗ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਭਾਵੇਂ ਪੰਜਾਬ ਅੰਦਰ ਬਹੁ-ਗਿਣਤੀ ਸੀਟਾਂ ਜਿੱਤ ਕੇ ਸੱਤਾ 'ਤੇ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਨੂੰ ਨਵੀਂ ਸੋਚ ਤੇ ਸੁਚਾਰੂ ਪ੍ਰਸ਼ਾਸਨ ਦੀ ਉਮੀਦ ਸੀ, ਪਰ ਮੁੱਖ ਮੰਤਰੀ ਦੇ ਆਪਣੇ ਹਲਕੇ ਦੀਆਂ ਸੜਕਾਂ ਹੀ ਅੱਜਕੱਲ੍ਹ ਭਾਰੀ ਵਿਵਾਦਾਂ ਵਿੱਚ ਘਿਰੀਆਂ ਹੋਈਆਂ ਹਨ।ਸਰਕਾਰੀ ਖਰਚੇ ਨਾਲ ਬਣ ਰਹੀਆਂ ਕਈ ਸੜਕਾਂ ਦੀ ਗੁਣਵੱਤਾ 'ਤੇ ਸਵਾਲ ਚੁੱਕੇ ਜਾ ਰਹੇ ਹਨ ਅਤੇ ਇਨਸਾਫ਼ਪਸੰਦ ਲੋਕਾਂ ਵੱਲੋਂ ਦੋਸ਼ੀ ਅਧਿਕਾਰੀਆਂ ਤੇ ਠੇਕੇਦਾਰਾਂ ਖ਼ਿਲਾਫ਼ ਮਿਸਾਲੀ ਕਾਰਵਾਈ ਦੀ ਮੰਗ ਉੱਠ ਰਹੀ ਹੈ।ਘਨੌਰੀ ਕਲਾਂ ਤੋਂ ਘਨੌਰ ਕਲਾਂ ਤੱਕ ਬਣ ਰਹੀ ਸੜਕ ਸਬੰਧੀ ਲੋਕਾਂ ਵੱਲੋਂ ਮੁੱਖ ਮੰਤਰੀ ਨੂੰ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਮੁੱਖ ਮੰਤਰੀ ਨੇ ਖੁਦ ਐਲਾਨ ਕੀਤਾ ਸੀ ਕਿ ਸੜਕ ਨੂੰ ਦੁਬਾਰਾ ਬਣਾਇਆ ਜਾਵੇਗਾ ਤੇ ਜ਼ਿੰਮੇਵਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਹ ਸੜਕ ਬਣਨ ਤੋਂ ਕੁਝ ਸਮੇਂ ਬਾਅਦ ਹੀ ਘਾਹ-ਬੂਟ ਉੱਗ ਪਏ ਸੀ, ਜਿਸ ਨਾਲ ਇਸ ਦੀ ਗੁਣਵੱਤਾ 'ਤੇ ਸਵਾਲ ਖੜ੍ਹੇ ਹੋਏ, ਪਰ ਅਫਸੋਸ ਹੈ ਕਿ ਮੁੱਖ ਮੰਤਰੀ ਦੇ ਹੁਕਮਾਂ ਬਾਵਜੂਦ ਅਜੇ ਤੱਕ ਉਸ ਮਾਮਲੇ 'ਚ ਕੋਈ ਠੋਸ ਕਾਰਵਾਈ ਹੁੰਦੀ ਦਿਖਾਈ ਨਹੀਂ ਦਿੱਤੀ।

ਇਸੇ ਤਰ੍ਹਾਂ ਘਨੌਰੀ ਕਲਾਂ ਤੋਂ ਰਾਜੋਮਾਜਰਾ ਤੱਕ ਦੀ ਸੜਕ ਵੀ ਵਿਵਾਦਾਂ ਵਿੱਚ ਹੈ।ਰਾਜੋਮਾਜਰਾ ਪੁਲ ਨੇੜੇ ਸੜਕ ਬੈਠ ਜਾਣ 'ਤੇ ਕਈ ਥਾਵਾਂ ਤੋਂ ਟੁੱਟ ਜਾਣ ਕਾਰਨ ਲੋਕਾਂ ਨੇ ਕਈ ਵਾਰ ਆਵਾਜ਼ ਉਠਾਈ। ਪਿੰਡ ਬਾਦਸ਼ਾਹਪੁਰ ਦੇ ਸਰਪੰਚ ਵੱਲੋਂ ਸੜਕ ਬਣਨ ਤੋਂ ਥੋੜ੍ਹੇ ਹੀ ਸਮੇਂ ਬਾਅਦ ਉਸ ਦੀ ਦੁਬਾਰਾ ਪ੍ਰੀਮਿਕਸ ਕਰਵਾਉਣੀ ਪਈ।ਪਿੰਡ ਬੁਗਰਾ ਦੀ ਫਿਰਨੀ ਵੀ ਕੁਝ ਮਹੀਨਿਆਂ ਵਿੱਚ ਹੀ ਤਰੇੜਾਂ ਨਾਲ ਭਰ ਗਈ, ਜਿਸ ਸਬੰਧੀ ਪਿੰਡ ਦੇ ਸਰਪੰਚ ਨੇ ਲਿਖਤੀ ਸ਼ਿਕਾਇਤ ਕਰਦਿਆਂ ਅਧਿਕਾਰੀਆਂ ਤੋਂ ਕਾਰਵਾਈ ਦੀ ਮੰਗ ਕੀਤੀ ਸੀ।

ਚਾਂਗਲੀ ਤੋਂ ਹਥਨ ਤੱਕ ਦੀ ਸੜਕ ਵੀ ਕੱਚੇ ਕੰਮ ਤੇ



ਟੁੱਟੀ ਸੜਕ ਦਿਖਾਉਂਦਾ ਹੋਇਆ ਕਿਸਾਨ ਆਗੂ।

ਨੀਵੀਂ ਗੁਣਵੱਤਾ ਦੇ ਦੋਸ਼ਾਂ ਕਾਰਨ ਚਰਚਾ ਦਾ ਵਿਸ਼ਾ ਬਣੀ ਹੋਈ ਹੈ।ਸ਼ੇਰਪੁਰ ਸੜਕ ਦੀ ਹਾਲਤ ਵੀ ਬਿਹਤਰ ਨਹੀਂ, ਸਿਰਫ਼ ਇੱਕ ਸਾਲ ਦੇ ਅੰਦਰ ਕਈ ਥਾਵਾਂ ਤੋਂ ਟੁੱਟਣ ਕਾਰਨ ਉਸ 'ਤੇ ਤਿੰਨ ਵਾਰ ਪ੍ਰੀਮਿਕਸ ਪਾ ਕੇ ਕੱਚਾ ਪ੍ਰਬੰਧ ਕੀਤਾ ਗਿਆ ਹੈ।ਪੰਚਾਇਤੀ ਰਾਜ ਵਿਭਾਗ ਵੱਲੋਂ ਬਣਾਈ ਕੁੰਬੜਵਾਲ ਤੋਂ ਰੰਗੀਆਂ ਸੜਕ ਵੀ ਥੋੜ੍ਹੇ ਸਮੇਂ ਵਿੱਚ ਹੀ ਟੁੱਟ ਗਈ ਸੀ।ਇਸ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਤਤਕਾਲੀ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਖੁਦ ਮੌਕੇ 'ਤੇ ਪਹੁੰਚ ਕੇ ਸੜਕ ਦਾ ਨਰੀਖਣ ਕਰਨ ਲਈ ਮਜਬੂਰ ਹੋਏ ਸਨ।ਇਸੇ ਤਰ੍ਹਾਂ ਪੰਚਾਇਤੀ ਰਾਜ ਵੱਲੋਂ ਬਣਾਈ ਘਨੌਰ ਕਲਾਂ ਤੋਂ ਕਲੇਰਾਂ ਲਿੰਕ ਸੜਕ ਵੀ ਛੇ ਮਹੀਨੇ ਦੇ ਅੰਦਰ ਹੀ ਖਰਾਬ ਹੋ ਗਈ ਸੀ।ਇਸ ਸਬੰਧੀ ਕਿਸਾਨ ਜਥੇਬੰਦੀ ਕਿਰਤੀ ਕਿਸਾਨ ਯੂਨੀਅਨ ਨੇ ਸੰਘਰਸ਼ ਕਰਦਿਆਂ ਪ੍ਰਦਰਸ਼ਨ ਕੀਤਾ, ਜਿਸ ਤੋਂ ਬਾਅਦ ਦੁਬਾਰਾ ਪ੍ਰੀਮਿਕਸ ਪਾਉਣੀ ਪਈ।

ਇਸੇ ਦੌਰਾਨ ਅਧਿਕਾਰੀਆਂ ਤੇ ਠੇਕੇਦਾਰਾਂ ਵਿਚਕਾਰ ਕਥਿਤ ਗੰਢ-ਤੁੱਪ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ ਕਿ ਦੁਬਾਰਾ ਪ੍ਰੀਮਿਕਸ ਪਾਏ ਜਾਣ ਦੇ ਨਾਂ 'ਤੇ ਪੰਜ ਤੋਂ ਸੱਤ ਲੱਖ ਰੁਪਏ ਦੀ ਰਕਮ ਗੈਰਕਾਨੂੰਨੀ ਢੰਗ ਨਾਲ ਠੇਕੇਦਾਰ ਨੂੰ ਅਦਾ ਕੀਤੀ ਗਈ।ਹਾਲ ਹੀ ਵਿੱਚ ਮੰਡੀ ਬੋਰਡ ਦੇ ਸੈਕਟਰੀ ਰਾਮਵੀਰ (ਆਈ.ਏ.ਐੱਸ.) ਵੱਲੋਂ ਵੀ ਸੜਕਾਂ ਦੇ ਸੈਂਪਲ ਭਰੇ ਗਏ ਹਨ, ਜਿਨ੍ਹਾਂ ਦੀ ਰਿਪੋਰਟ ਉਪਰੰਤ ਸੱਚਾਈ ਸਾਹਮਣੇ ਆਉਣ ਦੀ ਉਮੀਦ ਹੈ।

ਧੂਰੀ ਦੀ ਪਾਠਸ਼ਾਲਾ ਰੋਡ ਦਾ ਹਾਲ ਵੀ ਕੁਝ ਵੱਖਰਾ ਨਹੀਂ।ਸੜਕ ਬਣਨ ਤੋਂ ਕੁਝ ਹੀ ਸਮੇਂ ਬਾਅਦ ਬਜਰੀ ਉੱਖੜ ਕੇ ਬਾਹਰ ਆ ਗਈ, ਜਿਸ ਨਾਲ ਲੋਕਾਂ ਵਿੱਚ ਨਾਰਾਜ਼ਗੀ ਪੈਦਾ ਹੋਈ।ਇਸੇ ਤਰ੍ਹਾਂ ਸ਼ੇਰਪੁਰ-ਰਾਮਨਗਰ-ਛੰਨਾ ਸੜਕ ਵੀ ਚਰਚਾ ਦਾ ਕੇਂਦਰ ਬਣੀ ਹੋਈ ਹੈ।ਸੜਕ ਬਣਦੇ ਹੀ ਉਸ ਦੇ ਇੱਕ ਪਾਸੇ ਦੀ ਮਿੱਟੀ ਰੇਤ ਵਾਂਗ ਭੁਰ ਰਹੀ ਹੈ।ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਛੰਨਾ ਤੇ ਹੋਰ ਆਗੂਆਂ ਵੱਲੋਂ ਸਰਕਾਰ ਤੋਂ ਤੁਰੰਤ ਜਾਂਚ ਤੇ ਕਾਰਵਾਈ ਦੀ ਮੰਗ ਕੀਤੀ ਗਈ ਹੈ।ਲੋਕਾਂ ਦਾ ਕਹਿਣਾ ਹੈ ਕਿ ਜਿੱਥੇ ਮੁੱਖ ਮੰਤਰੀ ਦਾ ਆਪਣਾ ਹਲਕਾ ਹੀ ਵਿਕਾਸ ਦੀ ਬਜਾਏ ਵਿਕਾਸ ਕੰਮਾਂ 'ਚ ਗੁਣਵੱਤਾ ਰਹਿਤ ਕੰਮਾਂ ਲਈ ਚਰਚਾ 'ਚ ਹੈ, ਉਥੇ ਰਾਜ ਭਰ ਦੇ ਹੋਰ ਹਲਕਿਆਂ ਦੀ ਹਾਲਤ ਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ।ਇਸੇ ਲਈ ਸੂਬੇ ਦੇ ਇਨਸਾਫ਼ਪਸੰਦ ਤੇ ਜ਼ਿੰਮੇਵਾਰ ਨਾਗਰਿਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸਰਕਾਰ ਦੋਸ਼ੀ ਅਧਿਕਾਰੀਆਂ ਤੇ ਠੇਕੇਦਾਰਾਂ ਖ਼ਿਲਾਫ਼ ਮਿਸਾਲੀ ਕਾਰਵਾਈ ਕਰੇ, ਤਾਂ ਜੋ ਲੋਕਾਂ ਦਾ ਸਰਕਾਰੀ ਪ੍ਰਣਾਲੀ 'ਤੇ ਵਿਸ਼ਵਾਸ ਮੁੜ ਬਣ ਸਕੇ।

# ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੀ ਮੀਟਿੰਗ 'ਚ ਅਹਿਮ ਮੁੱਦੇ ਵਿਚਾਰੇ



**ਸਮਰਾਲਾ (ਸੁਰਜੀਤ ਸਿੰਘ)**-ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੀ ਮਹੀਨੇਵਾਰ ਇਕੱਤਰਤਾ ਫਰੰਟ ਦੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਦੀ ਪ੍ਰਧਾਨਗੀ ਹੇਠ ਬਾਗ਼ੀ ਭਵਨ ਵਿਖੇ ਕੀਤੀ ਗਈ।ਮੀਟਿੰਗ ਦੇ ਅਰੰਭ ਵਿੱਚ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਸਕੱਤਰ ਸ਼ਵਿੰਦਰ ਸਿੰਘ ਨੇ ਪਿਛਲੇ ਮਹੀਨੇ ਫਰੰਟ ਵੱਲੋਂ ਹੱਲ ਕੀਤੇ ਕੇਸਾਂ ਬਾਰੇ ਜਾਣਕਾਰੀ ਸਾਂਝੀ ਕੀਤੀ।ਉਸ ਤੋਂ ਮਗਰੋਂ ਦੀਪ ਦਿਲਬਰ ਵੱਲੋਂ ਉਚੇਚੇ ਤੌਰ 'ਤੇ ਮੀਟਿੰਗ ਵਿੱਚ ਸ਼ਾਮਲ ਕੀਤੇ ਗਏ, ਕਾਮਰੇਡ ਜਗਜੀਤ ਸਿੰਘ ਬਾਗ਼ੀ ਤੇ ਕਾਮਰੇਡ ਤਰਲੋਕ ਸਿੰਘ ਕੋਟਾਲਾ ਦੇ ਪੁਰਾਣੇ ਸਾਥੀ ਚਰਨ ਗਿੱਲ ਜੰਡਾਲੀ ਪਟਿਆਲਾ ਨੂੰ ਹਾਜ਼ਰੀਨ ਦੇ ਰੂਬਰੂ ਕਰਵਾਇਆ ਗਿਆ, ਜਿਨ੍ਹਾਂ ਨੇ ਆਪਣੇ ਸੰਘਰਸ਼ਮਈ ਜੀਵਨ, ਕਲਾਸਿਕ ਕਿਤਾਬਾਂ ਦੇ ਪੰਜਾਬੀ ਅਨੁਵਾਦ ਤੇ ਦੇਸ਼ ਦੀਆਂ ਮੌਜੂਦਾ ਪ੍ਰਸਥਿਤੀਆਂ 'ਤੇ ਵਿਸਥਾਰਪੂਰਵਕ ਚਾਨਣਾ ਪਾਇਆ।ਉਨ੍ਹਾਂ ਆਪਣੇ ਸੰਬੋਧਨ ਵਿੱਚ ਵਿਸ਼ੇਸ਼ ਤੌਰ 'ਤੇ ਫਿਕਰ ਜ਼ਾਹਰ ਕੀਤਾ ਕਿ ਜਨਤਕ ਇਕੱਠਾਂ ਤੇ ਇਹੋ ਜਿਹੇ ਅਗਾਂਹਵਧੂ ਪਲੇਟਫ਼ਾਰਮਾਂ 'ਤੇ ਔਰਤਾਂ ਤੇ ਨੌਜਵਾਨਾਂ ਦੀ ਗਿਣਤੀ ਦਾ ਘੱਟ ਹੋਣਾ ਚਿੰਤਾ ਦਾ ਵਿਸ਼ਾ ਹੈ।ਡਾ. ਪ੍ਰਮਿੰਦਰ ਸਿੰਘ ਬੈਨੀਪਾਲ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਵਾਲੀਆਂ ਜਥੇਬੰਦੀਆਂ ਦੀ ਸ਼ਲਾਘਾ ਕੀਤੀ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਆਪਣੇ ਵੱਲੋਂ ਸਾਮਾਨ ਵੰਡਣ ਮੌਕੇ ਦੇਖੇ ਗਏ ਹਾਲਾਤ ਵੀ ਸਾਂਝੇ ਕੀਤੇ।ਦੀਪ ਦਿਲਬਰ, ਅਵਤਾਰ ਸਿੰਘ ਉਟਾਲਾਂ, ਰਘੁਵੀਰ ਸਿੰਘ ਸੈਣੀ, ਕਾਮਰੇਡ ਭਜਨ ਸਿੰਘ ਸਮਰਾਲਾ ਨੇ ਵੀ ਮੀਟਿੰਗ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ।ਕਮਾਡੈਂਟ ਰਸ਼ਪਾਲ ਸਿੰਘ ਨੇ ਸਿਵਲ ਹਸਪਤਾਲ ਸਮਰਾਲਾ ਵਿਖੇ ਸ਼ਾਨਦਾਰ ਤੇ ਲੰਮੀਆਂ ਸੇਵਾਵਾਂ ਨਿਭਾਉਣ ਤੋਂ ਬਾਅਦ ਪਦਉਨਤ ਹੋਏ ਐੱਸ.ਐੱਮ.ਓ. ਡਾ. ਤਾਰਿਕਜੋਤ ਸਿੰਘ ਨੂੰ ਆਉਣ ਵਾਲੇ ਦਿਨਾਂ ਵਿੱਚ ਟੀ-ਪਾਰਟੀ ਕਰਨ ਸੰਬੰਧੀ ਜਾਣਕਾਰੀ ਦਿੱਤੀ।ਮੀਟਿੰਗ ਦੇ ਅਖੀਰ ਵਿੱਚ ਫਰੰਟ ਦੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਨੇ ਮਿਸਟਰ ਇੰਡੀਆ ਖ਼ਿਤਾਬ ਜੇਤੂ ਬਾਡੀ-ਬਿਲਡਰ ਵਰਿੰਦਰ ਘੁੰਮਣ, ਗਾਇਕ ਰਾਜਵੀਰ ਜਵੰਦਾ ਦੇ ਭਰ ਜਵਾਨੀ ਵਿੱਚ ਵਿਛੋੜਾ ਦੇ ਜਾਣ ਉੱਤੇ ਗਹਿਰਾ ਦੁੱਖ ਜ਼ਾਹਰ ਕੀਤਾ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅਵਾਰਾ ਫਿਰਦੇ ਸਾਨ੍ਹ, ਗਾਵਾਂ ਤੇ ਕੁੱਤਿਆਂ ਨੂੰ ਕਾਬੂ ਕੀਤਾ ਜਾਵੇ ਤਾਂ ਜੋ ਅੱਗੇ ਤੋਂ ਕਿਸੇ ਦਾ ਹੱਸਦਾ ਖੇਡਦਾ ਪਰਿਵਾਰ ਨਾ ਉੱਜੜੇ।ਮੀਟਿੰਗ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ ਕਾਮਰੇਡ ਚਰਨ ਗਿੱਲ ਪਟਿਆਲਾ ਦਾ ਫਰੰਟ ਦੇ ਸਮੂਹ ਅਹੁਦੇਦਾਰਾਂ ਵੱਲੋਂ ਕਿਤਾਬਾਂ ਦੇ ਸੈੱਟ ਨਾਲ ਸਨਮਾਨ ਕੀਤਾ ਗਿਆ।ਇਕੱਤਰਤਾ ਵਿੱਚ ਉਪਰੋਕਤ ਬੁਲਾਰਿਆਂ ਤੋਂ ਇਲਾਕਾ ਸੁਰਿੰਦਰ ਕੁਮਾਰ ਅੰਗਰੀਸ਼, ਮਾ. ਪ੍ਰੇਮ ਨਾਥ, ਦੇਸਰਾਜ ਘੋਲਾ, ਕਰਨੈਲ ਸਿੰਘ ਕੋਟਾਲਾ, ਕੈਪਟਨ ਮਹਿੰਦਰ ਸਿੰਘ, ਪ੍ਰਿਤਪਾਲ ਸਿੰਘ, ਮਨਜੀਤ ਸਿੰਘ ਕਕਰਾਲਾ, ਜਗਜੀਤ ਸਿੰਘ, ਤੇਜਾ ਸਿੰਘ, ਨਿਰਮਲ ਸਿੰਘ, ਪਰਮਜੀਤ ਮਾਛੀਵਾੜਾ, ਕਰਨਵੀਰ ਸਿੰਘ, ਚਰਨਜੀਤ ਸਿੰਘ, ਗੁਰਬਚਨ ਸਿੰਘ, ਸੀਤਲ ਸਿੰਘ, ਮਨਜੋਤ ਸਿੰਘ ਆਦਿ ਸ਼ਾਮਲ ਸਨ।

14-OCT-PAGE-6.qxd 10/13/2025 9:21 PM Page 1



## ਵਿਧਾਇਕ ਪੰਡੋਰੀ ਵੱਲੋਂ ਹਲਕਾ ਮੀਡੀਆ ਕੋਆਰਡੀਨੇਟਰ ਸਹਿਜੜਾ ਤੇ ਸਹਾਇਕ ਕੈਰੇ ਦਾ ਸਨਮਾਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਆਮ ਆਦਮੀ ਪਾਰਟੀ ਨੇ ਲੰਬੇ ਸਮੇਂ ਤੋਂ ਨਿਸ਼ਕਾਮ ਸੇਵਾਵਾਂ ਨਿਭਾਅ ਰਹੇ ਆਪ ਆਗੂ ਮਨਜੀਤ ਸਿੰਘ ਸਹਿਜੜਾ ਨੂੰ ਹਲਕਾ ਮਹਿਲ ਕਲਾਂ ਦਾ ਮੀਡੀਆ ਕੋਆਰਡੀਨੇਟਰ ਤੇ ਹਰਜੀਤ ਸਿੰਘ ਕੈਰੇ ਨੂੰ ਸਹਾਇਕ ਮੀਡੀਆ ਕੋਆਰਡੀਨੇਟਰ ਨਿਯੁਕਤ ਕੀਤਾ ਹੈ।ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪਾਰਟੀ ਹਾਈ ਕਮਾਂਡ ਵੱਲੋਂ ਨਵੇਂ ਨਿਯੁਕਤ ਕੀਤੇ ਗਏ ਮੀਡੀਆ ਕੋਆਰਡੀਨੇਟਰ ਮਨਜੀਤ ਸਿੰਘ ਸਹਿਜੜਾ ਤੇ ਸਹਾਇਕ ਹਰਜੀਤ ਸਿੰਘ ਕੈਰੇ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕਰਦਿਆਂ ਕਿਹਾ ਕਿ ਆਸ ਹੈ ਕਿ ਦੋਵੇਂ ਆਗੂ ਬਣਦੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਭੰਗੂ, ਹਲਕਾ ਸੰਗਠਨ ਇੰਚਾਰਜ ਰਮਨਦੀਪ ਦੀਪੀ, ਚੇਅਰਮੈਨ ਸੁਖਵਿੰਦਰ ਦਾਸ ਬਾਵਾ ਤੇ ਬਲਾਕ ਪ੍ਰਧਾਨ ਸਰਪੰਚ ਗੁਰਦੀਪ ਸਿੰਘ ਬਾਠ, ਪ੍ਰਧਾਨ ਗੁਰਜੀਤ ਸਿੰਘ ਧਾਲੀਵਾਲ ਨੇ ਵੀ ਦੋਵਾਂ ਆਗੂਆਂ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ।ਹਲਕਾ ਮੀਡੀਆ ਕੋਆਰਡੀਨੇਟਰ ਮਨਜੀਤ ਸਿੰਘ ਸਹਿਜੜਾ ਨੇ ਪਾਰਟੀ ਹਾਈ ਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਅਗਵਾਈ ਹੇਠ ਪਾਰਟੀ ਦੀਆਂ ਨੀਤੀਆਂ ਨੂੰ ਹਲਕੇ ਅੰਦਰ ਪ੍ਰਚਾਰਨ, ਸਮੂਹ ਪੱਤਰਕਾਰ ਭਾਈਚਾਰੇ ਨੂੰ ਪੂਰੇ ਸਤਿਕਾਰ ਸਹਿਤ ਨਾਲ ਲੈ ਕੇ ਲਈ ਲਗਨ ਮਿਹਨਤ ਈਮਾਨਦਾਰੀ ਨਾਲ ਕੰਮ ਕਰਨਗੇ।

## ਪਲਸ ਪੋਲੀਓ ਮੁਹਿੰਮ ਦਾ ਆਗਾਜ਼, ਬੱਚਿਆਂ ਨੂੰ ਬੂੰਦਾਂ ਪਿਲਾਉਣ ਦਾ ਟੀਚਾ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਭਰ ਵਿੱਚ ਪਲਸ ਪੋਲੀਓ ਮੁਹਿੰਮ ਦਾ ਆਗਾਜ਼ ਕੀਤਾ ਗਿਆ, ਜਿਸ ਦਾ ਉਦਘਾਟਨ ਹਲਕਾ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਆ ਕੇ ਕੀਤਾ।ਵਿਭਾਗ ਨੇ ਜ਼ੀਰੋ ਤੋਂ ਪੰਜ ਸਾਲ ਦੇ ਲਗਭਗ 57,000 ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾਂ ਪਿਲਾਉਣ ਦਾ ਟੀਚਾ ਮਿੱਥਿਆ ਹੈ।ਮੁਹਿੰਮ ਦੇ ਪਹਿਲੇ ਦਿਨ 12 ਅਕਤੂਬਰ ਨੂੰ ਜ਼ਿਲ੍ਹੇ ਵਿੱਚ ਵੱਖ-ਵੱਖ ਥਾਂਵਾਂ 'ਤੇ ਬੂਥ ਲਾ ਕੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ।ਵਿਧਾਇਕ ਸੇਖੋਂ ਨਾਲ ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਹੁਸਨਪਾਲ ਸਿੱਧੂ, ਸੀਨੀਅਰ ਮੈਡੀਕਲ ਅਫ਼ਸਰ ਡਾ. ਪਰਮਜੀਤ ਸਿੰਘ ਬਰਾੜ ਸਮੇਤ ਹੋਰ ਅਧਿਕਾਰੀ ਅਤੇ ਰੋਟਰੀ ਕਲੱਬ ਫ਼ਰੀਦਕੋਟ ਵਰਗੀਆਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਮੌਜੂਦ ਸਨ।ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਨੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਜ਼ੀਰੋ ਤੋਂ ਪੰਜ ਸਾਲ ਤੱਕ ਦਾ ਕੋਈ ਵੀ ਬੱਚਾ ਪੋਲੀਓ ਰੋਧਕ ਬੂੰਦਾਂ ਤੋਂ ਵਾਂਝਾ ਨਾ ਰਹੇ।ਉਨ੍ਹਾਂ ਦੱਸਿਆ ਕਿ ਟੀਚੇ ਨੂੰ ਪੂਰਾ ਕਰਨ ਲਈ ਸਿਹਤ ਵਿਭਾਗ ਨੇ ਵੱਖ-ਵੱਖ ਵਿਭਾਗਾਂ ਤੇ ਸਮਾਜ ਸੇਵੀ ਜਥੇਬੰਦੀਆਂ ਦਾ ਸਹਿਯੋਗ ਲਿਆ ਹੈ।ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਹੁਸਨਪਾਲ ਸਿੱਧੂ ਨੇ ਦੱਸਿਆ ਕਿ ਮੁਹਿੰਮ ਦੇ ਅਗਲੇ ਪੜਾਅ ਤਹਿਤ 13 ਤੇ 14 ਅਕਤੂਬਰ ਨੂੰ ਪੋਲੀਓ ਰੋਧਕ ਵੈਕਸੀਨ ਦੀਆਂ ਬੂੰਦਾਂ ਪਿਲਾਉਣ ਲਈ ਘਰ-ਘਰ ਜਾ ਕੇ ਮੁਹਿੰਮ ਚਲਾਈ ਜਾਵੇਗੀ।ਇਸ ਕਾਰਜ ਲਈ ਜ਼ਿਲ੍ਹਾ ਫਰੀਦਕੋਟ ਵਿੱਚ ਲਗਭਗ 500 ਟੀਮਾਂ ਲਾਈਆਂ ਗਈਆਂ ਹਨ।ਟੀਮਾਂ ਦੀ ਸੁਪਰਵੀਜ਼ਨ ਲਈ ਵੱਖ-ਵੱਖ ਏਰੀਆ ਸੁਪਰਵਾਈਜ਼ਰ ਵੀ ਤਾਇਨਾਤ ਕੀਤੇ ਗਏ ਹਨ।

## ਸੰਦੀਪ ਕੁਮਾਰ ਸੋਨੀ ਹਲਕਾ ਵਾਈਸ ਮੀਡੀਆ ਕੋਆਰਡੀਨੇਟਰ ਨਿਯੁਕਤ



**ਮਮਦੋਟ (ਹਰਪਾਲ ਸਿੰਘ ਸੋਢੀ)**-ਆਮ ਆਦਮੀ ਪਾਰਟੀ ਵੱਲੋਂ ਪੰਜਾਬ 'ਚ ਆਪਣੇ ਸੰਗਠਨ ਨੂੰ ਹੋਰ ਮਜ਼ਬੂਤ ਤੇ ਸਰਗਰਮ ਬਣਾਉਣ ਲਈ ਵੱਡੇ ਪੱਧਰ 'ਤੇ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ।ਇਸ ਤਹਿਤ ਹਲਕਾ ਫਿਰੋਜ਼ਪੁਰ ਦਿਹਾਤੀ ਅੰਦਰ ਸੰਦੀਪ ਕੁਮਾਰ ਸੋਨੀ ਮਮਦੋਟ ਵਾਰਡ ਨੰਬਰ ਪੰਜ ਨੂੰ ਹਲਕਾ ਵਾਈਸ ਮੀਡੀਆ ਕੋਆਰਡੀਨੇਟਰ ਵਜੋਂ ਨਿਯੁਕਤ ਕੀਤਾ ਗਿਆ ਹੈ।ਹਲਕਾ ਵਿਧਾਇਕ ਐਡਵੋਕੇਟ ਸ੍ਰੀ ਰਜਨੀਸ਼ ਕੁਮਾਰ ਦਹੀਆ, ਮਾਰਕੀਟ ਕਮੇਟੀ ਚੇਅਰਮੈਨ ਬਲਰਾਜ ਸਿੰਘ ਸੰਧੂ, ਬਲਾਕ ਪ੍ਰਧਾਨ ਸੁਰਿੰਦਰ ਕੁਮਾਰ ਸੋਨੂ ਸੇਠੀ ਤੇ ਬਲਵਿੰਦਰ ਸਿੰਘ ਰਾਓਕੇ ਨੇ ਸੰਦੀਪ ਕੁਮਾਰ ਸੋਨੀ ਨੂੰ ਲੱਡੂਆਂ ਨਾਲ ਮੂੰਹ ਮਿੱਠਾ ਕਰਾ ਕੇ ਤਹਿ ਦਿਲੋਂ ਵਧਾਈਆਂ ਦਿੱਤੀਆਂ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## 'ਵੋਟ ਚੋਰ ਗੱਦੀ ਛੋੜ' ਮੁਹਿੰਮ ਤਹਿਤ ਲੋਕਾਂ ਨੂੰ ਕੀਤਾ ਜਾਗਰੂਕ



**ਕੋਟ ਈਸੇ ਖਾਂ (ਅਰੋੜਾ)**-ਕਾਂਗਰਸ ਦੇ ਸੀਨੀਅਰ ਆਗੂ ਤੇ ਹਲਕਾ ਧਰਮਕੋਟ ਤੋਂ ਡੈਲੀਗੇਟ ਕੇ.ਕੇ ਤਿਵਾੜੀ ਨੇ ਵੋਟ ਚੋਰ ਗੱਦੀ ਛੋੜ ਮੁਹਿੰਮ ਦੀ ਸ਼ੁਰੂਆਤ ਕੀਤੀ ਤੇ ਫ਼ਾਰਮ ਭਰੇ ਗਏ।ਕੇ ਕੇ ਤਿਵਾੜੀ ਨੇ ਕਿਹਾ ਕਿ ਇਹ ਮੁਹਿੰਮ ਦੇਸ਼ ਭਰ ਵਿਚ ਕਾਂਗਰਸ ਵੱਲੋਂ ਸ਼ੁਰੂ ਕੀਤੀ ਗਈ ਉਸ ਲੜੀ ਦਾ ਹਿੱਸਾ ਹੈ, ਜਿਸ ਦਾ ਮਕਸਦ ਲੋਕਾਂ ਨੂੰ ਭਾਜਪਾ ਹੇਰਾਫੇਰੀ ਬਾਰੇ ਜਾਗਰੂਕ ਕਰਨਾ ਹੈ ਤੇ ਲੋਕਾਂ ਨੂੰ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਹਲਕਾ ਧਰਮਕੋਟ ਤੋਂ ਸਾਬਕਾ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਵੱਲੋਂ ਵੀ ਇਸ ਮੁਹਿੰਮ ਤਹਿਤ ਲੋਕਾਂ ਨੂੰ ਪਿੰਡਾਂ 'ਚ ਕਾਫ਼ੀ ਵੱਡੇ ਪੱਧਰ ਤੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਮੁਹਿੰਮ ਦੌਰਾਨ ਸ਼ਹਿਰ ਵਾਸੀਆਂ ਵੱਲੋਂ ਵੱਡੇ ਪੱਧਰ 'ਤੇ ਹਿੱਸਾ ਲਿਆ।ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਨੇ ਲੋਕ ਸਭਾ ਚੋਣਾਂ ਵਿੱਚ ਵੋਟਾਂ ਦੀ ਚੋਰੀ ਨਾ ਕੀਤੀ ਹੁੰਦੀ, ਤਾਂ ਦੇਸ਼ ਵਿੱਚ ਕਾਂਗਰਸ ਦੀ ਸਰਕਾਰ ਹੁੰਦੀ। ਉਨ੍ਹਾਂ ਦੱਸਿਆ ਕਿ ਰਾਹੁਲ ਗਾਂਧੀ ਨੇ ਭਾਜਪਾ ਦੀ ਇਸ ਚੋਰੀ ਨੂੰ ਬੇਨਕਾਬ ਕਰਕੇ ਦੇਸ਼ ਦੇ ਲੋਕਾਂ ਦੇ ਸਾਹਮਣੇ ਸੱਚ ਰੱਖਿਆ ਹੈ।

## ਹਰਗੋਬਿੰਦ ਪਬਲਿਕ ਸਕੂਲ ਕਾਂਗੜ ਦੇ ਬੱਚਿਆਂ ਵੱਲੋਂ ਧਾਰਮਿਕ ਟੂਰ



**ਬਠਿੰਡਾ (ਰਾਜੀਵ ਗੋਇਲ)**-ਹਰਗੋਬਿੰਦ ਪਬਲਿਕ ਸਕੂਲ ਕਾਂਗੜ ਦੇ ਬੱਚਿਆਂ ਵੱਲੋਂ ਦੋ ਰੋਜ਼ਾ ਧਾਰਮਿਕ ਟੂਰ ਲਗਾਇਆ ਗਿਆ, ਜਿਸ ਨੂੰ ਸਕੂਲ ਦੇ ਚੇਅਰਮੈਨ ਭੂਮੀ ਪਾਲ ਕਾਂਗੜ ਨੇ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ।ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਸੋਨੂ ਕੁਮਾਰ ਕਾਂਗੜ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਗੁਰਦੁਆਰਾ ਮੁੱਦਕੀ ਸਾਹਿਬ, ਤਰਨਤਾਰਨ, ਛੇਹਰਟਾ ਸਾਹਿਬ, ਸੰਨ੍ਹ ਸਾਹਿਬ, ਰਾਮ ਤੀਰਥ ਮੰਦਰ (ਅੰਮ੍ਰਿਤਸਰ), ਵਾਹਗਾ ਬਾਰਡਰ, ਦਰਬਾਰ ਸਾਹਿਬ ਅੰਮ੍ਰਿਤਸਰ, ਗੋਇੰਦਵਾਲ ਸਾਹਿਬ, ਸੁਲਤਾਨਪੁਰ ਲੋਧੀ, ਖਡੂਰ ਸਾਹਿਬ, ਬਾਬਾ ਬੁੱਢਾ ਜੀ ਆਦਿ ਸਥਾਨਾਂ ਦੇ ਦਰਸ਼ਨ ਕੀਤੇ।ਬੱਚਿਆਂ ਨੂੰ ਧਾਰਮਿਕ ਸਥਾਨਾਂ ਦੀ ਇਤਿਹਾਸਕ ਮਹੱਤਤਾ ਤੋਂ ਬੱਚਿਆਂ ਨੂੰ ਜਾਣੂ ਕਰਵਾਇਆ ਗਿਆ।ਇਹ ਧਾਰਮਿਕ ਟੂਰ ਬੱਚਿਆਂ ਲਈ ਵਧੇਰੇ ਉਪਯੋਗੀ ਸਿੱਧ ਹੋਇਆ।ਇਸ ਮੌਕੇ ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਜਸਵੀਰ ਕੌਰ, ਸਵਰਨਜੀਤ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ, ਸਮਾਜ ਸੇਵੀ ਤੇ ਲੇਖਕ ਸੁਖਦੀਪ ਸਿੰਘ ਮੈਡੀਕਲ ਸਟੋਰ, ਰਵਿੰਦਰ ਕਪਿਲ ਆਦਿ ਹਾਜ਼ਰ ਸਨ।

## ਰਾਸ਼ਨ ਵੰਡ ਪ੍ਰਕਿਰਿਆ, ਮਿਡ ਡੇਅ ਮੀਲ ਤੇ ਸਟੋਰੇਜ ਪ੍ਰਬੰਧ ਦੀ ਕੀਤੀ ਸਮੀਖਿਆ

**ਮਾਲੇਰਕੋਟਲਾ (ਪੱਤਰ ਪ੍ਰੇਰਕ)**-ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਨੇ ਮਲੇਰਕੋਟਲਾ ਜ਼ਿਲ੍ਹੇ ਦਾ ਦੌਰਾ ਕਰਦਿਆਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮਹੱਤਵਪੂਰਨ ਬੈਠਕ ਕੀਤੀ।ਇਸ ਦੌਰਾਨ ਉਨ੍ਹਾਂ ਰਾਸ਼ਨ ਵੰਡ ਪ੍ਰਕਿਰਿਆ, ਮਿਡ ਡੇਅ ਮੀਲ ਸਕੀਮ ਅਤੇ ਖਾਣੇ ਦੀ ਸਟੋਰੇਜ ਸਿਸਟਮ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਤੇ ਆਮ ਜਨਤਾ ਤੱਕ ਸਰਕਾਰੀ ਸਕੀਮਾਂ ਦੇ ਲਾਭ ਪੁੱਜਦਾ ਕਰਨ ਨੂੰ ਯਕੀਨੀ ਬਣਾਉਣ ਲਈ ਸਪੱਸ਼ਟ ਨਿਰਦੇਸ਼ ਜਾਰੀ ਕੀਤੇ।ਸੇਖੋਂ ਨੇ ਹੁਕਮ ਦਿੱਤਾ ਕਿ ਜ਼ਿਲ੍ਹੇ ਦੇ ਸਾਰੇ ਸਕੂਲਾਂ, ਆਂਗਣਵਾੜੀ ਕੇਂਦਰਾਂ ਤੇ ਰਾਸ਼ਨ ਡਿਪੂਆਂ ਦੇ ਬਾਹਰ ਪੰਜਾਬ ਸਟੇਟ ਫੂਡ ਕਮਿਸ਼ਨ ਦਾ ਹੈਲਪਲਾਈਨ ਨੰਬਰ ਤੇ ਸੰਪਰਕ ਵੇਰਵੇ ਸਪੱਸ਼ਟ ਤੌਰ 'ਤੇ ਲਿਖੇ ਜਾਣ ਤਾਂ ਜੋ ਲੋਕ ਆਪਣੀਆਂ ਸ਼ਿਕਾਇਤਾਂ ਸਿੱਧਾ ਕਮਿਸ਼ਨ ਤੱਕ ਪੁਚਾ ਸਕਣ।ਸੇਖੋਂ ਨੇ ਕਿਹਾ ਕਿ ਨੈਸ਼ਨਲ ਫੂਡ ਸਕਿਉਰਿਟੀ ਐਕਟ-2013 ਤੇ ਪੰਜਾਬ ਫੂਡ ਸਕਿਉਰਿਟੀ ਰੂਲਜ਼-2016 ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਤੇ ਇਸ ਤਹਿਤ ਹਰ ਲਾਭਪਾਤਰੀ ਤੱਕ ਸਹੀ ਸਮੇਂ ਵਿਚ ਪਹੁੰਚੇ ਇਹ ਯਕੀਨੀ ਬਣਾਇਆ ਜਾਵੇ।ਉਨ੍ਹਾਂ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਨੂੰ ਹੁਕਮ ਦਿੱਤਾ ਕਿ ਸਮੂਹ ਰਾਸ਼ਨ ਡਿਪੂਆਂ 'ਤੇ ਸਪੱਸ਼ਟ ਬੋਰਡ ਅਤੇ ਹੈਲਪਲਾਈਨ ਨੰਬਰ ਲਾਏ ਜਾਣ।ਇਸ ਤੋਂ ਇਲਾਵਾ ਸਿਹਤ ਵਿਭਾਗ ਨੂੰ ਦੁੱਧ ਤੇ ਦੁੱਧ ਉਤਪਾਦਾਂ ਦੀ ਲਗਾਤਾਰ ਜਾਂਚ ਕਰਨ ਅਤੇ ਸਕੂਲਾਂ, ਆਂਗਣਵਾੜੀ ਕੇਂਦਰਾਂ 'ਚ ਕੁੱਕ ਤੇ ਹੈਲਪਰਾਂ ਦੀ ਮੈਡੀਕਲ ਸਕਰੀਨਿੰਗ ਯਕੀਨੀ ਬਣਾਉਣ ਦੀ ਹਦਾਇਤ ਕੀਤੀ।ਸੇਖੋਂ ਨੇ ਸਕੂਲ ਰਾਜਿੰਦਰ ਨਗਰ 'ਚ ਮਿਡ ਡੇਅ ਮੀਲ ਦੀ ਤਿਆਰੀ ਅਤੇ ਸਟੋਰੇਜ ਦਾ ਜਾਇਜ਼ਾ ਲਿਆ ਅਤੇ ਖਾਣੇ ਦੀ ਗੁਣਵੱਤਾ 'ਤੇ ਸੰਤੁਸ਼ਟੀ ਪ੍ਰਗਟਾਈ।ਉਨ੍ਹਾਂ ਦੌਰਾਨ ਬਰਸਾਤੀ ਮੌਸਮ 'ਚ ਰਾਸ਼ਨ ਸਟੋਰੇਜ ਸਬੰਧੀ ਚੌਕਸੀ ਬਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਖਾਣੇ ਦੀ ਵਰਤੋਂ ਤੋਂ ਪਹਿਲਾਂ ਉਸ ਦੀ ਸਾਫ਼-ਸਫ਼ਾਈ ਤੇ ਧੁੱਪ ਲਾਉਣ ਦੀ ਪ੍ਰਕਿਰਿਆ ਵਿਸ਼ੇਸ਼ ਤੌਰ 'ਤੇ ਕੀਤੀ ਜਾਵੇ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੀ ਲਲਤੋਂ ਕਲਾਂ ਕਨਵੈਨਸ਼ਨ ਸਫ਼ਲ ਰਹੀ : ਬਰਮੀ, ਬਨਵੈਤ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਸਬੰਧਤ ਏਟਕ ਵੱਲੋਂ ਦਿੱਤੇ ਪ੍ਰੋਗਰਾਮ ਮੁਤਾਬਿਕ ਸਰਕਲਾਂ ਦੀਆਂ ਵਧਾਈਆਂ ਹੋਈਆਂ ਮੀਟਿੰਗਾਂ ਦੀ ਲੜੀ ਦੇ ਤਹਿਤ ਸਬ ਅਰਬਨ ਸਰਕਲ ਯੂਨਿਟ ਲੁਧਿਆਣਾ ਦੀ ਮੀਟਿੰਗ ਯਾਦਗਾਰੀ ਹਾਲ ਲਲਤੋਂ ਕਲਾਂ ਵਿਖੇ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਸਕੱਤਰ ਬਲਵਿੰਦਰ ਸਿੰਘ ਇਯਾਲੀ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਸੂਬਾਈ ਆਗੂ ਕਾਰਜਕਾਰੀ ਪ੍ਰਧਾਨ ਚਮਕੌਰ ਸਿੰਘ ਬਰਮੀ, ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਪ੍ਰੈੱਸ ਸਕੱਤਰ ਬਲਬੀਰ ਸਿੰਘ ਮਾਨ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਬੋਲਦਿਆਂ ਆਪਣੇ ਵਿਚਾਰ ਸਾਂਝੇ ਕਰਦਿਆਂ ਆਉਣ ਵਾਲੇ ਸੰਘਰਸ਼ਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ।ਸੰਬੰਧਤ ਆਗੂਆਂ ਨੇ ਦੱਸਿਆ ਕਿ ਝੂਠੇ ਦਾਅਵਿਆਂ ਨਾਲ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਮੂਹ ਮੁਲਾਜ਼ਮਾਂ, ਪੈਨਸ਼ਰਾਂ ਤੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ, ਜਿਸ ਦਾ ਜਵਾਬ ਆਉਣ ਵਾਲੀਆਂ ਫਰਵਰੀ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦਿੱਤਾ ਜਾਵੇਗਾ।ਸਾਰੀਆਂ ਲਾਲ ਝੰਡੇ ਦੀਆਂ ਜਥੇਬੰਦੀਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠੇ ਕਰ ਕੇ ਜਾਗਦੀ ਜਮੀਰ ਵਾਲੇ ਲੋਕਾਂ ਨਾਲ ਰਾਬਤਾ ਕਰਕੇ ਸਾਰਿਆਂ ਨੂੰ ਇਸ ਸਰਕਾਰ ਦੀਆਂ ਨਕਾਮੀਆਂ ਤੇ ਕੁਤਾਹੀਆਂ ਦੱਸਣ ਲਈ 17 ਨਵੰਬਰ ਨੂੰ ਸੰਗਰੂਰ ਵਿਖੇ ਇੱਕ ਲਾ-ਮਿਸਾਲ ਧਰਨਾ ਦੇ ਕੇ ਭੰਡਾਂ ਦੀ ਸਰਕਾਰ ਨੂੰ ਡੰਡੇ ਨਾਲ ਹੱਕ ਕੇ ਸੱਤਾ ਤੋਂ ਲਾਂਭੇ ਕਰਨ ਦਾ ਮੁੱਢ ਬੰਨ੍ਹਿਆ ਜਾਵੇਗਾ।ਸਾਰੇ ਸਾਥੀਆਂ ਨੂੰ ਲਾਲ ਝੰਡੇ ਦੀਆਂ ਜਥੇਬੰਦੀਆਂ ਦੀ ਪ੍ਰਨਾਏ ਨਿਯਮਾਂ ਮੁਤਾਬਿਕ ਲਾਲ ਝੰਡੇ ਦਾ ਨਾਮ ਦਾਨ ਲੈ ਕੇ ਸਮਾਜ ਸੁਧਾਰਨ ਦੀ ਗੱਲ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਸਾਡੇ ਹੀ ਟੈਕਸ ਰੂਪੀ ਪੈਸਿਆਂ ਨਾਲ ਸਾਨੂੰ ਖਰੀਦ ਕੇ ਬਣਦੀਆਂ ਸਹੂਲਤਾਂ ਨਾ ਦੇ ਕੇ ਖੈਰਾਤ ਵਜੋਂ ਮਾਫੀਆ ਦੇ ਕੇ ਸਾਨੂੰ ਰੁਜ਼ਗਾਰ ਤੋਂ ਲਾਂਭੇ ਰੱਖਿਆ ਜਾ ਰਿਹਾ ਹੈ।

ਬੁਲਾਰਿਆਂ ਨੇ ਕਿਹਾ ਕਿ ਬਿਜਲੀ ਬੋਰਡ ਦੀ ਮੈਨੇਜਮੈਂਟ ਨੇ ਜੇਕਰ ਪਿਛਲੇ ਸਮੇਂ ਦੌਰਾਨ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਕੇ ਕੈਸ਼ਲੈੱਸ ਸਿਹਤ ਸਕੀਮ ਚਾਲੂ ਨਾ ਕੀਤੀ, ਬਣਦੀਆਂ ਡੀ ਏ ਦੇ ਬਕਾਏ ਦੀਆਂ ਕਿਸ਼ਤਾਂ ਨਾ ਦਿੱਤੀਆਂ, ਸੋਧੇ ਹੋਏ ਸਕੇਲ ਦੋ ਪੁਆਇੰਟ 59 ਦੇ ਗੁਣਾਂਕ ਅਨੁਸਾਰ ਲਾਗੂ ਨਾ ਕੀਤੇ, ਧੱਕੇ ਨਾਲ ਲਗਾਇਆ ਹੋਇਆ 200 ਰੁਪਏ ਜਜ਼ੀਆ ਟੈਕਸ ਪ੍ਰਤੀ ਮਹੀਨਾ ਬੰਦ ਨਾ ਕੀਤਾ, ਨਵੀਂ ਭਰਤੀ ਵਿੱਚ 10% ਕੋਟਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਬਹਾਲ ਨਾ ਕੀਤਾ, 200 ਬਿਜਲੀ ਯੂਨਿਟ ਬਹਾਲ ਨਾ ਕੀਤੀ ਤੇ ਹੋਰ ਬੰਦ ਕੀਤੀਆਂ ਸਹੂਲਤਾਂ ਤੇ ਭੱਤਿਆਂ ਨੂੰ ਜਾਰੀ ਨਾ ਕੀਤਾ ਤਾਂ ਸਮੂਹ ਮੁਲਾਜ਼ਮ ਤੇ ਪੈਨਸ਼ਨਰਜ਼ ਦੁਖੀ ਮਨ ਨਾਲ ਕਾਲੀ ਦਿਵਾਲੀ ਮਨਾ ਕੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਸਰਕਾਰ ਤੇ ਮੈਨੇਜਮੈਂਟ ਦਾ ਵਿਰੋਧ ਕਰਦੇ ਹੋਏ ਆਪਣਾ ਰੋਸ ਪ੍ਰਦਰਸ਼ਨ ਕਰਨਗੇ। ਇਸ ਮੌਕੇ ਨਾਜਰ ਸਿੰਘ ਧੂੜਕੋਟ, ਹਰਨੇਕ ਸਿੰਘ ਜਰਖੜ, ਜਰਨੈਲ ਸਿੰਘ ਜੱਸੋਵਾਲ, ਜਸਵਿੰਦਰ ਸਿੰਘ ਰਾਣਾ, ਮਲਕੀਤ ਸਿੰਘ ਲਲਤੋਂ ਕਲਾਂ ਆਦਿ ਨੇ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ ਦੀ ਅਗਵਾਈ ਵਿੱਚ ਜੋਗਿੰਦਰ ਕੁਮਾਰ ਚੀਮਨਾ, ਨਛੱਤਰ ਸਿੰਘ, ਮੇਹਰ ਸਿੰਘ, ਜਗਤਾਰ ਸਿੰਘ, ਗੁਰਮੇਲ ਸਿੰਘ ਮਲਕ ਆਦਿ ਨੇ ਜਗਰਾਉਂ ਦੇ ਪ੍ਰਧਾਨ ਗੁਰਚਰਨ ਸਿੰਘ ਦੀ ਅਗਵਾਈ ਵਿੱਚ ਸੁਖਦੇਵ ਸਿੰਘ ਅੱਬੂਵਾਲ, ਜਸਮੇਲ ਸਿੰਘ ਮੋਹੀ, ਸਤਪਾਲ ਸਿੰਘ ਭਨੋਹੜ, ਭਜਨ ਸਿੰਘ ਖੰਡੂਰ ਆਦਿ ਨੇ ਪ੍ਰਧਾਨ ਮੰਡਲ ਯੂਨਿਟ ਅੱਡਾ ਦਾਖਾ ਹਰਦਿਆਲ ਸਿੰਘ ਘੁਮਾਣ ਦੀ ਅਗਵਾਈ ਵਿੱਚ, ਬਲਦੇਵ ਸਿੰਘ ਸੁਖਾਣਾ, ਬੂਟਾ ਸਿੰਘ ਬਿੰਜਲ ਆਦਿ ਨੇ ਪ੍ਰਧਾਨ ਜੋਗਿੰਦਰ ਸਿੰਘ ਜੱਟਪੁਰੀ ਦੀ ਅਗਵਾਈ ਵਿੱਚ ਇਸ ਵਧਾਈ ਹੋਈ ਮੀਟਿੰਗ ਵਿੱਚ ਸ਼ਾਮਲ ਹੋ ਕੇ ਆਪੋ ਆਪਣੇ ਵਿਚਾਰ ਸਾਂਝੇ ਕਰਦਿਆਂ ਸੂਬਾਈ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸੰਘਰਸ਼ਾਂ ਵਿੱਚ ਸਮੂਹ ਮੈਂਬਰਾਂ ਸਮੇਤ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ।

## ਸਰਹੱਦੀ ਸਕੂਲ ਅਹਿਮਦ ਢੰਡੀ 'ਚ ਵਿੱਦਿਅਕ ਮੇਲਿਆਂ ਦਾ ਸਫਲ ਆਯੋਜਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਮੁਨੀਲਾ ਅਰੋੜਾ, ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾਕਟਰ ਸਤਿੰਦਰ ਸਿੰਘ, ਰਾਸ਼ਟਰੀ ਪੁਰਸਕਾਰ ਵਿਜੇਤਾ ਦੀ ਅਗਵਾਈ ਵਿੱਚ ਸਰਹੱਦੀ ਸਕੂਲ ਸਰਕਾਰੀ ਹਾਈ ਸਮਾਰਟ ਸਕੂਲ ਅਹਿਮਦ ਢੰਡੀ ਵਿਚ ਵੱਖ-ਵੱਖ ਵਿੱਦਿਅਕ ਮੇਲਿਆਂ ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਹੈੱਡਮਾਸਟਰ ਮਾਸਟਰ ਜਗਦੀਸ਼ ਸਿੰਘ ਦੁਆਰਾ ਵਿੱਦਿਅਕ ਮੇਲਿਆਂ ਰਾਹੀਂ ਤਾਲੀਮ ਦੇ ਖਜ਼ਾਨੇ ਖੋਲ੍ਹਣ ਦੀ ਚਾਬੀ ਦੱਸਦਿਆਂ ਵਿਦਿਆਰਥੀਆਂ ਨੂੰ ਗਿਆਨ, ਤਜਰਬਾ ਤੇ ਯੋਗਤਾ ਨਾਲ ਆਪਣੇ ਮਨ ਮਸਤਕ ਨੂੰ ਰਸ਼ਨਾਉਣ ਦੀ ਅਪੀਲ ਕੀਤੀ ਹੈ। ਇਸ ਮੇਲੇ ਦੇ ਪ੍ਰਮੁੱਖ ਆਯੋਜਕ ਪਰਮਜੀਤ ਕੌਰ ਤੇ ਆਸਥਾ ਕੰਬੋਜ ਨੇ ਦੱਸਿਆ ਕਿ ਇਸ ਵਿੱਦਿਅਕ ਮੇਲੇ 'ਚ ਗਣਿਤ ਦੇ ਬਿਖਮ ਸੰਕਲਪਾਂ ਨੂੰ ਮਾਡਲਾਂ ਤੇ ਲਾਈਵ ਮਿਸਾਲਾ ਰਾਹੀਂ ਦ੍ਰਿਸ਼ਟਾਂਤ ਵਰਤ ਕੇ ਨਿਵੇਕਲੇ ਅੰਦਾਜ ਵਿੱਚ ਆਪਣੀ ਸਮਝ ਦੀ ਪੇਸ਼ਕਾਰੀ ਕੀਤੀ ਗਈ। ਸਾਇੰਸ ਵਿਸ਼ੇ ਨਾਲ ਸਬੰਧਤ ਸਰੀਰਕ ਢਾਂਚੇ ਦੀ ਬਣਤਰ, ਵੱਖ-ਵੱਖ ਰਸਾਇਣਿਕ ਕਿਰਿਆਵਾਂ ਦੀ ਆਮ ਜੀਵਨ ਨਾਲ ਸਬੰਧਤ ਜਾਣਕਾਰੀ ਬਹੁਤ ਹੀ ਰੋਚਕ ਢੰਗ ਨਾਲ ਪੇਸ਼ ਕੀਤੀ ਗਈ। ਸਕੂਲ ਦੇ 150 ਦੇ ਕਰੀਬ ਸਹਿਭਾਗੀ ਵਿਦਿਆਰਥੀਆਂ ਦੁਆਰਾ ਮਾਪਿਆਂ ਤੇ ਆਪਣੇ ਜਮਾਤੀਆਂ ਸਾਹਮਣੇ ਆਪਣੀ ਖੋਜੀ ਬਿਰਤੀ ਦਾ ਦਿਲਚਸਪ ਅੰਦਾਜ਼ ਪੇਸ਼ ਕੀਤਾ ਗਿਆ। ਇਸ ਮੌਕੇ ਸੁਖਵਿੰਦਰ ਕੌਰ ਗਰੇਵਾਲ, ਮਾਸਟਰ ਗੁਰਮੇਜ ਸਿੰਘ ਫਾਜ਼ਿਲਕਾ, ਬਲਵਿੰਦਰ ਸਿੰਘ ਬੂਲਾ ਰਾਏ, ਪਰਵਿੰਦਰ ਸਿੰਘ ਲਾਲਚੀਆਂ, ਸੁਖਵਿੰਦਰ ਕੌਰ ਐੱਚ ਟੀ ਸ਼ਿਮਲਾ ਰਾਣੀ, ਬਾਪੂ ਕਰਨੈਲ ਸਿੰਘ ਸੋਢੀ ਮਾਨ ਸਿੰਘ, ਚੇਅਰਮੈਨ ਪ੍ਰੇਮ ਸਿੰਘ, ਸੁਖਚੈਨ ਸਿੰਘ ਕਲਰਕ ਦੁਆਰਾ ਹਾਜ਼ਰੀ ਭਰ ਕੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ।

## ਭਗਵਾਨ ਵਾਲਮੀਕਿ ਪ੍ਰਗਟ ਦਿਵਸ ਸੰਬੰਧੀ ਭਾਵਾਧਸ ਵੱਲੋਂ ਸ਼ੋਭਾ ਯਾਤਰਾ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਸੰਬੰਧੀ ਭਾਵਾਧਸ ਵੱਲੋਂ 9ਵੀਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ।ਸਵੇਰੇ ਭਗਵਾਨ ਵਾਲਮੀਕਿ ਮੰਦਰ ਵਿਖੇ ਹਵਨ ਯੱਗ, ਪੂਜਾ-ਅਰਚਨਾ ਉਪਰੰਤ ਸ੍ਰੀ ਰਮਾਇਣ ਦੇ ਪਾਠ ਦੇ ਭੋਗ ਵੀ ਪਾਏ ਗਏ।ਇਸ ਮੌਕੇ ਭਾਵਾਧਸ ਆਗੂ ਨੰਬਰਦਾਰ ਰੋਸ਼ਨ ਹੰਸ ਤੇ ਲਾਲ ਚੰਦ ਪਾਮੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਦਲਿਤ ਵਿਕਾਸ ਬੋਰਡ ਪੰਜਾਬ ਦੇ ਚੇਅਰਮੈਨ ਵਿਜੇ ਦਾਨਵ, ਭਾਜਪਾ ਆਗੂ ਗੇਜਾ ਰਾਮ ਵਾਲਮੀਕਿ, ਭਾਜਪਾ ਯੁਵਾ ਆਗੂ ਨਿਸ਼ੂ ਸ਼ਰਮਾ ਤੇ ਦਲਿਤ ਵਿਕਾਸ ਬੋਰਡ ਮੈਂਬਰ ਪੰਜਾਬ ਦਲੀਪ ਹੰਸ ਨੇ ਸ਼ਮੂਲੀਅਤ ਕੀਤੀ।ਇਹ ਵਿਸ਼ਾਲ ਸ਼ੋਭਾ ਯਾਤਰਾ ਭਗਵਾਨ ਵਾਲਮੀਕਿ ਮੰਦਰ ਤੋਂ ਆਰੰਭ ਹੋ ਕੇ ਸ਼ਹਿਰ ਦੀ ਪਰਿਕਰਮਾ ਕਰਨ ਉਪਰੰਤ ਮੰਦਰ ਵਿਖੇ ਹੀ ਆ ਕੇ ਸਮਾਪਤ ਹੋਈ।ਵਿਸ਼ਾਲ ਸ਼ੋਭਾ ਯਾਤਰਾ ਦਾ ਰਸਤੇ 'ਚ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਬੇਅੰਤ ਲੰਗਰ ਵੀ ਲਗਾਏ ਗਏ।ਭਾਵਾਧਸ ਪ੍ਰਧਾਨ ਮਿੰਕੂ ਹੰਸ ਨੇ ਸ਼ਹਿਰ ਨਿਵਾਸੀਆਂ ਵੱਲੋਂ ਰਸਤੇ ਵਿੱਚ ਵਿਸ਼ਾਲ ਸ਼ੋਭਾ ਯਾਤਰਾ ਦਾ ਸਵਾਗਤ ਕਰਨ ਤੇ ਲਗਾਏ ਲੰਗਰਾਂ ਲਈ ਸ਼ਹਿਰ ਨਿਵਾਸੀਆਂ ਦਾ ਧੰਨਵਾਦ ਕੀਤਾ।

ਭਾਵਾਧਸ ਵੱਲੋਂ ਆਏ ਮੁੱਖ ਮਹਿਮਾਨਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ।ਮੰਦਰ ਵਿਖੇ ਲੰਗਰ ਦੀ ਸ਼ੁਰੂਆਤ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ, ਸੀਨੀਅਰ ਕਾਂਗਰਸੀ ਆਗੂ ਨਰਿੰਦਰਪਾਲ ਸਿੰਘ ਲੱਕੀ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਕਪਿਲ ਆਨੰਦ, ਸਰਪੰਚ ਬਲਵਿੰਦਰ ਸਿੰਘ ਝੜੌਦੀ ਤੇ ਵਨੀਤ ਕੁਮਾਰ ਝੜੌਦੀ ਵੱਲੋਂ ਸੰਯੁਕਤ ਰੂਪ 'ਚ ਕਰਵਾਈ। ਮੰਦਿਰ ਵਿਖੇ ਝੰਡਾ ਚੜ੍ਹਾਉਣ ਦੀ ਰਸਮ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁਮਾਰ ਕੁੰਦਰਾ ਵੱਲੋਂ ਕੀਤੀ ਗਈ।ਇਸ ਮੌਕੇ ਨਿਰਮਲ ਸਿੰਘ ਕੌਂਸਲਰ, ਪ੍ਰੇਮ ਸਾਗਰ ਪਾਮੇ, ਪਵਨ ਕੁਮਾਰ ਬੱਗਣ, ਰਵੀ ਕੁਮਾਰ ਬਾਲੀ, ਯੂਨੀਅਨ ਪ੍ਰਧਾਨ ਧਰਮਵੀਰ ਪਾਮੇ, ਰਕੇਸ਼ ਕੁਮਾਰ ਪਾਮੇ, ਪ੍ਰੇਮ ਸਾਗਰ ਬੱਗਣ, ਜੁਗਿੰਦਰਪਾਲ ਮੱਟੂ, ਮੰਗਤ ਰਾਏ ਪਾਮੇ, ਬਾਬਾ ਸੇਵਾ ਰਾਮ, ਸੰਜੀਵ ਰਿੰਕਾ, ਜੈਮਲ ਕੁਮਾਰ ਬੱਗਣ, ਅਜੇ ਕੁਮਾਰ ਘਾਰੂ, ਰਕੇਸ਼ ਕੁਮਾਰ ਸਹੋਤਾ, ਸੋਹਨ ਲਾਲ ਬੱਗਣ, ਸਤਨਾਮ ਸਿੰਘ, ਕੁਲਦੀਪ ਸਹੋਤਾ, ਧੰਨਪਤ ਰਾਏ ਮੱਟੂ, ਬਲਵਿੰਦਰ ਸਿੰਘ, ਸੁਸ਼ੀਲ ਮੱਟੂ, ਰਾਘਵ ਬੱਗਣ, ਰਵੀ ਸਹੋਤਾ, ਰਿਕੀ ਸੰਧੂ, ਬਲਜੀਤ ਸਿੰਘ ਸੰਧੂ, ਗਗਨਦੀਪ ਘਾਰੂ, ਅਮਰਜੀਤ ਸਿੰਘ ਗਿੱਲ, ਵਿੱਕੀ ਭੱਟੀ, ਸਿੰਦਰਪਾਲ ਸਿੰਘ ਫੌਜੀ, ਸ਼ਮਸ਼ੇਰ ਸਿੰਘ, ਬਲਵੀਰ ਸਿੰਘ, ਗੌਰਵ ਪਾਮੇ ਆਦਿ ਹਾਜ਼ਰ ਸਨ।

# ਧੂਰੀ ਵਿਕਾਸ ਮੰਚ ਦਾ ਵਫ਼ਦ ਡੀ ਸੀ ਨੂੰ ਮਿਲਿਆ



**ਧੂਰੀ (ਮਨੋਹਰ ਸਿੰਘ ਸੱਗੂ, ਰਾਜੇਸ਼ਵਰ ਪਿੰਟੂ, ਅਮਨ ਗਰਗ)**-ਧੂਰੀ ਵਿਕਾਸ ਮੰਚ (ਰਜਿ:) ਦਾ ਵਫ਼ਦ ਪ੍ਰਧਾਨ ਅਮਨ ਗਰਗ, ਉਪ ਚੇਅਰਮੈਨ ਅਭਿਨਵ ਗੋਇਲ, ਐਡਵੋਕੇਟ ਰਾਜੇਸ਼ਵਰ ਚੌਧਰੀ, ਸਕੱਤਰ ਜਨਰਲ ਹੰਸ ਰਾਜ ਬਜਾਜ, ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ ਤੇ ਕਾਨੂੰਨੀ ਸਲਾਹਕਾਰ ਐਡਵੋਕੇਟ ਮਨਿੰਦਰ ਸਿੰਘ ਢੀਂਡਸਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਨੂੰ ਮਿਲਿਆ।ਵਫ਼ਦ ਨੇ ਮੁੱਖ ਮੰਤਰੀ ਰਾਹੀਂ ਧੂਰੀ ਸ਼ਹਿਰ ਵਿੱਚ ਨਵੇਂ ਬੱਸ ਸਟੈਂਡ ਦੀ ਉਸਾਰੀ ਸਬੰਧੀ ਮੰਗ ਪੱਤਰ ਸੌਂਪਿਆ ਤੇ ਮੰਗ ਕੀਤੀ ਕਿ ਪੁਰਾਣੇ ਬੱਸ ਸਟੈਂਡ ਦੇ ਸਾਹਮਣੇ ਸਥਿਤ ਫੂਡ ਸਪਲਾਈ ਦਫ਼ਤਰਾਂ ਤੇ ਸਰਕਾਰੀ ਗੁਦਾਮਾਂ ਦੀ ਜਗ੍ਹਾ 'ਤੇ ਹੀ ਨਵਾਂ ਤੇ ਆਧੁਨਿਕ ਬੱਸ ਸਟੈਂਡ ਤਿਆਰ ਕੀਤਾ ਜਾਵੇ।ਵਫ਼ਦ ਦੇ ਮੈਂਬਰਾਂ ਨੇ ਦੱਸਿਆ ਕਿ ਧੂਰੀ ਸ਼ਹਿਰ ਦੀ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ ਤੇ ਮੌਜੂਦਾ ਬੱਸ ਸਟੈਂਡ, ਜੋ ਕਈ ਦਹਾਕਿਆਂ ਪਹਿਲਾਂ ਬਣਾਇਆ ਗਿਆ ਸੀ, ਹੁਣ ਬਹੁਤ ਹੀ ਤੰਗ ਤੇ ਅਣਅਨੁਕੂਲ ਹੋ ਚੁੱਕਾ ਹੈ।ਇਸ ਕਾਰਨ ਸ਼ਹਿਰ ਦੀ ਆਵਾਜਾਈ ਪ੍ਰਣਾਲੀ, ਵਪਾਰਕ ਗਤੀਵਿਧੀਆਂ ਅਤੇ ਆਮ ਲੋਕਾਂ ਦੀ ਸਹੂਲਤ ਪ੍ਰਭਾਵਤ ਹੋ ਰਹੀ ਹੈ।ਮੰਚ ਵੱਲੋਂ ਦਲੀਲ ਦਿੱਤੀ ਗਈ ਕਿ ਪੁਰਾਣੇ ਬੱਸ ਸਟੈਂਡ ਦੇ ਸਾਹਮਣੇ ਫੂਡ ਸਪਲਾਈ ਗੁਦਾਮਾਂ ਵਾਲੀ ਜਗ੍ਹਾ ਸਭ ਤੋਂ ਉਚਿਤ ਹੈ, ਕਿਉਂਕਿ ਇਹ ਸ਼ਹਿਰ ਦੇ ਕੇਂਦਰ ਵਿੱਚ ਸਥਿਤ ਹੈ, ਸਾਰੀਆਂ ਦਿਸ਼ਾਵਾਂ ਤੋਂ ਆਸਾਨ ਪਹੁੰਚਯੋਗ ਹੈ ਤੇ ਲਗਭਗ 20-25 ਬੀਘੇ ਸਰਕਾਰੀ ਜ਼ਮੀਨ ਉਪਲਬਧ ਹੈ। ਉਨ੍ਹਾਂ ਕਿਹਾ ਕਿ ਜੇ ਬੱਸ ਸਟੈਂਡ ਨੂੰ ਸ਼ਹਿਰ ਦੀ ਹੱਦ ਤੋਂ ਬਾਹਰ ਬਣਾਇਆ ਗਿਆ ਤਾਂ ਸੈਂਕੜੇ ਵਪਾਰੀਆਂ, ਦੁਕਾਨਦਾਰਾਂ ਤੇ ਆਮ ਯਾਤਰੀਆਂ ਨੂੰ ਆਰਥਿਕ ਤੇ ਆਵਾਜਾਈ ਸੰਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।ਵਫ਼ਦ ਨੇ ਇਹ ਵੀ ਦਰਸਾਇਆ ਕਿ ਮੌਜੂਦਾ ਗੁਦਾਮਾਂ 'ਚ ਅਨਾਜ ਤੇ ਕੀਟਨਾਸ਼ਕਾਂ ਦੇ ਸਟੋਰ ਕਾਰਨ ਆਲੇ-ਦੁਆਲੇ ਦੇ ਰਹਿਣ ਵਾਲਿਆਂ ਨੂੰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਤੋਂ ਇਲਾਵਾ, ਲੋਡਿੰਗ ਤੇ ਅਨਲੋਡਿੰਗ ਕਾਰਜਾਂ ਨਾਲ ਸ਼ਹਿਰ ਦੀਆਂ ਤੰਗ ਸੜਕਾਂ 'ਤੇ ਟ੍ਰੈਫਿਕ ਜਾਮ ਅਤੇ ਸੁਰੱਖਿਆ ਖ਼ਤਰੇ ਪੈਦਾ ਹੁੰਦੇ ਹਨ।ਜੇਕਰ ਇਹ ਜਗ੍ਹਾ ਬੱਸ ਸਟੈਂਡ ਲਈ ਵਰਤੀ ਜਾਵੇ ਤਾਂ ਇਹ ਸਮੱਸਿਆਵਾਂ ਸਦਾ ਲਈ ਦੂਰ ਹੋ ਜਾਣਗੀਆਂ।

# ਲੜਕੀਆਂ ਨੂੰ ਗਰਾਊਂਡਾਂ 'ਚ ਖੇਡਦੇ ਦੇਖ ਮਾਣ ਮਹਿਸੂਸ ਹੁੰਦੈ : ਕਾਕਾ ਬਰਾੜ

**• ਬਾਬਾ ਜੀਵਨ ਸਿੰਘ ਸਪੋਰਟਸ ਕਲੱਬ ਵੱਲੋਂ ਪਲੇਠਾ ਕਬੱਡੀ ਟੂਰਨਾਮੈਂਟ • ਵਿਧਾਇਕ ਨੇ ਸੌਂਪੀ 10 ਹਜ਼ਾਰ ਰੁਪਏ ਦੀ ਨਗਦ ਰਾਸ਼ੀ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਸਥਾਨਕ ਚੱਕ ਬੀੜ ਸਰਕਾਰ ਵਿਖੇ ਬਾਬਾ ਜੀਵਨ ਸਿੰਘ ਸਪੋਰਟਸ ਕਲੱਬ ਵੱਲੋਂ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਪਹਿਲਾ ਸ਼ਾਨਦਾਰ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਮੁੱਖ ਮਹਿਮਾਨ, ਜਦਕਿ ਪ੍ਰਸਿੱਧ ਉਦਯੋਗਪਤੀ ਬਾਵਾ ਯਾਦਵਿੰਦਰ ਸਿੰਘ ਲਾਲੀ, ਮਾਰਕਿਟ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਸੰਧੂ, ਇਨਸਾਫ ਟੀਮ ਦੇ ਸੂਬਾ ਪ੍ਰਧਾਨ ਜਗਮੀਤ ਸਿੰਘ ਜੱਗਾ ਤੇ ਕੌਂਸਲਰ ਇੰਦਰਜੀਤ ਕੌਰ ਜੱਗਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਟੂਰਨਾਮੈਂਟ ਦੀ ਸ਼ੁਰੂਆਤ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਰੀਬਨ ਕੱਟ ਕੇ ਕੀਤੀ ਗਈ। ਉਪਰੰਤ ਖਿਡਾਰਨਾਂ ਨਾਲ ਜਾਣ-ਪਹਿਚਾਣ ਕਰਕੇ ਮੈਚ ਸ਼ੁਰੂ ਕਰਵਾਇਆ ਗਿਆ।ਆਪਣੇ ਸੰਬੋਧਨ ਵਿੱਚ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਚੱਕ ਬੀੜ ਸਰਕਾਰ ਦੀ ਬੇਟੀ ਦਿਲਪ੍ਰੀਤ ਕੌਰ ਪੁੱਤਰੀ ਸਵ: ਲਾਭ ਸਿੰਘ ਦੀ ਇੱਕ ਚੰਗੀ ਸੋਚ ਸਦਕਾ ਅੱਜ ਇਹ ਟੂਰਨਾਮੈਂਟ ਕਰਵਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਬੇਟੀ ਦੇ ਇਸ ਉਪਰਾਲੇ ਨਾਲ ਅੱਜ ਬੇਟੀਆਂ ਗਰਾਊਂਡ ਵਿੱਚ ਖੇਡ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੜਕੀਆਂ ਵੀ ਲੜਕਿਆਂ ਨਾਲੋਂ ਘੱਟ ਨਹੀਂ, ਅੱਜ ਲੜਕੀਆਂ ਵੱਖ ਵੱਖ ਕਿੱਤਿਆਂ ਵਿੱਚ ਅਸਮਾਨ ਛੂਹ ਰਹੀਆ ਹਨ, ਜੋ ਕਿ ਇੱਕ ਮਾਣ ਮਹਿਸੂਸ ਕਰਨ ਵਾਲੀ ਗੱਲ ਹੈ।ਉਨ੍ਹਾਂ ਟੀਮ ਦੀ ਹੌਸਲਾ ਅਫਜ਼ਾਈ ਲਈ ਆਪਣੇ ਵੱਲੋਂ 10 ਹਜ਼ਾਰ ਰੁਪਏ ਤੇ ਬਾਵਾ ਯਾਦਵਿੰਦਰ ਸਿੰਘ ਵੱਲੋਂ ਵੀ 10 ਹਜ਼ਾਰ ਰੁਪਏ ਦੀ ਸਹਿਯੋਗ ਰਾਸ਼ੀ ਸੌਂਪੀ ਗਈ।ਕਾਕਾ ਬਰਾੜ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਸਹਾਈ ਹੁੰਦੀਆਂ ਹਨ ਅਤੇ ਸਾਨੂੰ ਸਾਰਿਆਂ ਨੂੰ ਖੇਡਾਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ ਤੇ ਇਸ ਦਿਸ਼ਾ ਵਿੱਚ ਕਈ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਮੌਕੇ ਮਾਰਕਿਟ ਕਮੇਟੀ ਚੇਅਰਮੈਨ ਸੁਰਜੀਤ ਸਿੰਘ ਸੰਧੂ ਤੇ ਉਦਯੋਗਪਤੀ ਬਾਵਾ ਯਾਦਵਿੰਦਰ ਸਿੰਘ ਲਾਲੀ ਨੇ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ ਤੇ ਸਾਨੂੰ ਖੇਡਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।ਇਸ ਮੌਕੇ ਨਿਸ਼ਚੈ ਫਾਊਂਡੇਸ਼ਨ ਦੇ ਪ੍ਰਧਾਨ ਉਪਕਾਰ ਸਿੰਘ, ਸੈਕਟਰੀ ਗੁਰਮੀਤ ਸਿੰਘ, ਆਸ਼ੂ, ਰੁਪਿੰਦਰ, ਅਨਿਵਤਾ, ਨਵ ਸੂਰੇਵਾਲੀਆ, ਜੋਤੀ, ਨਿਰਮਲ ਸਿੰਘ ਆਦਿ ਹਾਜ਼ਰ ਸਨ।

## ਸਰਕਾਰ ਝੋਨੇ 'ਤੇ ਬੋਨਸ, ਮੁਆਵਜ਼ਾ ਤੇ ਬੇਲਰ ਮੁਹੱਈਆ ਕਰਵਾਏ : ਬੀ ਕੇ ਯੂ ਕਾਦੀਆਂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਕਿਸਾਨ ਯੂਨੀਅਨ ਬੀਕੇਯੂ ਕਾਦੀਆਂ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਖਹਿਰਾ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਸਾਰਾਗੜ੍ਹੀ ਸਾਹਿਬ ਫਿਰੋਜ਼ਪੁਰ ਵਿਖੇ ਹੋਈ। ਇਸ ਮੀਟਿੰਗ ਵਿੱਚ ਵੱਖ-ਵੱਖ ਕਿਸਾਨੀ ਮੁੱਦਿਆਂ 'ਤੇ ਡੂੰਘਾਈ ਨਾਲ ਵਿਚਾਰ-ਚਰਚਾ ਕੀਤੀ ਗਈ ਅਤੇ ਸਰਕਾਰ ਤੋਂ ਇਨ੍ਹਾਂ ਦੇ ਤੁਰੰਤ ਹੱਲ ਦੀ ਮੰਗ ਕੀਤੀ ਗਈ। ਮੀਟਿੰਗ ਦੌਰਾਨ ਮੁੱਖ ਤੌਰ 'ਤੇ ਮੌਸਮ ਵਿੱਚ ਬਦਲਾਅ ਕਾਰਨ ਝੋਨੇ ਦੇ ਘੱਟ ਨਿਕਲ ਰਹੇ ਝਾੜ ਦਾ ਮੁੱਦਾ ਉਭਾਰਿਆ ਗਿਆ। ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਝਾੜ ਘੱਟ ਨਿਕਲਣ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਕਿਸਾਨਾਂ ਨੂੰ ਘੱਟੋ-ਘੱਟ 500 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਵੇ। ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਲਈ ਮਜਬੂਰ ਹੋਣ ਤੋਂ ਰੋਕਣ ਵਾਸਤੇ ਸਰਕਾਰ ਵੱਲੋਂ ਬੇਲਰ ਮੁਹੱਈਆ ਕਰਵਾਏ ਜਾਣ। ਬਜ਼ਾਰ ਤੇ ਕੋਆਪ੍ਰੇਟਿਵ ਸੁਸਾਇਟੀਆਂ ਵਿੱਚ ਡੀਏਪੀ ਖਾਦ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ। ਕਿਸਾਨਾਂ ਨੂੰ ਖਾਦ ਦੇ ਨਾਲ ਬੇਲੋੜਾ ਸਾਮਾਨ ਲੈਣ ਲਈ ਮਜਬੂਰ ਨਾ ਕੀਤਾ ਜਾਵੇ। ਹੜ੍ਹਾਂ ਨਾਲ ਪ੍ਰਭਾਵਿਤ ਹੋਏ ਕਿਸਾਨਾਂ ਨੂੰ ਤੁਰੰਤ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਦੇ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਖਹਿਰਾ ਤੋਂ ਇਲਾਵਾ ਕਿਸਾਨ ਆਗੂ ਮਹਿੰਦਰ ਸਿੰਘ ਵਧੋਣ ਜ਼ਿਲ੍ਹਾ ਮੀਤ ਪ੍ਰਧਾਨ, ਰਾਜਬੀਰ ਸਿੰਘ ਜ਼ਿਲ੍ਹਾ ਸਕੱਤਰ, ਹਰਬੰਸ ਸਿੰਘ ਜ਼ਿਲ੍ਹਾ ਮੁੱਖ ਸਕੱਤਰ, ਗਰਮੇਲ ਸਿੰਘ ਮੀਤ ਪ੍ਰਧਾਨ ਫਿਰੋਜ਼ਪੁਰ ਬਲਾਕ, ਜੋਗਾ ਸਿੰਘ ਜ਼ਿਲ੍ਹਾ ਕਮੇਟੀ, ਬਲਦੇਵ ਸਿੰਘ ਜ਼ਿਲ੍ਹਾ ਕਮੇਟੀ, ਗੁਰਕੀਰਤ ਸਿੰਘ ਪ੍ਰੈੱਸ ਸਕੱਤਰ ਬਲਾਕ ਫਿਰੋਜ਼ਪੁਰ, ਜਸਬੀਰ ਸਿੰਘ ਬਲਾਕ ਪ੍ਰਧਾਨ ਗੁਰੂਸਰ ਤੇ ਹੋਰ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

# ਗੁਰਮਤਿ ਪ੍ਰਸ਼ਨੋਤਰੀ 'ਚ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਨੇ ਬਾਜ਼ੀ ਮਾਰੀ



**ਸੰਗਰੂਰ (ਪ੍ਰਵੀਨ ਸਿੰਘ)**

ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਅਧੀਨ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਵਿਦਿਆਰਥੀਆਂ ਦੇ ਗੁਰਮਤਿ ਪ੍ਰਸ਼ਨੋਤਰੀ ਮੁਕਾਬਲੇ ਕਰਾਏ ਗਏ।ਗੁਰਦੁਆਰਾ ਸਾਹਿਬ ਗੁਰੂ ਨਾਨਕ ਪੁਰਾ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਦੇ ਸਹਿਯੋਗ ਨਾਲ, ਸੁਸਾਇਟੀ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਦੇ ਨਾਲ ਸਟੱਡੀ ਸਰਕਲ ਦੇ ਕੁਲਵੰਤ ਸਿੰਘ ਨਾਗਰੀ ਜ਼ੋਨਲ ਪ੍ਰਧਾਨ ਤੇ ਬਲਵੰਤ ਸਿੰਘ ਭਿੱਖੀ ਪ੍ਰਧਾਨ ਸੰਗਰੂਰ ਯੂਨਿਟ ਦੀ ਦੇਖ-ਰੇਖ ਹੇਠ ਹੋਏ ਇਨ੍ਹਾਂ ਮੁਕਾਬਲਿਆਂ ਵਿੱਚ ਅਕਾਲ ਅਕੈਡਮੀ ਚੀਮਾ ਸਾਹਿਬ, ਉਭਿਆ, ਫਤਿਹਗੜ੍ਹ ਗੰਢੂਆਂ, ਬੇਨੜਾ, ਦੇ ਨਾਲ ਬਹਿਰ ਸਾਹਿਬ ਖਨੌਰੀ, ਮਹਿਲਾਂ, ਮਸਤੂਆਣਾ ਸਾਹਿਬ, ਬਹਾਦਰਪੁਰ, ਮੰਗਵਾਲ ਤੇ ਸੰਗਰੂਰ ਸਮੇਤ 15 ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ।

ਅਕਾਲ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਸੰਗਰੂਰ ਦੇ ਚੇਅਰਮੈਨ ਕਰਨਬੀਰ ਸਿੰਘ ਸਿਬੀਆ ਦੇ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚਣ ਤੇ ਨਰਿੰਦਰ ਪਾਲ ਸਿੰਘ ਸਾਹਨੀ ਸਰਪ੍ਰਸਤ, ਹਰਦੀਪ ਸਿੰਘ ਸਾਹਨੀ ਸਲਾਹਕਾਰ, ਗੁਰਿੰਦਰ ਸਿੰਘ ਗੁਜਰਾਲ ਮੁੱਖ ਕੋਆਰਡੀਨੇਟਰ ਤੇ ਪ੍ਰੀਤਮ ਸਿੰਘ ਖ਼ਜ਼ਾਨਚੀ ਨੇ ਨਿੱਘਾ ਸਵਾਗਤ ਕੀਤਾ।ਮੁਕਾਬਲੇ ਲਈ ਨਿਰਧਾਰਤ ਪੁਸਤਕ ਪੂਰੀ ਹੋਈ ਕਰਾਮਾਤ ਤੇ ਹਰਿਮੰਦਰ ਦਰਸ਼ਨ ਤੇ ਆਧਾਰਿਤ ਸਵਾਲ ਜਵਾਬ ਲਈ ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਆਰਗੇਨਾਈਜ਼ਰ ਸਟੱਡੀ ਸਰਕਲ ਨੇ ਸੰਚਾਲਕ ਦੀ ਸੇਵਾ ਨਿਭਾਈ, ਜਿਸ ਵਿੱਚ ਜਗਦੀਪ ਸਿੰਘ ਫਤਿਹਗੜ੍ਹ ਗੰਢੂਆਂ, ਹਰਵਿੰਦਰ ਸਿੰਘ ਬਹਿਰ ਸਾਹਿਬ, ਗੁਰਲੀਨ ਕੌਰ, ਹਰਵਿੰਦਰ ਕੌਰ ਤੇ ਰਵਨੀਤ ਕੌਰ ਨੇ ਵੱਖ ਵੱਖ ਸੇਵਾਵਾਂ ਰਾਹੀਂ ਵਿਸ਼ੇਸ਼ ਸਹਿਯੋਗ ਦਿੱਤਾ।

ਸਵਾਲ ਦੇ ਜਵਾਬ ਲਈ ਟੀਮਾਂ ਵੱਲੋਂ ਦਿਖਾਈ ਤਤਪਰਤਾ ਨੇ ਦਰਸ਼ਕਾਂ ਨੂੰ ਪ੍ਰਭਾਵਤ ਕੀਤਾ।ਸਵਾਲਾਂ ਦੇ ਜਵਾਬ ਸਮੇਂ ਸਬੰਧਤ ਇਤਿਹਾਸ ਤੇ ਪ੍ਰਸੰਗ ਦੱਸ ਕੇ ਵਿਦਿਆਰਥੀਆਂ ਤੇ ਸੰਗਤਾਂ ਦੇ ਗਿਆਨ ਵਿਚ ਵਾਧਾ ਕੀਤਾ ਗਿਆ। ਮੁਕਾਬਲੇ ਬੜੇ ਦਿਲਚਸਪ ਤੇ ਫਸਵੇਂ ਰਹੇ ਜਿਸ ਕਰਕੇ ਇੱਕ ਇੱਕ ਅੰਕ ਦੇ ਫ਼ਰਕ ਨਾਲ ਜੇਤੂਆਂ ਦਾ ਫੈਸਲਾ ਹੋਇਆ।ਨਰਿੰਦਰ ਪਾਲ ਸਿੰਘ ਸਾਹਨੀ ਨੇ ਕਰਨਬੀਰ ਸਿੰਘ ਸਿਬੀਆ ਨੂੰ ਜੀ ਆਇਆਂ ਨੂੰ ਕਿਹਾ ਤੇ ਉਨ੍ਹਾਂ ਵੱਲੋਂ ਗੁਰਮਤਿ ਸੰਗੀਤ ਦੇ ਖੇਤਰ ਲਈ ਪਾਏ ਜਾ ਰਹੇ ਯੋਗਦਾਨ ਵਿਸ਼ੇਸ਼ ਕਰਕੇ ਤੰਤੀ ਸਾਜ਼ਾਂ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਅਕਾਲ ਕਾਲਜ ਫਾਰ ਵੂਮੈਨ ਵਿਖੇ ਕਾਰਜਸ਼ਾਲਾਵਾਂ ਆਯੋਜਤ ਕਰਨ ਦੇ ਉਪਰਾਲਿਆਂ ਦਾ ਜ਼ਿਕਰ ਕੀਤਾ।

ਸੁਸਾਇਟੀ ਵੱਲੋਂ ਪਹਿਲੇ ਤਿੰਨ ਸਥਾਨਾਂ ਦੇ ਜੇਤੂਆਂ ਨੂੰ ਕ੍ਰਮਵਾਰ 3100, 2100 ਤੇ 1100 ਰੁਪਏ ਦੇ ਨਕਦ ਪੁਰਸਕਾਰ ਦਿੱਤੇ ਗਏ।ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵੀ ਉਤਸ਼ਾਹਤ ਇਨਾਮ ਦਿੱਤੇ ਗਏ।ਮੁੱਖ ਮਹਿਮਾਨ ਤੇ ਅਧਿਆਪਕ ਸਾਹਿਬਾਨ ਨੂੰ ਰਾਜਵਿੰਦਰ ਸਿੰਘ ਲੱਕੀ, ਨਰਿੰਦਰ ਪਾਲ ਸਿੰਘ ਸਾਹਨੀ, ਸੁਰਿੰਦਰ ਪਾਲ ਸਿੰਘ ਸਿਦਕੀ, ਹਰਪ੍ਰੀਤ ਸਿੰਘ ਪ੍ਰੀਤ ਜਨਰਲ ਸਕੱਤਰ ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ ਤੇ ਪ੍ਰਬੰਧਕਾਂ ਨੇ ਸਨਮਾਨਤ ਕੀਤਾ।

## ਡੀ ਏ ਵੀ ਸਕੂਲ ਵੱਲੋਂ ਰਨ ਫਾਰ ਫਨ ਮੈਰਾਥਨ ਦਾ ਸਫਲਤਾਪੂਰਵਕ ਆਯੋਜਨ



**ਰਾਜਪੁਰਾ (ਰਮੇਸ਼ ਕਟਾਰੀਆ)**-ਰਨ ਫਾਰ ਡੀਏਵੀ ਪ੍ਰੋਗਰਾਮ ਦੇ ਹਿੱਸੇ ਵਜੋਂ ਡੀਏਵੀ ਸਕੂਲ ਰਾਜਪੁਰਾ ਵਿਖੇ ਦੋ ਕਿਲੋਮੀਟਰ ਦੀ ਮੈਰਾਥਨ ਦਾ ਆਯੋਜਨ ਕੀਤਾ ਗਿਆ।ਪ੍ਰਿੰਸੀਪਲ ਅਲਪਨਾ ਪਾਠਕ ਦੀ ਅਗਵਾਈ ਹੇਠ ਅਧਿਆਪਕਾ ਸੰਗੀਤਾ ਨੇ ਦੌੜ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਦੌੜ ਸ਼ਿਵਾਜੀ ਪਾਰਕ ਤੋਂ ਸ਼ੁਰੂ ਹੋਈ, ਏ.ਪੀ. ਜੈਨ ਹਸਪਤਾਲ ਕੋਲੋਂ ਲੰਘੀ ਤੇ ਫੁਹਾਰਾ ਚੌਂਕ 'ਤੇ ਸਮਾਪਤ ਹੋਈ।ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਉਨ੍ਹਾਂ ਨੇ ਸਮਾਜ ਵਿੱਚ ਸਰੀਰਕ ਤੰਦਰੁਸਤੀ, ਸਮਾਜਿਕ ਜ਼ਿੰਮੇਵਾਰੀ ਤੇ ਰਾਸ਼ਟਰੀ ਕਦਰਾਂ-ਕੀਮਤਾਂ ਨੂੰ ਉਤਸ਼ਾਹਤ ਕਰਨ ਦਾ ਸੰਦੇਸ਼ ਸਾਂਝਾ ਕੀਤਾ।ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਅਲਪਨਾ ਪਾਠਕ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਇਸ ਮਿੰਨੀ ਮੈਰਾਥਨ ਦਾ ਉਦੇਸ਼ ਵਿਸ਼ਵ ਸ਼ਾਂਤੀ, ਸਦਭਾਵਨਾ, ਸੇਵਾ ਤੇ ਸਿਹਤ ਨੂੰ ਉਤਸ਼ਾਹਤ ਕਰਨਾ ਹੈ।ਉਨ੍ਹਾਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅਜਿਹੇ ਸਮਾਜਿਕ ਕਾਰਜਾਂ ਵਿੱਚ ਹਿੱਸਾ ਲੈਣ ਤੇ ਸਮਾਜ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ ਅਪੀਲ ਕੀਤੀ।

## ਪੰਜਾਬ ਮੁਲਾਜ਼ਮ ਸਾਂਝਾ ਫਰੰਟ ਨੇ ਦਿੱਤੇ ਮੰਗ ਪੱਤਰ



**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਫ਼ੈਸਲੇ ਅਨੁਸਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾ ਸਬੰਧੀ ਪੰਜਾਬ ਦੇ ਸਾਰੇ ਮੰਤਰੀਆਂ ਨੂੰ ਮੰਗ ਪੱਤਰ ਦੇਣ ਦੇ ਪ੍ਰੋਗਰਾਮ ਮੁਲਾਜ਼ਮ ਤੇ ਪੈਨਸ਼ਨਰ ਮਾਤਾ ਮੋਦੀ ਪਾਰਕ ਸੁਨਾਮ ਵਿਖੇ ਇਕੱਤਰ ਹੋਏ।ਮੰਤਰੀ ਅਮਨ ਅਰੋੜਾ ਦੀ ਰਿਹਾਇਸ਼ 'ਤੇ ਮੰਤਰੀ ਦੇ ਮੌਜੂਦ ਨਾ ਹੋਣ ਕਾਰਨ ਉਨ੍ਹਾਂ ਦੇ ਪੀ.ਏ ਨੂੰ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਆਪਣੇ ਆਗੂਆਂ ਰਾਮ ਸਰੂਪ ਢੈਪਈ, ਬਲਵਿੰਦਰ ਸਿੰਘ, ਜੀਤ ਸਿੰਘ ਬੰਗਾ, ਭੁਪਿੰਦਰ ਸਿੰਘ ਛਾਜਲੀ, ਮਾਲਵਿੰਦਰ ਸਿੰਘ, ਸੁਰੇਸ਼ ਕਾਂਸਲ, ਹਰਦੇਵ ਸਿੰਘ ਜਵੰਦਾ, ਜੈ ਦੇਵ ਸ਼ਰਮਾ, ਹਰਚਰਨ ਸਿੰਘ ਲਹਿਰੀ, ਗੁਲਜ਼ਾਰ ਖਾਨ, ਕਰਮਦੀਨ, ਪਰਗਟ ਸਿੰਘ, ਸੱਤਪਾਲ ਸਿੰਘ, ਬਾਰਾ ਸਿੰਘ, ਦਰਸ਼ਨ ਸਿੰਘ ਭਰੂਰ, ਹਜ਼ੂਰੀ ਸਿੰਘ, ਭਰਪੂਰ ਸਿੰਘ ਛਾਜਲੀ, ਭੋਲਾ ਸਿੰਘ, ਬੁੱਧ ਸਿੰਘ ਦੂਗੀ, ਸਾਧੂ ਸਿੰਘ ਮੀਰਹੇੜੀ, ਕਰਨੈਲ ਸਿੰਘ ਬਿਰੜਵਾਲ, ਬਚਿੱਤਰ ਸਿੰਘ ਸੇਰਪੁਰ ਤੇ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਮੰਗ ਪੱਤਰ ਸੌਂਪਿਆ।

# ਭਗਵਾਨ ਵਾਲਮੀਕਿ ਵੱਲੋਂ ਮਾਨਵਤਾ ਦੀ ਭਲਾਈ ਲਈ ਵਿਖਾਏ ਰਸਤੇ 'ਤੇ ਚੱਲਣਾ ਚਾਹੀਦਾ : ਮੁੰਡੀਆਂ



**ਦੋਰਾਹਾ (ਹਰਮਿੰਦਰ ਸੇਠ)**

ਭਗਵਾਨ ਵਾਲਮੀਕਿ ਜੀ ਦੇ ਪਾਵਨ ਪ੍ਰਗਟ ਦਿਵਸ ਨੂੰ ਸਮਰਪਤ ਸਾਹਨੇਵਾਲ ਵਿਖੇ ਵਿਸ਼ਾਲ ਪਾਵਨ ਸਤਿਸੰਗ ਸਮਾਰੋਹ ਭਾਵਾਧਸ ਪੰਜਾਬ ਪ੍ਰਧਾਨ ਸਵਰਨ ਕੁਮਾਰ ਸੋਨੀ (ਵਾਇਸ ਪ੍ਰਧਾਨ ਨਗਰ ਕੌਂਸਲ ਸਾਹਨੇਵਾਲ) ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਤਿਸੰਗ ਸਮਾਗਮ ਬੜੀ ਹੀ ਧੂਮਧਾਮ ਨਾਲ ਪੁਰਾਣਾ ਬਜ਼ਾਰ ਨੇੜੇ ਡਾਕਘਰ ਸਾਹਨੇਵਾਲ ਵਿਖੇ ਕਰਾਇਆ ਗਿਆ।ਦੁਪਹਿਰ 12 ਵਜੇ ਜੋਤੀ ਪ੍ਰਚੰਡ ਹੋਣ ਤੋਂ ਬਾਅਦ ਕੁਮਾਰ ਦਰਸ਼ਨ, ਰਾਕੇਸ਼ ਰਾਹੀਂ, ਪਵਨ ਦਵਿੜ (ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ), ਵਿੱਕੀ ਗਿੱਲ, ਸ਼ਸ਼ੀ ਗਿੱਲ, ਦੀਪਕ ਖੋਸਲਾ ਵੱਲੋਂ ਭਗਵਾਨ ਵਾਲਮੀਕਿ ਜੀ ਦੇ ਭਜਨਾਂ ਦਾ ਗੁਣਗਾਨ ਕਰਕੇ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਤੇ ਦਲਿਤ ਵਿਕਾਸ ਬੋਰਡ ਪੰਜਾਬ ਚੇਅਰਮੈਨ ਵਿਜੇ ਦਾਨਵ, ਸ਼੍ਰੋਮਣੀ ਅਕਾਲੀ ਦਲ ਸੀਨੀਅਰ ਆਗੂ ਸਾਬਕਾ ਚੇਅਰਮੈਨ ਨਰੇਸ਼ ਧੀਂਗਾਨ, ਮਾਰਕੀਟ ਕਮੇਟੀ ਸਾਹਨੇਵਾਲ ਦੇ ਚੇਅਰਮੈਨ ਹੇਮਰਾਜ ਰਾਜੀ ਸਾਹਨੇਵਾਲ, ਟ੍ਰੇਡ ਵਿੰਗ ਜ਼ਿਲ੍ਹਾ ਪ੍ਰਧਾਨ ਰਾਜਦੀਪ ਭਾਟੀਆ, ਕਾਂਗਰਸ ਸੂਬਾ ਸਕੱਤਰ ਲੱਕੀ ਸੰਧੂ, ਡਾ. ਭੀਮ ਰਾਓ ਅੰਬੇਡਕਰ ਵੈੱਲਫੇਅਰ ਕਲੱਬ ਸਾਹਨੇਵਾਲ ਦੇ ਪ੍ਰਧਾਨ ਗੁਰਦੀਪ ਸਿੰਘ ਕੌਲ ਸੇਵਾਮੁਕਤ ਈਟੀਓ, ਸੁਸ਼ੀਲ ਕੁਮਾਰ ਰਿਟਾ. ਐੱਸਐੱਸਪੀ ਪਟਿਆਲਾ ਆਦਿ ਵਿਸ਼ੇਸ਼ ਤੌਰ 'ਤੇ ਪਹੁੰਚੇ।

ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਭਗਵਾਨ ਵਾਲਮੀਕਿ ਜੀ ਨੂੰ ਸਤਿਕਾਰ ਭੇਟ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਉਨ੍ਹਾਂ ਵੱਲੋਂ ਨੈਤਿਕ ਕਦਰਾਂ-ਕੀਮਤਾਂ ਤੇ ਮਾਨਵਤਾ ਦੀ ਭਲਾਈ ਲਈ ਵਿਖਾਏ ਰਾਸਤੇ 'ਤੇ ਚੱਲਣਾ ਚਾਹੀਦਾ ਹੈ ਤਾਂ ਜੁ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ, ਜਿਸ ਵਿੱਚ ਹਰ ਵਿਅਕਤੀ ਨੂੰ ਤਰੱਕੀ ਕਰਨ ਦੇ ਬਰਾਬਰ ਦੇ ਮੌਕੇ ਮਿਲ ਸਕਣ।ਚੇਅਰਮੈਨ ਵਿਜੇ ਦਾਨਵ ਨੇ ਪੰਜਾਬ ਵਾਸੀਆਂ ਨੂੰ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਇੱਕ ਮਹਾਨ ਵਿਦਵਾਨ ਸਨ, ਜਿਨ੍ਹਾਂ ਨੇ ਪਵਿੱਤਰ ਧਾਰਮਿਕ ਗ੍ਰੰਥ ਰਮਾਇਣ ਦੀ ਰਚਨਾ ਕੀਤੀ, ਜੋ ਮੁੱਢ ਕਦੀਮ ਤੋਂ ਹੀ ਮਾਨਵ ਜਾਤੀ ਨੂੰ ਚੰਗੇਰੇ ਜੀਵਨ ਅਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਉੱਚਾ ਤੇ ਸੁੱਚਾ ਰੱਖਣ ਦੀ ਪ੍ਰੇਰਨਾ ਦਿੰਦੀ ਆ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਪਵਿੱਤਰ ਧਾਰਮਿਕ ਗ੍ਰੰਥ ਜਿਥੇ ਸਾਨੂੰ ਵੱਡਿਆਂ ਦੀ ਪਾਲਣਾ ਤੇ ਜ਼ੁਲਮ ਦਾ ਟਾਕਰਾ ਕਰਨ ਦਾ ਸੰਦੇਸ਼ ਦਿੰਦਾ ਹੈ, ਉਥੇ ਸਮਾਜਿਕ ਕੁਰੀਤੀਆਂ ਵਿਰੁੱਧ ਸੰਘਰਸ਼ ਕਰਨ ਦੀ ਵੀ ਪ੍ਰੇਰਨਾ ਦਿੰਦਾ ਹੈ।

ਸਾਬਕਾ ਚੇਅਰਮੈਨ ਨਰੇਸ਼ ਧੀਂਗਾਨ ਨੇ ਸਮੂਹ ਸੰਗਤਾਂ ਨੂੰ ਪਾਵਨ ਪ੍ਰਗਟ ਦਿਵਸ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਭਾਰਤੀ ਸੰਸਕ੍ਰਿਤੀ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਹਨ ਤੇ ਉਹ ਕਮਜ਼ੋਰ ਵਰਗਾਂ ਅਤੇ ਅਨੁਸੂਚਿਤ ਜਾਤੀਆਂ ਦੇ ਹੀ ਭਗਵਾਨ ਨਹੀਂ ਸਨ, ਸਗੋ ਸਾਰੀ ਦੁਨੀਆਂ ਦੇ ਭਗਵਾਨ ਹਨ।ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮਹਿਮਾਨਾਂ ਤੇ ਹੋਰ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਸਨਮਾਨਤ ਕੀਤਾ ਗਿਆ।ਅੰਤ ਪ੍ਰਧਾਨ ਸਵਰਨ ਕੁਮਾਰ ਸੋਨੀ ਨੇ ਸਮੂਹ ਸੰਗਤਾਂ ਤੇ ਮੁੱਖ ਮਹਿਮਾਨਾਂ ਦਾ ਸਮਾਗਮ 'ਚ ਪਹੁੰਚਣ 'ਤੇ ਧੰਨਵਾਦ ਕੀਤਾ।

## ਜ਼ਿਲ੍ਹਾ ਸੰਗਰੂਰ 'ਚ ਪਰਾਲੀ ਸਾੜਨ ਕੰਟਰੋਲ ਰੂਮ ਡੈਸ਼ਬੋਰਡ ਦੀ ਸ਼ੁਰੂਆਤ

**ਸੰਗਰੂਰ (ਪ੍ਰਵੀਨ ਸਿੰਘ)**-ਵਾਤਾਵਰਣ ਨਿਗਰਾਨੀ ਤੇ ਪ੍ਰਸ਼ਾਸਕੀ ਕੁਸ਼ਲਤਾ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ, ਪਰਾਲੀ ਸਾੜਨ ਕੰਟਰੋਲ ਰੂਮ ਡੈਸ਼ਬੋਰਡ ਸੰਗਰੂਰ 'ਚ ਲਾਂਚ ਕੀਤਾ ਗਿਆ ਹੈ।ਇਸ ਪਹਿਲਕਦਮੀ ਦੀ ਸ੍ਰੀ ਰਾਹੁਲ ਚਾਬਾ ਡਿਪਟੀ ਕਮਿਸ਼ਨਰ ਦੁਆਰਾ ਪ੍ਰਸੰਸਾ ਕੀਤੀ ਗਈ ਹੈ। ਇਸ ਡੈਸ਼ਬੋਰਡ ਨੂੰ ਸ੍ਰੀ ਅਕਸ਼ੈ ਕੁਮਾਰ, ਡੀਆਈਓ, ਸੰਗਰੂਰ ਤੇ ਸ਼੍ਰੀਮਤੀ ਸਰਿਤਾ, ਜ਼ਿਲ੍ਹਾ ਸੂਚਨਾ ਵਿਗਿਆਨ ਅਧਿਕਾਰੀ (ਡੀਆਈਓ), ਮੋਹਾਲੀ ਦੁਆਰਾ ਸਾਂਝੇ ਤੌਰ 'ਤੇ ਵਿਕਸਤ ਕੀਤਾ ਗਿਆ ਹੈ।ਦੱਸਣਯੋਗ ਹੈ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਨਿਗਰਾਨੀ ਤੇ ਪ੍ਰਬੰਧਨ 'ਚ ਜ਼ਿਲ੍ਹਾ ਪ੍ਰਸ਼ਾਸਨ ਦੀ ਸਹਾਇਤਾ ਲਈ ਤਿਆਰ ਕੀਤਾ ਗਿਆ, ਇਹ ਸਿਸਟਮ ਇੱਕ ਕੇਂਦਰੀਕ੍ਰਿਤ ਕੰਟਰੋਲ ਰੂਮ ਇੰਟਰਫੇਸ ਵਜੋਂ ਕੰਮ ਕਰਦਾ ਹੈ, ਕਈ ਸਰੋਤਾਂ ਤੋਂ ਅਸਲ-ਸਮੇਂ ਦੇ ਡੇਟਾ ਨੂੰ ਇਕੱਠਾ ਕਰਦਾ ਹੈ ਤੇ ਇਸ ਨੂੰ ਇੱਕ ਢਾਂਚਾਗਤ, ਇੰਟਰਐਕਟਿਵ ਤੇ ਉਪਭੋਗਤਾ-ਅਨੁਕੂਲ ਫਾਰਮੈਟ 'ਚ ਪੇਸ਼ ਕਰਦਾ ਹੈ।ਇਸ ਪ੍ਰੋਜੈਕਟ ਦਾ ਉਦੇਸ਼ ਵਿਭਾਗਾਂ 'ਚ ਤਾਲਮੇਲ ਨੂੰ ਸੁਚਾਰੂ ਬਣਾਉਣਾ ਤੇ ਪਰਾਲੀ ਸਾੜਨ ਨਾਲ ਸਬੰਧਤ ਰੋਕਥਾਮ ਅਤੇ ਸੁਧਾਰਾਤਮਕ ਕਾਰਵਾਈਆਂ ਲਈ ਸਮੇਂ ਸਿਰ ਸੂਝ ਪ੍ਰਦਾਨ ਕਰਨਾ ਹੈ। ਖੇਤੀਬਾੜੀ ਵਿਭਾਗ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਕੀਮਤੀ ਫੀਡਬੈਕ ਦੇ ਆਧਾਰ 'ਤੇ ਨਿਰੰਤਰ ਸੁਧਾਰ ਤੇ ਸੁਧਾਰ ਸ਼ਾਮਲ ਕੀਤੇ ਜਾਣਗੇ।ਇਸ ਪਹਿਲ ਦੇ ਸਬੰਧ ਵਿੱਚ ਸਰਕਾਰੀ ਅਧਿਕਾਰੀਆਂ ਲਈ ਇੱਕ ਟ੍ਰੇਨਿੰਗ ਸੈਸ਼ਨ ਦਾ ਆਯੋਜਨ ਡੀ.ਆਈ.ਓ. ਸੰਗਰੂਰ ਵੱਲੋਂ ਸ਼੍ਰੀ ਰੁਪਿੰਦਰ ਸਿੰਘ, ਜੇ.ਈ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਸਹਿਯੋਗ ਨਾਲ ਕੀਤਾ ਗਿਆ, ਤਾਂ ਜੁ ਅਧਿਕਾਰੀਆਂ ਨੂੰ ਡੈਸ਼ਬੋਰਡ ਦੀਆਂ ਵਿਸ਼ੇਸ਼ਤਾਵਾਂ ਤੇ ਇਸਦੀ ਵਰਤੋਂ ਨਾਲ ਜਾਣੂ ਕਰਾਇਆ ਜਾ ਸਕੇ।ਐਨਆਈਸੀ ਸੰਗਰੂਰ ਟੀਮ ਨੇ ਪ੍ਰੋਜੈਕਟ ਦੀ ਸਫ਼ਲਤਾਪੂਰਵਕ ਤਾਇਨਾਤੀ ਲਈ ਪੂਰਾ ਲਾਗੂ ਕਰਨ ਤੇ ਤਕਨੀਕੀ ਸਹਾਇਤਾ ਪ੍ਰਦਾਨ ਕੀਤੀ।

# 'ਆਪ' ਪੰਜਾਬ ਕਿਸਾਨ ਵਿੰਗ ਨੇ ਕਿਸਾਨਾਂ 'ਤੇ ਲਾਠੀਚਾਰਜ ਦੀ ਕੀਤੀ ਨਿੰਦਾ



ਚੰਡੀਗੜ੍ਹ, (ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ (ਆਪ) ਪੰਜਾਬ ਕਿਸਾਨ ਵਿੰਗ ਨੇ ਗੁਜਰਾਤ ਵਿੱਚ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਬੇਰਹਿਮੀ ਨਾਲ ਕੀਤੇ ਗਏ ਲਾਠੀਚਾਰਜ ਅਤੇ ਗ੍ਰਿਫ਼ਤਾਰੀਆਂ ਦੀ ਸਖ਼ਤ ਨਿੰਦਾ ਕੀਤੀ ਹੈ। ਪਾਰਟੀ ਨੇ ਕਿਹਾ ਕਿ ਇਹ ਭਾਜਪਾ ਦੀ ਕਿਸਾਨ ਵਿਰੋਧੀ ਮਾਨਸਿਕਤਾ ਦਾ ਸ਼ਰਮਨਾਕ ਪ੍ਰਦਰਸ਼ਨ ਹੈ। ਸੋਮਵਾਰ ਨੂੰ ਚੰਡੀਗੜ੍ਹ ਵਿੱਚ ਪਾਰਟੀ ਹੈੱਡਕੁਆਰਟਰ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਕਿਸਾਨ ਵਿੰਗ ਦੇ ਪ੍ਰਧਾਨ ਮੋਹਿੰਦਰ ਸਿੰਘ ਸਿੱਧੂ ਨੇ 'ਆਪ' ਆਗੂ ਗੁਰਸੇਵਕ ਸਿੰਘ ਅਤੇ ਗੁਰਮੀਤ ਸਿੰਘ ਬੁਰਜ ਨਾਲ ਮਿਲ ਕੇ ਕੇਂਦਰ ਅਤੇ ਗੁਜਰਾਤ ਦੀਆਂ ਭਾਜਪਾ ਸਰਕਾਰਾਂ 'ਤੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਸੁਣਨ ਦੀ ਬਜਾਏ ਉਨ੍ਹਾਂ ਦੀ ਆਵਾਜ਼ ਨੂੰ ਬਾਰ-ਬਾਰ ਦਬਾਉਣ ਦਾ ਦੋਸ਼ ਲਗਾਇਆ। ਸਿੱਧੂ ਨੇ ਕਿਹਾ ਕਿ ਜਦੋਂ ਗੁਜਰਾਤ ਦੇ ਕਿਸਾਨਾਂ ਨੇ ਆਪਣੀਆਂ ਫਸਲਾਂ ਵੇਚਣੀਆਂ ਸ਼ੁਰੂ ਕੀਤੀਆਂ, ਤਾਂ ਵੱਡੇ ਕਾਰੋਬਾਰੀਆਂ ਅਤੇ ਪੂੰਜੀਵਾਦੀ ਘਰਾਣਿਆਂ ਦੇ ਨਾਲ, ਭਾਜਪਾ ਸਰਕਾਰ ਦੀ ਚੁੱਪ-ਚਾਪ ਸਹਿਮਤੀ ਨਾਲ, ਮਨਮਾਨੇ ਢੰਗ ਨਾਲ ਕੀਮਤਾਂ ਘਟਾਉਣੀਆਂ ਸ਼ੁਰੂ ਕਰ ਦਿੱਤੀਆਂ। ਵਿਰੋਧ ਵਿੱਚ ਕਿਸਾਨ ਆਗੂ ਰਾਜੂਭਾਈ ਕਰਪੜਾ ਦੀ ਅਗਵਾਈ ਵਿੱਚ ਕਿਸਾਨਾਂ ਨੇ ਇੱਕ ਸ਼ਾਂਤਮਈ ਕਿਸਾਨ ਪੰਚਾਇਤ ਦਾ ਆਯੋਜਨ ਕੀਤਾ, ਪਰ ਗੱਲਬਾਤ ਕਰਨ ਦੀ ਬਜਾਏ, ਗੁਜਰਾਤ ਦੀ ਭਾਜਪਾ ਸਰਕਾਰ ਨੇ ਕਿਸਾਨਾਂ 'ਤੇ ਪੁਲਿਸ ਵਲੋਂ ਬੇਰਹਿਮੀ ਨਾਲ ਲਾਠੀਚਾਰਜ ਕਰਵਾਇਆ ਅਤੇ ਬਿਨਾਂ ਕਿਸੇ ਕਾਰਨ ਦੇ ਨਿਰਦੋਸ਼ ਕਿਸਾਨਾਂ ਨੂੰ ਗ੍ਰਿਫ਼ਤਾਰ ਕੀਤਾ।

# ਸਿੱਖਿਆ ਬੋਰਡ ਕਰਮਚਾਰੀ ਯੂਨੀਅਨ ਦੀਆਂ ਚੋਣਾਂ 17 ਨੂੰ

ਮੋਹਾਲੀ (ਗੁਰਜੀਤ ਬਿੱਲਾ)-ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਯੂਨੀਅਨ ਦੀਆਂ 17 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਲਈ 13 ਅਕਤੂਬਰ ਨੂੰ ਨਾਮਜ਼ਦਗੀ ਕਾਗਜ਼ ਭਰਨ ਦੇ ਆਖਰੀ ਦਿਨ ਸਿੱਖਿਆ ਬੋਰਡ ਦੇ ਦੋ ਰਵਾਇਤੀ ਗਰੁੱਪ ਖੰਗੂੜਾ-ਕਾਹਲੋਂ, ਲਾਲ ਰੰਗ ਵਾਲਾ ਗਰੁੱਪ ਅਤੇ, ਸਰਬ ਸਾਂਝਾ ਰਾਣੂੰ, ਨੀਲੇ ਰੰਗ ਵਾਲਾ ਗਰੁੱਪ ਇਸ ਵਾਰ ਆਹਮਣੇ ਸਾਹਮਣੇ ਹਨ। ਨਾਮਜ਼ਦਗੀ ਭਰਨ ਦੇ ਨਾਲ ਦੋਵੇਂ ਗਰੁੱਪਾਂ ਖਾਤੇ ਡਿਨਰ ਪਾਰਟੀਆਂ ਦਾ ਦੌਰ ਸ਼ੁਰੂ ਹੋ ਗਿਆ ਹੈ।ਚੋਣ ਕਮਿਸ਼ਨ ਦੇ ਮੈਂਬਰਾਂ ਦਰਸ਼ਨ ਰਾਮ, ਗੁਲਾਬ ਚੰਦ, ਗੁਰਦੀਪ ਸਿੰਘ, ਅਜੀਤਪਾਲ ਸਿੰਘ ਵੱਲੋਂ ਜਾਰੀ ਸੂਚੀ ਵਿੱਚ ਪ੍ਰਧਾਨਗੀ ਦੇ ਅਹੁਦੇ ਲਈ ਸਰਬ ਸਾਂਝਾਂ ਰਾਣੂੰ ਗਰੁੱਪ ਵੱਲੋਂ ਬੋਰਡ ਰਮਨਦੀਪ ਕੌਰ ਗਿੱਲ ਅਤੇ ਖੰਗੂੜਾ-ਕਾਹਲੋਂ ਗਰੁੱਪ ਵੱਲੋਂ ਪਰਮਿੰਦਰ ਸਿੰਘ ਖੰਗੂੜਾ ਉਮੀਦਵਾਰ ਹਨ, ਸੀਨੀਅਰ ਮੀਤ ਪ੍ਰਧਾਨ ਲਈ ਸਰਬ ਸਾਂਝਾ ਰਾਣੂੰ ਗਰੁੱਪ ਵੱਲੋਂ ਬਲਜਿੰਦਰ ਸਿੰਘ ਬਰਾੜ ਅਤੇ ਖੰਗੂੜਾ-ਕਾਹਲੋਂ ਗਰੁੱਪ ਵੱਲੋਂ ਗੁਰਚਰਨ ਸਿੰਘ ਤਰਮਾਲਾ, ਮੀਤ ਪ੍ਰਧਾਨ 1 ਲਈ ਸਰਬ ਸਾਂਝਾ ਰਾਣੂੰ ਗਰੁੱਪ ਵੱਲੋਂ ਪ੍ਰਭਦੀਪ ਸਿੰਘ ਬੋਪਾਰਾਏ, ਅਤੇ ਖੰਗੂੜਾ-ਕਾਹਲੋਂ ਗਰੁੱਪ ਵੱਲੋਂ ਗੁਰਪ੍ਰੀਤ ਸਿੰਘ ਕਾਹਲੋਂ, ਮੀਤ ਪ੍ਰਧਾਨ 2 ਲਈ ਸਰਬਸਾਂਝਾ ਰਾਣੂੰ ਗਰੁੱਪ ਵੱਲੋਂ ਜਸਵੀਰ ਸਿੰਘ ਚੋਟੀਆਂ, ਖੰਗੂੜਾ ਕਾਹਲੋਂ ਗਰੁੱਪ ਵੱਲੋਂ ਗੁਰਜੀਤ ਸਿੰਘ ਬੀਦੋਵਾਲੀ, ਜੂਨੀਅਰ ਮੀਤ ਪ੍ਰਧਾਨ ਲਈ ਸਰਬ ਸਾਂਝਾ ਗਰੁੱਪ ਵੱਲੋਂ ਜਸਕਰਨ ਸਿੰਘ ਸਿੱਧੂ, ਖੰਗੂੜਾ ਕਾਹਲੋਂ ਵੱਲੋਂ ਮੀਨਾ ਸੂਦ, ਜਨਰਲ ਸਕੱਤਰ ਲਈ ਸਰਬਸਾਂਝਾ ਰਾਣੂੰ ਗਰੁੱਪ ਵੱਲੋਂ ਸੁਖਚੈਨ ਸਿੰਘ ਸੈਣੀ, ਖੰਗੂੜਾ ਕਾਹਲੋਂ ਗਰੁੱਪ ਵੱਲੋਂ ਪਰਮਜੀਤ ਸਿੰਘ ਬੈਨੀਪਾਲ, ਸਕੱਤਰ ਦੇ ਅਹੁਦੇ ਲਈ ਸਰਬ ਸਾਂਝਾ ਰਾਣੂੰ ਗਰੁੱਪ ਵੱਲੋਂ ਪਰਮਜੀਤ ਸਿੰਘ ਰੰਧਾਵਾ, ਖੰਗੂੜਾ ਕਾਹਲੋਂ ਗਰੁੱਪ ਵੱਲੋਂ ਮਨੋਜ ਕੁਮਾਰ ਰਾਣਾ, ਸੰਯੁਕਤ ਸਕੱਤਰ ਦੇ ਅਹੁਦੇ ਲਈ ਸਰਬਸਾਂਝਾ ਰਾਣੂੰ ਗਰੁੱਪ ਵੱਲੋਂ ਅਨਮੋਲਦੀਪ ਕੌਰ, ਖੰਗੂੜਾ ਕਾਹਲੋਂ ਗਰੁੱਪ ਵੱਲੋਂ ਲਖਵਿੰਦਰ ਸਿੰਘ ਖੰਗੂੜਾ, ਵਿੱਤ ਸਕੱਤਰ ਲਈ ਸਰਬ ਸਾਂਝਾ ਗਰੁੱਪ ਵੱਲੋਂ ਬਲਜਿੰਦਰ ਸਿੰਘ ਮਾਂਗਟ, ਖੰਗੂੜਾ ਕਾਹਲੋਂ ਗਰੁੱਪ ਵੱਲੋਂ ਹਰਮਨਦੀਪ ਸਿੰਘ ਬੋਪਾਰਾਏ, ਦਫਤਰ ਸਕੱਤਰ ਲਈ ਸਰਬਸਾਂਝਾ ਰਾਣੂੰ ਗਰੁੱਪ ਵੱਲੋਂ ਕੁਲਦੀਪ ਸਿੰਘ ਮੰਡੇਰ, ਖੰਗੂੜਾ ਕਾਹਲੋਂ ਗਰੁੱਪ ਵੱਲੋਂ ਮਲਕੀਤ ਸਿੰਘ ਗੰਗਾ, ਸੰਗਠਨ ਸਕੱਤਰ ਦੇ ਅਹੁਦੇ ਲਈ ਸਰਬਸਾਂਝਾ ਰਾਣੂੰ ਗਰੁੱਪ ਵੱਲੋਂ ਹਰਦੇਵ ਸਿੰਘ, ਖੰਗੂੜਾ ਕਾਹਲੋਂ ਗਰੁੱਪ ਵੱਲੋਂ ਰਾਜੀਵ ਕੁਮਾਰ, ਪ੍ਰੈਸ ਸਕੱਤਰ ਦੇ ਅਹੁਦੇ ਲਈ ਸਰਬਸਾਂਝਾ ਰਾਣੂੰ ਗਰੁੱਪ ਵੱਲੋਂ ਗੌਰਵ ਸਾਂਪਲਾ ਅਤੇ ਖੰਗੂੜਾ ਕਾਹਲੋਂ ਗਰੁੱਪ ਵੱਲੋਂ ਮਨਜਿੰਦਰ ਸਿੰਘ ਹੁਲਕਾ ਨੂੰ ਉਮੀਦਵਾਰ ਬਣਾਏ ਗਏ ਹਨ।ਇਸ ਤਰਾਂ ਕਾਰਜਕਾਰਨੀ ਦੇ ਮੈਂਬਰ ਲਈ ਸਰਬਸਾਂਝਾ ਰਾਣੂੰ ਗਰੁੱਪ ਵੱਲੋਂ ਲਖਵੀਰ ਸਿੰਘ, ਹਰਪ੍ਰੀਤ ਸਿੰਘ, ਕੰਵਰਦੀਪ ਸਿੰਘ ਬਾਗੜੀ, ਜਗਦੀਪ ਸਿੰਘ, ਜਗਪ੍ਰੀਤ ਸਿੰਘ, ਲਛਮੀ ਦੇਵੀ, ਕੌਸ਼ਲਿਆ ਦੇਵੀ,ਰਣਜੀਤ ਸਿੰਘ, ਪਰਮਜੀਤ ਸਿੰਘ,ਸੋਢੀ ਸਿੰਘ, ਕੁਲਦੀਪ ਸਿੰਘ ਸਿੱਧੂ, ਬਿਕਰਮਜੀਤ ਸਿੰਘ ਜਰਨੈਲ ਸਿੰਘ, ਹਰਮਿੰਦਰ ਸਿੰਘ (ਕਾਕਾ) ਉਮੀਦਵਾਰ ਹਨ।ਖੰਗੂੜਾ ਕਾਹਲੋਂ ਗਰੁੱਪ ਵੱਲੋਂ ਕਾਰਜਕਾਰਨੀ ਦੇ ਮੈਂਬਰ ਲਈ, ਤੇਜਿੰਦਰ ਸਿੰਘ ਕਾਲੇਕਾ, ਰਣਜੀਤ ਸਿੰਘ, ਜੋਗਿੰਦਰ ਸਿੰਘ, ਜਗਮਿੰਦਰ ਸਿੰਘ, ਮਨਜਿੰਦਰ ਸਿੰਘ,ਰੁਪਿੰਦਰ ਕੌਰ ਵਰਿੰਦਰ ਕੌਰ, ਸਵਰਨ ਸਿੰਘ ਤਿਊੜ, ਸੁਰਿੰਦਰ ਸਿੰਘ, ਰਾਕੇਸ਼ ਕੁਮਾਰ, ਬਿੰਦੂ ਰਾਣੀ, ਚਰਨਜੀਤ ਸਿੰਘ, ਸੁਖਦੇਵ ਸਿੰਘ ਅਤੇ ਮਨਜੀਤ ਸਿੰਘ ਲਹਿਰਗਾਗਾ ਆਦਿ ਨੂੰ ਉਮੀਦਵਾਰ ਬਣਾਇਆ ਗਿਆ ਹੈ।

# ਸ੍ਰੀ ਅਨੰਦਪੁਰ ਸਾਹਿਬ 'ਚ 11 ਕਰੋੜ ਰੁਪਏ ਨਾਲ ਵਿਕਾਸ ਕਾਰਜ ਕੀਤੇ ਜਾਣਗੇ : ਹਰਜੀਤ ਸਿੰਘ ਜੀਤਾ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-13 ਅਕਤੂਬਰ ਨੂੰ ਨਗਰ ਕੌਂਸਲ ਦੇ ਹਾਊਸ ਦੀ ਮੀਟਿੰਗ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਦੱਸਿਆ



ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਜੰਗੀ ਪੱਧਰ ਤੇ ਗੁਰੂ ਨਗਰੀ ਦਾ ਵਿਕਾਸ ਕੀਤਾ ਜਾਵੇਗਾ,11 ਕਰੋੜ ਰੁਪਏ ਨਾਲ ਵਿਕਾਸ ਕਾਰਜਾਂ ਦੇ ਕੰਮ ਕੀਤੇ ਜਾਣਗੇ ਜਿਸ ਵਿੱਚ 5.50 ਕਰੋੜ ਸਿਰਫ ਕਮਿਊਨਿਟੀ ਸੈਂਟਰ ਦਾਵਤ ਵਾਰਡ ਨੰਬਰ ਚਾਰ ਤੇ ਹੀ ਖਰਚਾ ਜਾਵੇਗਾ ਜਿਸ ਵਿੱਚ ਨਵਾਂ ਏ ਸੀ ਹਾਲ ਤਿਆਰ ਕੀਤਾ ਜਾਵੇਗਾ, ਸਾਰੇ ਸ਼ਹਿਰ ਵਿੱਚ ਸੀ.ਸੀ.ਟੀ.ਵੀ ਕੈਮਰੇ ਲਾਏ ਜਾਣਗੇ, ਗਲੀਆਂ ਨਾਲੀਆਂ ਦੀ ਮੁਰੰਮਤ ਅਤੇ ਬਰਸਾਤੀ ਪਾਣੀ ਦੇ ਨਿਕਾਸ ਦਾ ਪੁਖਤਾ ਪ੍ਰਬੰਧ ਕੀਤਾ ਜਾਵੇਗਾ। ਇਸ ਤੋਂ ਇਲਾਵਾ ਭਗਤ ਧੰਨਾ ਸਿੰਘ ਯਾਦਗਾਰੀ ਹਾਲ ਬਣਾਇਆ ਜਾਵੇਗਾ, ਵੱਖ ਵੱਖ ਪਾਰਕਾਂ ਦੀ ਸੁੰਦਰਤਾ ਦਾ ਕੰਮ ਕੀਤਾ ਜਾਵੇਗਾ, ਐਲ ਈ ਡੀ ਸਟਰੀਟ ਲਾਈਟਾਂ ਦੀ ਮੁਰੰਮਤ ਲਈ ਸਕਾਈ ਲਿਫਟ ਗੱਡੀ ਲਿਆਂਦੀ ਜਾਵੇਗੀ ਅਤੇ ਹਾਈ ਪਾਵਰ ਲਾਈਟਾਂ ਲਾਈਆਂ ਜਾਣਗੀਆਂ।ਇਸ ਤੋਂ ਇਲਾਵਾ ਸ਼ਹਿਰ ਦਾ ਕੂੜਾ ਚੁੱਕਣ ਲਈ ਡੰਪਰ ਪਲੇਸਰ ਗੱਡੀ ਅਤੇ ਗਾਰਵੇਜ ਕੰਟੇਨਰ , ਸ਼ਹਿਰ ਵਿੱਚ ਸਾਈਨ ਬੋਰਡ ਲਾਏ ਜਾਣਗੇ ਜਿਸ ਦਾ ਉਦਘਾਟਨ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਇਸ ਹਫਤੇ ਦੌਰਾਨ ਹੀ ਕਰਨਗੇ। ਇਸ ਮੌਕੇ ਮਨਪ੍ਰੀਤ ਕੌਰ ਅਰੋੜਾ, ਜਸਬੀਰ ਕੌਰ ਗਰਚਾ ਕੌਂਸਲਰ, ਕਮਲਜੀਤ ਸਿੰਘ ਕੌਂਸਲਰ, ਜਸਵਿੰਦਰ ਸਿੰਘ ਰਤਨ ਕੌਂਸਲਰ, ਪਰਵੀਨ ਕੌਸ਼ਲ ਕੌਂਸਲਰ, ਦਲਜੀਤ ਸਿੰਘ ਕੈਂਥ ਕੌਂਸਲਰ, ਪਰਮਵੀਰ ਸਿੰਘ ਰਾਣਾ ਕੌਂਸਲਰ, ਬਿਕਰਮਜੀਤ ਸਿੰਘ ਸੰਧੂ ਕੌਂਸਲਰ, ਮੈਡਮ ਬਲਵੀਰ ਕੌਰ ਕੌਂਸਲਰ, ਗੁਰਿੰਦਰ ਸਿੰਘ ਵਾਲੀਆ ਕੌਂਸਲਰ, ਮੈਡਮ ਰੀਤਾ ਅਡਵਾਲ ਕੌਂਸਲਰ ਹਾਜ਼ਰ ਸਨ।

# ਰਿਆਤ ਬਾਹਰਾ 'ਵਰਸਿਟੀ 'ਚ ਤੀਜਾ ਨੈਸ਼ਨਲ ਕਰੰਟ ਗੁੱਡ ਮੈਨੂਫੈਕਚਰਿੰਗ ਪ੍ਰੈਕਟਿਸ ਡੇਅ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ ਫਾਰਮਾਸਿਊਟਿਕਲ ਸਾਇੰਸਜ਼ ਵਿੱਚ ਤੀਜੇ ਨੈਸ਼ਨਲ ਕਰੰਟ ਗੁੱਡ ਮੈਨੂਫੈਕਚਰਿੰਗ ਪ੍ਰੈਕਟਿਸ ਡੇਅ ਦੇ ਮੌਕੇ 'ਤੇ ਇੱਕ ਜਾਗਰੂਕਤਾ ਲੈਕਚਰ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਵਾਈਸ ਚਾਂਸਲਰ ਡਾ. ਚੰਦਰ ਮੋਹਨ ਅਤੇ ਡਾਇਰੈਕਟਰ ਪ੍ਰਿੰਸੀਪਲ ਡਾ. ਮਨਿੰਦਰ ਸਿੰਘ ਗਰੇਵਰ ਦੀ ਪ੍ਰਧਾਨਗੀ ਵਿੱਚ ਹੋਇਆ। ਇਸ ਸੰਬੰਧ ਵਿਚ ਜਾਣਕਾਰੀ ਦਿੰਦੇ ਹੋਏ ਡਾ. ਮਨਿੰਦਰ ਸਿੰਘ ਨੇ ਦੱਸਿਆ ਕਿ ਇਹ ਪ੍ਰੋਗਰਾਮ ਫਾਰਮੇਸੀ ਕੌਂਸਿਲ ਆਫ ਇੰਡੀਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਯੋਜਿਤ ਕੀਤਾ ਗਿਆ।ਇਸ ਮੌਕੇ ਮੁੱਖ ਵਕਤਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਸੋਸੀਏਟ ਪ੍ਰੋਫੈਸਰ ਡਾ. ਸੁਰੇਸ਼ ਕੁਮਾਰ ਸਨ, ਜਿਨ੍ਹਾਂ ਵਿਦਿਆਰਥੀਆਂ ਨੂੰ ਦਵਾਈਆਂ ਦੀ ਗੁਣਵੱਤਾ, ਸੁਰੱਖਿਆ ਅਤੇ ਸਹੀ ਉਤਪਾਦਨ ਪ੍ਰਕਿਰਿਆ ਦੇ ਮਹੱਤਵ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਦਵਾਈ ਨਿਰਮਾਣ ਦੌਰਾਨ ਸਫਾਈ, ਗੁਣਵੱਤਾ ਨਿਯੰਤਰਣ ਅਤੇ ਨਿਯਮਕ ਮਾਪਦੰਡਾਂ ਦਾ ਪਾਲਣ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਲੋਕਾਂ ਦੀ ਸਿਹਤ ਅਤੇ ਭਰੋਸੇ ਨਾਲ ਜੁੜਿਆ ਹੋਇਆ ਹੈ। ਪ੍ਰੋਗਰਾਮ ਵਿੱਚ ਵਿਭਾਗ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਦਵਾਈ ਉਦਯੋਗ ਦੀ ਸਹੀ ਕਾਰਜਪ੍ਰਣਾਲੀ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕੀਤੀ।

# ਜਨਹਿੱਤ ਸੰਮਤੀ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ, ਕੰਬਲ ਤੇ ਚਾਦਰਾਂ ਤਕਸੀਮ



ਪਟਿਆਲਾ (ਰਾਜਿੰਦਰ ਸਿੰਘ ਥਿੰਦ)- ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨਹਿੱਤ ਸੰਮਤੀ ਵੱਲੋਂ ਪ੍ਰਧਾਨ ਐੱਸ. ਕੇ. ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਜਨਹਿਤ ਸਮਿਤੀ ਵੱਲੋਂ ਪਿੰਡ ਕਾਮੀ ਖੁਰਦ ਅਤੇ ਪਿੰਡ ਜੰਡ ਮੰਡੋਲੀ ਦੇ ਹੜ੍ਹ ਪ੍ਰਭਾਵਿਤ 30 ਪਰਿਵਾਰਾਂ ਨੂੰ ਰਾਸ਼ਨ, ਕੰਬਲ ਅਤੇ ਚਾਦਰਾਂ ਵੰਡੀਆਂ ਗਈਆਂ ।ਇਸ ਮੌਕੇ ਅਮਰਜੀਤ ਸਿੰਘ (ਸਰਪੰਚ, ਕਾਮੀ ਖੁਰਦ), ਸਤਨਾਮ ਸਿੰਘ (ਸਰਪੰਚ, ਜੰਡ ਮੰਡੋਲੀ), ਹਰਦੀਪ ਸਿੰਘ ਲਾਡਾ, ਸਤੀਸ਼ ਸਿੰਗਲਾ (ਕਾਲੂ), ਅਨਿਲ ਭਾਰਤੀ, ਐੱਸ. ਪੀ. ਪ੍ਰਾਸ਼ਰ, ਗਗਨਦੀਪ ਸਿੰਘ, ਸੁਰਿੰਦਰ ਸਿੰਘ ਅਤੇ ਅਮਨ ਕੁਮਾਰ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਸਰਪੰਚ, ਕਾਮੀ ਖੁਰਦ ਅਤੇ ਸਰਪੰਚ, ਜੰਡ ਮੰਡੋਲੀ ਨੇ ਕਿਹਾ ਕਿ ਜਨਹਿੱਤ ਸੰਮਤੀ ਵੱਲੋਂ ਲੋੜਵੰਦਾਂ ਦੀ ਮਦਦ ਕਰਨਾ ਸਭ ਤੋਂ ਉੱਤਮ ਸਮਾਜ ਸੇਵਾ ਹੈ। ਉਨ੍ਹਾਂ ਕਿਹਾ ਸ਼ਹਿਰ ਦੇ ਪਾਰਕਾਂ ਦੀ ਸਾਂਭ ਸੰਭਾਲ ਕਰਨੀ, ਲੋੜਵੰਦ ਲੜਕੀਆਂ ਦੇ ਵਿਆਹਾਂ ਵਿਚ ਮਦਦ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ, ਲੋੜਵੰਦਾਂ ਦੀ ਮਦਦ ਲਈ ਐਂਬੂਲੈਂਸਾਂ ਚਲਾਉਣੀਆਂ, ਰਾਜਿੰਦਰਾ ਹਸਪਤਾਲ ਵਿਚ ਟਰਾਈਸਾਈਕਲ, ਮੁਫਤ ਦਵਾਈਆਂ ਦੇਣੀਆਂ ਬਹੁਤ ਪ੍ਰਸ਼ੰਸਾਯੋਗ ਹਨ। ਜਨਹਿੱਤ ਸੰਮਤੀ ਦੀ ਸਮਾਜ ਸੇਵੀ ਸੰਸਥਾ ਤੋਂ ਸੇਧ ਲੈ ਕੇ ਹੋਰਨਾਂ ਸੰਸਥਾਵਾਂ ਨੂੰ ਵੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Sagar S/o Rajinder Kumar R/o VPO Piplanwala, Tehsil and Distt. Hoshiarpur Punjab have changed my name from Sagar to Sagar Kumar. Concerned note.

I, Sukhcharn Singh S/o Mohan Singh R/o Vill. Jattpur PO. Garlon Bet, Teh. Balachaur Distt. SBS Nagar, Punjab Have changed my name to Singh Sukhcharn. All please note.

I Gurmel Chand S/o Pooran Chand R/o VPO Simbli Teh. Garhshankar, Distt. Hoshiarpur, Punjab Have changed My Name to Gurmail Chand. All please Note.

I Yash Paul s/o Dev Raj R/o VPO Talwandi Sanghera, Teh. Shahkot, Jalandhar-144703, Punjab, have changed my name from Yash Paul to Paul Yash , in which given name Yash and Paul is my surname.All please note.

I Neelam Rani W/o Yash Paul R/o VPO Talwandi Sanghera, Teh. Shahkot, Jalandhar-144703, Punjab, have changed my name from Neelam Rani to Rani Neelam , in which given name Neelam and Rani my surname.All please note.

I, Balvir Singh S/o Prem Dass R/o Vill.kasabad, PO.bhattian, Distt. Ludhiana, Pin. 141008, Punjab I Have Changed My Name From Balvir Singh To Singh Balvir. (Surname Singh). All Note.

I, Varinderjit Singh S/o Pritam Singh R/o V. Alachaur, Distt. S.B.S Nagar, Punjab have changed my name as Given name Varinderjit & Surname as Singh. All please note.

I, Paramjit Singh S/o Mukhtar Singh R/o VPO Bhangali Kalan Tehsil Majitha District Amritsar Pin 143601 Punjab have declare that Paramjit is my Given name and Singh is my Surname

I, Inder Singh S/o Karnail Singh Resident at Vill Kotla Doom, Post office Chogawan, Distt Amritsar have changed my name from Inder Singh to Inderjit Singh

I, Harinder Singh S/o Manjit Singh R/o Village Khatrai Khurd PO Khatrai Kalan District Amritsar have declare that Harinder is my Given name and Singh is my Surname

I, Ranjit Singh S/o Satnam Singh R/o VPO Malluwal Tehsil & District Tarn Taran have declare that Ranjit is my Given name and Singh is my Surname

I, Paras Bhopal S/o Sh. Gulshan Kumar R/o House No 74, Dayanand Nagar, Gali No.3, Lawrence Road Tehsil & District Amritsar have changed my name from Paras Bhopal to Paras

I, Arti Bhopal W/o Paras R/o House No 74, Dayanand Nagar, Gali No.3, Lawrence Road Tehsil & District Amritsar have changed my name from Arti Bhopal to Aarti Bhopal

I, Ashok Kumar Gupta S/o Ram Sharan Das Resident of 32, Shiv Nagar, Batala Road, Amritsar-I, Amritsar-143001. I have changed my name from Ashok Kumar Gupta to Ashok Kumar. All concerned please note.

I, Rimpy Singh W/o Deepak Puri R/o 391, Akash Avenue, Bajwa Hospital, Fatehgarh Churian Road, Amritsar have changed my name to Rimpy Puri.

I, Dharminder Devgan S/o Surinder Pal R/o F-13/111, Friends Colony Gali No.3, Majitha Road, Amritsar have changed my name from Dharminder Devgan to Dharminder Pal.

I, Onkar Singh s/o Atma Singh r/o Vpo.Khothran, Teh. Banga, SBS Nagar Changed the name of my minor son from Sharonvir Singh to Given name as Sharonvir & Surname as Singh.

I, Akash Kumar s/o Mewa Lal r/o 35, Bhoor Mandi, Jalandhar Cantt. Jalandhar, on behalf of legal guardian I have changed the name of my nephew from Kaviansh Sonkar to Kavyansh Sonkar.

I, hitherto known as Balwinder Kaur W/o Jasbir Singh R/o VPO. Nadala, Distt. Kapurthala, Punjab-144624 have changed my name and shall hereafter be known as Kulwant Kaur.

I, Sahil S/o Bodh Raj. R/o Ambedkar Nagar, Batala Road Gurdaspur, Punjab. Have changed my name from Sahil to Sahil Kundal.

I, Sunil S/o Ram Chand. R/o Pahra, Gurdaspur, Punjab. Have changed my name from Sunil to Sunil Thappar.

I, Sweety W/o Gulshan Mahajan. R/o H. No. 173, Umarpura Road, South City Phase 1, O/S Mian Mohalla, Batala, Gurdaspur, Batala, Punjab-143505. Have changed my name from Sweety to Sweety Mahajan.

I. Kamaljeet Kaur W/o Malkit Singh R/O Near Gurdawara Sahib, Village Chattowal, PO. Rajpur Gahot, Distt. Hoshiarpur, Punjab Have changed my name to Kamaljit Kaur. All Concerned Please Note.

## PUBLIC NOTICE

I, Santosh Kumari W/o Sanjeev Kumar R/o Village Lodhi Chak, PO. Kurala Kalan, Teh. Dasuya (Hoshiarpur) Punjab declare that my given name as Santosh and my surname as Kumari.

I Kiran D/O Khazanchi Ram R/O H.No.384, Adarsh Nagar, Jalandhar have two my names Kiran D/O Khazanchi Ram(before marriage)and Kiran Jain w/o Sumat Parkash Jain D/O Khazanchi Lal Jain ( after marriage)therefore Kiran D/O Khazanchi Ram and Kiran Jain D/ O Khazanchi Lal Jain is one and the same person Please note all concerned.

I Ranjit Pal S/o Parshu Ram,R/o H.No. 49,Gali no. 3, Parshuram Nagar,Jalandhar (against DDR no LR N : 279199/2022, dated 12.10.2022) declare that original Sale Deed no.4961,dated 25.10.2011 and SPA 7392 dated 05.03.2011 and GPA 1576, dated 19.07.2010. has actually been losted before two days. All concerned may note. If anyone wants to claim/ compliant regards this.Please Contact Advocate Mr. Vikas Sood District Jalandhar M: 9814094356 within 7 days.

I, Rohit Kumar R/o B-I/35 Anand Nagar Jalandhar. I lost my document (legal 100 Rs STAMP Paper of ID Number-IN-PB44141991317832X on 6/10/25) Near Maqsudan Mandi. If any one found please contact me M. No. 9872007545. I shall be thankfull for this act. (12639)

I, Janak Rani W/o Amrit Pal R/o H.No. WJ 89, Mohalla Balmikki Basti Guzan, Jalandhar, Punjab declare that my daughter Sangeeta is out of my control. So I disinherit her from all my moveable and immoveable properties. Myself and other family members having no relation with her. I and my family shall not be held responsible for any kind of dealing done with her. All concerned please note.

## ਨਾਂਅ ਦੀ ਬਦਲੀ

ਮੈਂ ਅਨਮੋਹਨਕਰਨ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਵਾਸੀ ਪਿੰਡ ਕਲਸ ਖੇਮਕਰਨ ਜਿਲਾ ਤਾਰਨ ਤਾਰਨ ਨੇ ਆਪਣਾ ਨਾਮ ਅਨਮੋਹਨਕਰਨ ਸਿੰਘ ਤੋਂ ਬਦਲ ਕੇ ਅਨਮੋਲਦੀਪ ਸਿੰਘ ਰੱਖ ਲਿਆ ਹੈ ਤੇ ਮੇਰੀ ਜਨਮ ਤਾਰੀਕ 10-07-2005 ਤੋਂ 07-10-2005 ਕੀਤੀ ਗਈ ਹੈ

ਮੈਂ ਨਿੰਦਰ ਕੌਰ ਪਤਨੀ ਗੁਰਪ੍ਰੀਤ ਸਿੰਘ ਵਾਸੀ ਪਿੰਡ ਕਲਸ ਖੇਮਕਰਨ ਜਿਲਾ ਤਰਨ ਤਾਰਨ ਨੇ ਆਪਣਾ ਨਾਮ ਨਿੰਦਰ ਕੌਰ ਤੋਂ ਬਦਲ ਕੇ ਨਿੰਦਰਪਾਲ ਕੌਰ ਰੱਖ ਲਿਆ ਹੈ।

## ਆਮ ਸੂਚਨਾ

ਮੈਂ, ਜਸਵਿੰਦਰ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਸੋਸਨ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਜਸਵਿੰਦਰ ਸਿੰਘ ਤੋਂ ਬਦਲ ਕੇ ਸਰਬਜੀਤ ਸਿੰਘ ਉਰਫ ਜਸਵਿੰਦਰ ਸਿੰਘ ਰੱਖ ਲਿਆ ਹੈ। ਮੈਨੂੰ ਸਰਬਜੀਤ ਸਿੰਘ ਉਰਫ ਜਸਵਿੰਦਰ ਸਿੰਘ ਇਨ੍ਹਾਂ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਸੰਬੰਧਤ ਨੋਟ ਕਰਨ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸ਼ਨ ਨੰਬਰ ਏ ਪੀ 56-0861 ਪੀ, ਲੋਡ 5 ਬੀ ਐਚ ਪੀ ਅਤੇ ਏ ਪੀ 56-0884 ਡਬਲਿਊ 5 ਬੀ ਐਚ ਪੀ ਦੋਨੋਂ ਟਿਊਬਵੈੱਲ ਕੁਨੈਕਸ਼ਨ ਵੱਸਣ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਪਿੰਡ ਵੜੈਚ ਦੇ ਨਾਂਅ 'ਤੇ ਚੱਲ ਰਹੇ ਹਨ, ਜਿਸ ਨੂੰ ਉਸ ਦੇ ਪੁੱਤਰ ਭਗਵੰਤ ਸਿੰਘ ਪੁੱਤਰ ਵੱਸਣ ਸਿੰਘ ਨੇ ਆਪਣੇ ਨਾਂਅ 'ਤੇ ਬਦਲੀ ਕਰਨ ਲਈ ਐਪਲੀਕੇਸ਼ਨ ਦਫ਼ਤਰ ਪੀ ਐੱਸ ਪੀ ਸੀ ਐੱਲ ਕਾਹਨੂੰਵਾਨ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ 15 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਐੱਸ ਡੀ ਓ ਕਾਹਨੂੰਵਾਨ ਜੀ ਨੂੰ ਪੇਸ਼ ਕਰੇ। ਇਸ ਤੋਂ ਬਾਅਦ ਕੀਤਾ ਇਤਰਾਜ਼ ਮਨਜ਼ੂਰ ਨਹੀਂ ਕੀਤਾ ਜਾਵੇਗਾ ਅਤੇ ਇਸ ਟਿਊਬਵੈੱਲ ਕੁਨੈਕਸ਼ਨ ਨੂੰ ਬਿਨਾਂ ਕਿਸੇ ਦੇ ਇਤਰਾਜ਼ ਦੇ ਬੇਨਤੀ ਕਰਤਾ ਦੇ ਨਾਂਅ 'ਤੇ ਬਦਲੀ ਕਰ ਦਿੱਤਾ ਜਾਵੇਗਾ।

## ਬੇਦਖਲੀ ਨੋਟਿਸ

ਮੈਂ, ਰਾਜ ਕੁਮਾਰ ਪੁੱਤਰ ਕੇਵਲ ਸਿੰਘ ਵਾਸੀ ਪਿੰਡ ਘੁਗਿਆਲ, ਡਾਕ. ਹਰਿਆਣਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਹਿਲ ਅਤੇ ਉਸ ਦੀ ਪਤਨੀ ਬਾਨੀਕਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਕੁਲਵਿੰਦਰ ਕੌਰ ਪਤਨੀ ਧਰਮਪਾਲ, ਵਾਸੀ ਪਿੰਡ ਤੇ ਡਾਕਖਾਨਾ ਘੁੜਿਆਲ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਅਮਰੀਕ ਚੰਦ ਅਤੇ ਉਸ ਦੀ ਪਤਨੀ ਮਨਦੀਪ ਕੌਰ ਮੇਰੇ ਕਹਿਣੇ ਵਿਚ ਨਹੀਂ ਹਨ। ਮੈਂ ਆਪਣੇ ਪੁੱਤਰ ਅਮਰੀਕ ਚੰਦ ਅਤੇ ਉਸ ਦੀ ਪਤਨੀ ਮਨਦੀਪ ਕੌਰ ਨੂੰ ਘਰੇਲੂ ਕਾਰਨਾਂ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਮੇਰਾ ਲੜਕਾ ਅਮਰੀਕ ਚੰਦ ਅਤੇ ਉਸ ਦੀ ਪਤਨੀ ਮਨਦੀਪ ਕੌਰ ਦਾ ਮੇਰੀ ਚੱਲ-ਅਚੱਲ ਜਾਇਦਾਦ ਨਾਲ ਕੋਈ ਹੱਕ ਨਹੀਂ ਹੋਵੇਗਾ।

ਮੈਂ, ਪ੍ਰਭਜੀਤ ਕੌਰ ਪਤਨੀ ਜੀਵਨ ਸਿੰਘ, ਵਾਸੀ ਪਿੰਡ ਤਰਗੜ੍ਹ ਰਾਮਪੁਰਾ, ਡਾਕਖਾਨਾ ਜਲਾਲਪੁਰਾ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮਨਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਸੀਤਲ ਸਿੰਘ ਪੁੱਤਰ ਅਮਰ ਸਿੰਘ, ਵਾਸੀ ਮਕਾਨ ਨੰਬਰ ਐੱਲ-7/45, ਗੰਡਾ ਸਿੰਘ ਕਾਲੋਨੀ, ਤਰਨ ਤਾਰਨ ਸੜਕ, ਅੰਮ੍ਰਿਤਸਰ ਅਤੇ ਬਲਵਿੰਦਰ ਕੌਰ ਪਤਨੀ ਸੀਤਲ ਸਿੰਘ ਵਾਸੀ ਮਕਾਨ ਨੰ: 91, ਗੰਡਾ ਸਿੰਘ ਕਾਲੋਨੀ, ਤਰਨ ਤਾਰਨ ਸੜਕ, ਅੰਮ੍ਰਿਤਸਰ-1, ਅੰਮ੍ਰਿਤਸਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕੁਵਰਬੀਰ ਸਿੰਘ ਉਰਫ ਕੈਮੀ ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਸਾਡੀ ਕੋਈ ਗੱਲ ਨਹੀਂ ਮੰਨਦਾ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਤੇ ਸਾਡੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

## ਬੇਦਖਲੀ ਨੋਟਿਸ

ਮੈਂ ਸੰਤੋਸ਼ ਕੁਮਾਰੀ ਪਤਨੀ ਲੇਟ ਜੀਤ ਕੁਮਾਰ ਵਾਸੀ ਮਕਾਨ ਨੰਬਰ ਡੀ-2/712, ਨਜ਼ਦੀਕ ਜੁਗਲ ਕਰਿਆਨਾ ਸਟੋਰ, ਛੋਟਾ ਹਰੀਪੁਰਾ, ਅੰਮ੍ਰਿਤਸਰ ਆਪਣੇ ਲੜਕੇ ਦਵਿੰਦਰ ਕੁਮਾਰ ਉਰਫ ਤੋਤਾ ਅਤੇ ਉਸਦੀ ਪਤਨੀ ਪੂਜਾ ਕੁਮਾਰੀ ਜੋ ਕਿ ਮੇਰੇ ਕਹਿਣੇ ਵਿਚ ਨਹੀਂ, ਮੈਂ ਇਹਨਾਂ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਬਾਕੀ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਮੀਤ ਕੌਰ ਪਤਨੀ ਸ਼੍ਰੀ ਕਰਮ ਚੰਦ ਵਾਸੀ ਪਿੰਡ ਚਾਹੜਕੇ ਡਾਕਖਾਨਾ ਭੋਗਪੁਰ ਜ਼ਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਸੁਖਦੇਵ ਸਿੰਘ ਅਤੇ ਉਸਦੀ ਪਤਨੀ ਪਰਵੀਨ ਕੁਮਾਰੀ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬੰਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਰਨੈਲ ਸਿੰਘ ਪੁੱਤਰ ਦਰਸ਼ਨ ਸਿੰਘ, ਵਾਸੀ ਪਿੰਡ ਮਾਂਗੇਕੀ, ਡਾਕ. ਆਲਮਪੁਰ ਬੱਕਾ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਮੇਰਾ ਪੁੱਤਰ ਜਸਵੀਰ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਲੜਾਈ- ਝਗੜਾ ਕਰਦਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਰਿਹਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਵਾਰ ਦਾ ਇਸ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ-ਵਾਸਤਾ ਨਹੀਂ ਰਹਿ ਗਿਆ। ਸਾਡੀ ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਵੀਰ ਸਿੰਘ ਪੁੱਤਰ ਬਚਨ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਤੱਲਾ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਆਪਣੇ ਪੁੱਤਰ ਲਵਜੀਤ ਸਿੰਘ ਅਤੇ ਉਸ ਦੀ ਪਤਨੀ ਸਰਬਜੀਤ ਕੌਰ, ਨੂੰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਤਰਸੇਮ ਸਿੰਘ ਪੁੱਤਰ ਚੰਨਣ ਰਾਮ ਵਾਸੀ ਅੱਜਲਾ ਫਾਟਕ, ਨੇੜੇ ਮਾਤਾ ਸੋਮਾ ਦੇਵੀ ਮੰਦਰ, ਫੈਕਟਰੀ ਏਰੀਆ, ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਪਰਮਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਅਮਰਜੀਤ ਸਿੰਘ(ਆਧਾਰ ਕਾਰਡ ਨੰਬਰ-8858 6642 6642) ਪੁੱਤਰ ਮਹਿੰਦਰ ਸਿੰਘ ਵਾਸੀ ਫੋਕਲ ਪੁਆਇੰਟ ਖਾਲੂ ਰਤਾ ਕਦੀਮ,ਕਪੂਰਥਲਾ , ਪੰਜਾਬ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਣਜੀਤ ਸਿੰਘ ਅਤੇ ਉਸਦੀ ਪਤਨੀ ਨਵਨੀਤ ਕੌਰ ਮੇਰੇ ਕਹਿਣੇ ਤੋ ਬਾਹਰ ਹਨ ਤੇ ਮੈਨੂੰ ਤੰਗ ਪਰੇਸ਼ਾਨ ਕਰਦੇ ਰਹਿੰਦੇ ਹਨ।ਇਸ ਲਈ ਮੈ ਇਹਨਾਂ ਦੋਨਾਂ ਨੂੰ ਆਪਣੀ ਤਮਾਮ ਚਲ-ਅਚਲ ਜਾਇਦਾਦ ਚੋਂ ਬੇਦਖਲ ਕਰਦਾ ਹਾਂ। ਅੱਜ ਤੋ ਬਾਦ ਅਗਰ ਕੋਈ ਇਹਨਾਂ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜਿੰਮੇਦਾਰ ਹੋਵੇਗਾ। ਮੇਰਾ ਜਾਂ ਮੇਰੇ ਕਿਸੇ ਪਰਿਵਾਰਕ ਮੈਂਬਰ ਦਾ ਇਸ ਲੈਣ-ਦੇਣ ਜਾਂ ਇਹਨਾਂ ਦੇ ਕਿਸੇ ਗੈਰ-ਕਾਨੂੰਨੀ ਕੰਮਾ ਦੀ ਕੋਈ ਜਿੰਮੇਦਾਰੀ ਨਹੀ ਹੋਵੇਗੀ।

ਮੈਂ ਸਤਪਾਲ ਸਿੰਘ ਪੁੱਤਰ ਬਚਨ ਸਿੰਘ ਵਾਸੀ ਮਕਾਨ ਨੰਬਰ B.IX-49/110, ਨਿਊ ਹਰਦਿਆਲ ਨਗਰ , ਹੁਸ਼ਿਆਰਪੁਰ ਰੋਡ , ਡਾਕਖਾਨਾ ਸ਼ੇਖੇ ਪਿੰਡ , ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰੇ ਲੜਕਾ ਹਨੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਸ਼ਾਮ ਬਰਿੰਦਰ ਪੁੱਤਰ ਛੱਜੂ ਰਾਮ , ਵਾਸੀ ਮਕਾਨ ਨੰਬਰ 21 , ਨਿਊ ਮਾਸਟਰ ਮਹਿੰਗਾ ਸਿੰਘ ਕਲੋਨੀ , ਬੜਿੰਗ , ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਜਤ ਸ਼ਰਮਾ ਅਤੇ ਉਸਦੀ ਪਤਨੀ ਦਿਪਾਲੀ ਮੇਰੇ ਕਹਿਣੇ ਤੋਂ ਬਾਹਰ ਹਨ ।ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਸੁਧੀਰ ਮੰਡਲ ਪੁੱਤਰ ਮਹਿੰਦਰ ਸਿੰਘ ਵਾਸੀ ਪੱਤੀ ਭਾਈ ਪਿੰਡ ਡਰੋਲੀ ਜਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਿੰਸ ਕੁਮਾਰ ਅਤੇ ਉਸਦੀ ਪਤਨੀ ਰਾਗਿਨੀ ਕੁਮਾਰੀ ਮੇਰੇ ਕਹਿਣੇ ਤੋਂ ਬਾਹਰ ਹਨ । ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬੰਧਤ ਨੋਟ ਕਰਨ ।

ਅਸੀਂ ਰਾਜਵਿੰਦਰ ਕੌਰ ਅਤੇ ਬਲਜੀਤ ਸਿੰਘ (ਸਪੁੱਤਰ ਮਲਕੀਤ ਸਿੰਘ) ਪਿੰਡ ਚੀਮਾਂਬਾਠ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੀ ਲੜਕੀ ਅੰਮ੍ਰਿਤਪਾਲ ਕੌਰ (ਸ਼ਾਦੀਸ਼ੁਦਾ) ਨੂੰ ਕਹਿਣਿਓਂ ਬਾਹਰੀ ਹੋਣ ਕਾਰਨ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਜਗਜੀਤ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਭਵਾਨੀ ਪੁਰ, ਤਹਿ: ਵਾ ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਵਾ ਨੂੰਹ ਨਵਜੋਤ ਕੌਰ ਪਤਨੀ ਲਵਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਦਵਿੰਦਰ ਸਿੰਘ ਪੁੱਤਰ ਵਲੈਤੀ ਰਾਮ ਵਾਸੀ ਮੁਠੱਡਾ ਕਲਾਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਜੋਗਿੰਦਰ ਕੌਰ ਪਤਨੀ ਸੋਹਨ ਲਾਲ ਵਾਸੀ ਪਿੰਡ ਕੋਟਲਾ, ਡਾਕਖਾਨਾ ਸ਼ੇਖੇ ਪਿੰਡ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਦੀਪ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸੁਖਦੇਵ ਸਿੰਘ ਬਾਸੀ ਪੁੱਤਰ ਹਰਧੀਰ ਸਿੰਘ ਵਾਸੀ ਪਿੰਡ ਮੇਹਲੀਆਣਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਸਿੰਘ ਬਾਸੀ ਅਤੇ ਉਸਦੀ ਪਤਨੀ ਮਨਿੰਦਰ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਪਬਲਿਕ ਨੋਟਿਸ

ਕਸ਼ਿਸ਼ ਪੁੱਤਰੀ ਹਰਮੇਸ਼ ਸਿੰਘ ਵਾਸੀ ਮਕਾਨ ਨੰ- 24, ਨੀਵੀਂ ਚੱਕੀ, ਮੰਡੀ ਰੋਡ, ਜਲੰਧਰ ਜਿਸਦੇ ਅਨੁਸਾਰ ਉਸਤੋਂ ਜਲੰਧਰ ਦੀ 3.7 ਏਕੜ ਵਿਕਾਸ ਸਕੀਮ ਵਿਚ ਜਮਾਂਬੰਦੀ 1943-44 ਦੇ ਖੇਵਟ ਨੰਬਰ 2133, ਖਤੌਨੀ ਨੰ- 3546, ਖਸਰਾ ਨੰ- 8096, ਖੇਵਟ ਨੰ- 4379, ਖਤੌਨੀ ਨੰ-8299, ਖਸਰਾ ਨੰ-8093 ਸ਼ਾਮਲ ਹਨ। ਜਿਸ ਦਾ ਰਕਬਾ 6 ਮਰਲੇ 152 ਵਰਗ ਫੁੱਟ ਅਤੇ ਇਕ ਕਨਾਲ 13 ਮਰਲਾ 30 ਵਰਗ ਫੁੱਟ ਹੈ, ਦੀ ਰਜਿਸਟਰੀ ਅਤੇ ਵਸੀਯਤ ਦੇ ਪੇਪਰ 24 ਸਤੰਬਰ 2025 ਨੂੰ ਪ੍ਰਤਾਪ ਬਾਗ ਦੇ ਨੇੜੇ ਰਸਤੇ ਵਿੱਚ ਕਿਤੇ ਡਿਗ ਪਏ ਹਨ। ਜੇਕਰ ਕਿਸੇ ਨੂੰ ਮਿਲਣ ਤਾਂ ਕਿਰਪਾ ਕਰਕੇ ਉਪਰੋਕਤ ਪਤੇ 'ਤੇ ਸੰਪਰਕ ਕਰੋ, ਢੁਕਵਾਂ ਇਨਾਮ ਵੀ ਦਿੱਤਾ ਜਾਵੇਗਾ। ਇਸ ਸੰਬੰਧ ਵਿੱਚ, ਪੁਲਿਸ ਸਟੇਸ਼ਨ ਡਵੀਜ਼ਨ ਨੰਬਰ 3 ਵਿੱਚ ਰਿਪੋਰਟ ਵੀ ਦਰਜ ਕਰਵਾਈ ਗਈ ਹੈ, ਜਿਸ ਦੇ ਨੰਬਰ ਰੋਜ਼ਨਾਮਚਾ ਨੰਬਰ 009 ਮਿਤੀ 10-10-2025 ਅਤੇ 029 ਮਿਤੀ 09-10-2025 ਹਨ। ਸੰਬੰਧਿਤ ਨੋਟ ਕਰਨ।

## ਜਨਤਕ ਨੋਟਿਸ

ਆਮ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਨਾਇਤ ਮਸੀਹ ਪੁੱਤਰ ਭਾਗ ਮਸੀਹ ਅਤੇ ਵੀਰਪਾਲ ਪਤਨੀ ਜਗਦੀਸ਼ ਮਸੀਹ ਵਾਸੀ ਚਰਚ ਵਾਲੀ ਗਲੀ, ਬਸਤੀ ਮਲਸੀਆਂ ਵਾਲੀ, ਜ਼ੀਰਾ, ਤਹਿਸੀਲ ਜ਼ੀਰਾ ਅਤੇ ਜ਼ਿਲ੍ਹਾ ਫਿਰੋਜ਼ਪੁਰ, ਜੋ ਕਿ ਵਾਕਿਆ ਰਕਬਾ ਬਸਤੀ ਮਲਸੀਆਂ ਵਾਲੀ, ਜ਼ੀਰਾ ਅੰਦਰੂਨ ਲਾਲ ਲਕੀਰ, ਪ੍ਰਾਪਰਟੀ ਯੂਨਿਟ ਨੰ. 104/24, ਅਸੈਸਮੈਂਟ ਸੀਰੀਅਲ ਨੰ. 104, ਜ਼ੀਰਾ ਵਿਖੇ 05 ਮਰਲੇ 00 ਸਰਸਾਹੀ ਦੀ ਰਿਹਾਇਸ਼ੀ ਜਾਇਦਾਦ ਦੀ ਮਾਲਕ ਹੈ। ਜੋ ਕਿ ਪ੍ਰਾਰਥੀ ਨੇ ਡੀਡ ਨੰਬਰ, 1951, ਮਿਤੀ 18-03-2019 ਅਤੇ ਡੀਡ ਨੰਬਰ,1950, ਮਿਤੀ.18-03-2019 ਰਾਹੀਂ ਮਾਲਕ ਹਨ ਅਤੇ ਇਸ ਪ੍ਰਾਪਰਟੀ ਨਾਲ ਸੰਬੰਧਤ ਪਿਛਲੇ ਦਸਤਾਵੇਜ਼ ਕਿਧਰੇ ਗੁੰਮ ਹੋ ਗਿਆ ਹੈ ਅਤੇ ਪ੍ਰਾਰਥੀ ਨੇ ਹੁਣ ਬੈਂਕ ਏ. ਯੂ. ਸਮਾਲ ਫਾਈਨੈਂਸ ਬੈਂਕ, ਮੋਗਾ ਨੂੰ ਉਪਰੋਕਤ ਸੰਪਤੀ ਦੇ ਗਿਰਵੀ ਰੱਖਣ ਲਈ ਕਰਜ਼ੇ ਦੀ ਹੱਦ ਦੇਣ ਦੀ ਬੇਨਤੀ ਕੀਤੀ ਹੈ। ਕਿਸੇ ਵੀ ਵਿਅਕਤੀ ਨੂੰ ਉਕਤ ਸੰਪਤੀ ਦੇ ਸੰਬੰਧ ਵਿੱਚ ਜਾਂ ਮੇਰੇ ਮੁਵੱਕਲ ਕੋਲ ਗਿਰਵੀ ਰੱਖਣ ਦੇ ਸੰਬੰਧ ਵਿੱਚ ਕੋਈ ਇਤਰਾਜ਼ ਹੈ, ਉਹ ਇਸ ਪ੍ਰਕਾਸ਼ਨਾ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਹੇਠਾਂ ਦਿੱਤੇ ਪਵਿੱਤਰ ਸਿੰਘ ਐਡਵੋਕੇਟ, ਕਾਨੂੰਨੀ ਸਲਾਹਕਾਰ ਕੋਲ ਆਪਣਾ ਇਤਰਾਜ਼ ਉਠਾ ਸਕਦਾ ਹੈ ਅਤੇ ਉਨ੍ਹਾਂ ਦਾ ਮੋਬਾਈਲ ਨੰਬਰ 99888-29655 ਹੈ। ਉਪਰੋਕਤ ਦਿੱਤੇ ਗਏ ਸਮੇਂ ਤੋਂ ਬਾਅਦ ਕੋਈ ਇਤਰਾਜ਼ ਸਵੀਕਾਰ ਨਹੀਂ ਕੀਤਾ ਜਾਵੇਗਾ।

ਪਵਿੱਤਰ ਸਿੰਘ ਐਡਵੋਕੇਟ, ਜ਼ਿਲ੍ਹਾ ਕਚਹਿਰੀ ਮੋਗਾ ਚੈਂਬਰ ਨੰ. 41., ਮੋਬਾ. ਨੰ. 99888-29655

## ਪਬਲਿਕ ਨੋਟਿਸ

ਮੈਂ, ਸਤਵਿੰਦਰ ਕੌਰ ਪਤਨੀ ਲੇਟ ਸ. ਪਰਮਜੀਤ ਸਿੰਘ ਵਾਸੀ ਮਕਾਨ ਨੰ. EP-74, ਖੋਦਿਆ ਮੁਹੱਲਾ, ਜਲੰਧਰ। ਇਹ ਪੁਸ਼ਟੀ ਕਰਦੀ ਹਾਂ ਕਿ ਮੇਰੇ ਕੋਲੋਂ ਇੱਕ ਵਸੀਕਾ ਨੰ. 8433 ਮਿਤੀ 02-12-2015 ਅਤੇ ਤਬਦੀਲ ਮਲਕੀਅਤਨਾਮਾ ਨੰ. 5155 ਮਿਤੀ 23-08-2017 ਹੈ। ਜੋ ਕਿ ਮੇਰੇ ਪਤੀ ਪਰਮਜੀਤ ਸਿੰਘ ਵਲੋਂ ਮੇਰੇ ਨਾਮ ਤੇ ਹੋਇਆ ਸੀ। ਜੋ ਕਿ ਵਾਕਿਆ ਅਬਾਦੀ ਮਕਾਨ ਨੰ. EP-74, ਖੋਦਿਆ ਮੁਹੱਲਾ, ਜਲੰਧਰ ਵਿਚ ਸਥਿਤ ਜਾਇਦਾਦ ਦਾ ਹੈ, ਜਿਸਦਾ ਰਕਬਾ 4.25 ਮਰਲੇ ਹੈ। ਜੋ ਕਿਧਰੇ ਗੁੰਮ/ਗੁਆਚ ਗਏ ਹਨ। ਜਿਸਦੀ ਮੈਂ ਸ਼ਿਕਾਇਤ ਨੰ. GD No. 020, ਮਿਤੀ 26.06.2025 ਨੂੰ ਥਾਣਾ ਡਵੀਜ਼ਨ ਨੰ.4, ਵਿਚ ਦਰਜ ਕਰਵਾਈ ਹੈ। ਜੇ ਕਿਸੇ ਵਿਅਕਤੀ ਨੂੰ ਇਹ ਗੁੰਮ ਹੋਈ ਰਜਿਸਟਰੀ ਅਤੇ ਤਬਦੀਲ ਮਲਕੀਅਤਨਾਮਾ ਮਿਲਦਾ ਹੈ ਜਾਂ ਇਸ ਸੰਬੰਧੀ ਕੋਈ ਇਤਰਾਜ਼ ਹੈ ਤਾਂ ਇਸ ਇਸ਼ਤਿਹਾਰ ਤੋਂ 7 ਦਿਨ ਦੇ ਅੰਦਰ-ਅੰਦਰ ਮੈਨੇਜਰ ਜਨਾ ਸਮਾਲ ਫਾਇਨੈਂਸ ਬੈਂਕ ਅਤੇ ਐਡਵੋਕੇਟ ਵਿਕਾਸ ਸੂਦ ਨੂੰ ਇਸ ਨੰ. 98140-94356 ਤੇ ਸੰਪਰਕ ਕਰ ਸਕਦਾ ਹੈ।

## COURT NOTICE

(U/o 5 Rule 20 CPC)
In the Court of Garima Gupta
Civil Judge (Junior Division),
Amritsar
CNR No. PBAS02-000690-2024
Next Date:- 18-10-2025
Punjab National Bank
Vs.
Ranjit Singh & Ors.
CS/415/2024 Recovery
Publication Issued To:
1. Ranjit Singh S/o Karam Singh
2. Harjit Singh S/o Karam Singh
3. Kashmir Singh S/o Karam Singh
4. Dalbir Kaur W/o Karam Singh
All R/o Village Tarpai Distt. Amritsar

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 18-10-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division)
Amritsar
Dated, this day of 13-10-2025

## ਪਬਲਿਕ ਨੋਟਿਸ

ਸ੍ਰੀ ਬਲਕਾਰ ਸਿੰਘ ਜੁਆਇੰਟ ਸਬ ਰਜਿਸਟਰਾਰ,
ਤਹਿ ਵਾ ਜ਼ਿਲ੍ਹਾ ਮਾਨਸਾ

ਇਸ ਦਫਤਰ ਵਿੱਚ ਸ੍ਰੀਮਤੀ ਵਿਵੇਕ ਕੌਰ ਪਤਨੀ ਲੇਟ ਸ੍ਰੀ ਅਵਤਾਰ ਸਿੰਘ, ਵਾਸੀ ਪਿੰਡ ਖੀਵਾ ਕਲਾਂ, ਜ਼ਿਲ੍ਹਾ ਮਾਨਸਾ ਨੇ ਮਿਤੀ 13.10.2025 ਨੂੰ ਦਰਖਾਸਤ ਦੇ ਕੇ ਬੇਨਤੀ ਕੀਤੀ ਹੈ ਕਿ ਉਸ ਦੇ ਪਤੀ ਅਵਤਾਰ ਸਿੰਘ ਪੁੱਤਰ ਦੇਵ ਸਿੰਘ ਨੇ ਆਪਣੀ ਮੌਤ ਤੋਂ ਪਹਿਲਾ ਇੱਕ ਅਣ-ਰਜਿਸਟਰਡ ਵਸੀਅਤ ਮਿਤੀ 07-09-2025 ਨੂੰ ਉਸ ਦੇ ਹੱਕ ਵਿੱਚ ਆਪਣੀ ਤਮਾਮ ਜਾਇਦਾਦ ਭਾਰਤ ਵਰਸ਼ ਵਿੱਚ ਦੀ ਕੀਤੀ ਹੋਈ ਹੈ ਅਤੇ ਹੁਣ ਅਵਤਾਰ ਸਿੰਘ ਦੀ ਮਿਤੀ 27-09-2025 ਨੂੰ ਮੌਤ ਹੋ ਚੁੱਕੀ ਹੈ। ਇਸ ਕਰਕੇ ਉਹ ਅਵਤਾਰ ਸਿੰਘ ਵੱਲੋਂ ਲਿਖੀ ਹੋਈ ਵਸੀਅਤ ਨੂੰ ਆਪਣੇ (ਵਿਵੇਕ ਕੌਰ) ਹੱਕ ਵਿੱਚ ਰਜਿਸਟਰਡ ਕਰਵਾਉਣਾ ਚਾਹੁੰਦਾ ਹੈ। ਅਵਤਾਰ ਸਿੰਘ ਵੱਲੋਂ ਲਿਖੀ ਗਈ ਵਸੀਅਤ ਮਿਤੀ 07-09-2025 ਨੂੰ ਭਾਰਤੀ ਰਜਿਸਟਰੇਸ਼ਨ ਐਕਟ 1908 ਦੀ ਧਾਰਾ 40 ਤਹਿਤ ਰਜਿਸਟਰਡ ਕੀਤਾ ਜਾਣਾ ਹੈ ਅਤੇ ਇਸ ਵਸੀਅਤ ਵਿੱਚ ਬਤੌਰ ਗਵਾਹ ਸ੍ਰੀ ਘੁੱਕਰ ਸਿੰਘ ਅਤੇ ਮਲਕੀਤ ਸਿੰਘ ਦੇ ਦਸਤਖਤ ਹੋਏ ਹਨ। ਇਸ ਨੋਟਿਸ ਰਾਹੀਂ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਵਸੀਅਤ ਰਜਿਸਟਰਡ ਕਰਨ ਵਿੱਚ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਮਿਤੀ 28-10-2025 ਤੱਕ ਹੇਠ ਲਿਖੇ ਹਸਤਾਖਰ ਦੇ ਦਫਤਰ ਵਿੱਚ ਖੁਦ ਹਾਜ਼ਰ ਹੋ ਕੇ ਜਾਂ ਕਿਸੇ ਵਕਾਲਤਨਾਮੇ ਰਾਹੀਂ ਪੇਸ਼ ਕਰ ਸਕਦਾ ਹੈ। ਇਸ ਮਿਤੀ ਤੋਂ ਬਾਅਦ ਕਿਸੇ ਦਾ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਇਹ ਅਣ-ਰਜਿਸਟਰਡ ਵਸੀਅਤ ਰਜਿਸਟਰਡ ਕਰ ਦਿੱਤੀ ਜਾਵੇਗੀ।

ਨੰਬਰ 757/ਆਰ.ਸੀ. ਮਿਤੀ 13-10-2025
ਸਹੀ/-ਜੁਆਇੰਟ ਸਬ-ਰਜਿਸਟਰਾਰ, ਮਾਨਸਾ
ਮੋ: ਨੰ: 94640-49500

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ

**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**



ਬਿਨੈਕਾਰ ਦਾ ਨਾਮ : **ਸ਼ਿਵ ਸ਼ੰਕਰ** ਪਿਤਾ/ਪਤੀ ਦਾ ਨਾਮ : **ਰਾਮ ਅਵਤਾਰ**
ਪਤਾ: House Number 138 Beant Nagar Jalandhar, Tehsil-Jalandhar-1/ District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : **ਰਵੀ ਪਾਲ** ਪੱਕਾ ਪਤਾ: House Number 138 Beant Nagar Jalandhar, Jalandhar-1, Jalandhar, Punjab ਵਿਦੇਸ਼ੀ ਪਤਾ: 07 AV DE LA Marne 92120 Montrouge Paris France / 07 ਏਵੀ ਡੇ ਐਲ ਏ ਮਾਰਨੇ 92120 ਮਾਂਟਰੋਜ ਪੈਰਿਸ ਫਰਾਂਸ ਉਮਰ/ਜਨਮ ਮਿਤੀ : 49 (12-02-1976)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 13-10-2025 ਨੂੰ ਜਾਰੀ ਹੋਇਆ।
**ਨੰਬਰ 82/ਨੰਬਰ/ਰੀਡਰ** **ਮਿਤੀ 13-10-2025** **ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ**

## AXIS BANK

**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana-141001.
**Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
**Registered Office:** 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਜਨਤਕ ਨੋਟਿਸ

ਆਮ ਜਨਤਾ ਦੀ ਜਾਣਕਾਰੀ ਹਿੱਤ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। [illegible]

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਦਾ ਨਾਮ | ਐਨ.ਪੀ.ਏ. ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ | ਮਾਰਗੇਜ/ਜ਼ਮਾਨਤ ਕੀਤੀ ਜਾਇਦਾਦ |
|---|---|---|---|---|---|
| 1. | [illegible] | 08-Sep-2025 | 11-Sep-2025 | ਰੁਪਏ 4,80,888/- | [illegible] |
| 2. | [illegible] | 08-Sep-2025 | 11-Sep-2025 | ਰੁਪਏ 14,96,361/- | [illegible] |
| 3. | [illegible] | 08-Sep-2025 | 16-Sep-2025 | ਰੁਪਏ 15,47,262/- | [illegible] |
| 4. | [illegible] | 08-Sep-2025 | 16-Sep-2025 | ਰੁਪਏ 10,73,224/- | [illegible] |
| 5. | [illegible] | 08-Sep-2025 | 16-Sep-2025 | ਰੁਪਏ 5,39,662/- | [illegible] |
| 6. | [illegible] | 08-Sep-2025 | 16-Sep-2025 | 11,80,625/- | [illegible] |

[illegible]

ਮਿਤੀ : 14.10.2025
ਸਥਾਨ : ਪੰਜਾਬ
ਸਹੀ/- (ਅਧਿਕਾਰਤ ਅਫਸਰ) ਐਕਸਿਸ ਬੈਂਕ ਲਿਮਟਿਡ

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ, ਨਾਇਬ ਤਹਿਸੀਲਦਾਰ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ (ਪੰਜਾਬ)।
(ਨੋਟਿਸ ਬਨਾਮ ਆਮ ਜਨਤਾ)

ਕੇਸ ਅਨੁਵਾਨ :- ਬਲਵਿੰਦਰ ਸਿੰਘ ਪੁੱਤਰ ਠਾਕਰ ਸਿੰਘ ਪੁੱਤਰ ਮੀਹਾ ਸਿੰਘ, ਵਾਸੀ ਝੰਡਾ ਕਲਾਂ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ। ......ਸਾਇਲਾ

ਬਨਾਮ

1. ਬਚਿੱਤਰ ਸਿੰਘ ਪੁੱਤਰ ਖਜਾਨ ਸਿੰਘ ਪੁੱਤਰ ਮੀਂਹਾ ਸਿੰਘ, 2. ਮੱਸਾ ਸਿੰਘ ਪੁੱਤਰ ਠਾਕਰ ਸਿੰਘ ਪੁੱਤਰ ਮੀਂਹਾ ਸਿੰਘ ਵਗੈਰਾ ਵਾਸੀਆਨ ਪਿੰਡ ਝੰਡਾ ਕਲਾਂ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ। ------- ਮਸੂਲਇਲਮ

ਦਰਖਾਸਤ ਤਕਸੀਮ, ਅਰਾਜੀ ਤਦਾਦੀ 107 ਕਨਾਲ 04 ਮਰਲੇ, ਖੇਵਟ/ਖਤੌਨੀ ਨੰਬਰ 801/1179 ਤੋਂ 1181 ਵਾਕਿਆ ਰਕਬਾ ਪਿੰਡ ਝੰਡਾ ਕਲਾਂ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ।

01. ਬਚਿੱਤਰ ਸਿੰਘ ਪੁੱਤਰ ਖਜਾਨ ਸਿੰਘ ਪੁੱਤਰ ਮੀਂਹਾ ਸਿੰਘ, 02. ਮੱਸਾ ਸਿੰਘ ਪੁੱਤਰ ਠਾਕਰ ਸਿੰਘ ਪੁੱਤਰ ਮੀਂਹਾਂ ਸਿੰਘ, 03. ਪ੍ਰਭਸ਼ਰਨ ਕੌਰ ਪੁੱਤਰੀ ਗੁਰਪਾਲ ਸਿੰਘ ਪੁੱਤਰ ਜੀਤ ਸਿੰਘ, 06. ਸਰਬਜੀਤ ਕੌਰ ਪੁੱਤਰੀ ਕਸ਼ਮੀਰ ਸਿੰਘ ਪੁੱਤਰ ਹਜਾਰਾ ਸਿੰਘ, 08. ਸ਼ਾਂਤੀ ਦੇਵੀ ਪਤਨੀ ਭਜਨ ਲਾਲ ਕੰਬੋਜ ਪੁੱਤਰ ਰੂਪ ਚੰਦ, 10. ਹਰਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਉਰਫ ਜੈਲ ਸਿੰਘ ਪੁੱਤਰ ਸੰਤਾ ਸਿੰਘ, 11. ਸੁਸ਼ਮਾ ਮਹਿੰਦੀਰੱਤਾ ਪਤਨੀ ਸ਼ਿਆਮ ਸੁੰਦਰ ਮਹਿੰਦੀਰੱਤਾ ਪੁੱਤਰ ਬਲਦੇਵ ਕ੍ਰਿਸ਼ਨ ਮਹਿੰਦੀਰੱਤਾ, 12. ਹਰਪਾਲ ਕੌਰ ਪਤਨੀ ਸਿਕੰਦਰ ਸਿੰਘ ਪੁੱਤਰ ਲਾਲ ਸਿੰਘ, 13. ਚਤਰ ਸਿੰਘ ਪੁੱਤਰ ਠਾਕਰ ਸਿੰਘ ਪੁੱਤਰ ਮੀਂਹਾ ਸਿੰਘ, 14. ਰਸ਼ਮੀ ਸ਼ਰਮਾ ਪਤਨੀ ਹਰਸ ਵਰਧਨ ਸ਼ਰਮਾ ਪੁੱਤਰ ਜੇ. ਸੀ. ਸ਼ਰਮਾ, 15. ਰਾਜਿੰਦਰ ਕੌਰ ਪਤਨੀ ਹਰਵਿੰਦਰ ਸਿੰਘ ਪੁੱਤਰ ਸੁੰਦਰ ਸਿੰਘ ਵਾਸੀਆਨ ਝੰਡਾ ਕਲਾਂ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ।

ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਕੇਸ ਤਕਸੀਮ ਵਿੱਚ ਉਕਤ ਮਸੂਲਇਲਮ ਦੀ ਤਲਬੀ ਸਾਧਾਰਨ ਢੰਗ ਨਾਲ ਨਹੀਂ ਹੋ ਰਹੀ। ਇਸ ਲਈ ਮਸੂਲਇਲਮ ਦੀ ਤਲਬੀ/ਇਤਲਾਹ ਲਈ ਇਸ਼ਤਿਹਾਰ ਜਾਰੀ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਮਸੂਲਇਲਮ ਆਪਣਾ ਕੋਈ ਉਜ਼ਰ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਹ ਆਪ ਖੁਦ ਜਾਂ ਇਨ੍ਹਾਂ ਦੇ ਵਾਰਸ ਜਾਂ ਆਪਣੇ ਕਿਸੇ ਵਕੀਲ ਰਾਹੀਂ ਨਿਰਧਾਰਿਤ ਮਿਤੀ 10/11/2025 ਨੂੰ ਸਵੇਰੇ 10:00 ਵਜੇ ਅਦਾਲਤ ਵਿੱਚ ਪੇਸ਼ ਹੋ ਕੇ ਕੇਸ ਦੀ ਪੈਰਵੀ ਕਰ ਸਕਦਾ ਹੈ। ਨਿਰਧਾਰਿਤ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਮਸੂਲਇਲਮ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਉਨ੍ਹਾਂ ਦਾ ਕੋਈ ਵੀ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਅੱਜ ਮਿਤੀ: 08/10/2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ।
ਪੱਤਰ ਨੰਬਰ: 503 ਰੀਡਰ-2 ਮਿਤੀ : 08/10/2025
ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ) ਸਰਦੂਲਗੜ੍ਹ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ (ਤਹਿਸੀਲਦਾਰ) ਮਾਨਸਾ

ਮਿਸਲ ਨੰਬਰ : 13/ਰੀ-1 ਰਜੂਆ : 10.12.2024 ਪੈਂਡਿੰਗ ਫਾਰ : 27/10/2025 ਪਿੰਡ : ਰਮਦਿੱਤੇਵਾਲਾ

1. ਕਰਨੈਲ ਸਿੰਘ ਪੁੱਤਰ ਇੰਦਰ ਸਿੰਘ ਪੁੱਤਰ ਰਾਮ ਸਿੰਘ, ਪਿੰਡ ਰਮਦਿੱਤੇਵਾਲਾ, ਤਹਿਸੀਲ ਤੇ ਜ਼ਿਲ੍ਹਾ ਮਾਨਸਾ। -ਸਾਇਲ

ਬਨਾਮ

1. ਦਰਸ਼ਨ ਸਿੰਘ 2. ਝੰਡਾ ਸਿੰਘ ਪੁੱਤਰਾਨ ਅਜੈਬ ਸਿੰਘ ਪੁੱਤਰ ਇੰਦਰ ਸਿੰਘ 3. ਅਮਰਜੀਤ ਕੌਰ ਵਿਧਵਾ ਜੈਪਾਲ ਸਿੰਘ ਪੁੱਤਰ ਬਲਵੰਤ ਸਿੰਘ 4. ਅਮਰਜੀਤ ਕੌਰ ਵਿਧਵਾ ਜਸਪਾਲ ਸਿੰਘ ਪੁੱਤਰ ਬਲਵੰਤ ਸਿੰਘ 5. ਕਿਰਨਜੋਤ ਕੌਰ 6. ਗੁਰਜੀਤ ਸਿੰਘ ਸੰਤਾਨ ਜਸਪਾਲ ਸਿੰਘ ਪੁੱਤਰ ਬਲਵੰਤ ਸਿੰਘ 7. ਮਨਪ੍ਰੀਤ ਸਿੰਘ ਪੁੱਤਰ ਹਰਦੇਵ ਸਿੰਘ ਪੁੱਤਰ ਭਗਤ ਸਿੰਘ 8. ਸੁਖਜੀਵਨ ਸਿੰਘ ਪੁੱਤਰ ਭਗਤ ਸਿੰਘ ਪੁੱਤਰ ਹਾਕਮ ਸਿੰਘ 9. ਲਾਭ ਸਿੰਘ 10. ਜਗਰਾਜ ਸਿੰਘ ਪੁੱਤਰਾਨ ਹਰਦੇਵ ਸਿੰਘ ਪੁੱਤਰ ਰਨ ਸਿੰਘ 11. ਬਲਜਿੰਦਰ ਕੌਰ ਉਰਫ ਪਰਮਜੀਤ ਕੌਰ ਪਤਨੀ ਹਰਜੀਤ ਸਿੰਘ ਪੁੱਤਰ ਮੁਕੰਦ ਸਿੰਘ 12. ਗੁਰਚਰਨ ਕੌਰ ਵਿਧਵਾ ਜਰਨੈਲ ਸਿੰਘ ਪੁੱਤਰ ਹਜ਼ੂਰਾ ਸਿੰਘ 13. ਸਿੰਦਰਪਾਲ ਕੌਰ 14. ਸਿਕੰਦਰ ਸਿੰਘ ਸੰਤਾਨ ਜਰਨੈਲ ਸਿੰਘ ਪੁੱਤਰ ਹਜ਼ੂਰਾ ਸਿੰਘ 15. ਗੁਰਜੀਵਨ ਸਿੰਘ 16. ਸੁਖਜੀਤ ਸਿੰਘ ਪੁੱਤਰਾਨ ਗੁਰਜੰਟ ਸਿੰਘ ਪੁੱਤਰ ਕੌਰ ਸਿੰਘ ਪੁੱਤਰ ਇੰਦਰ ਸਿੰਘ 17. ਹਰਜੀਤ ਕੌਰ ਵਿਧਵਾ ਗੁਰਜੰਟ ਸਿੰਘ ਪੁੱਤਰ ਕੌਰ ਸਿੰਘ ਪੁੱਤਰ ਇੰਦਰ ਸਿੰਘ ਵਾਸੀਆਨ ਪਿੰਡ ਰਮਦਿੱਤੇਵਾਲਾ, ਤਹਿਸੀਲ ਤੇ ਜ਼ਿਲ੍ਹਾ ਮਾਨਸਾ 18. ਪੀ.ਏ.ਡੀ.ਬੀ. ਬ੍ਰਾਂਚ ਮਾਨਸਾ ਰਾਹੀਂ ਬਰਾਂਚ ਮੈਨੇਜਰ 19. ਪੰਜਾਬ ਨੈਸ਼ਨਲ ਬੈਂਕ, ਬ੍ਰਾਂਚ ਗਊਸ਼ਾਲਾ ਰੋਡ, ਮਾਨਸਾ ਰਾਹੀਂ ਬ੍ਰਾਂਚ ਮੈਨੇਜਰ। ......ਮਸੂਲਇਲਮ

ਦਰਖਾਸਤ ਤਕਸੀਮ ਅਰਾਜੀ ਤਾਦਾਦੀ 108 ਕਨਾਲ 04 ਮਰਲੇ ਮੁਸਤਤੀਲ ਵਾ ਕਿਲਾ ਨੰਬਰਾਨ

6//23/2 (1-13), 24/2/1(6-8), 24//2/2(0-10), 11//4(4-13), 5(8-0), 6/1(7-16) 15(8-0) 6/1(7-16) 15(8-0) 16(8-0) 25/1(7-0) 35//2/2(6-8) 3/1(7-14) 6/2(7-11) 7/2(7-11) 8/2(7-5) 9/1/1(5-13) 14/1(1-11) 15/1 (1-11) 36/10/3(1-10) 11/1/1(0-6) 67/22(8-0) ਵਾਕਾ ਰਕਬਾ ਰਮਦਿੱਤੇਵਾਲਾ, ਤਹਿਸੀਲ ਵਾ ਮਾਨਸਾ।

ਉਪਰੋਕਤ ਅਨੁਵਾਨ ਵਿੱਚ ਕੇਸ ਸੰਬੰਧੀ ਦਰਖਾਸਤ ਇਜਰਾਏ ਇਸ ਅਦਾਲਤ ਵਿੱਚ ਜ਼ੇਰ ਸਮਾਇਤ ਹੈ, ਜਿਸ ਵਿੱਚ ਸੁਣਵਾਈ ਲਈ ਅਗਲੀ ਤਾਰੀਖ ਪੇਸ਼ੀ 27/10/2025 ਨਿਸ਼ਚਿਤ ਕੀਤੀ ਗਈ ਹੈ। ਇਸ ਕੇਸ ਵਿੱਚ ਉਪਰੋਕਤ ਮਸੂਲਇਲਮ ਦੀ ਤਲਬੀ ਸਾਧਾਰਨ ਤਰੀਕੇ ਨਾਲ ਨਹੀਂ ਹੋ ਰਹੀ। ਇਸ ਲਈ ਇਸ ਨੋਟਿਸ ਰਾਹੀਂ ਉਪਰੋਕਤ ਮਸੂਲਇਲਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 27/10/2025 ਨੂੰ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਉਜ਼ਰ ਪੇਸ਼ ਕਰ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਨ੍ਹਾਂ ਖਿਲਾਫ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਨਿਯਮਾਂ ਅਨੁਸਾਰ ਕੇਸ ਦਾ ਫੈਸਲਾ ਕਰ ਦਿੱਤਾ ਜਾਵੇਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਅੱਵਲ, (ਤਹਿਸੀਲਦਾਰ), ਮਾਨਸਾ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ (ਤਹਿਸੀਲਦਾਰ) ਮਾਨਸਾ

ਮਿਸਲ ਨੰਬਰ : 07/ਰੀ-1 ਰਜੂਆ : 21.10.2024 ਪੈਂਡਿੰਗ ਫਾਰ : 04/11/2025 ਪਿੰਡ : ਧਿੰਗੜ੍ਹ

1. ਮੱਖਣ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੰਪੂਰਨ ਸਿੰਘ 2. ਬੂਟਾ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੰਪੂਰਨ ਸਿੰਘ ਪਿੰਡ ਧਿੰਗੜ੍ਹ, ਤਹਿਸੀਲ ਤੇ ਜ਼ਿਲ੍ਹਾ ਮਾਨਸਾ। -----ਸਾਇਲ

ਬਨਾਮ

1. ਭਰਪੂਰ ਸਿੰਘ ਪੁੱਤਰ ਹਰਨੇਕ ਸਿੰਘ ਪੁੱਤਰ ਭਗਵਾਨ ਸਿੰਘ 2. ਪਲਵਿੰਦਰ ਸਿੰਘ ਪੁੱਤਰ ਗਮਦੂਰ ਸਿੰਘ ਪੁੱਤਰ ਹਰਨੇਕ ਸਿੰਘ 3. ਮਲਵਿੰਦਰ ਸਿੰਘ ਪੁੱਤਰ ਗਮਦੂਰ ਸਿੰਘ ਪੁੱਤਰ ਹਰਨੇਕ ਸਿੰਘ 4. ਰਮਿੰਦਰ ਕੌਰ ਪਤਨੀ ਭਰਪੂਰ ਸਿੰਘ ਪੁੱਤਰ ਹਰਨੇਕ ਸਿੰਘ 5. ਗੁਰਦਰਸ਼ਨ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਭਗਵਾਨ ਸਿੰਘ 6. ਅਮਰੀਕ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਭਗਵਾਨ ਸਿੰਘ 7. ਰੋਹੀ ਸਿੰਘ ਪੁੱਤਰ ਨਾਜਮ ਸਿੰਘ ਪੁੱਤਰ ਸੁਰਜੀਤ ਸਿੰਘ 8. ਅਜਮੇਰ ਸਿੰਘ ਪੁੱਤਰ ਭਜਨ ਸਿੰਘ ਪੁੱਤਰ ਸੁਰਜੀਤ ਸਿੰਘ 9. ਬੋਘ ਸਿੰਘ ਪੁੱਤਰ ਸੰਪੂਰਨ ਸਿੰਘ ਪੁੱਤਰ ਮਿੱਤ ਸਿੰਘ 10. ਅਵਤਾਰ ਸਿੰਘ ਪੁੱਤਰ ਸਕੰਦਰ ਸਿੰਘ ਪੁੱਤਰ ਸੰਪੂਰਨ ਸਿੰਘ 11. ਅਮਰੀਕ ਸਿੰਘ ਪੁੱਤਰ ਸਕੰਦਰ ਸਿੰਘ ਪੁੱਤਰ ਸੰਪੂਰਨ ਸਿੰਘ 12. ਗੁਰਜਿੰਦਰ ਕੌਰ ਪਤਨੀ ਬੂਟਾ ਸਿੰਘ ਪੁੱਤਰ ਗੁਰਦੇਵ ਸਿੰਘ 13. ਦੇਵਿੰਦਰ ਸਿੰਘ ਪੁੱਤਰ ਬੂਟਾ ਸਿੰਘ ਪੁੱਤਰ ਗੁਰਦੇਵ ਸਿੰਘ 14. ਨਿਰਮਲ ਸਿੰਘ ਪੁੱਤਰ ਤੇਜਾ ਸਿੰਘ ਪੁੱਤਰ ਗੰਡਾ ਸਿੰਘ 15. ਸੁਰਜੀਤ ਕੌਰ ਵਿਧਵਾ ਤੇਜਾ ਸਿੰਘ ਪੁੱਤਰ ਗੰਡਾ ਸਿੰਘ ਪਿੰਡ ਧਿੰਗੜ੍ਹ, ਤਹਿਸੀਲ ਤੇ ਜ਼ਿਲ੍ਹਾ ਮਾਨਸਾ 16. ਸਟੇਟ ਬੈਂਕ ਆਫ ਇੰਡੀਆ ਬਰਾਂਚ ਬਹਿਣੀਵਾਲ ਰਾਹੀਂ ਬ੍ਰਾਂਚ ਮੈਨੇਜਰ 17. ਐਚ.ਡੀ.ਐਫ. ਸੀ. ਬੈਂਕ ਬਰਾਂਚ ਤਲਵੰਡੀ ਸਾਬੋ ਰਾਹੀਂ ਬਰਾਂਚ ਮੈਨੇਜਰ 18. ਪੰਜਾਬ ਗ੍ਰਾਮੀਣ ਬੈਂਕ ਬਰਾਂਚ ਬਣਾਵਾਲਾ ਰਾਹੀਂ ਬਰਾਂਚ ਮੈਨੇਜਰ 19. ਐਚ.ਡੀ.ਐਫ.ਸੀ. ਬੈਂਕ ਬਰਾਂਚ ਸੰਦੋਹਾ ਜ਼ਿਲ੍ਹਾ ਬਠਿੰਡਾ ਰਾਹੀਂ ਬਰਾਂਚ ਮੈਨੇਜਰ। ........... ਮਸੂਲਇਲਮ

ਦਰਖਾਸਤ ਤਕਸੀਮ ਅਰਾਜੀ ਤਾਦਾਦੀ 118 ਕਨਾਲ 09 ਮਰਲੇ ਮੁਸਤਤੀਲ ਵਾ ਕਿਲਾ ਨੰਬਰਾਨ 39//21 ਮਿਨ (0-11) 22 ਮਿਨ (0-12) 40//22/2(4-0) 44//1(7-8) 2/1(7-12) 10/1(2-13) 92//23/2(2-16) 24/1(2-4) 100/1/1(4-4) 3/1(1-7) 4/1/1(0-7) 101//4(7-11) 91//25/2(0-10) 25/3(5-14) 92//17/3/2(1-8) 18/2/1(3-11) 21(8-0) 22/2(7-7) 23/1(5-4) 39//21 ਮਿਨ (7-8) 22 ਮਿਨ (7-8) 23(8-0) 72//15/2(3-13) 16(8-0) 17(2-7) 25(8-14) ਖੇਵਟ ਖਤੌਨੀ ਨੰਬਰ 130/186-190 ਰਕਬਾ ਧਿੰਗੜ੍ਹ ਤਹਿਸੀਲ ਵਾ ਮਾਨਸਾ।

ਉਪਰੋਕਤ ਅਨੁਵਾਨ ਵਿੱਚ ਕੇਸ ਸੰਬੰਧੀ ਦਰਖਾਸਤ ਇਜਰਾਏ ਇਸ ਅਦਾਲਤ ਵਿੱਚ ਜ਼ੇਰ ਸਮਾਇਤ ਹੈ, ਜਿਸ ਵਿੱਚ ਸੁਣਵਾਈ ਲਈ ਅਗਲੀ ਤਾਰੀਖ ਪੇਸ਼ੀ 04/11/2025 ਨਿਸ਼ਚਿਤ ਕੀਤੀ ਗਈ ਹੈ। ਇਸ ਕੇਸ ਵਿੱਚ ਉਪਰੋਕਤ ਮਸੂਲਇਲਮ ਦੀ ਤਲਬੀ ਸਾਧਾਰਨ ਤਰੀਕੇ ਨਾਲ ਨਹੀਂ ਹੋ ਰਹੀ। ਇਸ ਲਈ ਇਸ ਨੋਟਿਸ ਰਾਹੀਂ ਉਪਰੋਕਤ ਮਸੂਲਇਲਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 04/11/2025 ਨੂੰ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਉਜ਼ਰ ਪੇਸ਼ ਕਰ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਨ੍ਹਾਂ ਖਿਲਾਫ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਨਿਯਮਾਂ ਅਨੁਸਾਰ ਕੇਸ ਦਾ ਫੈਸਲਾ ਕਰ ਦਿੱਤਾ ਜਾਵੇਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਅੱਵਲ, (ਤਹਿਸੀਲਦਾਰ), ਮਾਨਸਾ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ (ਤਹਿਸੀਲਦਾਰ) ਮਾਨਸਾ

ਮਿਸਲ ਨੰਬਰ : 03/ਰੀ-1 ਰਜੂਆ : 21.10.2024 ਪੈਂਡਿੰਗ ਫਾਰ : 04/11/2025 ਪਿੰਡ : ਧਿੰਗੜ੍ਹ

1. ਬੂਟਾ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੰਪੂਰਨ ਸਿੰਘ 2. ਮੱਖਣ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੰਪੂਰਨ ਸਿੰਘ ਪਿੰਡ ਧਿੰਗੜ੍ਹ, ਤਹਿਸੀਲ ਤੇ ਜ਼ਿਲ੍ਹਾ ਮਾਨਸਾ। ....... ਸਾਇਲ

ਬਨਾਮ

1. ਬੋਘ ਸਿੰਘ ਪੁੱਤਰ ਸੰਪੂਰਨ ਸਿੰਘ ਪੁੱਤਰ ਮਿੱਤ ਸਿੰਘ 2. ਸੁਖਦੇਵ ਸਿੰਘ ਪੁੱਤਰ ਹਰਬੰਸ ਕੌਰ ਪੁੱਤਰੀ ਮੋਗੜ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਧਿੰਗੜ੍ਹ ਹਾਲ ਆਬਾਦ ਹਰਚਰਨ ਸਿੰਘ ਪੁੱਤਰ ਗੋਬਿੰਦ ਸਿੰਘ ਪਿੰਡ ਗਿਦੜਿਆਣਾ, ਤਹਿਸੀਲ ਕਾਲਿਆਂਵਾਲੀ, ਜ਼ਿਲ੍ਹਾ ਸਿਰਸਾ 3. ਪਰਮਜੀਤ ਕੌਰ ਉਰਫ ਰਾਣੀ ਕੌਰ ਪੁੱਤਰੀ ਹਰਬੰਸ ਕੌਰ ਪੁੱਤਰੀ ਮੋਗੜ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਭੰਗੂ, ਜ਼ਿਲ੍ਹਾ ਸਿਰਸਾ 4. ਵੀਰਪਾਲ ਕੌਰ ਪੁੱਤਰੀ ਹਰਬੰਸ ਕੌਰ ਪੁੱਤਰੀ ਮੋਗੜ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਧਿੰਗੜ੍ਹ ਹਾਲ ਆਬਾਦ ਬਖਸ਼ੀਸ਼ ਸਿੰਘ ਪੁੱਤਰ ਗੋਰਾ ਸਿੰਘ ਨੇੜੇ ਗੁਰਦੁਆਰਾ ਸਾਹਿਬ ਪਿੰਡ ਭੰਗੂ, ਜ਼ਿਲ੍ਹਾ ਸਿਰਸਾ 5. ਕਰਮਜੀਤ ਕੌਰ ਪੁੱਤਰੀ ਹਰਬੰਸ ਕੌਰ ਪੁੱਤਰੀ ਮੋਗੜ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਧਿੰਗੜ੍ਹ ਹਾਲ ਆਬਾਦ ਜਸਕਰਨ ਸਿੰਘ ਪੁੱਤਰ ਬਿੱਲੂ ਸਿੰਘ ਨੇੜੇ ਸੂਆ ਢਾਣੀ ਪਿੰਡ ਭੰਗੂ, ਜ਼ਿਲ੍ਹਾ ਸਿਰਸਾ 6. ਬਲਜੀਤ ਕੌਰ ਉਰਫ ਮਹਿੰਦਰ ਕੌਰ ਪੁੱਤਰੀ ਮੋਗੜ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਧਿੰਗੜ੍ਹ ਹਾਲ ਆਬਾਦ ਮੰਗੂ ਸਿੰਘ ਪੁੱਤਰ ਗਟਾਰਾ ਸਿੰਘ ਪਿੰਡ ਰਾਮਨਗਰ, ਤਹਿਸੀਲ ਮੌੜ ਮੰਡੀ, ਜ਼ਿਲ੍ਹਾ ਬਠਿੰਡਾ 7. ਮੂਰਤੀ ਕੌਰ ਪੁੱਤਰੀ ਮੋਗੜ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਧਿੰਗੜ੍ਹ ਹਾਲ ਆਬਾਦ ਪਤਨੀ ਨੀਲਾ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਸਾਹੂਵਾਲਾ-1, ਤਹਿਸੀਲ ਵਾ ਜ਼ਿਲ੍ਹਾ ਸਿਰਸਾ 8. ਕਰਮਜੀਤ ਕੌਰ ਉਰਫ ਬੀਰੋ ਪੁੱਤਰੀ ਮੋਗੜ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਧਿੰਗੜ੍ਹ ਹਾਲ ਆਬਾਦ ਪਤਨੀ ਰੂਪ ਸਿੰਘ ਪੁੱਤਰ ਬਿਹਾਰਾ ਸਿੰਘ ਪਿੰਡ ਢਾਣੀ ਚਾਂਮਲ, ਤਹਿਸੀਲ ਸਿਰਸਾ, ਜ਼ਿਲ੍ਹਾ ਸਿਰਸਾ 9. ਰੋਹੀ ਸਿੰਘ ਪੁੱਤਰ ਗੁਰਚਰਨ ਸਿੰਘ ਪੁੱਤਰ ਜੰਗ ਸਿੰਘ 10. ਅਮਰੀਕ ਸਿੰਘ ਪੁੱਤਰ ਸਕੰਦਰ ਸਿੰਘ ਪੁੱਤਰ ਸੰਪੂਰਨ ਸਿੰਘ 12. ਹਮੀਰ ਕੌਰ ਮਾਤਾ ਜਗਸੀਰ ਸਿੰਘ ਪੁੱਤਰ ਬੋਘ ਸਿੰਘ 13. ਲਖਵੀਰ ਕੌਰ ਵਿਧਵਾ ਜਗਸੀਰ ਸਿੰਘ ਪੁੱਤਰ ਬੋਘ ਸਿੰਘ 14. ਮਨਪ੍ਰੀਤ ਸਿੰਘ ਪੁੱਤਰ ਜਗਸੀਰ ਸਿੰਘ ਪੁੱਤਰ ਬੋਘ ਸਿੰਘ 15. ਗੁਰਸਹਿਜ ਸਿੰਘ ਪੁੱਤਰ ਜਗਸੀਰ ਸਿੰਘ ਪੁੱਤਰ ਬੋਘ ਸਿੰਘ, ਪਿੰਡ ਧਿੰਗੜ੍ਹ, ਤਹਿਸੀਲ ਤੇ ਜ਼ਿਲ੍ਹਾ ਮਾਨਸਾ। .........ਮਸੂਲਇਲਮ

ਦਰਖਾਸਤ ਤਕਸੀਮ ਅਰਾਜੀ ਤਾਦਾਦੀ 05 ਕਨਾਲ 10 ਮਰਲੇ ਮੁਸਤਤੀਲ ਵਾ ਕਿਲਾ ਨੰਬਰਾਨ 17//20/1(0-12) 33//1/2/2/1(1-7) 99/11/1/2/1(1-3) 99//12/1/2/1(1-4) (0-6-7.03), 33//1/2/2/2ਮਿਨ (0-9) 99//11/1/2/2(0-8) (0-2-2.34) 99/12/1/2/2(0-7) ਖੇਵਟ ਖਤੌਨੀ ਨੰਬਰ 120/166 ਤਾਅ 168 ਵਾਕਾ ਰਕਬਾ ਧਿੰਗੜ੍ਹ, ਤਹਿਸੀਲ ਵਾ ਮਾਨਸਾ।

ਉਪਰੋਕਤ ਅਨੁਵਾਨ ਵਿੱਚ ਕੇਸ ਸੰਬੰਧੀ ਦਰਖਾਸਤ ਇਜਰਾਏ ਇਸ ਅਦਾਲਤ ਵਿੱਚ ਜ਼ੇਰ ਸਮਾਇਤ ਹੈ, ਜਿਸ ਵਿੱਚ ਸੁਣਵਾਈ ਲਈ ਅਗਲੀ ਤਾਰੀਖ ਪੇਸ਼ੀ 04/11/2025 ਨਿਸ਼ਚਿਤ ਕੀਤੀ ਗਈ ਹੈ। ਇਸ ਕੇਸ ਵਿੱਚ ਉਪਰੋਕਤ ਮਸੂਲਇਲਮ ਦੀ ਤਲਬੀ ਸਾਧਾਰਨ ਤਰੀਕੇ ਨਾਲ ਨਹੀਂ ਹੋ ਰਹੀ। ਇਸ ਲਈ ਇਸ ਨੋਟਿਸ ਰਾਹੀਂ ਉਪਰੋਕਤ ਮਸੂਲਇਲਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 04/11/2025 ਨੂੰ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਉਜ਼ਰ ਪੇਸ਼ ਕਰ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਨ੍ਹਾਂ ਖਿਲਾਫ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਨਿਯਮਾਂ ਅਨੁਸਾਰ ਕੇਸ ਦਾ ਫੈਸਲਾ ਕਰ ਦਿੱਤਾ ਜਾਵੇਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਅੱਵਲ, (ਤਹਿਸੀਲਦਾਰ), ਮਾਨਸਾ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ (ਤਹਿਸੀਲਦਾਰ) ਮਾਨਸਾ

ਮਿਸਲ ਨੰਬਰ : 01/ਰੀ-1 ਰਜੂਆ : 21.10.2024 ਪੈਂਡਿੰਗ ਫਾਰ : 04/11/2025 ਪਿੰਡ : ਧਿੰਗੜ੍ਹ

1. ਬੂਟਾ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੰਪੂਰਨ ਸਿੰਘ 2. ਮੱਖਣ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੰਪੂਰਨ ਸਿੰਘ ਪਿੰਡ ਧਿੰਗੜ੍ਹ, ਤਹਿਸੀਲ ਤੇ ਜ਼ਿਲ੍ਹਾ ਮਾਨਸਾ। ---ਸਾਇਲ

ਬਨਾਮ

1. ਦਾਰਾ ਸਿੰਘ ਪੁੱਤਰ ਸ਼ੇਰ ਸਿੰਘ ਪੁੱਤਰ ਭੂਰੀਆ ਸਿੰਘ 2. ਪ੍ਰੇਮ ਸਿੰਘ ਪੁੱਤਰ ਸ਼ੇਰ ਸਿੰਘ ਪੁੱਤਰ ਭੂਰੀਆ ਸਿੰਘ 3. ਜਰਨੈਲ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਚੇਤੂ ਸਿੰਘ 4. ਬਿੱਲੂ ਸਿੰਘ ਪੁੱਤਰ ਸ਼ੇਰ ਸਿੰਘ ਪੁੱਤਰ ਭੂਰੀਆ ਸਿੰਘ 5. ਨੈਬ ਸਿੰਘ ਪੁੱਤਰ ਸ਼ੇਰ ਸਿੰਘ ਪੁੱਤਰ ਭੂਰੀਆ ਸਿੰਘ 6. ਜਗਦੀਪ ਸਿੰਘ ਪੁੱਤਰ ਲੀਲਾ ਸਿੰਘ ਪੁੱਤਰ ਜੰਗ ਸਿੰਘ 7. ਦਲਜੀਤ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਗੁਰਦਿਆਲ ਸਿੰਘ 8. ਸਰਬਜੀਤ ਕੌਰ ਪੁੱਤਰੀ ਜਸਮੇਲ ਕੌਰ ਪੁੱਤਰੀ ਸ਼ੇਰ ਸਿੰਘ 9. ਸੁਰਜੀਤ ਕੌਰ ਪੁੱਤਰੀ ਜਸਮੇਲ ਕੌਰ ਪੁੱਤਰੀ ਸ਼ੇਰ ਸਿੰਘ 10. ਨਸੀਬ ਕੌਰ ਪੁੱਤਰੀ ਸ਼ੇਰ ਸਿੰਘ ਪੁੱਤਰ ਭੂਰੀਆ ਸਿੰਘ 11. ਗੁਰਦੇਵ ਕੌਰ ਪੁੱਤਰੀ ਸ਼ੇਰ ਸਿੰਘ ਪੁੱਤਰ ਭੂਰੀਆ ਸਿੰਘ 12. ਗੁਰਦੇਵ ਕੌਰ ਪੁੱਤਰੀ ਸ਼ੇਰ ਸਿੰਘ ਪੁੱਤਰ ਭੂਰੀਆ ਸਿੰਘ 12. ਪ੍ਰਦੀਪ ਕੌਰ ਵਿਧਵਾ ਬਲਜੀਤ ਸਿੰਘ ਪੁੱਤਰ ਕਰਨੈਲ ਸਿੰਘ 13. ਜਗਸੀਰ ਸਿੰਘ ਪੁੱਤਰ ਬਲਜੀਤ ਸਿੰਘ ਪੁੱਤਰ ਕਰਨੈਲ ਸਿੰਘ 14. ਸੁਖਪਿੰਦਰਜੀਤ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਕਰਨੈਲ ਸਿੰਘ 15. ਸੁਖਬਿੰਦਰਜੀਤ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਕਰਨੈਲ ਸਿੰਘ 16. ਮਲਕੀਤ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਗੁਰਦਿਆਲ ਸਿੰਘ 17. ਦਰਸ਼ਨ ਸਿੰਘ ਪੁੱਤਰ ਬਿੱਲੂ ਸਿੰਘ ਪੁੱਤਰ ਸ਼ੇਰ ਸਿੰਘ 18. ਗੁਰਚਰਨ ਸਿੰਘ ਪੁੱਤਰ ਬਿੱਲੂ ਸਿੰਘ ਪੁੱਤਰ ਸ਼ੇਰ ਸਿੰਘ 19. ਅਮਰੀਕ ਸਿੰਘ ਪੁੱਤਰ ਸਕੰਦਰ ਸਿੰਘ ਪੁੱਤਰ ਸੰਪੂਰਨ ਸਿੰਘ 20. ਬੋਘ ਸਿੰਘ ਪੁੱਤਰ ਸੰਪੂਰਨ ਸਿੰਘ ਪੁੱਤਰ ਮਿੱਤ ਸਿੰਘ 21. ਅਵਤਾਰ ਸਿੰਘ ਪੁੱਤਰ ਸਕੰਦਰ ਸਿੰਘ ਪੁੱਤਰ ਸੰਪੂਰਨ ਸਿੰਘ 22. ਨਰਦੇਵ ਸਿੰਘ ਪੁੱਤਰ ਬਲਵੀਰ ਸਿੰਘ ਪੁੱਤਰ ਕਰਨੈਲ ਸਿੰਘ 23. ਜਗਦੇਵ ਸਿੰਘ ਪੁੱਤਰ ਬਲਵੀਰ ਸਿੰਘ ਪੁੱਤਰ ਕਰਨੈਲ ਸਿੰਘ 24. ਕੁਲਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ 25. ਰਾਮ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ 26. ਅਜੈਬ ਸਿੰਘ ਪੁੱਤਰ ਭਾਗ ਸਿੰਘ ਪੁੱਤਰ ਹੀਰਾ ਸਿੰਘ 27. ਅਜੈਬ ਸਿੰਘ ਪੁੱਤਰ ਭਾਗ ਸਿੰਘ ਪੁੱਤਰ ਹੀਰਾ ਸਿੰਘ ਵਾਸੀਆਨ ਪਿੰਡ ਧਿੰਗੜ੍ਹ ਤਹਿਸੀਲ ਤੇ ਜ਼ਿਲ੍ਹਾ ਮਾਨਸਾ 28. ਬੈਂਕ ਆਫ ਇੰਡੀਆ ਬਰਾਂਚ, ਮਾਨਸਾ ਰਾਹੀਂ ਮੈਨੇਜਰ 29. ਸਟੇਟ ਬੈਂਕ ਆਫ ਇੰਡੀਆ ਬ੍ਰਾਂਚ ਬਹਿਣੀਵਾਲ ਰਾਹੀਂ ਮੈਨੇਜਰ 30. ਐਚ.ਡੀ.ਐਫ.ਸੀ.ਬੈਂਕ ਤਲਵੰਡੀ ਸਾਬੋ ਰਾਹੀਂ ਬ੍ਰਾਂਚ ਮੈਨੇਜਰ 31. ਪੰਜਾਬ ਗ੍ਰਾਮੀਣ ਬੈਂਕ ਬਣਾਵਾਲਾ ਰਾਹੀਂ ਬ੍ਰਾਂਚ ਮੈਨੇਜਰ 32. ਐਚ. ਡੀ. ਐਫ. ਸੀ. ਬੈਂਕ ਸੰਦੋਹਾ ਰਾਹੀਂ ਬ੍ਰਾਂਚ ਮੈਨੇਜਰ। -------ਮਸੂਲਇਲਮ

ਦਰਖਾਸਤ ਤਕਸੀਮ ਅਰਾਜੀ ਤਾਦਾਦੀ 156 ਕਨਾਲ 14 ਮਰਲੇ ਮੁਸਤਤੀਲ ਵਾ ਕਿਲਾ ਨੰਬਰਾਨ 309/2/2/1(4-2) 547/1(0-3) 28//22/1ਮਿਨ (0-4) 28//22/1(6-12) 10//1/2(4-0) 2/2(4-0) 9(8-0) 16/1(7-0) 17/1(7-0) 18/1(6-18) 28//19/2/1/1(3-12) 6//21/2(4-0) 7//25(3-16) 10/13/1(4-0) 24/2/1(2-15) 25/2(7-6) 28//21/2/2(4-3) 92//24/2(4-12) 25/2(2-9) 100//4/2(0-15) 5(7-12) 10/16//2(1-0) 17/2(1-0) 18/2(1-2) 23/1(0-14) 24/1 (0-14) 25/1(0-14) 10//1/1(4-0) 12/1(4-0) 23/2/1(2-17) 12/2 (4-0) 23/2/2(4-9) 24/2/2(4-11) 92//16/2(4-9) 16/3(0-9) 17/3/1(3-10) 24/1/2(1-4) 25/1(5-11) 100//4/1/2(0-4) 6//21/1(4-0) 28//21/1(2-9) 21/2/1(0-19) 28//12/2(6-0) 19/1(2-0) 28//19/2/2(1-4) 19//2/1/2(1-4) 309/2/2/2(1-0) 309/2/1(0-8) 547//2(0-3)

ਖੇਵਟ ਖਤੌਨੀ ਨੰਬਰ 467/828-846 ਵਾਕਾ ਰਕਬਾ ਧਿੰਗੜ੍ਹ ਤਹਿਸੀਲ ਵਾ ਜ਼ਿਲ੍ਹਾ ਮਾਨਸਾ।

ਉਪਰੋਕਤ ਅਨੁਵਾਨ ਵਿੱਚ ਕੇਸ ਸੰਬੰਧੀ ਦਰਖਾਸਤ ਇਜਰਾਏ ਇਸ ਅਦਾਲਤ ਵਿੱਚ ਜ਼ੇਰ ਸਮਾਇਤ ਹੈ, ਜਿਸ ਵਿੱਚ ਸੁਣਵਾਈ ਲਈ ਅਗਲੀ ਤਾਰੀਖ ਪੇਸ਼ੀ 04/11/2025 ਨਿਸ਼ਚਿਤ ਕੀਤੀ ਗਈ ਹੈ। ਇਸ ਕੇਸ ਵਿੱਚ ਉਪਰੋਕਤ ਮਸੂਲਇਲਮ ਦੀ ਤਲਬੀ ਸਾਧਾਰਨ ਤਰੀਕੇ ਨਾਲ ਨਹੀਂ ਹੋ ਰਹੀ। ਇਸ ਲਈ ਇਸ ਨੋਟਿਸ ਰਾਹੀਂ ਉਪਰੋਕਤ ਮਸੂਲਇਲਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 04/11/2025 ਨੂੰ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਉਜ਼ਰ ਪੇਸ਼ ਕਰ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਨ੍ਹਾਂ ਖਿਲਾਫ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਨਿਯਮਾਂ ਅਨੁਸਾਰ ਕੇਸ ਦਾ ਫੈਸਲਾ ਕਰ ਦਿੱਤਾ ਜਾਵੇਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਅੱਵਲ, (ਤਹਿਸੀਲਦਾਰ), ਮਾਨਸਾ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ (ਤਹਿਸੀਲਦਾਰ) ਮਾਨਸਾ

ਮਿਸਲ ਨੰਬਰ : 02/ਰੀ-1 ਰਜੂਆ : 21.10.2024 ਪੈਂਡਿੰਗ ਫਾਰ : 04/11/2025 ਪਿੰਡ : ਧਿੰਗੜ੍ਹ

1. ਬੂਟਾ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੰਪੂਰਨ ਸਿੰਘ 2. ਮੱਖਣ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੰਪੂਰਨ ਸਿੰਘ ਪਿੰਡ ਧਿੰਗੜ੍ਹ ਤਹਿਸੀਲ ਤੇ ਜ਼ਿਲ੍ਹਾ ਮਾਨਸਾ। ---ਸਾਇਲ

ਬਨਾਮ

1. ਸੰਤਾ ਸਿੰਘ ਪੁੱਤਰ ਰਾਮਦਿੱਤਾ ਸਿੰਘ ਪੁੱਤਰ ਮਸਾਨੀਆ ਸਿੰਘ 2. ਸੁਰਜੀਤ ਸਿੰਘ ਪੁੱਤਰ ਸ਼ਾਮ ਸਿੰਘ ਪੁੱਤਰ ਮਸਾਨੀਆ ਸਿੰਘ 3. ਸੀਬੋ ਪੁੱਤਰੀ ਹਰੀ ਸਿੰਘ ਪੁੱਤਰ ਮਸਾਨੀਆ ਸਿੰਘ 4. ਭਾਨੋ ਪੁੱਤਰੀ ਹਰੀ ਸਿੰਘ ਪੁੱਤਰ ਮਸਾਨੀਆ ਸਿੰਘ 5. ਦਲੀਪ ਸਿੰਘ ਪੁੱਤਰ ਰਾਮਦਿੱਤਾ ਸਿੰਘ ਪੁੱਤਰ ਮਸਾਨੀਆ ਸਿੰਘ 6. ਵਧਾਵਾ ਸਿੰਘ ਪੁੱਤਰ ਮਿਸਰਾ ਸਿੰਘ ਪੁੱਤਰ ਮਸਾਨੀਆ ਸਿੰਘ 7. ਗੋਲੋ ਪੁੱਤਰੀ ਮਿਸਰਾ ਸਿੰਘ ਪੁੱਤਰ ਮਸਾਨੀਆ ਸਿੰਘ 8. ਗੁੱਡੀ ਪੁੱਤਰੀ ਮਿਸਰਾ ਸਿੰਘ ਪੁੱਤਰ ਮਸਾਨੀਆ ਸਿੰਘ 9. ਮਲਕੀਤ ਸਿੰਘ ਪੁੱਤਰ ਮਿਸਰਾ ਸਿੰਘ ਪੁੱਤਰ ਮਸਾਨੀਆ ਸਿੰਘ 10. ਜਸਵਿੰਦਰ ਸਿੰਘ ਪੁੱਤਰ ਬਾਘ ਸਿੰਘ ਪੁੱਤਰ ਕਾਕੜ ਸਿੰਘ 11. ਜੰਗੀਰ ਕੌਰ ਪੁੱਤਰੀ ਬਖਸ਼ੀਸ਼ ਸਿੰਘ ਪੁੱਤਰ ਮਸਾਨੀਆ ਸਿੰਘ 12. ਗੁਰਦੇਵ ਕੌਰ ਪੁੱਤਰੀ ਬਖਸ਼ੀਸ਼ ਸਿੰਘ ਪੁੱਤਰ ਮਸਾਨੀਆ ਸਿੰਘ 13. ਸੁਰਜੀਤ ਕੌਰ ਪੁੱਤਰੀ ਬਖਸ਼ੀਸ਼ ਸਿੰਘ ਪੁੱਤਰ ਮਸਾਨੀਆ ਸਿੰਘ 14.ਹਰਨਾਮ ਕੌਰ ਵਿਧਵਾ ਸੁਖਦੇਵ ਸਿੰਘ ਪੁੱਤਰ ਮਿਸਰਾ ਸਿੰਘ 15. ਪਰਮਜੀਤ ਕੌਰ ਪੁੱਤਰੀ ਸੁਖਦੇਵ ਸਿੰਘ ਪੁੱਤਰ ਮਿਸਰਾ ਸਿੰਘ 16. ਜਗਸੀਰ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਮਿਸਰਾ ਸਿੰਘ 17. ਜਸਵਿੰਦਰ ਸਿੰਘ ਪੁੱਤਰ ਬਾਘ ਸਿੰਘ ਪੁੱਤਰ ਕਾਕੜ ਸਿੰਘ 18. ਬਲਜਿੰਦਰ ਕੌਰ ਪੁੱਤਰੀ ਬਾਘ ਸਿੰਘ ਪੁੱਤਰ ਕਾਕੜ ਸਿੰਘ 19. ਅਮਰੀਕ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਭਗਵਾਨ ਸਿੰਘ 20, ਬੋਘ ਸਿੰਘ ਪੁੱਤਰ ਸੰਪੂਰਨ ਸਿੰਘ ਪੁੱਤਰ ਮਿੱਤ ਸਿੰਘ 21. ਅਮਰੀਕ ਸਿੰਘ ਪੁੱਤਰ ਸਕੰਦਰ ਸਿੰਘ ਪੁੱਤਰ ਸੰਪੂਰਨ ਸਿੰਘ 22. ਰੋਹੀ ਸਿੰਘ ਪੁੱਤਰ ਨਾਜਮ ਸਿੰਘ ਪੁੱਤਰ ਸੁਰਜੀਤ ਸਿੰਘ 23. ਬੋਬਿੰਦਰ ਸਿੰਘ ਪੁੱਤਰ ਅਜਮੇਰ ਸਿੰਘ ਪੁੱਤਰ ਭਜਨ ਸਿੰਘ 24. ਸਕੰਦਰ ਸਿੰਘ ਪੁੱਤਰ ਸੰਪੂਰਨ ਸਿੰਘ ਪੁੱਤਰ ਮਿੱਤ ਸਿੰਘ 25. ਗੁਰਦਰਸ਼ਨ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਭਗਵਾਨ ਸਿੰਘ 26. ਅਵਤਾਰ ਸਿੰਘ ਪੁੱਤਰ ਸਕੰਦਰ ਸਿੰਘ ਪੁੱਤਰ ਸੰਪੂਰਨ ਸਿੰਘ 27. ਅਮਨਦੀਪ ਕੌਰ ਪਤਨੀ ਅਜਮੇਰ ਸਿੰਘ ਪੁੱਤਰ ਭਜਨ ਸਿੰਘ 28. ਗੁਰਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਜੋਗਿੰਦਰ ਸਿੰਘ 29. ਹਰਦੇਵ ਸਿੰਘ ਪੁੱਤਰ ਜੋਗਿੰਦਰ ਸਿੰਘ. ਪੁੱਤਰ ਬਚਿੱਤਰ ਸਿੰਘ 30. ਸੁਖਦੇਵ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਬਚਿੱਤਰ ਸਿੰਘ 31. ਜੋਰਾ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਬਚਿੱਤਰ ਸਿੰਘ 32. ਰਾਮ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਬਚਿੱਤਰ ਸਿੰਘ 33. ਨਾਇਬ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਜੋਗਿੰਦਰ ਸਿੰਘ 34. ਅਮਰਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਜੋਗਿੰਦਰ ਸਿੰਘ 35. ਗੁਰਦਿਆਲ ਸਿੰਘ ਪੁੱਤਰ ਸਰਵਨ ਸਿੰਘ ਪੁੱਤਰ ਬੀਕਾ ਸਿੰਘ 36. ਦਰਬਾਰਾ ਸਿੰਘ ਪੁੱਤਰ ਸਰਵਣ ਸਿੰਘ ਪੁੱਤਰ ਬੀਕਾ ਸਿੰਘ 37. ਕਰਨੈਲ ਸਿੰਘ ਪੁੱਤਰ ਸਰਵਨ ਸਿੰਘ ਪੁੱਤਰ ਬੀਕਾ ਸਿੰਘ 38. ਮਨਪ੍ਰੀਤ ਸਿੰਘ ਪੁੱਤਰ ਜਗਸੀਰ ਸਿੰਘ ਪੁੱਤਰ ਬੋਘ ਸਿੰਘ 39. ਗੁਰਸਹਿਜ ਸਿੰਘ ਪੁੱਤਰ ਜਗਸੀਰ ਸਿੰਘ ਪੁੱਤਰ ਬੋਘ ਸਿੰਘ 40. ਜੰਟਾ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਮਸਤਾਨ ਸਿੰਘ 41. ਬਲਵਿੰਦਰ ਸਿੰਘ ਪੁੱਤਰ ਹਰਨੇਕ ਸਿੰਘ 42. ਹਰਬੰਸ ਸਿੰਘ ਪੁੱਤਰ ਹਰਨੇਕ ਸਿੰਘ ਵਾਸੀਆਨ ਧਿੰਗੜ੍ਹ ਤਹਿਸੀਲ ਤੇ ਜ਼ਿਲ੍ਹਾ ਮਾਨਸਾ 43. ਪੰਜਾਬ ਐਂਡ ਸਿੰਧ ਬੈਂਕ ਬ੍ਰਾਂਚ ਤਲਵੰਡੀ ਸਾਬੋ ਰਾਹੀਂ ਮੈਨੇਜਰ 44. ਐਚ.ਡੀ.ਐਫ.ਸੀ. ਬੈਂਕ ਤਲਵੰਡੀ ਸਾਬੋ ਰਾਹੀਂ ਬ੍ਰਾਂਚ ਮੈਨੇਜਰ 45. ਐਚ.ਡੀ.ਐਫ.ਸੀ. ਬੈਂਕ ਸੰਦੋਹਾ ਰਾਹੀਂ ਬ੍ਰਾਂਚ ਮੈਨੇਜਰ। -----ਮਸੂਲਇਲਮ

ਦਰਖਾਸਤ ਤਕਸੀਮ ਅਰਾਜੀ ਤਾਦਾਦੀ 43 ਕਨਾਲ 17 ਮਰਲੇ ਮੁਸਤਤੀਲ ਵਾ ਕਿਲਾ ਨੰਬਰਾਨ

102//2/3(8-0) 4/1(0-16) 6/2/1(2-16) 7(8-0) 575(0-3) 590 (0-3) 591(0-3) 592(0-3) 593 (0-3) 33//18/3(1-0) 19/2(3-18) 22/1/1/2(0-6) 23/1/1/2(0-6) 22/1/1/1(0-10) 23/1/1 (0-10) 22/2(2-16) 23/1/2(1-4) 79//9/1/2/1 (0-18) 102//6/2/2(1-12) 33//22/1/2(2-0) 589(0-3) 331(0-4) 588(0-3) ਖੇਵਟ ਖਤੌਨੀ ਨੰਬਰ 550/1015-1022 ਰਕਬਾ ਧਿੰਗੜ੍ਹ, ਤਹਿਸੀਲ ਵਾ ਜ਼ਿਲ੍ਹਾ ਮਾਨਸਾ।

ਉਪਰੋਕਤ ਅਨੁਵਾਨ ਵਿੱਚ ਕੇਸ ਸੰਬੰਧੀ ਦਰਖਾਸਤ ਇਜਰਾਏ ਇਸ ਅਦਾਲਤ ਵਿੱਚ ਜ਼ੇਰ ਸਮਾਇਤ ਹੈ, ਜਿਸ ਵਿੱਚ ਸੁਣਵਾਈ ਲਈ ਅਗਲੀ ਤਾਰੀਖ ਪੇਸ਼ੀ 04/11/2025 ਨਿਸ਼ਚਿਤ ਕੀਤੀ ਗਈ ਹੈ। ਇਸ ਕੇਸ ਵਿੱਚ ਉਪਰੋਕਤ ਮਸੂਲਇਲਮ ਦੀ ਤਲਬੀ ਸਾਧਾਰਨ ਤਰੀਕੇ ਨਾਲ ਨਹੀਂ ਹੋ ਰਹੀ। ਇਸ ਲਈ ਇਸ ਨੋਟਿਸ ਰਾਹੀਂ ਉਪਰੋਕਤ ਮਸੂਲਇਲਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 04/11/2025 ਨੂੰ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਉਜ਼ਰ ਪੇਸ਼ ਕਰ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਨ੍ਹਾਂ ਖਿਲਾਫ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਨਿਯਮਾਂ ਅਨੁਸਾਰ ਕੇਸ ਦਾ ਫੈਸਲਾ ਕਰ ਦਿੱਤਾ ਜਾਵੇਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਅੱਵਲ, (ਤਹਿਸੀਲਦਾਰ), ਮਾਨਸਾ।

14 Oct Page 8.qxd 10/13/2025 10:45 PM Page 1



# ਜੰਗਲਾਤ ਵਿਭਾਗ ਦੇ ਕੱਚੇ ਤੇ ਪੱਕੇ ਮੁਲਾਜ਼ਮ ਤਨਖਾਹ ਨਾ ਮਿਲਣ ਕਾਰਨ ਮਨਾਉਣਗੇ ਕਾਲੀ ਦੀਵਾਲੀ

**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406/22ਬੀ ਚੰਡੀਗੜ੍ਹ ਨਾਲ ਸੰਬੰਧਤ ਜੰਗਲਾਤ ਕਾਮਿਆਂ ਦੀ ਸਿਰਮੌਰ ਅਤੇ ਸੰਘਰਸ਼ੀਲ ਜੱਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਦੀ ਪ੍ਰਧਾਨਗੀ ਹੇਠ ਮੀਟਿੰਗ



ਹੋਈ। ਇਸ ਮੀਟਿੰਗ ਦੀ ਕਾਰਵਾਈ ਸੂਬਾ ਸਕੱਤਰ ਜਸਵਿੰਦਰ ਸਿੰਘ ਸੌਜਾ ਨੇ ਕੀਤੀ।ਜਸਵੀਰ ਸਿੰਘ ਸੀਰਾ, ਅਮਨਦੀਪ ਸਿੰਘ ਛੱਤ, ਵਿਰਸਾ ਸਿੰਘ ਚਹਿਲ, ਰਣਜੀਤ ਸਿੰਘ ਅਤੇ ਸਤਨਾਮ ਸੰਗਰੂਰ ਨੇ ਕਿਹਾ ਕਿ ਵਣ ਅਤੇ ਜੰਗਲੀ ਜੀਵ ਵਿਭਾਗ ਵਿੱਚ ਕੰਮ ਕਰਦੇ ਡੇਲੀਵੇਜ਼ ਕਾਮਿਆਂ ਨੂੰ ਪੰਜਾਬ ਸਰਕਾਰ ਨੇ 30 ਜੁਲਾਈ 2025 ਨੂੰ ਚੰਡੀਗੜ੍ਹ ਵਿਖੇ ਨਿਯੁਕਤੀ ਪੱਤਰ ਦੇ ਕੇ ਪੱਕਿਆਂ ਕੀਤਾ ਗਿਆ ਸੀ, ਪ੍ਰੰਤੂ ਇਨ੍ਹਾਂ ਮੁਲਾਜ਼ਮਾਂ ਨੂੰ ਪੱਕਿਆ ਹੋਇਆਂ ਨੂੰ ਤਕਰੀਬਨ ਤਿੰਨ ਮਹੀਨੇ ਹੋ ਗਏ ਹਨ, ਪਰ ਇਨ੍ਹਾਂ ਨੂੰ ਹੁਣ ਤੱਕ ਇਕ ਵੀ ਤਨਖਾਹ ਨਹੀਂ ਪ੍ਰਾਪਤ ਹੋਈ। ਇਹ ਮੁਲਾਜ਼ਮ ਨਾ ਹੁਣ ਕੱਚਿਆਂ 'ਚ ਆ ਰਹੇ ਹਨ ਅਤੇ ਨਾ ਹੀ ਪੱਕਿਆਂ 'ਚ। ਇਨ੍ਹਾਂ ਨੂੰ ਆਪਣੇ ਪਰਵਾਰਾਂ ਦਾ ਗੁਜ਼ਾਰਾ ਕਰਨਾ ਮੁਸ਼ਕਲ ਹੋ ਗਿਆ ਹੈ। ਇਸ ਦੇ ਨਾਲ ਹੀ ਜਿਹੜੇ ਅਨਪੜ੍ਹ ਕਾਮੇ ਪੱਕੇ ਹੋਣ ਤੋਂ ਰਹਿ ਗਏ ਹਨ, ਉਹ ਵੀ ਇਸ ਵਾਰ ਕਾਲੀ ਦੀਵਾਲੀ ਮਨਾਉਣਗੇ।ਬਲਵੀਰ ਤਰਨ ਤਾਰਨ, ਰਵੀ ਲੁਧਿਆਣਾ, ਸੁਲੱਖਣ ਮੋਹਲੀ, ਸੁਖਦੇਵ ਜਲੰਧਰ, ਰਵੀਕਾਂਤ ਰੋਪੜ, ਪਵਨ ਹੁਸ਼ਿਆਰਪੁਰ ਅਤੇ ਬੱਬੂ ਮਾਨਸਾ ਨੇ ਮੀਟਿੰਗ ਦੌਰਾਨ ਕਿਹਾ ਕਿ ਜਿਹੜੀ ਆਮ ਆਦਮੀ ਪਾਰਟੀ ਦੀ ਸਰਕਾਰ 2022 ਦੀਆਂ ਚੋਣਾਂ ਸਮੇਂ ਵਾਅਦਾ ਕਰਕੇ ਆਈ ਸੀ ਪਰ ਸਰਕਾਰ ਨੇ ਲੋਕਾਂ ਅਤੇ ਮੁਲਾਜ਼ਮਾਂ ਨਾਲ ਵਾਅਦਾ ਖਿਲਾਫ਼ੀ ਕੀਤੀ ਹੈ। ਜਿਸ ਦਾ ਜਵਾਬ ਜੰਗਲਾਤ ਦੇ ਕਾਮੇ ਇਸ ਵਾਰ ਕਾਲੀ ਦਿਵਾਲੀ ਮਨਾ ਕੇ ਅਤੇ 2027 ਦੀਆਂ ਚੋਣਾਂ 'ਚ ਸਰਕਾਰ ਨੂੰ ਵੋਟਾਂ ਰਾਹੀਂ ਦੇਣਗੇ।

# ਕਬੱਡੀ ਕੱਪ ਤੇ ਕੁਸ਼ਤੀ ਦੰਗਲ ਕਰਵਾਇਆ

**ਬੰਗਾ (ਅਵਤਾਰ ਕਲੇਰ)**- ਪਿੰਡ ਦੇਨੋਵਾਲ ਕਲਾਂ ਵਿਖੇ ਰੌਜ਼ਾ ਪੰਜ ਪੀਰ ਦਰਬਾਰ, ਲਾਲਾਂ ਵਾਲੇ ਪੀਰ ਵਿਖੇ ਸਮੂਹ ਪ੍ਰਬੰਧਕ ਕਮੇਟੀ,ਐਨ ਆਰ ਆਈ, ਗਰਾਮ ਪੰਚਾਇਤ ਵੱਲੋਂ ਕਬੱਡੀ ਕੱਪ ਅਤੇ ਕੁਸ਼ਤੀ ਦੰਗਲ ਕਰਵਾਇਆ ਗਿਆ। ਗੱਦੀ ਨਸ਼ੀਨ ਬਾਬਾ ਰਘੁਬਿੰਦਰ ਸਿੰਘ ਬਿੱਟੂ ਨੇ ਦੱਸਿਆ ਕਿ ਕਬੱਡੀ ਕੱਪ ਵਿੱਚ ਚਾਰ ਨਾਮਵਰ ਅਕੈਡਮੀਆਂ ਨੇ ਭਾਗ ਲਿਆ। ਫਾਈਨਲ ਮੁਕਾਬਲਾ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਅਕੈਡਮੀ ਫਤਹਿਗੜ੍ਹ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਕਲੱਬ ਮਾਛੀਵਾੜਾ ਸਾਹਿਬ ਦੇ ਵਿਚਕਾਰ ਹੋਇਆ। ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਅਕੈਡਮੀ ਫਤਹਿਗੜ੍ਹ ਸਾਹਿਬ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਕਲੱਬ ਮਾਛੀਵਾੜਾ ਸਾਹਿਬ ਨੂੰ ਹਰਾ ਦਿੱਤਾ ਅਤੇ ਫਾਈਨਲ ਮੁਕਾਬਲਾ ਜਿੱਤ ਲਿਆ। ਕੁਸ਼ਤੀ ਮੁਕਾਬਲਿਆਂ ਦੀ ਕੁਮੈਂਟਰੀ ਮਨਜੀਤ ਸਿੰਘ ਕੰਗ, ਬਿੱਟੂ ਰੋੜ, ਸਤਪਾਲ ਨੇ ਕੀਤੀ। ਛਿੰਝ ਦੌਰਾਨ ਝੰਡੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਅਤੇ ਅਭਿਨਾਇਕ ਅਖਾੜਾ ਮਾਲੋ ਮਜਾਰਾ ਦੇ ਵਿਚਕਾਰ ਹੋਈ। ਜਿਸ ਵਿੱਚ ਅਭਿਨਾਇਕ ਅਖਾੜਾ ਮਾਲੋ ਮਜਾਰਾ ਜੇਤੂ ਰਿਹਾ। ਦੋ ਨੰਬਰ ਝੰਡੀ ਦੀ ਕੁਸ਼ਤੀ ਵਿੱਚ ਲਾਲੀ ਫਗਵਾੜਾ ਨੇ ਮਨਪ੍ਰੀਤ ਬਾਹੜੋਵਾਲ ਨੂੰ ਚਿੱਤ ਕਰਕੇ ਜਿੱਤ ਲਈ।ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਮੁੱਖ ਮਹਿਮਾਨ



ਮਾਲਵਿੰਦਰ ਸਿੰਘ ਕੰਗ ਐਮ. ਪੀ.ਸ੍ਰੀ ਆਨੰਦਪੁਰ ਸਾਹਿਬ ਚਰਨਜੀਤ ਸਿੰਘ ਚੇਅਰਮੈਨ ਸ਼ੂਗਰ ਮਿੱਲ, ਮਲਕੀਤ ਸਿੰਘ ਡੀ. ਐਸ. ਪੀ., ਬਾਬਾ ਅਮਰੀਕ ਸਿੰਘ ਮੈਹਤਪੁਰ ਲੱਧੜੀ, ਬਾਬਾ ਕੁਲਦੀਪ ਸਿੰਘ ਮਜਾਰੀ, ਜਸਦੀਪ ਸਿੰਘ ਲੱਕੀ ਬਾਬਾ ਖਟਕੜ ਕਲਾਂ, ਕਸ਼ਮੀਰ ਸਿੰਘ ਲਸਾੜਾ, ਜੱਥੇਦਾਰ ਬਹਾਦਰ ਸਿੰਘ ਭਾਰਟਾ, ਕਾਮਰੇਡ ਦਰਸ਼ਨ ਸਿੰਘ ਮੱਟੂ, ਅਵਤਾਰ ਸਿੰਘ ਐਸ. ਡੀ. ਓ. ਅੰਪਰਾ ਚਰਨਜੀਤ ਸਿੰਘ ਚੰਨੀ ਓ ਐਸ.ਡੀ. ਸਪੀਕਰ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਦੰਗਲ ਮੇਲੇ ਦੇ ਪੁੱਜੇ ਪਹਿਲਵਾਨਾਂ ਅਤੇ ਆਏ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਕੁਸ਼ਤੀ ਦੰਗਲ ਦੇ ਮੁੱਖ ਪ੍ਰਬੰਧਕ ਗੱਦੀ ਨਸ਼ੀਨ ਬਾਬਾ ਰਘੁਬਿੰਦਰ ਸਿੰਘ, ਢੇਰਾ ਸਿੰਘ, ਪਰਮਜੀਤ ਸਿੰਘ ਭੱਟੀ, ਪਿਆਰਾ ਸਿੰਘ, ਬਲਵੀਰ ਸਿੰਘ, ਕਸ਼ਮੀਰ ਸਿੰਘ, ਪਰਮਜੀਤ ਸਿੰਘ, ਨਿੰਦਰ ਹਿਆਲਾ, ਬਲਵੀਰ ਲੁਧਿਆਣਾ, ਤਰਲੋਚਨ ਸਿੰਘ, ਜਗਤਾਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਨੂੰ ਬਾਲ ਭਿੱਖਿਆ ਮੁਕਤ ਬਣਾਉਣ ਲਈ ਯਤਨ ਹੋਰ ਤੇਜ਼ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਬਾਲ ਭਿੱਖਿਆ ਮੁਕਤ ਬਣਾਉਣ ਲਈ ਯਤਨਾਂ ਨੂੰ ਹੋਰ ਤੇਜ਼ ਕੀਤਾ ਗਿਆ ਹੈ। ਇਸੇ ਸੰਦਰਭ ਵਿੱਚ ਫਰੀਦਕੋਟ ਵਿੱਚ ਭੀਖ ਮੰਗ ਰਹੇ 2 ਬੱਚਿਆਂ ਨੂੰ ਰੈਸਕਿਊ ਕੀਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਹ ਬੱਚੇ ਫਰੀਦਕੋਟ ਫਾਟਕ ਨੇੜੇ ਦੇਖੇ ਗਏ ਅਤੇ ਤੁਰੰਤ ਜ਼ਿਲ੍ਹਾ ਬਾਲ ਸੁਰੱਖਿਆ ਟੀਮ ਨੂੰ ਸੂਚਿਤ ਕੀਤਾ ਗਿਆ। ਟੀਮ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਦੋਵੇਂ ਬੱਚਿਆਂ ਨੂੰ ਰੈਸਕਿਉ ਕਰਕੇ ਜ਼ਿਲ੍ਹਾ ਬਾਲ ਭਲਾਈ ਕਮੇਟੀ ਕੋਲ ਪੇਸ਼ ਕੀਤਾ ਗਿਆ। ਜਾਂਚ ਉਪਰੰਤ ਇਹਨਾਂ ਨੂੰ ਫਿਲਹਾਲ ਬਾਲ ਘਰ ਵਿੱਚ ਆਰਜ਼ੀ ਤੌਰ 'ਤੇ ਸੁਰੱਖਿਅਤ ਠਿਕਾਣਾ ਪ੍ਰਦਾਨ ਕੀਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਸੂਬੇ ਦੀਆਂ ਸਾਰੀਆਂ ਜ਼ਿਲ੍ਹਾ ਬਾਲ ਸੁਰੱਖਿਆ ਟੀਮਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਵੱਲੋਂ ਬਾਲ ਸੁਰੱਖਿਆ ਅਤੇ ਜੀਵਨਜੋਤ ਪ੍ਰੋਜੈਕਟ ਤਹਿਤ ਕੀਤੇ ਜਾ ਰਹੇ ਤੁਰੰਤ ਤੇ ਸਮਰਪਿਤ ਯਤਨ ਸੂਬੇ ਭਰ ਵਿੱਚ ਸਕਾਰਾਤਮਕ ਨਤੀਜੇ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਟੀਮਾਂ ਸਰਕਾਰ ਦੀ ਨੀਤੀ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਸੁਪਨਾ ਹੈ ਕਿ ਪੰਜਾਬ ਵਿੱਚ ਕੋਈ ਵੀ ਬੱਚਾ ਸੜਕਾਂ 'ਤੇ ਭੀਖ ਮੰਗਦਾਂ ਨਾ ਦਿੱਖੇ। ਡਾ. ਬਲਜੀਤ ਕੌਰ ਨੇ ਸੂਬੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਤੇ ਵੀ ਕਿਸੇ ਬੱਚੇ ਨੂੰ ਭੀਖ ਮੰਗਦੇ ਦੇਖਣ ਤਾਂ ਭੀਖ ਦੇਣ ਦੀ ਬਜਾਏ ਚਾਈਲਡ ਹੈਲਪਲਾਈਨ ਨੰਬਰ 1098 'ਤੇ ਸੂਚਨਾ ਦੇਣ ਅਤੇ ਇਸ ਸਮਾਜਿਕ ਬੁਰਾਈ ਨੂੰ ਜੜ੍ਹੋਂ ਖਤਮ ਕਰਨ ਵਿੱਚ ਸੂਬਾ ਸਰਕਾਰ ਦਾ ਸਹਿਯੋਗ ਕਰਨ।





# ਰਾਜਾ ਨੇ ਰੱਖਿਆ ਪੰਚਾਇਤ ਘਰ ਦਾ ਨੀਂਹ ਪੱਥਰ

**ਅੱਡਾ ਸਰਾ (ਜਸਵੀਰ ਕਾਜਲ)**- ਸੂਬੇ ਵਿੱਚ ਮੌਜੂਦਾ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਸੂਬੇ ਨੂੰ ਖੁਸ਼ਹਾਲ ਬਣਾਉਣ ਲਈ ਸੂਬੇ ਅੰਦਰ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ ਤੇ ਨੇਪਰੇ ਚਾੜਿਆ ਜਾ ਰਿਹਾ ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਟਾਂਡਾ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਪਿੰਡ ਕੰਧਾਲਾ ਜੱਟਾਂ ਵਿਖੇ 25 ਲੱਖ ਰੁ. ਦੀ ਲਾਗਤ ਨਾਲ ਨਵੇਂ ਬਣਨ ਜਾ ਰਿਹਾ ਪੰਚਾਇਤ ਘਰ ਦਾ ਉਦਘਾਟਨ ਕਰਨ ਉਪਰੰਤ ਕੀਤਾ। ਹਲਕਾ ਵਿਧਾਇਕ ਰਾਜਾ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਮਿਆਰੀ ਅਤੇ ਵਧੀਆ ਸਹੂਲਤਾਂ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਸਰਕਾਰ ਦਾ ਟੀਚਾ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤਕ ਬਰਾਬਰ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਇਸ ਮੌਕੇ ਸੰਗਠਨ ਇਨਚਾਰਜ ਕੇਸ਼ਵ ਸੈਣੀ, ਸਰਪੰਚ ਸੁਖਵਿੰਦਰ ਜੀਤ ਸਿੰਘ, ਸਰਪੰਚ ਹਰਦੀਪ ਕੌਰ ਕੰਧਾਲਾ ਜੱਟਾਂ, ਪੰਚ ਸੂਚਾ ਸਿੰਘ, ਪੰਚ ਤਰਸੇਮ ਸਿੰਘ, ਪੰਚ ਬਲਦੇਵ ਸਿੰਘ, ਪੰਚ ਦਰਸ਼ਨ ਕੌਰ, ਕੁਲਵੰਤ ਸਿੰਘ, ਮਨਜੀਤ ਸਿੰਘ ਧਾਲੀਵਾਲ, ਪ੍ਰਦੀਪ ਸਿੰਘ, ਜਗਜੀਤ ਸਿੰਘ ਲਾਡਾ, ਮਨਜੀਤ ਸਿੰਘ ਸੈਕਟਰੀ, ਸੁਖਜੀਤ ਸਿੰਘ, ਬਾਬਾ ਮੋਹਣ ਸਿੰਘ, ਮਨਦੀਪ ਸਿੰਘ ਮੰਨਾ ਆਦਿ ਨਗਰ ਨਿਵਾਸੀ ਹਾਜ਼ਰ ਸਨ।

# ਫਾਰਮੇਸੀ ਵਿਭਾਗ ਵੱਲੋਂ ਸੀ ਜੀ ਐੱਮ ਪੀ ਦਿਵਸ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)**- ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਪ੍ਰਧਾਨਗੀ ਅਤੇ ਵਿਭਾਗ ਮੁਖੀ ਡਾ. ਸੰਜੇ ਬਾਂਸਲ ਦੀ ਅਗਵਾਈ ਹੇਠ, ਮੇਹਰਚੰਦ ਪੌਲੀਟੈਕਨਿਕ ਕਾਲਜ ਦੇ ਫਾਰਮੇਸੀ ਵਿਭਾਗ ਨੇ 'ਮੌਜੂਦਾ ਚੰਗੇ ਨਿਰਮਾਣ ਅਭਿਆਸ' ਦਿਵਸ ਦਾ



ਆਯੋਜਨ ਕੀਤਾ। ਵਿਭਾਗ ਮੁਖੀ ਡਾ. ਸੰਜੇ ਬਾਂਸਲ ਨੇ ਦੱਸਿਆ ਕਿ ਭਾਰਤ ਵਿੱਚ ਫਾਰਮਾਸਿਊਟੀਕਲ ਨਿਰਮਾਣ ਵਿੱਚ ਸੀ ਜੀ ਐਮ ਪੀ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਪਿਛਲੇ ਤਿੰਨ ਸਾਲਾਂ ਤੋਂ ਹਰ ਅਕਤੂਬਰ ਵਿੱਚ ਰਾਸ਼ਟਰੀ ਸੀ ਓ ਐਮ ਪੀ ਦਿਵਸ ਮਨਾਇਆ ਜਾਂਦਾ ਹੈ। ਪ੍ਰੋਫੈਸਰ ਮੀਨਾ ਬਾਂਸਲ ਨੇ ਦੱਸਿਆ ਕਿ ਪਹਿਲਾ ਸੀ ਜੀ ਐਮ ਪੀ ਦਿਵਸ 2023 ਵਿੱਚ ਭਾਰਤੀ ਫਾਰਮਾਸਿਊਟੀਕਲ ਉਦਯੋਗ ਦੀ ਸਾਖ ਨੂੰ ਢਾਹ ਲਾਉਣ ਵਾਲੀਆਂ ਘਟਨਾਵਾਂ ਤੋਂ ਬਾਅਦ ਮਨਾਇਆ ਗਿਆ ਸੀ। ਇਹ ਦਿਨ ਫਾਰਮਾਸਿਊਟੀਕਲ ਨਿਰਮਾਣ ਵਿੱਚ ਸਖ਼ਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਕੇ ਫਾਰਮਾਸਿਊਟੀਕਲ ਉਤਪਾਦਾਂ ਦੀ ਸੁਰੱਖਿਆ ਅਤੇ ਗੁਣਵੱਤਾ ਬਣਾਈ ਰੱਖਣ ਦੀ ਵਚਨਬੱਧਤਾ ਨੂੰ ਸਮਰਪਿਤ ਹੈ। ਮੀਨਾ ਬਾਂਸਲ ਨੇ ਵਿਦਿਆਰਥੀਆਂ ਨੂੰ ਸੀ ਜੀ ਐਮ ਪੀ ਸਿਧਾਂਤਾਂ ਅਤੇ ਉਦਯੋਗ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਬਾਰੇ ਜਾਣਕਾਰੀ ਦਿੱਤੀ। ਇੱਸ ਮੌਕੇ ਤੇ ਪੋਸਟਰ-ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਪ੍ਰਿੰਸੀਪਲ ਜਗਰੂਪ ਸਿੰਘ ਨੇ ਡਾ. ਸੰਜੇ ਬਾਂਸਲ ਅਤੇ ਪੂਰੇ ਫਾਰਮੇਸੀ ਵਿਭਾਗ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਮੀਨਾ ਬਾਂਸਲ, ਸੰਦੀਪ ਕੁਮਾਰ, ਪੰਕਜ ਗੁਪਤਾ, ਸਵਿਤਾ ਕੁਮਾਰੀ ਅਤੇ ਅਭਿਸ਼ੇਕ ਸ਼ਰਮਾ ਵੀ ਮੌਜੂਦ ਸਨ।

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ

**ਆਦਮਪੁਰ (ਪਰਮਜੀਤ ਸਿੰਘ)**- ਧੰਨ-ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ, ਸਮੂਹ ਨਗਰ ਨਿਵਾਸੀਆਂ ਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਪਿੰਡ ਭੇਲਾ ਨੇੜੇ ਆਦਮਪੁਰ ਜਿਲ੍ਹਾ ਜਲੰਧਰ ਵਿਖੇ ਬਹੁਤ ਹੀ ਸ਼ਰਧਾ-ਪੂਰਵਕ ਮਨਾਇਆ ਗਿਆ। ਇਸ ਸਮਾਗਮ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਸਮੂਹ ਸੰਗਤਾਂ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਜ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਜਿਸ ਦੌਰਾਨ ਰਾਗੀ ਜੱਥਾ ਭਾਈ ਸਿਮਰਨਪ੍ਰੀਤ ਸਿੰਘ ਅਤੇ ਕਵੀਸ਼ਰ ਜਥਾ ਭਾਈ ਸੁਖਬੀਰ ਸਿੰਘ ਵੱਲੋਂ ਆਈਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ।ਪ੍ਰਬੰਧ ਕਮੇਟੀ ਵਲੋਂ ਕੀਰਤਨੀ ਜੱਥਿਆਂ ਨੂੰ ਸਿਰੁਪਾਓ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਬਲਕਾਰ੍ਹ ਸਿੰਘ ਕੇਨੇਡਾ, ਸੁਰਿੰਦਰ ਸਿੰਘ, ਤਰਲੋਚਨ ਸਿੰਘ, ਹਰਕੀਤ ਸਿੰਘ ਨਿੱਝਰ, ਪਰਜਿੰਦਰ ਸਿੰਘ, ਲਖਵੀਰ ਸਿੰਘ ਸਰਪੰਚ ਸਾਰੋਵਾਹਦ, ਮਨਪ੍ਰੀਤ ਸਿੰਘ, ਇੰਦਰਜੀਤ ਸਿੰਘ,



ਚਰਨਜੀਤ ਸਿੰਘ, ਅਮਰਜੀਤ ਸਿੰਘ, ਚਰਨ ਸਿੰਘ, ਹਰਪ੍ਰੀਤ ਸਿੰਘ, ਬਲਰਾਜ ਸਿੰਘ, ਅਮਰਜੀਤ ਸਿੰਘ, ਜੋਗਿੰਦਰ ਹਿੰਘ ਨੰਬਰਦਾਰ, ਮਹਿੰਦਰ ਸਿੰਘ ਮਾਹੀ, ਮਨਦੀਪ ਸਿੰਘ, ਅਵਤਾਰ ਸਿੰਘ ਨੰਬਰਦਾਰ,ਸੁਖਵੀਰ ਸਿੰਘ ਸੋਡੀ ਤੇ ਸਮੂਹ ਨਗਰ ਨਿਵਾਸੀ ਸੰਗਤ ਹਾਜ਼ਰ ਸਨ।

# ਦਲਵੀ ਨੇ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਤੇ ਭਤੀਜੇ ਐਡਵੋਕੇਟ ਲਖਵਿੰਦਰ ਨਾਲ ਕੀਤੀ ਮੁਲਾਕਾਤ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਕੁਲ ਹਿੰਦ ਕਾਂਗਰਸ ਕਮੇਟੀ ਦੇ ਸਕੱਤਰ ਤੇ ਪੰਜਾਬ ਕਾਂਗਰਸ ਦੇ ਇੰਚਾਰਜ ਰਵਿੰਦਰ ਦਲਵੀ ਨੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਦੇ ਪਰਵਾਰਕ ਮੈਂਬਰਾਂ ਭੈਣ ਸਵਰਨ ਕੌਰ ਤੇ ਭਤੀਜੇ ਐਡਵੋਕੇਟ ਲਖਵਿੰਦਰ ਨਾਲ ਬੁੰਗਾ ਸਾਹਿਬ ਵਿਖੇ ਮੀਟਿੰਗ ਕੀਤੀ। ਇਸ ਮੌਕੇ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਤੇ ਭਤੀਜੇ ਐਡਵੋਕੇਟ ਲਖਵਿੰਦਰ ਵਲੋਂ ਰਵਿੰਦਰ ਦਲਵੀ ਨਾਲ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਡੂੰਘੀ ਚਰਚਾ ਕੀਤੀ ਗਈ।ਬਾਬੂ ਕਾਂਸ਼ੀ ਰਾਮ ਦੇ ਪਰਿਵਾਰਕ ਮੈਂਬਰਾਂ ਵੱਲੋਂ ਰਵਿੰਦਰ ਦਲਵੀ ਨੂੰ ਬਾਬੂ



ਕਾਂਸ਼ੀ ਰਾਮ ਦਾ ਚਿੱਤਰ ਅਤੇ ਸਿਰੋਪਾਓ ਭੇਂਟ ਕਰਕੇ ਸਨਮਾਨਤ ਕੀਤਾ ਗਿਆ।ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਪੋਕਸਮੈਨ ਹਰਦੀਪ ਕਿੰਗਰਾ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਪੰਕਜ ਕ੍ਰਿਪਾਲ ਐਡਵੋਕੇਟ, ਅਮਨ ਸਿੰਗਲਾ, ਯੂਥ ਕਾਂਗਰਸ ਆਗੂ ਪ੍ਰਣਵ ਕ੍ਰਿਪਾਲ ਵੀ ਹਾਜ਼ਰ ਹੋਏ।

# ਸੜਕ ਦਾ ਪ੍ਰਿੰਸੀਪਲ ਵੱਲੋਂ ਉਦਘਾਟਨ

**ਫਿਲੌਰ (ਨਿਰਮਲ)**= ਹਲਕਾ ਫਿਲੌਰ ਦੇ ਪਿੰਡ ਮਨਸੂਰਪੁਰ ਵਿਖੇ ਨਵੀਂ ਬਣਨ ਜਾ ਰਹੀ ਸੜਕ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਕੀਤਾ ਗਿਆ। ਇਸ ਮੌਕੇ ਗ੍ਰਾਮ ਪੰਚਾਇਤ, ਬਲਾਕ ਪ੍ਰਧਾਨ ਅਤੇ ਪਾਰਟੀ ਦੇ ਕਈ ਵਲੰਟੀਅਰ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਦੇ ਵਿਕਾਸ ਲਈ ਪੂਰੀ ਤਰ੍ਹਾਂ ਕਮਰ ਕਸੀ ਹੋਈ ਹੈ ਅਤੇ ਹਰ ਘਰ ਤਕ ਸੁਵਿਧਾਵਾਂ ਪਹੁੰਚਾਈਆਂ ਜਾ ਰਹੀਆਂ ਹਨ। ਇਹ ਸੜਕ ਜਿਸ ਦੀ ਹਾਲਤ ਬਹੁਤ ਹੀ



ਖਸਤਾ ਹਾਲਤ 'ਚ ਸੀ ਜਿਸ ਦੀ ਮੰਗ ਪਿੰਡ ਵਾਸੀ ਕਾਫੀ ਸਮੇਂ ਤੋਂ ਕਰ ਰਹੇ ਸੀ। ਇਹ ਨਵੀਂ ਸੜਕ ਪਿੰਡ ਵਾਸੀਆਂ ਲਈ ਆਵਾਜਾਈ ਦਾ ਵੱਡਾ ਸਾਧਨ ਬਣੇਗੀ ਅਤੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਆਸਾਨ ਬਣਾਏਗੀ। ਇਸ ਮੌਕੇ ਸਰਪੰਚ ਪਰਮਜੀਤ ਕੌਰ, ਨੰਬਰਦਾਰ ਅਮਰੀਕ ਸਿੰਘ, ਨੰਬਰਦਾਰ ਸੁੱਚਾ ਰਾਮ, ਬੱਬੀ ਪੰਚਾਇਤ ਮੈਂਬਰ, ਬਲਜੀਤ ਕੌਰ ਪੰਚਾਇਤ ਮੈਂਬਰ, ਕਮਲਜੀਤ ਕੌਰ ਪੰਚਾਇਤ ਮੈਂਬਰ, ਪਰਮਜੀਤ ਸਿੰਘ, ਗਿੰਦਰੀ ਅਤੇ ਹੋਰ ਹਾਜ਼ਰ ਸਨ।

# ਅਮਿਟ ਯਾਦਾਂ ਛੱਡਦਾ ਸੰਪੰਨ ਹੋਇਆ ਨਕੋਦਰ ਦਾ ਸਾਲਾਨਾ ਛਿੰਝ ਮੇਲਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਸਪੋਰਟਸ ਕਲੱਬ ਅਤੇ ਵੈਲਫੇਅਰ ਸੋਸਾਇਟੀ ਨਕੋਦਰ ਵਲੋਂ ਮਿਤੀ 12 ਅਕਤੂਬਰ ਦਿਨ ਐਤਵਾਰ ਨੂੰ ਦੁਸਹਿਰਾ ਗਰਾਂਉਂਡ ਨਕੋਦਰ ਵਿਖੇ ਛਿੰਝ ਮੇਲਾ ਕਰਵਾਇਆ ਗਿਆ। ਕਲੱਬ ਦੇ ਪੰਜਾਬ ਪ੍ਰਧਾਨ ਐਡਵੋਕੇਟ ਗੌਰਵ



ਨਾਗਰਾਜ, ਸਤਿੰਦਰ ਮੱਟੂ ਅਤੇ ਰਾਜੂ ਭੰਡਲ (ਯੂ ਐੱਸ ਏ) ਬਲਾਕ ਪ੍ਰਧਾਨ ਨੂਰਮਹਿਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਛਿੰਝ ਮੇਲੇ ਵਿਚ ਹਿੰਦੋਸਤਾਨ ਹੀ ਨਹੀਂ ਬਲਕਿ ਪੂਰੀ ਦੁਨੀਆਂ ਤੋਂ ਚੋਟੀ ਦੇ ਰੁਸਤਮ ਮੱਲਾਂ ਨੇ ਹਿੱਸਾ ਲਿਆ। ਜਿਸ ਵਿਚ ਪਹਿਲੇ ਪਟਕੇ ਦੀ ਕੁਸ਼ਤੀ ਦੇ ਰੁਸਤਮ ਮੱਲ ਪਹਿਲਵਾਨ ਉਮੇਸ਼ ਮਥੁਰਾ ਅਤੇ ਪਹਿਲਵਾਨ ਰੋਜ਼ੀ ਕਪੂਰਥਲਾ ਦੇ ਵਿਚਕਾਰ ਹੋਈ, ਪਹਿਲਵਾਨ ਉਮੇਸ਼ ਮਥੁਰਾ ਜੇਤੂ ਰਿਹਾ ਤੇ ਦੂਸਰੀ ਪਟਕੇ ਦੀ ਕੁਸ਼ਤੀ ਪਹਿਲਵਾਨ ਜਲਾਲ ਇਰਾਨ ਤੇ ਪਹਿਲਵਾਨ ਤਾਲਿਬ ਬਾਬਾ ਫਲਾਹੀ ਦੇ ਵਿਚਕਾਰ ਹੋਈ ਜਿਸ ਵਿੱਚ ਜਲਾਲ ਇਰਾਨ ਜੇਤੂ ਰਿਹਾ ਤੇ ਤੀਸਰੀ ਪਟਕੇ ਦੀ ਕੁਸ਼ਤੀ ਪਹਿਲਵਾਨ ਅਲੀ ਗੁੱਜਰ ਅਤੇ ਪਹਿਲਵਾਨ ਸ਼ਾਮ ਮਥੁਰਾ ਦੇ ਵਿਚਕਾਰ ਹੋਈ, ਅਲੀ ਪਹਿਲਵਾਨ ਜੇਤੂ ਰਿਹਾ ਚੌਥੀ ਪਟਕੇ ਦੀ ਕੁਸ਼ਤੀ ਪਹਿਲਵਾਨ ਗੁਰਤੇਜ਼ ਅਤੇ ਪਹਿਲਵਾਨ ਨਾਨਾ ਬਾਬਾ ਫਲਾਹੀ ਵਿਚਕਾਰ ਹੋਈ, ਪਹਿਲਵਾਨ ਗੁਰਤੇਜ਼ ਮਰੋੜ ਜੇਤੂ ਰਿਹਾ। ਇਸ ਤੋਂ ਇਲਾਵਾ ਸਪੈਸ਼ਲ ਅਕਰਸ਼ਨ ਦਾ ਕੇਂਦਰ ਪਹਿਲਵਾਨ ਦੇਵਾ ਥਾਪਾ ਨੇਪਾਲ ਅਤੇ ਕਿਸ਼ੋਰੀ ਪਹਿਲਵਾਨ ਮੰਡੀ ਹਿਮਾਚਲ ਦੇ ਵਿਚਕਾਰ ਹੋਈ ਜਿਸ ਵਿੱਚ ਪਹਿਲਵਾਨ ਦੇਵਾ ਥਾਪਾ ਜੇਤੂ ਰਿਹਾ। ਇਸ ਛਿੰਝ ਮੇਲੇ ਵਿਚ ਪੰਜਾਬ ਦੀਆਂ ਕਈ ਨਾਮਵਾਰ ਧਾਰਮਿਕ, ਰਾਜਨੀਤਿਕ ਅਤੇ ਸਮਾਜ ਸੇਵੀ ਸਖ਼ਸ਼ੀਅਤਾਂ ਮੇਲੇ ਵਿੱਚ ਸ਼ਾਮਲ ਹੋਈਆਂ ਛਿੰਝ ਮੇਲੇ ਵਿੱਚ ਬੱਚਿਆਂ ਲਈ ਫ੍ਰੀ ਝੂਲੇ ਵੀ ਲਗਾਏ ਗਏ ਸਨ। ਛਿੰਝ ਮੇਲੇ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਿਆ ਜਿਸ ਵਿੱਚ ਚਾਹ ਕੌਫ਼ੀ ਤੇ ਪਕੌੜਿਆਂ ਦਾ ਲੰਗਰ, ਦੇਸੀ ਘਿਓ ਦੀ ਜਲੇਬੀਆਂ, ਕੇਸਰ ਬਦਾਮਾਂ ਵਾਲੀ ਖੀਰ, ਪਾਸਤਾ, ਫਰੂਟ ਦਾ ਖੁੱਲ੍ਹਾ ਲੰਗਰ ਤੇ ਆਈਸ ਕਰੀਮ ਕੁਲਫੀਆਂ ਦਾ ਵੀ ਖੁੱਲ੍ਹਾ ਲੰਗਰ ਚਲਿਆ।

# ਨਾਵਲਕਾਰ ਸੰਤਵੀਰ ਦਾ ਨਾਵਲ 'ਕਾਲੇ ਦੌਰ ਦੀ ਕਾਤਰ' ਰਿਲੀਜ਼

**ਖਰੜ (ਹਰਨਾਮ ਸਿੰਘ ਡੱਲਾ)**- ਭਾਸ਼ਾ ਵਿਭਾਗ ਪੰਜਾਬ ਵਲੋਂ ਸਨਮਾਨਤ ਪੁਆਧ ਦੇ ਪ੍ਰਸਿੱਧ ਪੰਜਾਬੀ ਨਾਵਲਕਾਰ ਸ੍ਰੀ ਸੰਤਵੀਰ ਦਾ ਲਿਖਿਆ ਨਾਵਲ 'ਕਾਲੇ ਦੌਰ ਦੀ ਕਾਤਰ' ਉੱਘੀਆਂ ਸਾਹਿਤਕ ਹਸਤੀਆਂ ਸਤਨਾਮ ਸਿੰਘ ਸ਼ੋਕਰ, ਡਾਕਟਰ ਚਰਨਜੀਤ ਕੌਰ,ਗੁਰਦੀਪ ਸਿੰਘ ਵੜੈਚ ਅਤੇ ਪੰਜਾਬੀ ਰਸਾਲਾ 'ਸ਼ਿਵਾਲਕ' ਦੇ ਸੰਪਾਦਕ ਜੇ.ਐੱਸ. ਮਹਿਰਾ ਦੀ ਹਾਜ਼ਰੀ



ਵਿੱਚ ਰਲੀਜ਼ ਕੀਤਾ ਗਿਆ। 'ਸੂਲ ਸੁਰਾਹੀ ਸਾਹਿਤ ਕੇਂਦਰ ਖਰੜ' ਵੱਲੋਂ ਆਯੋਜਿਤ ਇਸ ਸੰਖੇਪ ਜਿਹੀ ਬੈਠਕ ਦੀ ਪ੍ਰਧਾਨਗੀ ਲੇਖਕ ਤੇ ਅਨੁਵਾਦਕ ਮੋਹਣ ਲਾਲ ਰਾਹੀ ਨੇ ਕੀਤੀ। ਇਸ ਸਮੇਂ ਨਾਵਲਕਾਰ ਸੰਤਵੀਰ, ਦਲਿਤ ਕਥਾਕਾਰ ਸਰੂਪ ਸਿਆਲਵੀ, ਸ਼ਾਇਰ ਗੁਰਿੰਦਰ ਸਿੰਘ ਕਲਸੀ, ਹਿੱਤ ਅਭਿਲਾਸ਼ੀ ਹਿੱਤ, ਬਲਜੀਤ ਪਪਨੇਜਾ, ਡਾਕਟਰ ਰਾਜਿੰਦਰ ਸਿੰਘ ਕੁਰਾਲੀ, ਡਾਕਟਰ ਕਰਨੈਲ ਸਿੰਘ ਅਤੇ ਹਰਨਾਮ ਸਿੰਘ ਡੱਲਾ ਵੀ ਹਾਜ਼ਰ ਸਨ। ਸਭ ਤੋਂ ਪਹਿਲਾਂ ਨਾਵਲ 'ਕਾਲੇ ਦੌਰ ਦੀ ਕਾਤਰ' ਦੇ ਵਿਮੋਚਨ ਦੀ ਰਸਮ ਅਦਾ ਕੀਤੀ ਗਈ। ਉਪਰੰਤ ਵੱਖ-ਵੱਖ ਲੇਖਕਾਂ ਵੱਲੋਂ ਨਾਵਲ ਦਾ ਖਰੜਾ ਪੜ੍ਹੇ ਜਾਣ ਤੋਂ ਬਾਅਦ ਲਏ ਗਏ ਪ੍ਰਭਾਵਾਂ ਉੱਤੇ ਪੰਛੀ ਝਾਤ ਪੁਆਈ ਗਈ। ਨਾਵਲ ਬਾਰੇ ਪਹਿਲਾ ਪ੍ਰਤੀਕਰਮ ਦਿੰਦਿਆਂ ਸਤਨਾਮ ਸਿੰਘ ਸ਼ੋਕਰ ਨੇ ਕਿਹਾ ਕਿ ਇਹ ਪੁਸਤਕ ਪੰਜਾਬ ਵਿੱਚ ਚੱਲੇ ਖਾੜਕੂ ਲਹਿਰ ਦੇ ਤਲਖ਼ ਇਤਿਹਾਸ ਦੀ ਹਕੀਕੀ ਜਾਣਕਾਰੀ ਦਿੰਦੀ ਹੈ। ਨਾਵਲ ਕਾਲੇ ਦੌਰ ਦੇ ਨਾਜ਼ਕ ਸਮਿਆਂ ਦਾ ਜਾਣਕਾਰੀ ਭਰਪੂਰ ਦਸਤਾਵੇਜ਼ ਹੈ। ਇਸ ਦੀ ਖ਼ੂਬਸੂਰਤੀ ਇਹ ਹੈ ਕਿ ਕਥਾਕਾਰ ਭਾਵ ਲੇਖਕ ਇਸ ਸਾਰੇ ਕਥਾਪਟ ਵਿਚੋਂ ਨਦਾਰਦ ਹੈ। ਇਸ ਦੇ ਬਾਵਜੂਦ ਨਾਵਲਕਾਰ ਪਾਠਕਾਂ ਨੂੰ ਯਥਾਰਥਵਾਦੀ ਪ੍ਰੇਰਨਾ ਦੇ ਸੁਨੇਹੇ ਦਿੰਦਾ ਹੈ। ਇਹ ਨਾਵਲ ਖਾੜਕੂਵਾਦ ਵੇਲੇ ਵਾਪਰੀਆਂ ਚੰਗੀਆਂ,ਮਾੜੀਆਂ ਘਟਨਾਵਾਂ ਦਾ ਨਸੀਹਤਾਂ ਭਰਪੂਰ ਦਸਤਾਵੇਜ਼ ਹੈ। ਹਰਨਾਮ ਸਿੰਘ ਡੱਲਾ ਨੇ ਨਾਵਲ ਦੀ ਸਿਲਸਿਲੇਵਾਰ ਚਰਚਾ ਨੂੰ ਅੱਗੇ ਤੋਰਦਿਆਂ ਕਿਹਾ ਕਿ 'ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ' ਜਿਸ ਵਿੱਚ ਸਮਾਜਿਕ ਸਰੋਕਾਰਾਂ ਨੂੰ ਉਭਾਰਿਆ ਜਾਂਦਾ ਹੈ। ਅੰਤ ਵਿੱਚ ਨਾਵਲਕਾਰ ਨੇ ਬੁਲਾਰਿਆਂ ਵੱਲੋਂ ਦਿੱਤੇ ਵਿਚਾਰਾਂ ਦਾ ਸਵਾਗਤ ਕਰਦਿਆਂ ਧੰਨਵਾਦ ਕੀਤਾ।

# ਮੋਟਰਸਾਈਕਲ ਦੇ ਦਰੱਖਤ 'ਚ ਵੱਜਣ ਕਾਰਨ ਦੋ ਦੀ ਮੌਤ



**ਬੰਗਾ (ਅਵਤਾਰ ਕਲੇਰ)**- ਹਲਕਾ ਬੰਗਾ ਦੇ ਪਿੰਡ ਖਾਨਖਾਨਾ ਦੇ ਦੋ ਨੌਜਵਾਨਾਂ ਦੇ ਮੋਟਰਸਾਈਕਲ ਦੇ ਦਰੱਖਤ 'ਚ ਵੱਜਣ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ 'ਤੇ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਸਰਪੰਚ ਰਵਿੰਦਰ ਸਿੰਘ ਤੇ ਸਤਨਾਮ ਸੰਧੂ ਨੇ ਦੱਸਿਆ ਕਿ ਸੁਖਨਿੰਦਰ ਸਿੰਘ (32) ਪੁੱਤਰ ਜੋਗਾ ਸਿੰਘ ਤੇ ਗਗਨਪ੍ਰੀਤ ਸਿੰਘ (22) ਪੁੱਤਰ ਦਵਿੰਦਰ ਸਿੰਘ ਟਾਂਕ ਜੋ ਬੀਤੀ ਰਾਤ ਆਪਣੇ ਮੋਟਰਸਾਈਕਲ 'ਤੇ ਆਪਣੇ ਖੂਹ ਨੂੰ ਜਾ ਰਹੇ ਸਨ ਤਾਂ ਰਸਤੇ ਵਿੱਚ ਉਹਨਾਂ ਦਾ ਮੋਟਰਸਾਈਕਲ ਸਿੱਧਾ ਦਰੱਖਤ ਨਾਲ ਜਾ ਟਕਰਾਇਆ, ਜਿਸ ਕਾਰਨ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਖਬਰ ਨਾਲ ਪੂਰੇ ਪਿੰਡ ਅੰਦਰ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਪੁਲਸ ਨੇ 174 ਦੀ ਕਾਰਵਾਈ ਕਰਕੇ ਦੋਨਾਂ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਪਰਵਾਰਾਂ ਨੂੰ ਦੇ ਦਿੱਤੀਆਂ।

# ਇਲਾਕੇ 'ਚ ਵੱਧ ਰਹੀਆਂ ਅਪਰਾਧਿਕ ਘਟਨਾਵਾਂ ਚਿੰਤਾਜਨਕ : ਸੈਣੀ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸੋਸ਼ਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਤੇ ਸਮਾਜ ਸੇਵੀ ਹਰਵੇਲ ਸਿੰਘ ਸੈਣੀ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਇਲਾਕੇ ਅੰਦਰ ਦਿਨੋ ਦਿਨ ਵੱਧ ਰਹੀਆਂ ਅਪਰਾਧਕ ਘਟਨਾਵਾਂ ਗੰਭੀਰ ਚਿੰਤਾਜਨਕ ਹਨ। ਬੀਤੇ ਦਿਨੀ ਗੜ੍ਹਸ਼ੰਕਰ ਵਿੱਚ ਤਿੰਨ ਥਾਵਾਂ ਪਿੰਡ ਬੋੜਾ ਦੇ ਮੈਡੀਕਲ ਸਟੋਰ, ਨਜ਼ਦੀਕੀ ਪਿੰਡ ਮਹਿਤਾਬਪੁਰ ਅਤੇ ਬੀਤ ਇਲਾਕੇ ਵਿੱਚ ਗੋਲੀ ਚੱਲਣ ਦੀਆਂ ਖਬਰਾਂ ਸਾਹਮਣੇ ਆਈਆਂ ਹਨ ਅਤੇ ਇਲਾਕੇ ਵਿੱਚ ਚੋਰੀ ਅਤੇ ਲੁੱਟਾਂ ਖੋਹਾਂ ਦਾ ਆਮ ਹੀ ਸਿਲਸਿਲਾ ਬਣਿਆ ਹੋਇਆ ਹੈ। ਅਖੀਰ ਸੈਣੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਪਰਾਧਿਕ ਅਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਠੋਸ ਕਦਮ ਅਪਣਾਏ ਜਾਣ।

# ਬਾਬਾ ਘੋੜੀ ਵਾਲੀ ਸਰਕਾਰ ਦੀ ਯਾਦ 'ਚ ਸਾਲਾਨਾ ਮੇਲਾ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਪਿੰਡ ਮਹੇੜੂ ਨੇੜੇ ਲਵਲੀ ਯੂਨੀਵਰਸਿਟੀ ਫਗਵਾੜਾ ਰੋਡ ਵਿਖੇ ਬਾਬਾ ਘੋੜੀ ਵਾਲੀ ਸਰਕਾਰ ਦਾ ਸਾਲਾਨਾ ਮੇਲਾ ਮਨਾਇਆ ਗਿਆ ਜਿਸ ਵਿੱਚ ਬਾਬਾ ਜੀ ਦੇ ਦਰਬਾਰ ਤੇ ਅਤੁੱਟ ਲੰਗਰ ਵੀ ਸੰਗਤਾਂ ਨੂੰ ਛਕਾਏ ਗਏ। ਇਸ ਦਰਬਾਰ ਤੇ ਵੱਖ ਵੱਖ ਦਰਬਾਰਾ ਤੋਂ ਸੰਤ ਮਹਾਂਪੁਰਖ, ਫ਼ਕੀਰ ਲੋਕਾਂ ਨੇ ਪਹੁੰਚ ਕੇ ਸੰਗਤਾਂ ਤੇ



ਕਲਾਕਾਰਾਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਪੰਜਾਬ ਦੀ ਮਸ਼ਹੂਰ ਕਲਾਕਾਰ ਗਾਇਕ ਜੋੜੀ ਅਮਰੀਕ ਮਾਈਕਲ ਅਤੇ ਰਿੰਪੀ ਭੱਟੀ, ਤਮੰਨਾ ਕਡਿਆਣਾ, ਅਰੁਣ ਸਾਬ੍ਹ, ਬੰਟੀ ਸੰਧੂ ਹੋਰ ਵੀ ਬਹੁਤ ਕਲਾਕਾਰਾਂ ਦਾ ਸਨਮਾਨ ਕੀਤਾ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਲੇਖਰਾਜ, ਚੇਅਰਮੈਨ ਰਾਣਾ ਸ਼ੀਮਾਰ ਉੱਪ ਪ੍ਰਧਾਨ ਰਾਜੇਸ਼ ਕੁਮਾਰ, ਉੱਪ ਚੇਅਰਮੈਨ ਏਕਮਿੱਤ ਰਾਏ, ਕੈਸ਼ੀਅਰ ਮਨੋਹਰ ਲਾਲ, ਉੱਪ ਕੈਸ਼ੀਅਰ ਗਗਨ, ਸਟੇਜ ਸਕੱਤਰ ਦੀ ਜ਼ਿੰਮੇਵਾਰੀ ਮੁਕੇਸ਼ ਖੁਰਲਾ ਕਿੰਗਰਾ ਵਾਲੇ ਨੇ ਬਾਖੂਬੀ ਨਿਭਾਈ। ਪ੍ਰੈੱਸ ਨੂੰ ਇਹ ਜਾਣਕਾਰੀ ਗਈ ਲਾਡੀ ਸ਼ੀਮਾਰ ਨੇ ਦਿਤੀ।

# ਆਈ ਪੀ ਐੱਸ ਅਧਿਕਾਰੀ ਦੀ ਖੁਦਕੁਸ਼ੀ ਦੇ ਵਿਰੋਧ 'ਚ ਕੈਬਨਿਟ ਮੰਤਰੀ ਵੱਲੋਂ ਕੈਂਡਲ ਮਾਰਚ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਹਰਿਆਣਾ ਵਿਖੇ ਸੀਨੀਅਰ ਆਈ ਪੀ ਐਸ ਅਧਿਕਾਰੀ ਵਾਈ ਪੂਰਨ ਕੁਮਾਰ ਦੀ ਖੁਦਕੁਸ਼ੀ ਦੀ ਦੁਖਦਾਈ ਘਟਨਾ ਦੇ ਵਿਰੋਧ ਵਿੱਚ ਐਤਵਾਰ ਨੂੰ ਜਲੰਧਰ ਵਿੱਚ ਕੈਂਡਲ ਮਾਰਚ ਦੀ ਅਗਵਾਈ ਕੀਤੀ ਅਤੇ ਦਲਿਤ ਅਧਿਕਾਰੀਆਂ ਅਤੇ ਨਾਗਰਿਕਾਂ ਦੀ ਸੁਰੱਖਿਆ ਵਿੱਚ ਅਸਫ਼ਲ ਰਹਿਣ 'ਤੇ ਭਾਜਪਾ ਸਰਕਾਰਾਂ ਦੀ ਨਿੰਦਾ ਕੀਤੀ।ਇਹ ਮਾਰਚ ਸ੍ਰੀ ਰਾਮ ਚੌਂਕ ਤੋਂ ਸ਼ੁਰੂ ਹੋਇਆ ਤੇ ਲਵ ਕੁਸ਼ ਚੌਂਕ ਵਿਖੇ ਸਮਾਪਤ ਹੋਇਆ, ਜਿਸ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂਆਂ ਅਤੇ ਸਿਵਲ ਸੁਸਾਇਟੀ ਦੇ ਮੈਂਬਰਾਂ ਨੇ ਹਿੱਸਾ ਲਿਆ। ਕੈਬਨਿਟ ਮੰਤਰੀ, ਜਿਨ੍ਹਾਂ ਦੇ ਨਾਲ ਮੇਅਰ ਵਿਨੀਤ ਧੀਰ, ਡਿਪਟੀ ਮੇਅਰ ਮਲਕੀਤ ਸਿੰਘ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ, ਜ਼ਿਲ੍ਹਾ ਯੋਜਨਾ ਕਮੇਟੀ ਦੇ




ਚੇਅਰਮੈਨ ਅੰਮ੍ਰਿਤਪਾਲ ਸਿੰਘ, ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ ਮੰਗਲ ਸਿੰਘ ਬੱਸੀ, ਪੰਜਾਬ ਲਘੂ ਉਦਯੋਗ ਅਤੇ ਐਕਸਪੋਰਟ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਦਿਨੇਸ਼ ਢੱਲ ਅਤੇ ਸੀਨੀਅਰ 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ ਵੀ ਮੌਜੂਦ ਸਨ, ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਮ੍ਰਿਤਕ ਅਧਿਕਾਰੀ ਅਤੇ ਉਸ ਦੇ ਪਰਿਵਾਰ ਲਈ ਇਨਸਾਫ਼ ਦੀ ਮੰਗ ਕੀਤੀ।ਸ੍ਰੀ ਭਗਤ ਨੇ ਕਿਹਾ ਕਿ ਅਧਿਕਾਰੀ, ਜੋ ਕਿ ਦਲਿਤ ਭਾਈਚਾਰੇ ਨਾਲ ਸਬੰਧਤ ਸੀ, ਨੂੰ ਸਿਸਟਮ ਵੱਲੋਂ ਇੰਨਾ ਜ਼ਿਆਦਾ ਤੰਗ-ਪ੍ਰੇਸ਼ਾਨ ਕੀਤਾ ਗਿਆ ਕਿ ਉਸ ਨੂੰ ਆਪਣੀ ਜਾਨ ਲੈਣ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦਾ ਰੁਖ਼ ਨਾ ਸਿਰਫ਼ ਪ੍ਰਸ਼ਾਸਨਿਕ ਉਦਾਸੀਨਤਾ ਨੂੰ ਦਰਸਾਉਂਦਾ ਹੈ ਬਲਕਿ ਇਸ ਦੀ ਦਲਿਤ ਵਿਰੋਧੀ ਮਾਨਸਿਕਤਾ ਨੂੰ ਵੀ ਉਜਾਗਰ ਕਰਦਾ ਹੈ। ਇਸੇ ਤਰ੍ਹਾਂ ਉਨ੍ਹਾਂ ਚੀਫ਼ ਜਸਟਿਸ ਆਫ ਇੰਡੀਆ, ਜੋ ਕਿ ਦਲਿਤ ਭਾਈਚਾਰੇ ਨਾਲ ਸਬੰਧਤ ਹਨ, 'ਤੇ ਹਾਲ ਹੀ ਵਿੱਚ ਹੋਏ ਹਮਲੇ ਦੇ ਯਤਨ ਨੂੰ ਵੀ ਇਸ ਪੱਖਪਾਤ ਦੀ ਇੱਕ ਹੋਰ ਪ੍ਰੇਸ਼ਾਨ ਕਰਨ ਵਾਲੀ ਉਦਾਹਰਣ ਦੱਸਿਆ। ਉਨ੍ਹਾਂ ਜ਼ਿੰਮੇਵਾਰ ਲੋਕਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।

# ਮੁੱਖ ਜੱਜ ਨਾਲ ਬਦਸਲੂਕੀ ਦੇ ਵਿਰੁੱਧ ਰੋਸ ਮਾਰਚ

**ਆਦਮਪੁਰ (ਪਰਮਜੀਤ ਸਿੰਘ)**- ਕਟੜਵਾਦੀ ਮੰਨੂਵਾਦੀ ਸੋਚ ਵਾਲੇ ਵਕੀਲ ਰਾਕੇਸ਼ ਕਿਸ਼ੋਰ ਨੇ ਇਕ ਮਾਮਲੇ ਦੀ ਸੁਣਵਾਈ ਦੌਰਾਨ ਮਾਣਯੋਗ ਸੁਪਰੀਮ ਕੋਰਟ ਦੇ ਮੁੱਖ ਜੱਜ ਬੀ ਆਰ ਗਵਈ ਨਾਲ ਬਦਸਲੂਕੀ ਕੀਤੀ। ਅਤੇ ਦੋਹਾਂ ਪਿਛੇ ਮੰਨੂਵਾਦੀ ਸੋਚ ਨਜ਼ਰ ਆਉਂਦੀ ਹੈ। ਆਦਮਪੁਰ ਇਲਾਕਾ ਨਿਵਾਸੀਆਂ ਵੱਲੋਂ ਸਮੁੱਚੇ ਤੌਰ ਤੇ ਇਨ੍ਹਾਂ ਘਟਨਾਵਾਂ ਦੇ ਵਿਰੋਧ ਵਿੱਚ ਕੈਂਡਲ ਮਾਰਚ ਕੱਢਿਆ ਗਿਆ। ਇਲਾਕੇ ਦੇ ਉਘੇ ਸਮਾਜ




ਸੇਵੀ ਅਤੇ ਵਿਚਾਰਕ, ਹਰਿੰਦਰ ਸਿੰਘ ਨੇ ਕਿਹਾ ਕਿ ਅਸੀਂ ਸਾਰੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦੇ ਹਾਂ। ਉਨ੍ਹਾਂ ਪੂਰਨ ਕੁਮਾਰ ਦੇ ਪਰਿਵਾਰ ਨਾਲ ਸੰਵੇਦਨਾ ਵੀ ਜਤਾਈ। ਸਭਨਾਂ ਨੇ ਇਹ ਮੰਗ ਕੀਤੀ ਕਿ ਪੂਰਨ ਕੁਮਾਰ ਨੂੰ ਜਲਦ ਇੰਨਸਾਫ ਮਿਲਣਾ ਚਾਹੀਦਾ ਹੈ। ਉਸ ਨੇ ਆਪਣੀ ਜੁੱਤੀ ਮੁੱਖ ਜੱਜ ਵੱਲ ਮਾਰੀ। ਦੂਜੀ ਬਹੁਤ ਹੀ ਮੰਦਭਾਗੀ ਘਟਨਾ ਹਰਿਆਣਾ ਸੂਬੇ ਦੇ ਏ ਡੀ ਜੀ ਪੀ ਪੂਰਨ ਕੁਮਾਰ ਨੂੰ ਇਨ੍ਹਾਂ ਮਜਬੂਰ ਕੀਤਾ ਗਿਆ ਕਿ ਉਸ ਨੇ ਆਤਮਹੱਤਿਆ ਕਰ ਲਈ। ਦੋਵੇਂ ਘਟਨਾਵਾਂ ਦਲਿਤਾਂ ਨਾਲ ਜੁੜੀਆਂ ਹਨ, ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਅਕਸਰ ਭਾਜਪਾ ਸਰਕਾਰ ਮੰਨੂਵਾਦੀ ਸੋਚ ਵਾਲੇ ਅਪਰਾਧੀਆਂ ਦੀ ਪਿੱਠ ਤੇ ਆਪਣਾ ਹੱਥ ਰੱਖਦੀ ਹੈ। ਅਜੀਤ ਰਾਮ (ਸਾਬਕਾ ਸਰਪੰਚ ਲੇਸੜੀਵਾਲ) ਨੇ ਵੀ ਕਿਹਾ ਕਿ ਇਨਸਾਫ ਲੈਣ ਲਈ ਜੇ ਲੋੜ ਪਈ ਤਾਂ ਸੰਘਰਸ਼ ਨੂੰ ਹੋਰ ਵਧਾਵਾਂਗੇ। ਉਨ੍ਹਾਂ ਕੜੇ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ। ਮੋਮਬੱਤੀ ਮਾਰਚ ਆਦਮਪੁਰ ਬੱਸ ਅੱਡੇ ਨਜ਼ਦੀਕ ਸਮਾਪਤ ਕੀਤਾ ਗਿਆ। ਇਸ ਮੌਕੇ ਤੇ ਪਰਮਜੀਤ ਸਿੰਘ ਰਾਜਵੰਸ਼ (ਚੈਅਰਮੈਨ), ਸੁਖਪਾਲ ਸਹੋਤਾ (ਮੁੱਖੀ ਸੰਤ ਨਿਰੰਕਾਰੀ ਭਵਨ), ਸਰਪੰਚ ਰਾਮਲਾਲ (ਸੰਨੀ ਗਿੱਲ), ਸਰਪੰਚ ਸੁਖਵਿੰਦਰ ਸਿੰਘ, ਸਰਪੰਚ ਗੁਲਜ਼ਾਰ ਸਿੰਘ, ਸਰਪੰਚ ਸੁਖਬੀਰ ਸਿੰਘ, ਜੋਗਿੰਦਰ ਸਿੰਘ (ਟੈੱਟ ਵਾਲੇ), ਪੰਚ ਤਰਸੇਮ ਸਿੰਘ, ਮਹਿੰਦਰ ਸਿੰਘ, ਪਰਮਜੀਤ ਮਹੇ, ਕਿਸ਼ਨ ਚੰਦ ਲੋਈ, ਜਗਦੇਵ ਸਿੰਘ, ਰਾਜਕੁਮਾਰ ਗ੍ਰੈਜੂਏਟ, ਹਨਿੰਦਰ ਸਿੰਘ, ਪਰਮਿੰਦਰ ਰਿੰਕੂ, ਮਨਪ੍ਰੀਤ ਮਹੇ, ਕੁਲਵੰਤ ਸਿੰਘ, ਕਸ਼ਮੀਰ ਲਾਲ, ਪ੍ਰੇਮ ਪਾਲ ਸਿੰਘ, ਕਰਨਜੀਤ ਸਿੰਘ ਹੈਪੀ, ਗੁਰਮੀਤ ਸਿੰਘ, ਸਮੇਤ ਅਨੇਕ ਲੋਕ ਹਾਜ਼ਰ ਸਨ।

# ਸਾਲਾਨਾ ਦੀਵਾਲੀ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)**- ਪੁਰਾਤਨ ਇਤਿਹਾਸਕ ਅਸਥਾਨ ਧੰਨ ਧੰਨ ਬਾਬਾ ਹਾਥੀ ਰਾਮ ਜੀ ਮਹਾਰਾਜ ਗੁਣਾਚੌਰ ਵਿਖੇ ਸਲਾਨਾ ਦੀਵਾਲੀ ਮੇਲਾ, ਪ੍ਰਧਾਨ ਡਾ ਕੁਲਵੰਤ ਸਿੰਘ ਰਾਮਾ (ਨਗਰ), ਸਮੂਹ ਮੈਨੇਜਮੈਂਟ ਕਮੇਟੀ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਨਾਮਵਰ ਕਲਾਕਾਰਾਂ ਗੁਲਾਮ ਅਲੀ, ਸੁਖਦੇਵ ਸ਼ਹਿਜ਼ਾਦਾ, ਪੰਮਾ ਕੁਲਥਮ,ਚਰਨ ਖੈੜੀਆ,ਦੀਪ ਸਫੀਪੁਰੀਆ ਆਦਿ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਉਪਰੰਤ ਪੁਰਾਤਨ ਖੇਡ ਬਾਜ਼ੀ ਦੇ ਮੁਕਾਬਲੇ ਕਰਵਾਏ ਗਏ। ਜੇਤੂ ਅਤੇ ਉੱਪ ਜੇਤੂ ਖਿਡਾਰੀਆਂ ਨੂੰ ਨਗਦ ਇਨਾਮ ਨਾਲ ਸਨਮਾਨਤ ਕੀਤਾ। ਕਮੇਟੀ ਦੇ ਪ੍ਰਧਾਨ ਡਾ ਕੁਲਵੰਤ ਸਿੰਘ ਰਾਮਾ ਅਤੇ ਕਮੇਟੀ ਵਲੋਂ ਪਹੁੰਚੇ ਹੋਏ ਮਹਿਮਾਨਾਂ, ਕਲਾਕਾਰਾਂ ਅਤੇ ਖਿਡਾਰੀਆਂ ਨੂੰ ਸਨਮਾਨਤ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਡਾ ਕੁਲਵੰਤ ਸਿੰਘ ਰਾਮਾ, ਚੇਅਰਮੈਨ ਪਰਮਜੀਤ ਕੁਲਥਮ, ਮਾਸਟਰ ਜੋਗਿੰਦਰ ਸਿੰਘ ਬੰਗਾ, ਬਲਜੀਤ ਸਿੰਘ ਨਗਰ, ਜਗਤਾਰ ਸਿੰਘ ਮੁਜੱਫਰਪੁਰ, ਪਵਿੱਤਰ ਸਿੰਘ ਗਿੱਦੜਪਿੰਡੀ ਆਦਿ ਹਾਜ਼ਰ ਸਨ।

# ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਘੁੱਗਸ਼ੋਰ ਦੇ ਮਾਤਾ ਨੂੰ ਕੀਤੀ ਸ਼ਰਧਾਂਜਲੀ ਭੇਟ

**ਕਰਤਾਰਪੁਰ (ਨ ਜ ਸ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਦੇ ਮਾਤਾ ਅਤੇ ਯੂਨੀਅਨ ਦੇ ਸਰਗਰਮ ਮੈਂਬਰ ਦਰਸੋ ਨੂੰ ਉਹਨਾਂ ਦੀ ਯਾਦ ਵਿੱਚ ਪਿੰਡ ਘੁੱਗਸ਼ੋਰ ਵਿਖੇ ਕਰਵਾਈ ਸ਼ੋਕ ਸਭਾ ਮੌਕੇ ਵੱਖ ਵੱਖ ਮਜ਼ਦੂਰ, ਕਿਸਾਨ, ਨੌਜਵਾਨ, ਮੁਲਾਜ਼ਮ ਜਥੇਬੰਦੀਆਂ ਅਤੇ ਪਰਿਵਾਰ ਵਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਮਾਤਾ ਦਰਸੋ ਇਕ ਸੰਘਰਸ਼ਸ਼ੀਲ ਆਗੂ ਸਨ। ਜਿੱਥੇ ਉਹਨਾਂ ਕਸ਼ਮੀਰ ਸਿੰਘ ਘੁੱਗਸ਼ੋਰ ਵਰਗੇ ਪੁੱਤ ਸੰਘਰਸ਼ ਦੇ ਰਾਹ ਤੋਰਿਆ, ਉੱਥੇ



ਆਪਣੇ ਸਮੇਤ ਸਾਰੇ ਪਰਵਾਰ ਨੂੰ ਇਹਨਾਂ ਰਾਹਾਂ ਦਾ ਪਾਂਧੀ ਬਣਾਇਆ। ਉਹਨਾਂ ਦਿੱਲੀ ਜਨ ਅੰਦੋਲਨ 'ਚ ਵੀ ਆਪਣੀ ਭੂਮਿਕਾ ਨਿਭਾਈ। ਚਾਹੇ ਉਹ ਲੋਕਾਂ ਨੂੰ ਇਕੱਠੇ ਕਰਨ ਦਾ ਮਾਮਲਾ ਹੋਵੇ ਜਾਂ ਫਿਰ ਖੁਦ ਦਿੱਲੀ ਮੋਰਚੇ ਉੱਤੇ ਜਾ ਕੇ ਹਾਜ਼ਰੀ ਭਰਨ ਦਾ ਹੋਵੇ। ਬੇਜ਼ਮੀਨੇ ਮਜ਼ਦੂਰਾਂ ਦੇ ਬਿਜਲੀ ਬਿੱਲਾਂ ਦੇ ਬਾਈਕਾਟ ਘੋਲ ਅਤੇ ਪੰਜ ਪੰਜ ਮਰਲੇ ਦੇ ਪਲਾਟਾਂ ਲਈ ਚੱਲੇ ਸੰਘਰਸ਼ਾਂ 'ਚ ਮੋਹਰੀ ਭੂਮਿਕਾ ਨਿਭਾਈ। ਸਾਨੂੰ ਸਾਰਿਆਂ ਨੂੰ ਉਹਨਾਂ ਦੇ ਜੀਵਨ ਤੋਂ ਸਿੱਖਣਾ ਚਾਹੀਦਾ ਹੈ, ਇਹ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਸੂਬਾ ਆਗੂ ਕੁਲਵਿੰਦਰ ਸਿੰਘ ਵੜੈਚ,ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਬਲਵਿੰਦਰ ਸਿੰਘ ਭੁੱਲਰ, ਸੰਤੋਖ ਸਿੰਘ ਸੰਧੂ, ਨੌਜਵਾਨ ਭਾਰਤ ਸਭਾ ਦੇ ਆਗੂ ਮੰਗਲਜੀਤ ਪੰਡੋਰੀ, ਕੇਕੇਯੂ ਪੰਜਾਬ ਦੇ ਬਲਵਿੰਦਰ ਸਿੰਘ ਬਾਜਵਾ, ਦਿਹਾਤੀ ਮਜ਼ਦੂਰ ਸਭਾ ਦੇ ਬਲਦੇਵ ਸਿੰਘ ਨੂਰਪੁਰੀ, ਐਡਵੋਕੇਟ ਨਈਅਮ ਖਾਨ, ਇਸਤਰੀ ਜਾਗ੍ਰਿਤੀ ਮੰਚ ਦੇ ਜਸਵੀਰ ਕੌਰ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸਾਬਕਾ ਆਗੂ ਮਾਸਟਰ ਕਰਮ ਸਿੰਘ ਅਤੇ ਸਰਪੰਚ ਦਲਵੀਰ ਸਿੰਘ ਕਾਹਲਵਾਂ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਸੂਬਾ ਆਗੂ ਸਤਿੰਦਰ ਸਿੰਘ ਮੱਲੀਆਂ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਹੰਸ ਰਾਜ ਪੱਬਵਾਂ,ਨਿਰਮਲ ਸਿੰਘ ਸ਼ੇਰਪੁਰ ਸੱਧਾ, ਗੁਰਪ੍ਰੀਤ ਸਿੰਘ ਚੀਦਾ,ਪੰਜਾਬੀ ਜਾਗਰਣ ਦੇ ਸੀਨੀਅਰ ਪੱਤਰਕਾਰ ਅਰੁਨਦੀਪ, ਤੇਜਿੰਦਰ ਕੌਰ ਥਿੰਦ, ਜਤਿੰਦਰ ਪੰਮੀ, ਸੁਖਵਿੰਦਰ ਸਿੰਘ, ਲਲਿਤ ਸੋਢੀ, ਪਰਮਜੀਤ ਕੌਰ, ਕੁਲਦੀਪ ਸਿੰਘ ਵਾਲੀਆ, ਤਰਕਸ਼ੀਲ ਸੁਸਾਇਟੀ ਦੇ ਪਰਮਜੀਤ ਕਲਸੀ,ਨਸੀਬ ਚੰਦ ਬੱਬੀ, ਐਡਵੋਕੇਟ ਦਲਜੀਤ ਸਿੰਘ ਰਿਟਾ.ਡੀ.ਐੱਸ.ਪੀ., ਕਿਰਤੀ ਕਿਸਾਨ ਯੂਨੀਅਨ ਦੇ ਆਗੂ ਹਰਪ੍ਰੀਤ ਕੌਰ ਨੂਸੀ, ਡਾਕਟਰ ਅੰਬੇਡਕਰ ਸੈਨਾ ਦੇ ਬਲਵਿੰਦਰ ਸਿੰਘ ਬੁੱਗਾ, ਪ੍ਰੋਫ਼ੈਸਰ ਗੁਰਪਿੰਦਰ ਸਿੰਘ ਮੱਲੀ, ਇਕਬਾਲ ਸਿੰਘ ਸਰਪੰਚ ਕਲਿਆਣਪੁਰ, ਦਲਜੀਤ ਕੌਰ ਸਰਪੰਚ ਫ਼ਾਜ਼ਿਲਪੁਰ/ਸ਼ੇਰ ਸਮੇਤ ਵੱਡੀ ਗਿਣਤੀ ਕਿਸਾਨ ਮਜ਼ਦੂਰ ਹਾਜ਼ਿਰ ਸਨ। ਇਸ ਮੌਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰਾਮਿੰਦਰ ਸਿੰਘ ਪਟਿਆਲਾ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਵੱਲੋਂ ਸ਼ੋਕ ਸੁਨੇਹਾ ਭੇਜਿਆ ਗਿਆ। ਪੰਜਾਬ ਸਟੂਡੈਂਟਸ ਯੂਨੀਅਨ ਦੀਆਂ ਕਾਰਕੁੰਨ ਕੋਮਲ ਤੇ ਤਮੰਨਾ ਨੇ ਸ਼ਰਧਾਂਜਲੀ ਵਜੋਂ ਇਨਕਲਾਬੀ ਗੀਤ ਪੇਸ਼ ਕੀਤਾ।ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਪਰਿਵਾਰ ਵਲੋਂ ਇਸ ਮੌਕੇ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ।

# ਕਲੀਨ ਤੇ ਗ੍ਰੀਨ ਦੀਵਾਲੀ ਮਨਾਓ : ਤਰਸੇਮ ਲਾਲ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪਿਛਲੇ 22 ਸਾਲਾਂ ਤੋਂ ਵਾਤਾਵਰਣ ਦੀ ਸਾਂਭ-ਸੰਭਾਲ ਲਈ ਜਾਗਰੂਕ ਕਰ ਰਹੀ ਵਾਤਾਵਰਣ ਸੰਭਾਲ ਸੁਸਾਇਟੀ ਵਲੋਂ ਦੋਆਬਾ ਸਿੱਖ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਕਲੀਨ ਅਤੇ ਗ੍ਰੀਨ ਦਿਵਾਲੀ ਮਨਾਉਣ



ਲਈ ਅਵੇਅਰਨੈਸ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਤੇ ਸੁਸਾਇਟੀ ਦੇ ਵਾਇਸ ਪ੍ਰਧਾਨ ਤਰਸੇਮ ਲਾਲ ਨੇ ਕਿਹਾ ਕਿ ਦੀਵਾਲੀ ਤਿਓਹਾਰ ਸਮਾਜ ਦੇ ਸਾਰੇ ਹੀ ਵਰਗ ਮਿਲ-ਜੁਲ ਕੇ ਮਨਾਉਂਦੇ ਹਨ। ਇਹ ਆਪਸੀ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਸਮੇਂ ਦੇ ਨਾਲ ਇਸ ਨੂੰ ਮਨਾਉਣ ਦੇ ਤੌਰ-ਤਰੀਕੇ ਤੇਜੀ ਨਾਲ ਬਦਲ ਗਏ ਹਨ। ਨੌਜਵਾਨ ਪੀੜੀ ਪਟਾਕੇ ਅਤੇ ਆਤਿਸ਼ਬਾਜੀ ਚਲਾਉਣਾ ਹੀ ਖੁਸ਼ੀ ਹਾਸਿਲ ਕਰਨ ਦਾ ਤਰੀਕਾ ਸਮਝ ਰਹੀ ਹੈ। ਇਸ ਨਾਲ ਭਾਰੀ ਮਾਤਰਾ ਵਿੱਚ ਪ੍ਰਦੂਸ਼ਣ ਪੈਦਾ ਹੁੰਦਾ ਹੈ ਅਤੇ ਅੱਗ ਲਗਣ ਦੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ।ਸਕੂਲ ਦੀ ਵਿਦਿਆਰਥਣ ਗੁਰਪ੍ਰੀਤ ਕੌਰ ਨੇ ਪ੍ਰਦੂਸ਼ਣ ਰਹਿਤ ਕਲੀਨ ਤੇ ਗ੍ਰੀਨ ਦਿਵਾਲੀ ਮਨਾਉਣ ਲਈ ਬਹੁਤ ਹੀ ਵਧੀਆ ਪੋਸਟਰ ਬਣਾ ਕੇ ਬਾਕੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।ਇਸ ਮੌਕੇ ਤੇ ਸੁਸਾਇਟੀ ਦੇ ਚੇਅਰਮੈਨ ਰਾਜਨ ਅਰੋੜਾ, ਪ੍ਰਧਾਨ ਜਸਵੰਤ ਸਿੰਘ ਭੱਟੀ, ਵਾਇਸ ਪ੍ਰਧਾਨ ਤਰਸੇਮ ਲਾਲ, ਧਰਮ ਪਾਲ ਬਾਲੀ, ਕੁਲਦੀਪ ਕੁਮਾਰ, ਬਲਜੀਤ ਚੋਪੜਾ ਅਤੇ ਸਕੂਲ ਮੁੱਖੀ ਪ੍ਰਿੰਸੀਪਲ ਪਰਵਿੰਦਰ ਸਿੰਘ ਰਾਣਾ, ਮਹਿੰਦਰਪਾਲ, ਸੁਰਜੀਤ ਸਿੰਘ, ਜਸਕਰਨ ਸਿੰਘ ਚਾਹਲ, ਪ੍ਰਭਾਤ, ਜਸਕਰਨ ਸਿੰਘ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਹਨੀ ਕਿਸ਼ਨਗੜ੍ਹ 'ਆਪ' ਵੱਲੋਂ ਹਲਕਾ ਆਦਮਪੁਰ ਤੋਂ ਮੀਡੀਆ ਇੰਚਾਰਜ ਨਿਯੁਕਤ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪਵਨ ਕੁਮਾਰ ਟੀਨੂੰ ਹਲਕਾ ਇੰਚਾਰਜ ਆਦਮਪੁਰ ਦੀ ਅਗਵਾਈ ਹੇਠ ਅਮਨਦੀਪ ਹਨੀ ਨੂੰ ਹਲਕਾ ਆਦਮਪੁਰ ਤੋਂ ਮੀਡੀਆ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਸਬੰਧੀ ਹਨੀ ਨਾਲ ਗੱਲ ਕਰਦੇ ਹੋਏ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਸਿੰਘ ਅਤੇ ਸਾਡੇ ਹਲਕਾ ਆਦਮਪੁਰ ਦੇ ਇੰਚਾਰਜ ਪਵਨ ਕੁਮਾਰ ਟੀਨੂ ਵੱਲੋਂ ਜੋ ਜਿੰਮੇਵਾਰੀ ਮੈਨੂੰ ਸੌਂਪੀ ਗਈ ਹੈ ਉਸ ਨੂੰ ਮੈਂ ਤਹਿ ਦਿਲੀ ਨਾਲ ਨਿਭਾਵਾਂਗਾ।



ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਦੇ ਗੱਦੀਨਸ਼ੀਨ ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਦੇ ਅਸ਼ੀਰਵਾਦ ਨਾਲ ਏਕ ਜੋਤ ਏਕ ਪਰਵਾਰ ਲੋਹੀਆਂ ਖਾਸ ਵੱਲੋਂ ਚੌਥੀ ਬੱਸ ਯਾਤਰਾ ਮਾਤਾ ਬੰਗਲਾਮੁਖੀ ਦੇ ਦਰਸ਼ਨਾ ਲਈ ਲੈ ਕੇ ਗਈ ਹੈ। ਇਸ ਮੌਕੇ ਤੇ ਹਜ਼ਾਰ ਪੰਡਿਤ ਵਿਸ਼ਨੂੰ, ਪੰਡਿਤ ਧਰਮਰਾਜ, ਰੂਪੇਸ਼ ਸੱਦੀ, ਨਵੀਨ ਅਰੋੜਾ, ਵਿਪਨ ਗਰੋਵਰ, ਜਸਵੰਤ ਸਿੰਘ, ਆਰਜੂ ਅਰੋੜਾ ਸਮੇਤ ਹੋਰ ਸ਼ਰਧਾਲੂ ਹਾਜ਼ਰ ਸਨ।
(ਫੋਟੋ ਵੇਰਵਾ : ਯੋਗੇਸ਼ਵਰ, ਰੀਨਾ ਸ਼ਰਮਾ ਲੋਹੀਆਂ ਖਾਸ)

# ਦਾਨ ਕੀਤਾ ਖ਼ੂਨ ਹੀ ਜੀਵਨ ਨੂੰ ਬਚਾਉਣ ਦੇ ਸਮਰੱਥ : ਬੈਂਸ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਨੌਜਵਾਨਾਂ ਨੇ ਖ਼ੂਨਦਾਨ ਕਰਨ ਦਾ ਉਪਰਾਲਾ ਕਰਕੇ ਲੋਕਾਂ ਦੀ ਭਲਾਈ ਦਾ ਇੱਕ ਸ਼ਲਾਘਾਯੋਗ ਉਦੱਮ ਕੀਤਾ ਹੈ। ਲੋਕ ਕਲਿਆਣ ਲਈ ਖ਼ੂਨਦਾਨ ਨੂੰ ਬਹੁਤ ਉੱਤਮ ਕਿਹਾ ਗਿਆ ਹੈ, ਅੱਜ ਦੇ ਸਮੇਂ ਵਿੱਚ ਜ਼ਿੰਦਗੀ ਬਚਾਉਣ ਲਈ ਇਹ ਸਭ ਤੋਂ ਵੱਧ ਜ਼ਰੂਰੀ ਹੈ।ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕਰਦੇ ਹੋਏ ਕਿਹਾ ਹੈ ਕਿ ਅੱਜ ਸਚਖੰਡ ਵਾਸੀ ਬਾਬਾ ਲਾਭ ਸਿੰਘ ਦੀ ਯਾਦ ਵਿੱਚ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਢੇਰ ਦੇ ਨੌਜਵਾਨਾਂ ਵਲੋਂ ਲਗਾਏ ਖ਼ੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨ ਮੌਕੇ ਕੀਤਾ। ਇਸ ਕੈਂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਹਸਪਤਾਲ ਦੇ ਮੈਡੀਕਲ ਸਟਾਫ ਵਲੋਂ ਦਰਜਨਾਂ ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਇਲਾਕੇ ਦੇ ਨੌਜਵਾਨਾਂ ਨੇ ਖ਼ੂਨਦਾਨ ਕੈਂਪ ਵਿੱਚ ਵੱਧ ਚੜ ਕੇ ਸਮੂਲੀਅਤ ਕੀਤੀ ਹੈ। ਮਾਨਵ ਕਲਿਆਣ ਇਹ ਇਕ ਚੰਗਾ ਉਪਰਾਲਾ ਹੈ। ਉਹਨਾਂ ਕਿਹਾ ਕਿ ਸਾਡੇ ਲੋਕਾਂ ਵਿੱਚ ਭਾਈਚਾਰਕ ਸਾਂਝ ਬਹੁਤ ਮਜ਼ਬੂਤੀ ਨਾਲ ਕਾਇਮ ਹੈ ਅਤੇ ਅਜਿਹੇ ਕੈਂਪ ਇਸ ਗੱਲ ਦੇ ਪ੍ਰਮਾਣ ਹਨ।ਉਨ੍ਹਾਂ ਨੇ ਕਿਹਾ ਕਿ ਖ਼ੂਨ ਦਾ ਮਹੱਤਵ ਲੋੜ ਪੈਣ ਤੇ ਹੀ ਪਤਾ ਲੱਗਦਾ ਹੈ, ਜਦੋਂ ਕਿ ਤੰਦਰੁਸਤ ਵਿਅਕਤੀ ਨੂੰ ਖ਼ੂਨ ਦਾਨ ਵਿੱਚ ਕੋਈ ਮੁਸ਼ਕਿਲ ਨਹੀਂ ਹੁੰਦੀ।ਇਸ ਮੌਕੇ ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਸੋਨੂੰ ਚੌਧਰੀ ਹਲਕਾ ਮੀਡੀਆ ਕੋਆਰਡੀਨੇਟਰ, ਲਖਵੀਰ ਸਿੰਘ ਪ੍ਰਧਾਨ, ਹਰਜੀਤ ਸਿੰਘ ਵਾਇਸ ਪ੍ਰਧਾਨ, ਅਰਸਪ੍ਰੀਤ ਸਿੰਘ ਵਾਇਸ ਪ੍ਰਧਾਨ, ਅਮਨ ਢੇਰ ਖਜਾਨਚੀ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਕਟਾਰੂ ਚੱਕ ਨੇ ਟਾਂਡਾ ਤੇ ਦਸੂਹਾ ਮੰਡੀਆਂ 'ਚ ਖ਼ਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਟਾਂਡਾ ਉੜਮੁੜ (ਜਸਵਿੰਦਰ ਸਿੰਘ ਸੰਧੂ, ਓਂਕਾਰ ਸਿੰਘ)**

ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ 12 ਅਕਤੂਬਰ ਨੂੰ ਟਾਂਡਾ ਅਤੇ ਦਸੂਹਾ ਦੀਆਂ ਅਨਾਜ ਮੰਡੀਆਂ ਦਾ ਦੌਰਾ ਕਰਕੇ ਝੋਨੇ ਦੇ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਟਾਂਡਾ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਦਸੂਹਾ ਦੇ ਵਿਧਾਇਕ ਕਰਮਬੀਰ ਸਿੰਘ ਘੁੰਮਣ ਵੀ ਉਨ੍ਹਾਂ ਦੇ ਨਾਲ ਸਨ। ਕੈਬਨਿਟ ਮੰਤਰੀ ਨੇ ਪਹਿਲਾਂ ਟਾਂਡਾ ਦੀ ਅਨਾਜ ਮੰਡੀ ਦਾ ਨਿਰੀਖਣ ਕੀਤਾ ਅਤੇ ਬਾਅਦ ਵਿਚ ਦਸੂਹਾ ਮੰਡੀ ਦਾ ਦੌਰਾ ਕੀਤਾ, ਜਿਥੇ ਉਨ੍ਹਾਂ ਨੇ ਕਿਸਾਨਾਂ, ਆੜ੍ਹਤੀਆਂ ਅਤੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਮੰਡੀਆਂ ਵਿਚ ਚੱਲ ਰਹੀ ਖ਼ਰੀਦ, ਤੋਲ, ਲਿਫਟਿੰਗ ਅਤੇ ਭੁਗਤਾਨ ਪ੍ਰਕਿਰਿਆਵਾਂ ਦਾ ਨੇੜਿਓਂ ਜਾਇਜ਼ਾ ਲਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸੂਬੇ ਵਿਚ ਝੋਨੇ ਦੀ ਖ਼ਰੀਦ ਦਿਨੋ-ਦਿਨ ਵੱਧ ਰਹੀ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਹਨ ਕਿ ਖ਼ਰੀਦ ਸੀਜ਼ਨ ਦੌਰਾਨ ਕਿਸਾਨਾਂ, ਆੜ੍ਹਤੀਆਂ ਅਤੇ ਮਿੱਲ ਮਾਲਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਅਤੇ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਸੁਚਾਰੂ ਕਾਰਵਾਈਆਂ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਚੌਕਸ ਰਹਿ ਕੇ ਕੰਮ ਕਰ ਰਹੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਵਿਚ ਹੁਣ ਤੱਕ 15 ਲੱਖ 21 ਹਜ਼ਾਰ ਮੀਟ੍ਰਿਕ ਟਨ ਝੋਨਾ ਮੰਡੀਆਂ ਵਿਚ ਪਹੁੰਚ ਚੁੱਕਾ ਹੈ, ਜਿਸ ਵਿਚੋਂ 14 ਲੱਖ 41 ਹਜ਼ਾਰ ਮੀਟ੍ਰਿਕ ਟਨ ਖ਼ਰੀਦਿਆ ਜਾ ਚੁੱਕਾ ਹੈ। ਕਿਸਾਨਾਂ ਨੂੰ ਭੁਗਤਾਨ ਪ੍ਰਕਿਰਿਆ 24 ਘੰਟਿਆਂ ਦੇ ਅੰਦਰ ਪੂਰੀ ਕੀਤੀ ਜਾ ਰਹੀ ਹੈ। ਹੁਣ ਤੱਕ ਲੱਗਭਗ 2,700 ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿਚ ਜਮ੍ਹਾਂ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਖ਼ਰੀਦ ਪ੍ਰਣਾਲੀ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਕੁਸ਼ਲ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਕੇਂਦਰੀ ਪੂਲ ਲਈ 172 ਲੱਖ ਮੀਟ੍ਰਿਕ ਟਨ ਦਾ ਟੀਚਾ ਪ੍ਰਾਪਤ ਹੋਇਆ ਹੈ, ਜਦੋਂ ਕਿ ਪੰਜਾਬ ਸਰਕਾਰ ਨੇ 190 ਲੱਖ ਮੀਟ੍ਰਿਕ ਟਨ ਝੋਨਾ ਸਟੋਰ ਕਰਨ ਅਤੇ ਖ਼ਰੀਦਣ ਦੀ ਤਿਆਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਸਾਲ ਸੂਬੇ ਦੇ ਕਈ ਖੇਤਰ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਸਨ, ਪਰ ਕਿਸਾਨਾਂ ਨੇ ਆਪਣੀਆਂ ਫ਼ਸਲਾਂ ਦੀ ਰੱਖਿਆ ਲਈ ਸਖ਼ਤ ਮਿਹਨਤ ਕੀਤੀ ਹੈ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਟਾਂਡਾ ਚੌਧਰੀ ਰਾਜਵਿੰਦਰ ਸਿੰਘ ਰਾਜਾ, ਚੇਅਰਮੈਨ ਮਾਰਕੀਟ ਕਮੇਟੀ ਦਸੂਹਾ ਕੰਵਲਪ੍ਰੀਤ ਸਿੰਘ ਸੰਧੂ, ਐਸ.ਡੀ.ਐਮ ਟਾਂਡਾ ਪਰਮਪ੍ਰੀਤ ਸਿੰਘ, ਐਸ.ਡੀ.ਐਮ ਦਸੂਹਾ ਕੰਵਲਜੀਤ ਸਿੰਘ, ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ, ਮੰਡੀ ਬੋਰਡ ਅਤੇ ਵੱਖ-ਵੱਖ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਖ਼ੂਨਦਾਨ ਕੈਂਪ 'ਚ 40 ਯੂਨਿਟ ਖ਼ੂਨ ਇਕੱਤਰ ਕੀਤਾ




**ਜਲੰਧਰ, (ਸ਼ੈਲੀ ਐਲਬਰਟ)**-ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਸਥਾਨਕ ਲਾਇਲਪੁਰ ਖਾਲਸਾ ਕਾਲਜ ਕੋ-ਐਡ ਵਿਖੇ ਕਾਲਜ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਡਾਕਟਰਾਂ ਦੀ ਟੀਮ ਵੱਲੋਂ 40 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਇਸ ਮੌਕੇ ਸਹਾਇਕ ਕਮਿਸ਼ਨਰ (ਜ) ਰੋਹਿਤ ਜਿੰਦਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਖ਼ੂਨ ਦਾਨੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ, ਜਿਸ ਨਾਲ ਕਿਸੇ ਲੋੜਵੰਦ ਵਿਅਕਤੀ ਦੀ ਕੀਮਤੀ ਜਾਨ ਬਚ ਸਕਦੀ ਹੈ।ਕੈਂਪ ਦੌਰਾਨ ਖ਼ੂਨ ਦਾਨ ਕਰਨ ਵਾਲਿਆਂ ਨੂੰ ਸਰਟੀਫਿਕੇਟ ਵੰਡੇ ਗਏ ਅਤੇ ਰਿਫਰੈਸ਼ਮੈਂਟ ਵੀ ਦਿੱਤੀ ਗਈ।

# ਬਾਡੀ ਬਿਲਡਰ ਨੂੰ ਹਾਰਟ ਅਟੈਕ ਦਾ ਪੰਜ ਗੁਣਾ ਵੱਧ ਖ਼ਤਰਾ ਹੁੰਦੈ : ਬੇਦੀ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਇਹ ਇੱਕ ਸੱਚਾਈ ਹੈ ਕਿ ਮਰਦ ਬਾਡੀਬਿਲਡਰ ਖਿਡਾਰੀਆਂ ਨੂੰ ਹਾਰਟ ਅਟੈਕ ਦਾ ਪੰਜ ਗੁਣਾ ਅਵੱਧ ਖ਼ਤਰਾ ਹੁੰਦਾ ਹੈ। ਇਹ ਕਈ ਕਾਰਕਾਂ ਦੇ ਕਾਰਨ ਹੁੰਦਾ ਹੈ। ਚੰਡੀਗੜ੍ਹ ਰੋਡ ਨਵਾਂਸ਼ਹਿਰ ਬੇਦੀ ਹਸਪਤਾਲ, ਡਾ.ਮੁਕਲ ਬੇਦੀ, ਨੇ ਕਿਹਾ ਕਿ ਅਜਿਹੇ ਖਿਡਾਰੀ ਦਿਲ ਦੀ ਬੀਮਾਰੀ ਕਾਰਡੀਓਮਾਇਓਪੈਥੀ ਦਾ ਸ਼ਿਕਾਰ ਹੋ ਸਕਦੇ ਹਨ, ਜੋ ਅਚਾਨਕ ਮੌਤ ਦਾ ਕਾਰਨ ਬਣ ਸਕਦੀ ਹੈ । ਇੱਕ ਆਸਾਨ ਟੈਸਟ ਕਾਰਡਿਯਾਕ ਏਕੋ ਰਾਹੀਂ ਇਸ ਬਿਮਾਰੀ ਦਾ ਪਤਾ ਲਗਾਉਣਾ ਸੌਖਾ ਹੈ।ਇਨ੍ਹਾਂ ਦੇ ਇਲਾਵਾ ਖਿਡਾਰੀਆਂ ਨੂੰ ਕਈ ਵਾਰੀ ਐਨਾਬੋਲਿਕ ਸਟਰਾਇਡਾਂ ਅਤੇ ਪ੍ਰੋਟੀਨ ਸਪਲੀਮੈਂਟ ਦਿੱਤੇ ਜਾਂਦੇ ਹਨ, ਜੋ ਦਿਲ ਅਤੇ ਕਿਡਨੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ।ਡਾ ਮੁਕਲ. ਬੇਦੀ ਨੇ ਦੱਸਿਆ ਕਿ ਇੱਕ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਖਿਡਾਰੀ ਕਈ ਨਿਰਧਾਰਿਤ ਸਰੀਰ ਦੇ ਵਜ਼ਨ ਨੂੰ ਬਣਾਈ ਰੱਖਣ ਲਈ ਜਾਣ-ਬੁਝ ਕੇ ਆਪਣੇ ਸਰੀਰ ਨੂੰ ਡਿਹਾਈਡ੍ਰੇਟ ਕਰ ਲੈਂਦੇ ਹਨ । ਇਹ ਖ਼ੂਨ ਨੂੰ ਗਾੜ੍ਹਾ ਕਰ ਦਿੰਦਾ ਹੈ ਅਤੇ ਥੱਕ ਬਣਨ ਨਾਲ ਹਾਰਟ ਅਟੈਕ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

# ਸੜਕਾਂ 'ਤੇ ਪਸ਼ੂਆਂ ਤੇ ਅਣਗਹਿਲੀ ਬਣੇ ਰਾਜਵੀਰ ਜਵੰਦਾ ਦੀ ਮੌਤ ਦਾ ਕਾਰਨ : ਧੀਮਾਨ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**-ਪੰਜਾਬ ਦੇ ਗਾਇਕ ਰਾਜਵੀਰ ਜਵੰਦਾ ਦੀ ਮੌਤ ਦਾ ਕਾਰਨ ਵੀ ਸਰਕਾਰ ਦੀਆਂ ਅਣਗਹਿਲੀਆਂ ਅਤੇ ਗੈਰ ਸੰਵਿਧਾਨਕ ਨੀਤੀਆਂ ਬਣੀਆਂ।ਇਸ ਸਬੰਧ ਵਿਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਪਾਰਟੀ ਮੀਤ ਪ੍ਰਧਾਨ ਸੋਨੂ ਮਹਿਤਪੁਰ ਨੇ ਪੰਜਾਬ ਸਰਕਾਰ ਵਲੋਂ ਸੜਕਾਂ ਨੂੰ ਚਰਾਂਦਗਾਹ ਬਣਾਉਣ ਅਤੇ ਪਸ਼ੂਆਂ ਦਾ ਝੁੰਡਾਂ ਵਿਚ ਘੁਮੰਣ ਦੇਣ ਦੀ ਆਗਿਆ ਦੇਣ ਦੀ ਸਖਤ ਸਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਸੜਕਾਂ ਉਤੇ ਹਰ ਰੋਜ ਹਾਦਸੇ ਹੋਣ ਦੀ ਬਜਾਏ ਉਨ੍ਹਾਂ ਵਿਚ ਵਾਧਾ ਹੋ ਰਿਹਾ ਹੈ। ਹਰ ਰੋਜ਼ ਸੜਕਾਂ ਉਤੇ ਪਸ਼ੂਆਂ ਕਾਰਨ ਸੜਕ ਹਾਦਸਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅਗਰ ਸੜਕਾਂ ਉਤੇ ਪਸ਼ੂਆਂ ਦੇ ਝੁੰਡ ਨਾ ਘੁੰਮਦੇ ਹੁੰਦੇ ਤਾਂ ਅੱਜ ਗਾਇਕ ਰਾਜਵੀਰ ਜਵੰਦਾ ਲੋਕਾਂ ਵਿਚ ਹੁੰਦੇ।ਜਿਹੜਾ ਪੈਸਾ ਰੋਡ ਸੈਫਟੀ ਤਹਿਤ ਐਕਸੀਡੈਂਟ ਹੋਣ ਤੋਂ ਬਾਅਦ ਵਿਚ ਦਿਤਾ ਜਾਂਦਾ ਹੈ ,ਅਗਰ ਉਸ ਨੂੰ ਸੜਕਾਂ ਦੀ ਵਧੀਆ ਉਸਾਰੀ ਲਈ ਵਰਤ ਲਿਆ ਜਾਵੇ ਅਤੇ ਲਾਇਸੈਂਸ ਪ੍ਰਣਾਲੀ, ਸੜਕੀ ਨਿਯਮਾ ਵਿਚ ਸੁਧਾਰ ਕੀਤਾ ਜਾਵੇ ਤਾਂ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ।

# ਸਾਂਝੇ ਫਰੰਟ ਨੇ ਕੈਬਨਿਟ ਮੰਤਰੀ ਦੇ ਘਰ ਅੱਗੇ ਚਿਪਕਾਇਆ ਰੋਸ ਪੱਤਰ



**ਹੁਸ਼ਿਆਰਪੁਰ,(ਬਲਵੀਰ ਸੈਣੀ)**

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਸੂਬੇ ਭਰ ਅੰਦਰ ਕੈਬਨਿਟ ਮੰਤਰੀਆਂ ਨੂੰ ਰੋਸ ਪੱਤਰ ਸੌਂਪਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਇਹ ਰੋਸ ਪੱਤਰ ਸੂਬਾ ਸਰਕਾਰ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਨਾ ਕਰਨ ਅਤੇ ਮੁੱਖ ਮੰਤਰੀ ਵਲੋਂ ਸਾਂਝੇ ਫਰੰਟ ਨੂੰ ਮੀਟਿੰਗ ਦਾ ਸਮਾਂ ਦੇ ਕੇ ਵਾਰ-ਵਾਰ ਮੀਟਿੰਗਾਂ ਰੱਦ ਕਰਨ ਦੇ ਵਿਰੋਧ ਵਿੱਚ ਸੌਂਪੇ ਜਾ ਰਹੇ ਹਨ।ਸਾਂਝਾ ਫਰੰਟ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਵੀ ਕੈਬਨਿਟ ਮੰਤਰੀ ਡਾ. ਰਵਜੋਤ ਨੂੰ ਰੋਸ ਪੱਤਰ ਸੌਂਪਣ ਸਬੰਧੀ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਸਾਥੀ ਕੁਲਵਰਨ ਸਿੰਘ, ਓਂਕਾਰ ਸਿੰਘ, ਨਰਿੰਦਰ ਸਿੰਘ ਗੋਲੀ, ਸੰਜੀਵ ਧੂਤ, ਸੁਖਦੇਵ ਡਾਂਸੀਵਾਲ, ਇੰਦਰਜੀਤ ਵਿਰਦੀ, ਪ੍ਰਵੇਸ਼ ਕੁਮਾਰ, ਕੁਲਵੰਤ ਸੈਣੀ ਅਗਵਾਈ ਹੇਠ ਕੀਤੀ ਗਈ। ਰੋਸ ਪੱਤਰ ਸੌਂਪਣ ਲਈ ਸ਼ਹੀਦ ਊਧਮ ਸਿੰਘ ਪਾਰਕ ਤੋਂ ਮਾਡਲ ਟਾਊਨ ਸਥਿਤ ਡਾ. ਰਵਜੋਤ ਦੇ ਦਫਤਰ ਤੱਕ ਮਾਰਚ ਕੀਤਾ ਗਿਆ। ਉਹਨਾਂ ਵੱਲੋਂ ਕੈਬਨਿਟ ਮੰਤਰੀ ਦੀ ਰਿਹਾਇਸ਼ ਤੱਕ ਰੋਸ ਮਾਰਚ ਕੀਤਾ ਗਿਆ। ਪ੍ਰੰਤੂ ਫਿਰ ਵੀ ਕੈਬਨਿਟ ਮੰਤਰੀ ਮੰਗ ਪੱਤਰ ਪ੍ਰਾਪਤ ਕਰਨ ਲਈ ਨਹੀਂ ਪਹੁੰਚੇ।ਕਾਫੀ ਇੰਤਜ਼ਾਰ ਕਰਨ ਉਪ੍ਰੰਤ ਮੰਗ ਪੱਤਰ ਨੂੰ ਕੈਬਨਿਟ ਮੰਤਰੀ ਦੇ ਗੇਟ ਅੱਗੇ ਚਿਪਕਾ ਦਿੱਤਾ ਗਿਆ ।ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਸਤੀਸ਼ ਰਾਣਾ ਨੇ ਕਿਹਾ ਕਿ ਮੌਜੂਦਾ ਸਰਕਾਰ ਵਲੋਂ ਪਿਛਲੇ ਚਾਰ ਸਾਲਾਂ ਦੌਰਾਨ ਮੁਲਾਜ਼ਮਾਂ/ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਕੋਈ ਵੀ ਸੰਜੀਦਗੀ ਨਹੀਂ ਦਿਖਾਈ ਹੈ ਅਤੇ ਵਿਧਾਨ ਸਭਾ ਅੰਦਰ ਵੀ ਮੰਗਾਂ ਸੰਬੰਧੀ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਇਸ ਮੌਕੇ ਸੰਬੋਧਨ ਕਰਦਿਆਂ ਜਸਵੀਰ ਤਲਵਾੜਾ, ਮੁਕੇਸ਼ ਗੁਜਰਾਤੀ, ਬਹਾਦਰ ਸਿੰਘ, ਮਨਜੀਤ ਸੈਣੀ, ਡੀ.ਕੇ. ਮਹਿਤਾ, ਪ੍ਰਿਤਪਾਲ ਸਿੰਘ, ਅੰਜੂ ਸਹਿਗਲ, ਸਤੀਸ਼ ਕੁਮਾਰ, ਓਮ ਸਿੰਘ ਨੇ ਕਿਹਾ ਕਿ 16 ਨਵੰਬਰ ਨੂੰ ਸੰਗਰੂਰ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਕਰਕੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਕੱਚੇ ਮੁਲਾਜ਼ਮਾਂ ਨੂੰ ਪੱਕੇ ਕੀਤਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਕੇਂਦਰ ਦੇ ਸਕੇਲਾਂ ਦੀ ਥਾਂ ਪੰਜਾਬ ਦੇ ਸਕੇਲ ਲਾਗੂ ਕੀਤੇ ਜਾਣ, ਬੰਦ ਭੱਤੇ ਚਾਲੂ ਕਰਨ, 2.59 ਦਾ ਫਾਰਮੂਲਾ ਲਾਗੂ ਕੀਤਾ ਜਾਵੇ, ਕੈਸ਼ਲੈਸ ਹੈਲਥ ਸਕੀਮ ਲਾਗੂ ਕੀਤੀ ਜਾਵੇ, ਮਾਣ ਭੱਤਾ/ ਇੰਨਸੈਨਟਿਵ ਵਰਕਰਾਂ ਤੇ ਘੱਟੋ-ਘੱਟ ਉਜਰਤ ਲਾਗੂ ਕੀਤੀ ਜਾਵੇ।

# 'ਸਵੈ-ਇਛੁੱਕ ਖ਼ੂਨਦਾਨ ਕੈਂਪ' ਲੱਗਾ




**ਬੰਗਾ (ਅਵਤਾਰ ਕਲੇਰ)**

ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਪ੍ਰਿੰਸੀਪਲ ਡਾ.ਤਰਸੇਮ ਸਿੰਘ ਭਿੰਡਰ ਦੀ ਅਗਵਾਈ ਹੇਠ ਕਾਲਜ ਦੇ ਐੱਨ ਐੱਸ ਐੱਸ ਵਿਭਾਗ ਵੱਲੋਂ ਬਲੱਡ ਸੈਂਟਰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਹਿਯੋਗ ਸਦਕਾ 'ਸਵੈ ਇਛੱਕ ਖ਼ੂਨਦਾਨ ਕੈਂਪ' ਲਗਾਇਆ ਗਿਆ। ਕੈਂਪ ਦਾ ਉਦਘਾਟਨ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਕੀਤਾ। ਉਹਨਾਂ ਨੇ ਕਾਲਜ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਖ਼ੂਨਦਾਨ ਮਹਾਂਦਾਨ ਹੈ ਅਤੇ ਇਹੀ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ । ਖ਼ੂਨਦਾਨ ਕਰਨ ਨਾਲ ਅਸੀਂ ਅਨੇਕ ਕੀਮਤੀ ਜਾਨਾਂ ਨੂੰ ਬਚਾ ਸਕਦੇ ਹਾਂ। ਉਹਨਾਂ ਨੇ ਕਿਹਾ ਕਿ ਖ਼ੂਨਦਾਨ ਕਰਨ ਨਾਲ ਕਿਸੇ ਕਿਸਮ ਦੀ ਕੋਈ ਕਮਜ਼ੋਰੀ ਨਹੀਂ ਆਉਂਦੀ ਬਲਕਿ ਮਨ ਨੂੰ ਸੰਤੁਸ਼ਟੀ ਮਿਲਦੀ ਹੈ ਕਿ ਅਸੀਂ ਕਿਸੇ ਲੋੜਵੰਦ ਵਿਅਕਤੀ ਨੂੰ ਜੀਵਨ ਪ੍ਰਦਾਨ ਕੀਤਾ ਹੈ । ਇਸ ਮੌਕੇ ਬਲੱਡ ਸੈਂਟਰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਬੀ. ਟੀ. ਉ. ਡਾ. ਰਾਹੁਲ ਗੋਇਲ ਨੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਕਿਹਾ ਕਿ ਖ਼ੂਨਦਾਨ ਕਰਨ ਨਾਲ ਸਿਰਫ਼ ਇੱਕ ਹੀ ਮਰੀਜ਼ ਨੂੰ ਨਹੀਂ ਬਲਕਿ ਇਕ ਤੋਂ ਵੱਧ ਮਰੀਜ਼ਾਂ ਨੂੰ ਲਾਭ ਪ੍ਰਾਪਤ ਹੁੰਦਾ ਹੈ, ਕਿਉਂਕਿ ਖ਼ੂਨ ਦੇ ਚਾਰ ਕੰਪੋਨੈਂਟ ਪਲਾਜਮਾ, ਆਰ. ਬੀ. ਸੀ. ਪਲੇਟਲੈਟ ਦੇ ਤੌਰ ਤੇ ਅਤੇ ਹਿਮੋਫੀਲੀਆਂ ਦੇ ਮਰੀਜ਼ਾਂ ਵਿੱਚ ਕਲੋਟਿੰਗ ਫੈਕਟਰ ਲਈ ਕੰਮ ਆਉਂਦੇ ਹਨ । ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਵੱਲੋਂ ਮੁੱਖ ਮਹਿਮਾਨ ਡਾ. ਕੁਲਵਿੰਦਰ ਸਿੰਘ ਢਾਹਾਂ, ਬਲੱਡ ਸੈਂਟਰ ਦੀ ਸਮੁੱਚੀ ਟੀਮ ਅਤੇ ਖ਼ੂਨਦਾਨੀ ਵਾਲੰਟੀਅਰਾਂ ਦਾ ਧੰਨਵਾਦ ਕੀਤਾ । ਇਸ ਕੈਂਪ ਵਿਚ ਖ਼ੂਨਦਾਨੀ ਵਾਲੰਟੀਅਰਾਂ ਵੱਲੋਂ ਨਿਸ਼ਕਾਮ ਸੇਵਾ ਕਰਦੇ ਹੋਏ 25 ਯੂਨਿਟ ਖ਼ੂਨਦਾਨ ਕੀਤਾ ਗਿਆ । ਇਸ ਮੌਕੇ ਡਾ. ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ, ਐੱਨ.ਐੱਸ.ਐੱਸ ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਵਿਪਨ, ਡਾ. ਨਿਰਮਲਜੀਤ ਕੌਰ ਵੱਲੋਂ ਮਹਿਮਾਨਾਂ ਤੇ ਖ਼ੂਨਦਾਨੀਆਂ ਨੂੰ ਸਨਮਾਨਤ ਵੀ ਕੀਤਾ ਗਿਆ । ਇਸ ਕੈਂਪ ਨੂੰ ਸਫਲ ਕਰਨ ਵਿਚ ਡਾ. ਗੁਰਵਿੰਦਰ ਸਿੰਘ, ਪ੍ਰੋ. ਮਨਮੰਤ ਸਿੰਘ, ਪ੍ਰੋ. ਕਿਸ਼ੋਰ ਕੁਮਾਰ, ਸੁਪਰਡੈਂਟ ਪਰਮਜੀਤ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਕੈਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**

ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰਮਨਦੀਪ ਕੋਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵਲੋਂ ਸ.ਸ.ਸ. ਸਕੂਲ ਪਨਵਾਂ, ਸ.ਸ.ਸ. ਸਕੂਲ ਦਸੂਹਾ ਅਤੇ ਸ.ਸ.ਸ. ਸਕੂਲ ਲਮੀਣ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕੈਰੀਅਰ ਚੋਣ ਸਬੰਧੀ ਕੈਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਕੈਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ ਵਿਰਕਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕੈਰੀਅਰ ਲਈ ਕੀਤੀ ਜਾਂਦੀ ਕੈਰੀਅਰ ਕਾਊਂਸਲਿੰਗ, ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਸਵੈ-ਰੋਜ਼ਗਾਰ ਸਕੀਮਾਂ ਦੇ ਬਾਰੇ ਜਾਣਕਾਰੀ, ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਇਸ ਤੋਂ ਇਲਾਵਾ ਵੱਖ-ਵੱਖ ਸਰਕਾਰੀ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਕੈਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਉਪਰੋਕਤ ਸਕੂਲਾਂ ਦੇ ਸਮੂਹ ਸਟਾਫ ਅਤੇ ਲਗਭਗ 300 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਪ੍ਰੋਗਰਾਮ ਵਿਚ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਸ.ਸ.ਸ. ਸਕੂਲ ਪਨਵਾਂ ਰਾਜੇਸ਼ ਕੁਮਾਰ, ਪ੍ਰਿੰਸੀਪਲ ਸ.ਸ.ਸ. ਸਕੂਲ ਦਸੂਹਾ ਗੁਰਦਿਆਲ ਸਿੰਘ ਅਤੇ ਸ.ਸ.ਸ. ਸਕੂਲ ਲਮੀਣ ਦੇਵੀ ਸਿੰਘ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਦਿਲੋਂ ਧੰਨਵਾਦ ਕਰਦੇ ਹੋਏ, ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ ਗਿਆ।



# ਵਿਸ਼ਾਲ ਸਤਿਸੰਗ ਤੇ ਨਗਰ ਕੀਰਤਨ ਅੱਜ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਪਿੰਡ ਸ਼ੇਰਪੁਰ ਸੱਧਾ ਵਿਖੇ ਸ੍ਰਿਸ਼ਟੀ ਕਰਤਾ ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਵਿਸ਼ਾਲ ਸਤਿਸੰਗ ਅਤੇ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਜਿਸ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਉੱਚ ਕੋਟੀ ਸੰਤ ਮਹਾਂਪੁਰਸ਼ ਉਚੇਚੇ ਤੌਰ 'ਤੇ ਸ਼ਿਰਕਤ ਕਰਨਗੇ। ਇਸ ਮੌਕੇ ਸੰਤ ਗੁਰਧਾਰੀ ਨਾਥ ਮਹਾਂਰਾਜ ਭਗਵਾਨ ਵਾਲਮੀਕਿ ਤੀਰਥ ਅੰਮ੍ਰਿਤਸਰ ਵਾਲੇ, ਭਾਈ ਸਾਹਿਬ ਗਿਆਨੀ ਮਨਦੀਪ ਸਿੰਘ ਵਿਦਿਆਰਥੀ, ਜਥੇਦਾਰ ਮਹਾਂ ਸਿੰਘ ਪ੍ਰਧਾਨ ਅਮਰ ਸ਼ਹੀਦ ਬਾਬਾ ਸੰਗਤ ਸਿੰਘ ਵੈਲਫ਼ੇਅਰ ਸੁਸਾਇਟੀ ਸੁਲਤਾਨਪੁਰ ਲੋਧੀ, ਭਾਈ ਸਤਨਾਮ ਸਿੰਘ ਸੀਨੀਅਰ ਮੀਤ ਪ੍ਰਧਾਨ ਅਤੇ ਪਹੁੰਚ ਰਹੇ ਜਥੇ ਹਜ਼ੂਰੀ ਰਾਗੀ ਵੀਰ ਲਵਜੀਤ ਭਗਵਾਨ ਵਾਲਮੀਕਿ ਤੀਰਥ ਗਿਆਨ ਆਸ਼ਰਮ ਅੰਮ੍ਰਿਤਸਰ ਵਾਲੇ, ਵੀਰ ਬਲਵਿੰਦਰ ਪਾਜੀਆਂ ਕਵੀਸ਼ਰੀ ਜਥਾ ਪਾਜੀਆਂ ਵਾਲੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰੋਗਰਾਮ ਅੱਜ 13 ਅਕਤੂਬਰ ਦਿਨ ਸੋਮਵਾਰ ਅਰੰਭ ਸ੍ਰੀ ਕੌਮੀ ਗ੍ਰੰਥ ਗਿਆਨ ਪ੍ਰਕਾਸ਼ 10 ਵਜੇ ਸਵੇਰੇ 14 ਅਕਤੂਬਰ ਦਿਨ ਮੰਗਲਵਾਰ ਨਗਰ ਕੀਰਤਨ 4 ਵਜੇ ਸ਼ਾਮ 15 ਅਕਤੂਬਰ ਦਿਨ ਬੁੱਧਵਾਰ ਭੋਗ ਸ੍ਰੀ ਕੌਮੀ ਗ੍ਰੰਥ ਗਿਆਨ ਪ੍ਰਕਾਸ਼ 10 ਵਜੇ ਸਵੇਰੇ ਕਵੀਸ਼ਰੀ ਜਥਾ 11 ਵਜੇ ਸਵੇਰੇ ਕੀਰਤਨ ਦਰਬਾਰ 8 ਵਜੇ ਰਾਤ, ਅਤੇ ਭਾਈ ਸਾਹਿਬ ਗਿਆਨੀ ਮਨਦੀਪ ਸਿੰਘ ਜੀ ਵਿਦਿਆਰਥੀ ਦੁਆਰਾ ਰੰਗਰੇਟਿਆਂ ਦੇ ਇਤਿਹਾਸ ਦਾ ਵਰਨਣ ਕੀਤਾ ਜਾਵੇਗਾ। ਇਸ ਮੌਕੇ ਚਾਹ ਪਕੌੜੇ ਅਤੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ।

# ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਧਾਰਮਿਕ ਸੈਮੀਨਾਰ ਕਰਵਾਇਆ



**ਕਪੂਰਥਲਾ (ਹਨੀ)**

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਧਾਰਮਿਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਵਿਦਿਆਰਥੀਆਂ ਵੱਡੀ ਗਿਣਤੀ ਵਿੱਚ ਭਾਗ ਲਿਆ।ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਭਾਈ ਜੋਗਿੰਦਰ ਸਿੰਘ ਨੇ ਗੁਰਬਾਣੀ ਦੇ ਸਿਧਾਂਤ, ਗੁਰੂ ਸਾਹਿਬਾਨਾਂ ਦੀ ਜੀਵਨੀ, ਗੁਰਮਤਿ ਅਤੇ ਮਨਮਤਿ ਸੰਬੰਧੀ ਆਪਣੇ ਵਿਚਾਰ ਸਾਂਝੇ ਕੀਤੇ । ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗੁਰਸਿੱਖੀ ਜੀਵਨ ਜੀਣ ਲਈ ਪ੍ਰੇਰਿਤ ਕੀਤਾ ਅਤੇ ਜੀਵਨ ਵਿੱਚ ਪਾਠ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ । ਸਕੂਲ ਦੇ ਪ੍ਰਧਾਨ ਗੁਰਪ੍ਰੀਤ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਕੂਲ 'ਚ ਵਿਸ਼ੇਸ਼ ਕੈਂਪ ਲਗਾਉਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ । ਇਸ ਮੌਕੇ ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਅਤੇ ਸਟਾਫ ਮੈਂਬਰ ਹਾਜ਼ਰ ਸਨ ।

# ਟੀਮ ਇੰਡੀਆ 'ਚ ਚੁਣੇ ਬਾਕਸਿੰਗ ਕਲੱਬ ਦੇ ਖਿਡਾਰੀ ਪੰਜਾਬ ਦੀ ਸ਼ਾਨ : ਜਲਾਲਪੁਰੀ

**ਕਪੂਰਥਲਾ (ਮਨਜੀਤ ਮਾਨ)**-ਮਨਜੀਤ ਮਾਨ ਆਲ ਇੰਡੀਆ ਟੀਮ ਲਈ ਚੁਣੇ ਗਏ ਰਿੰਗ ਬੀਸਟ ਬਾਕਸਿੰਗ ਕਲੱਬ ਫਗਵਾੜਾ ਦੇ ਖਿਡਾਰੀਆਂ ਨੇ ਪੰਜਾਬ ਦਾ ਨਾਂਅ ਰੋਸ਼ਨ ਕੀਤਾ ਹੈ।



ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਆਮ ਆਦਮੀ ਪਾਰਟੀ ਦੇ ਐਸ ਸੀ ਵਿੰਗ ਦੇ ਜ਼ਿਲ੍ਹਾ ਇੰਚਾਰਜ ਸ ਜਸਵੀਰ ਸਿੰਘ ਜਲਾਲਪੁਰੀ ਨੇ ਕਿਹਾ ਕਿ ਜਿਥੇ ਬਚਿਆਂ ਨੇ ਸਖ਼ਤ ਮਿਹਨਤ ਕਰਕੇ ਇਸ ਮੁਕਾਮ ਨੂੰ ਪ੍ਰਾਪਤ ਕੀਤਾ ਹੈ ਉਥੇ ਮਿਹਨਤੀ ਕੋਚ ਅਤੇ ਮਾਪਿਆਂ ਦੇ ਸਾਹਿਯੋਗ ਨੂੰ ਭਲਾਇਆ ਨਹੀਂ ਜਾ ਸਕਦਾ। ਕਲੱਬ ਦੇ ਕੋਚ ਪ੍ਰਿੰਸ ਕੌਲ ਨੇ ਦੱਸਿਆ ਕਿ ਖਿਡਾਰੀਆਂ ਨੇ ਸਵਾਤੇ ਨੈਸ਼ਨਲ ਚੈਪੀਅਨਸ਼ਿਪ 2025 'ਚ ਜ਼ੋਰਦਾਰ ਵਿਖਾਵਾ ਕਰਦੇ ਹੋਏ ਟੀਮ ਇੰਡੀਆ ਵਿੱਚ ਆਪਣੀ ਥਾਂ ਬਣਾਈ ਹੈ। ਉਨ੍ਹਾਂ ਦੱਸਿਆ ਕਿ 5 ਤੋਂ 7 ਅਕਤੂਬਰ ਤੱਕ ਹੋਏ ਇਨ੍ਹਾਂ ਮੁਕਾਬਲਿਆਂ ਵਿੱਚ ਕਲੱਬ ਦੀ ਖਿਡਾਰਨ ਵੈਸ਼ਨਵੀ ਵਾਨੀ ਨੇ ਗੋਲਡ ਮੈਡਲ ਜਿੱਤਿਆ ਜਦ ਕਿ ਨਵਨੀਤ ਨੇ ਵੀ ਗੋਲਡ ਮੈਡਲ ਹਾਸਲ ਕੀਤਾ, ਯੁਵਰਾਜ ਤਾਈਵਾਲ ਅਤੇ ਕੁਨਾਲ ਨੇ ਸਿਲਵਰ ਮੈਡਲ ਹਾਸਲ ਕੀਤੇ ਹਨ। ਇਸ ਮੌਕੇ ਫਗਵਾੜਾ ਦੀਆਂ ਮਹਾਨ ਸਖਸ਼ੀਅਤਾਂ ਨੇ ਵਧਾਈਆਂ ਦਿਤੀਆਂ ਹਨ ਇਸ ਮੌਕੇ ਹਰਨੇਕ ਸਿੰਘ ਹਰਦਾਸਪੁਰ, ਕਲੱਬ ਦੇ ਕੋਚ ਪ੍ਰਿੰਸ ਕੌਲ, ਜਗਜੀਤ ਦੌਂਦਰ, ਜਸਮੀਤ ਦੌਂਦਰ ਅਤੇ ਗੀਤਾ ਪੂਜਾ ਹਾਜ਼ਰ ਸਨ।

# ਬੈਂਸ ਗੁ: ਤਪ ਅਸਥਾਨ ਸਾਹਿਬ ਵਿਖੇ ਹੋਏ ਨਤਮਸਤਕ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਕੈਬਨਿਟ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਦੇ ਮਹਾਨ ਪਵਿੱਤਰ ਅਸਥਾਨ ਗੁ: ਤੱਪ ਅਸਥਾਨ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਉਨਾਂ ਨੇ 350 ਸਾਲ ਪੁਰਾਤਨ ਤੋਸ਼ਾਖਾਨਾ ਅਤੇ ਮੋਰਚਿਆਂ ਦੇ ਦਰਸ਼ਨ ਕੀਤੇ।ਇਸ ਮੌਕੇ ਕੈਬਨਿਟ ਮੰਤਰੀ ਨੇ ਭਾਈ ਜੈਤਾ ਜੀ ਦੇ ਪਾਵਨ ਸ਼ਸ਼ਤਰ ਜਿਨਾਂ ਵਿੱਚ ਕੜਾ,ਕਮਰਕਸੇ ਦੀ ਕਟਾਰ ਅਤੇ ਪੁਰਾਤਨ ਨਾਗਨੀ ਦੇ ਦਰਸ਼ਨ ਵੀ ਕੀਤੇ। ਨਤਮਸਤਕ ਹੋਣ ਉਪਰੰਤ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਭਾਗਾਂ ਵਾਲੇ ਸਮਝਦੇ ਹਨ ਜਿਨਾਂ ਨੂੰ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ।ਉਨ੍ਹਾਂ ਦੱਸਿਆ ਕਿ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਗੁਰੂ ਸਾਹਿਬ ਦਾ ਪਾਵਨ ਸੀਸ ਸ਼੍ਰੀ ਅਨੰਦਪੁਰ ਸਾਹਿਬ ਲਿਆਉਣ ਵਾਲੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਵਰ ਪ੍ਰਾਪਤ ਸ਼੍ਰੋਮਣੀ ਜਰਨੈਲ ਭਾਈ ਜੈਤਾ ਜੀ ਬਾਬਾ ਜੀਵਨ ਸਿੰਘ ਜੀ ਯਾਦ ਨੂੰ ਸਮਰਪਿਤ ਅਜਾਇਬ ਘਰ ਦਾ ਉਦਘਾਟਨ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤਾ ਗਿਆ ਜਿਸ ਤੋਂ ਬਾਅਦ ਸਿੱਖ ਜਗਤ ਵਿੱਚ ਖ਼ੁਸ਼ੀ ਦੀ ਲਹਿਰ ਹੈ।ਉਨ੍ਹਾਂ ਕਿਹਾ ਕਿ ਇਸ ਅਜਾਇਬ ਘਰ ਵਿੱਚ ਭਾਈ ਜੈਤਾ ਜੀ ਦੀ ਸਾਰੀ ਜੀਵਨੀ ਨੂੰ ਪੂਰਨ ਮਰਿਆਦਾ ਅਨੁਸਾਰ ਦਰਸਾਇਆ ਗਿਆ ਹੈ। ਇਸ ਮੌਕੇ ਗੁਰਦੁਆਰਾ ਤੱਪ ਅਸਥਾਨ ਸਾਹਿਬ ਦੇ ਮੁੱਖ ਪ੍ਰਬੰਧਕ ਅਤੇ ਭਾਈ ਜੈਤਾ ਜੀ ਦੀ ਅੰਸ਼ ਵੰਸ਼ ਬਾਬਾ ਤੀਰਥ ਸਿੰਘ ਜੀ ਨੇ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਸ਼੍ਰੋਮਣੀ ਜਰਨੈਲ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਏ ਗਏ ਭਾਈ ਜੈਤਾ ਜੀ ਯਾਦਗਾਰੀ ਅਜਾਇਬ ਘਰ ਬਣਨ ਨਾਲ ਸਮੁੱਚੇ ਜਗਤ ਵਿੱਚ ਖ਼ੁਸ਼ੀ ਦੀ ਲਹਿਰ ਹੈ।ਬਾਬਾ ਜੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਨਾਲ ਸੰਬੰਧਿਤ ਕੁੱਝ ਮੰਗਾਂ ਬਾਰੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਉਹ ਇਹ ਸਾਰੇ ਕੰਮ ਸੇਵਾ ਦੇ ਰੂਪ ਵਿੱਚ ਜਲਦ ਕਰਵਾਉਣਗੇ। ਇਸ ਮੌਕੇ ਬਾਬਾ ਜਰਨੈਲ ਸਿੰਘ,ਗੁਰਦਿਆਲ ਸਿੰਘ ਮੋਗਾ, ਤਰਸੇਮ ਸਿੰਘ ਸਿਆਲਕਾ, ਗੁਰਮੇਜ ਸਿੰਘ ਕੋਟਲੀ ਮੱਲੀ ਸੂਰਤ, ਇਕਬਾਲ ਸਿੰਘ ਭੁੱਲਰ, ਹਰਜਿੰਦਰ ਸਿੰਘ,ਦਰਸ਼ਨ ਸਿੰਘ, ਅਰਸ਼ਦੀਪ ਸਿੰਘ, ਸਰਵਣ ਸਿੰਘ ਮੰਡ ਸਮੇਤ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਹਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਸ਼ੰਮੀ ਬਰਾਰੀ, ਦਯਾ ਸਿੰਘ ਹਲਕਾ ਸਿੱਖਿਆ ਕੁਆਰਡੀਨੇਟਰ, ਕੰਵਲਜੋਤ ਸਿੰਘ ਸ਼ੋਸ਼ਲ ਮੀਡੀਆ ਹਲਕਾ ਕੁਆਰਡੀਨੇਟਰ, ਕਾਕਾ ਨਾਨਗਰਾਂ, ਨਿਤਿਨ ਬਾਸੋਵਾਲ, ਐਡ:ਰਜਤ ਬੇਦੀ, ਐਡ:ਨਿਖਿਲ ਭਾਰਦਵਾਜ, ਗੁਰਅਵਤਾਰ ਸਿੰਘ ਚੰਨ, ਬੀ.ਟੀ ਸਿੱਧੂ ਤੇ ਹੋਰ ਮੌਜੂਦ ਸਨ।

# ਝੋਨੇ ਦੀ ਖਰੀਦ ਕਰਕੇ ਕਿਸਾਨਾਂ ਨੂੰ 24 ਘੰਟਿਆਂ ਅੰਦਰ ਕੀਤੀ ਅਦਾਇਗੀ : ਚੇਅਰਮੈਨ

**ਕਪੂਰਥਲਾ (ਮਨਜੀਤ ਮਾਨ )**

ਮਾਰਕੀਟ ਕਮੇਟੀ ਢਿਲਵਾਂ ਅਧੀਨ ਆਉਂਦੀਆਂ ਛੇ ਅਨਾਜ ਮੰਡੀਆਂ ਵਿੱਚ ਝੋਨੇ ਦੀ ਖਰੀਦ ਵੱਖ ਵੱਖ ਸਰਕਾਰੀ ਖਰੀਦ ਏਜੰਸੀਆਂ ਤੇ ਪ੍ਰਾਈਵੇਟ ਏਜੰਸੀਆਂ ਵੱਲੋਂ ਬੜੇ ਸੁਚਾਰੂ ਢੰਗ ਨਾਲ ਕੀਤੀ ਜਾ ਰਹੀ ਹੈ। ਮੁੱਖ ਅਨਾਜ ਮੰਡੀ ਢਿਲਵਾਂ ਵਿਖੇ ਸਰਕਾਰੀ ਖਰੀਦ ਏਜੰਸੀ ਮਾਰਕਫੈਡ ਵੱਲੋਂ ਕੁੱਲ ਝੋਨੇ ਦੀ ਖਰੀਦ 77340.375 ਕੁਇੰਟਲ ਸਰਕਾਰੀ ਰੇਟ 2389 ਰੁਪਏ ਪ੍ਰਤੀ ਕੁਇੰਟਲ ਖਰੀਦ ਅਕਤੂਬਰ 10 ਤੱਕ ਕੀਤੀ ਗਈ ਜਦਕਿ ਪ੍ਰਾਈਵੇਟ ਖਰੀਦ ਏਜੰਸੀ ਵੱਲੋਂ 473.50 ਕੁਇੰਟਲ ਝੋਨੇ ਦੀ ਖਰੀਦ ਕੀਤੀ ਗਈ ਹੈ। ਇਸੇ ਤਰ੍ਹਾਂ ਭੰਡਾਲ ਬੇਟ ਅਨਾਜ ਮੰਡੀ ਵਿਖੇ ਪਨਗਰੇਨ ਸਰਕਾਰੀ ਖਰੀਦ ਏਜੰਸੀ ਵੱਲੋਂ 53 760.38 ਕੁਇੰਟਲ, ਮਾਰਕਫੈਡ ਸਰਕਾਰੀ ਖਰੀਦ ਏਜੰਸੀ ਵੱਲੋਂ 47 10.38 ਕੁਇੰਟਲ ਕੁੱਲ ਜੋੜ 100860.75 ਕੁਇੰਟਲ, ਹਮੀਰਾ ਅਨਾਜ ਮੰਡੀ ਵਿਖੇ ਪਨਗਰੇਨ ਵੱਲੋਂ 151580.625 ਕੁਇੰਟਲ, ਪਨਸਪ ਸਰਕਾਰੀ ਖਰੀਦ ਏਜੰਸੀ ਵੱਲੋਂ 10596.750 ਕੁਇੰਟਲ ਕੁੱਲ 25755.375 ਕੁਇੰਟਲ, ਲੱਖਣ ਕੇ ਪੱਡਾ ਖਰੀਦ ਕੇਂਦਰ ਪਨਗਰੇਨ ਵੱਲੋਂ 17513.625 ਕੁਇੰਟਲ, ਰਮੀਦੀ ਖਰੀਦ ਕੇਂਦਰ ਵਿਖੇ ਪਨਸਪ ਵੱਲੋ 2499.00 ਕੁਇੰਟਲ, ਧਾਲੀਵਾਲ ਬੇਟ ਖਰੀਦ ਕੇਂਦਰ ਵਿਖੇ ਪਨਗਰੇਨ ਸਰਕਾਰੀ ਖਰੀਦ ਏਜੰਸੀ ਵੱਲੋਂ 43920.375 ਕੁਇੰਟਲ ਝੋਨੇ ਦੀ ਖਰੀਦ ਕਰਕੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਬਣਦੀ ਫਸਲ ਦੀ ਰਕਮ ਦਾ ਭੁਗਤਾਨ ਵੀ 24 ਘੰਟਿਆਂ ਅੰਦਰ ਕਰ ਦਿੱਤਾ ਗਿਆ। ਮਾਰਕੀਟ ਕਮੇਟੀ ਢਿਲਵਾਂ ਦੇ ਚੇਅਰਮੈਨ ਕੁਲਦੀਪ ਪਾਠਕ, ਸੈਕਟਰੀ ਸੁਖਦੀਪ ਸਿੰਘ , ਲੇਖਾਕਾਰ ਸੁਖਦੇਵ ਸਿੰਘ, ਕਲਰਕ ਕੋਮਲ ਪ੍ਰੀਤ ਸਿੰਘ, ਇੱਕਬਾਲ ਨੇ ਕਿਹਾ ਕਿ ਸਰਕਾਰੀ ਹਦਾਇਤਾਂ ਅਨੁਸਾਰ ਕਿਸਾਨਾਂ ਨੂੰ ਆਪਣੀ ਝੋਨੇ ਦੀ ਫਸਲ ਸੁਕਾ ਕੇ ਤੇ ਸਾਫ ਲਿਆਉਣ ਤਾਂ ਕਿ ਕਿਸਾਨਾਂ ਦੀ ਫਸਲ ਦੀ ਵਿਕਰੀ ਵਿੱਚ ਕੋਈ ਮੁਸ਼ਕਿਲ ਨਾ ਆ ਸਕੇ।



# ਕੰਧਾਲਾ ਜੱਟਾਂ ਵਿਖੇ ਵਿਧਾਇਕ ਨੇ ਰੱਖਿਆ ਪੰਚਾਇਤ ਘਰ ਦਾ ਨੀਂਹ ਪੱਥਰ



**ਅੱਡਾ ਸਰਾਂ (ਜਸਵੀਰ ਕਾਜਲ)**-ਸੂਬੇ ਵਿੱਚ ਮੌਜੂਦਾ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਸੂਬੇ ਨੂੰ ਖੁਸ਼ਹਾਲ ਬਣਾਉਣ ਲਈ ਸੂਬੇ ਅੰਦਰ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ ਤੇ ਨੇਪਰੇ ਚਾੜਿਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਟਾਂਡਾ ਦੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਪਿੰਡ ਕੰਧਾਲਾ ਜੱਟਾਂ ਵਿਖੇ 25 ਲੱਖ ਰੁ. ਦੀ ਲਾਗਤ ਨਾਲ ਨਵੇਂ ਬਣਨ ਜਾ ਰਿਹਾ ਪੰਚਾਇਤ ਘਰ ਦਾ ਉਦਾਘਟਨ ਕਰਨ ਉਪਰੰਤ ਕੀਤਾ ਅਤੇ ਹਲਕਾ ਵਿਧਾਇਕ ਰਾਜਾ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਵਲੋਂ ਸੂਬੇ ਦੇ ਲੋਕਾਂ ਨੂੰ ਮਿਆਰੀ ਅਤੇ ਵਿਧੀਆਂ ਸਹੂਲਤਾਂ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਸਰਕਾਰ ਦਾ ਟੀਚਾ ਪਿਡਾਂ ਤੋਂ ਲੈ ਕੇ ਸ਼ਹਿਰਾਂ ਤਕ ਬਰਾਬਰ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਇਸ ਮੌਕੇ ਸੰਗਠਨ ਇਨਚਾਰਜ ਕੇਸ਼ਵ ਸੈਣੀ, ਸਰਪੰਚ ਸੁਖਵਿੰਦਰ ਜੀਤ ਸਿੰਘ ਝਾਵਰ, ਸਰਪੰਚ ਹਰਦੀਪ ਕੋਰ ਕੰਧਾਲਾ ਜੱਟਾਂ, ਪੰਚ ਸੁਚਾ ਸਿੰਘ, ਨੰਬਰਦਾਰ, ਪੰਚ ਤਰਸੇਮ ਸਿਘ, ਪੰਚ ਬਲਦੇਵ ਸਿੰਘ, ਪੰਚ ਦਰਸ਼ਨ ਕੋਰ, ਕੁਲਵੰਤ ਸਿੰਘ, ਮਨਜੀਤ ਸਿੰਘ ਧਾਲੀਵਾਲ, ਪਰਦੀਪ ਸਿੰਘ, ਜਗਜੀਤ ਸਿੰਘ ਲਾਡਾ, ਮਨਜੀਤ ਸਿੰਘ ਸੇਕਟਰੀ, ਸੁਖਜੀਤ ਸਿੰਘ, ਬਾਬਾ ਮੋਹਣ ਸਿੰਘ, ਮਨਦੀਪ ਸਿੰਘ ਮੰਨਾ ਆਦਿ ਨਗਰ ਨਿਵਾਸੀ ਹਾਜ਼ਰ ਸਨ।

# ਖ਼ੂਨਦਾਨ ਕੈਂਪ ਆਯੋਜਿਤ



**ਚੰਡੀ.ਗੜ੍ਹ (ਗੁਰਜੀਤ ਬਿੱਲਾ)**- ਅਵਤਾਰ ਐਜੂਕੇਸ਼ਨਲ ਟਰੱਸਟ ਅਤੇ ਹਰ-ਜੀ ਫਾਉਂਡੇਸ਼ਨ ਵੱਲੋਂ ਸਰਕਾਰੀ ਮਲਟੀ-ਸਪੈਸ਼ਲਿਟੀ ਹਸਪਤਾਲ, ਸੈਕਟਰ 16, ਚੰਡੀਗੜ੍ਹ ਦੇ ਸਹਿਯੋਗ ਨਾਲ ਇੱਕ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ।ਇਸ ਸਮਾਗਮ ਵਿੱਚ ਬਹੁਤ ਸਾਰੇ ਦਾਨੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਇਸ ਪਵਿੱਤਰ ਮੁਹਿੰਮ ਨੂੰ ਸਮਰਪਿਤ ਕੀਤਾ। ਕੈਂਪ ਦਾ ਉਦੇਸ਼ ਸਵੈਚਛਿਕ ਖ਼ੂਨਦਾਨ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਇਕੱਠੇ ਯਤਨਾਂ ਰਾਹੀਂ ਜ਼ਿੰਦਗੀਆਂ ਬਚਾਉਣ ਦੇ ਸੁਨੇਹੇ ਨੂੰ ਪ੍ਰਚਾਰਿਤ ਕਰਨਾ ਸੀ। ਬਲਬੀਰ ਸਿੰਘ ਸਿੱਧੂ, ਸਾਬਕਾ ਸਿਹਤ ਮੰਤਰੀ ਪੰਜਾਬ ਅਤੇ ਮੇਅਰ ਅਮਰਜੀਤ ਸਿੰਘ ਸਿੱਧੂ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਉਨ੍ਹਾਂ ਨੇ ਆਯੋਜਕਾਂ ਦੇ ਸ਼ਲਾਘਾਯੋਗ ਯਤਨਾਂ ਦੀ ਸਰਾਹਨਾ ਕੀਤੀ ਅਤੇ ਸਭ ਨੂੰ ਇਸ ਤਰ੍ਹਾਂ ਦੀਆਂ ਮਨੁੱਖਤਾ ਭਰੀਆਂ ਗਤੀਵਿਧੀਆਂ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ।

# ਚੀਫ ਜਸਟਿਸ ਦਾ ਅਪਮਾਨ ਤੇ ਪੁਲਸ ਦੇ ਉੱਚ ਅਧਿਕਾਰੀ ਨੂੰ ਆਤਮ ਹੱਤਿਆ ਲਈ ਮਜਬੂਰ ਕਰਨਾ ਮੰਦਭਾਗਾ : ਤਲਵਿੰਦਰ

**ਜੇਜੋਂ ਦੋਆਬਾ/ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ/ਸ.ਫਰੀ)**

ਸਰਵ ਉੱਚ ਅਦਾਲਤ ਦੇ ਮੁੱਖ ਜੱਜ ਤੇ ਇਕ ਰਾਕੇਸ਼ ਕੁਮਾਰ ਨਾਂ ਦਾ ਵਕੀਲ ਜੁੱਤੀ ਸੁੱਟਣ ਦਾ ਕਾਰਾ ਬਗੈਰ ਹਕੂਮਤੀ ਸ਼ਹਿ ਤੋਂ ਕਦੇ ਨਹੀਂ ਕਰ ਸਕਦਾ। ਉਸ ਤੋਂ ਵੀ ਭੈੜੀ ਗੱਲ ਨਾ ਉਸ ਨੇ ਜਨਤਕ ਤੌਰ ਤੇ ਮੁਆਫੀ ਮੰਗੀ ਨਾ ਹੀ ਦਿੱਲੀ ਪੁਲਿਸ ਨੇ ਉਸ ਵਿਰੁੱਧ ਕੇਸ ਦਰਜ ਕਰਨ ਦਾ ਹੌਂਸਲਾ ਕੀਤਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਭਾਕਿਯੂ ਏਕਤਾ ਉਗਰਾਹਾਂ ਹੁਸ਼ਿਆਰਪੁਰ ਦੇ ਪ੍ਰਚਾਰ ਸਕੱਤਰ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਉਂਝ ਦੇਸ਼ ਦੀਆਂ ਓਲੰਪੀਅਨ ਪਹਿਲਵਾਨ ਧੀਆਂ ਨੂੰ ਇਨਸਾਫ਼ ਦੇਣ ਦੀ ਥਾਂ ਸੜਕਾਂ ਤੇ ਘੜੀਸਣ ਤੇ ਬੇਇੱਜ਼ਤ ਕਰਨ ਵਾਲੀ ਦਿੱਲੀ ਪੁਲਸ ਨੇ ਕੁੱਝ ਵੀ ਨਹੀਂ ਕੀਤਾ। ਦੋ ਧੀਆਂ ਦੇ ਪਿਤਾ ਏ ਡੀ ਜੀ ਪੀ ਵਾਈ ਪੂਰਨ ਕੁਮਾਰ ਨੂੰ ਕਿਸ ਹੱਦ ਤੱਕ ਜ਼ਲੀਲ ਕੀਤਾ ਗਿਆ ਹੋਵੇਗਾ ਕਿ ਉਸ ਨੇ ਮੌਤ ਨੂੰ ਗਲੇ ਲਗਾ ਲਿਆ। ਹੁਣ ਉਨਾਂ ਦੀ ਵਿਧਵਾ ਪਤਨੀ ਅਮਨੀਤ ਪੀ ਕੁਮਾਰ ਨੂੰ ਜੋ ਖੁਦ ਆਈ ਏ ਐਸ ਅਧਿਕਾਰੀ ਹਨ ਦੋਸ਼ੀਆਂ ਖਿਲਾਫ਼ ਕਾਰਵਾਈ ਕਰਵਾਉਣ ਲਈ ਜੱਦੋ ਜਹਿਦ ਕਰ ਰਹੀ ਹੈ। ਇਹ ਦੋਨੋਂ ਘਿਨਾਉਣੇ ਕਾਰੇ ਅਤਿਅੰਤ ਮੰਦਭਾਗੇ, ਸ਼ਰਮਨਾਕ,ਚਿੰਤਾਜਨਕ, ਨਿੰਦਣਯੋਗ ਤੇ ਭਵਿੱਖ ਲਈ ਗੰਭੀਰ ਖ਼ਤਰੇ ਦੀ ਨਿਸ਼ਾਨੀ ਹਨ। ਇਸ ਲਈ ਦੇਸ਼ ਦੇ ਇਨਸਾਫ਼ਪਸੰਦ ਲੋਕਾਂ ਨੂੰ ਦੋਸ਼ੀ ਵਕੀਲ ਰਾਕੇਸ਼ ਕੁਮਾਰ ਤੇ ਏ ਡੀ ਜੀ ਪੀ ਵਾਈ ਪੂਰਨ ਕੁਮਾਰ ਦੇ ਕਾਤਲਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿਵਾਉਣ ਲਈ ਸੰਘਰਸ਼ ਕਰਨਾ ਪਵੇਗਾ। ਇਸ ਮੌਕੇ ਸਰਪੰਚ ਬਲਵਿੰਦਰ ਕੁਮਾਰ ਬੱਬੂ, ਭਗਵਾਨ ਵਾਲਮੀਕਿ ਸਭਾ ਦੇ ਪ੍ਰਧਾਨ ਤੇ ਕੌਂਸਲਰ ਬਲਵਿੰਦਰ ਮਰਵਾਹਾ, ਸੁਰਿੰਦਰ ਕੁਮਾਰ, ਸਾਬਕਾ ਕੌਂਸਲਰ ਸੀਤਾ ਰਾਮ, ਹੈਪੀ ਮਾਹਿਲਪੁਰ, ਮਨੂ ਭਾਰਗਵ, ਮਲਕੀਤ ਸਿੰਘ ਬਾਹੋਵਾਲ, ਹੈਪੀ ਸਿੰਘ, ਰਾਜਾ ਪਥਰਾਲਾ, ਮਨੀ ਮਾਹਿਲਪੁਰ ਤੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਹਾਜ਼ਰ ਸਨ।



# ਮਨੂੰਵਾਦੀ ਸੋਚ ਖਿਲਾਫ਼ ਰੋਸ ਪ੍ਰਗਟਾਉਣ ਲਈ ਭਲਕੇ ਪੁਤਲੇ ਫੂਕ ਮੁਜ਼ਾਹਰੇ ਕੀਤੇ ਜਾਣਗੇ : ਪਾਸਲਾ

**ਜਲੰਧਰ (ਕੇਸਰ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਅਤੇ ਮਾਰਕਸਿਸਟ ਕਮਿਊਨਿਸਟ ਪਾਰਟੀ ਆਫ ਇੰਡੀਆ-ਯੂਨਾਇਟਡ (ਐਮ.ਸੀ.ਪੀ.ਆਈ.- ਯੂ.) 'ਤੇ ਆਧਾਰਿਤ 'ਕਮਿਊਨਿਸਟ ਕੋ-ਆਰਡੀਨੇਸ਼ਨ ਕਮੇਟੀ' (ਸੀ.ਸੀ.ਸੀ.) ਵਲੋਂ ਜਾਤੀਵਾਦੀ ਤੇ ਲਿੰਗਕ ਜਬਰ ਤੇ ਵਿਤਕਰੇ ਨੂੰ ਸੰਸਥਾਗਤ ਰੂਪ ਦੇਣ ਵਾਲੀ ਮਨੂੰਵਾਦੀ-ਹਿੰਦੂਤਵੀ ਸੋਚ ਖਿਲਾਫ਼ ਰੋਸ ਪ੍ਰਗਟਾਉਣ ਲਈ ਆਉਣ ਵਾਲੀ 15 ਅਕਤੂਬਰ ਨੂੰ ਪਿੰਡਾਂ/ ਸ਼ਹਿਰਾਂ ਅੰਦਰ ਪੁਤਲੇ ਫੂਕ ਮੁਜ਼ਾਹਰੇ ਕੀਤੇ ਜਾਣਗੇ। ਇਹ ਫੈਸਲਾ ਗਣੇਸ਼ਾਪੁਰੀ, ਜ਼ਿਲ੍ਹਾ ਥਾਣੇ (ਮਹਾਰਾਸ਼ਟਰਾ) ਵਿਖੇ ਹੋਈ ਦੋਨਾਂ ਪਾਰਟੀਆਂ ਦੀਆਂ ਕੇਂਦਰੀ ਕਮੇਟੀਆਂ ਦੀ ਸਾਂਝੀ ਮੀਟਿੰਗ ਵਲੋਂ ਲਿਆ ਗਿਆ ਹੈ। ਕਾਮਰੇਡ ਮੰਗਤ ਰਾਮ ਪਾਸਲਾ, ਜਨਰਲ ਸਕੱਤਰ ਆਰ.ਐਮ.ਪੀ.ਆਈ. ਤੇ ਕਾਮਰੇਡ ਐਮ. ਅਸ਼ੋਕ ਓਮਕਾਰ, ਜਨਰਲ ਸਕੱਤਰ ਐਮ.ਸੀ.ਪੀ.ਆਈ. -ਯੂ. ਨੇ 12 ਅਕਤੂਬਰ ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਉਕਤ ਜਾਣਕਾਰੀ ਦਿੱਤੀ ਹੈ। ਪਾਸਲਾ ਅਤੇ ਅਸ਼ੋਕ ਨੇ ਦੱਸਿਆ ਹੈ ਕਿ ਉਕਤ ਰੋਸ ਪ੍ਰਦਰਸ਼ਨਾਂ ਦੌਰਾਨ ਸਮਾਜਿਕ ਨਿਆਂ ਦੀ ਪ੍ਰਾਪਤੀ ਅਤੇ ਇਸਤਰੀਆਂ ਦੇ ਸਵੈਮਾਨ ਦੀ ਰਾਖੀ ਲਈ ਤੇ ਦਲਿਤਾਂ-ਔਰਤਾਂ ਖਿਲਾਫ਼ ਦੇਸ਼ ਭਰ 'ਚ ਵਧ ਰਹੇ ਜ਼ੁਲਮਾਂ ਤੇ ਵਿਤਕਰਿਆਂ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਨਾਲ ਜੁੜੇ ਇਕ ਸ਼ਖਸ ਵਲੋਂ ਭਾਰਤ ਦੀ ਸਰਵ ਉੱਚ ਅਦਾਲਤ ਦੇ ਮੁੱਖ ਜੱਜ ਵੱਲ ਜੁੱਤੀ ਵਗਾਹ ਕੇ ਮਾਰਨ ਤੇ ਹਰਿਆਣਾ ਵਿਖੇ ਅਖੌਤੀ ਉੱਚ ਜਾਤੀ ਨਾਲ ਸਬੰਧਤ ਅਧਿਕਾਰੀਆਂ ਦੇ ਜਾਤੀ ਸੂਚਕ ਵਿਵਹਾਰ ਤੋਂ ਤੰਗ ਆਏ ਦਲਿਤ ਆਈ.ਪੀ.ਐਸ. ਅਧਿਕਾਰੀ ਵਲੋਂ ਖੁਦਕਸ਼ੀ ਕਰਨ ਨੂੰ ਸਾਧਾਰਨ ਜ਼ੁਰਮ ਸਮਝਣ ਦੀ ਭੁੱਲ ਨਹੀਂ ਕਰਨੀ ਚਾਹੀਦੀ। ਇਵੇਂ ਹੀ ਤਾਲਿਬਾਨ ਨੁਮਾਇੰਦਿਆਂ ਦੀ ਪੱਤਰਕਾਰ ਵਾਰਤਾ 'ਚ ਮਹਿਲਾ ਨਾਮਾਨਿਗਾਰ ਨੂੰ ਦਾਖ਼ਲ ਨਾ ਹੋਣ ਦੇਣ ਤੇ ਭਾਰਤ ਦੀ ਮੋਦੀ ਸਰਕਾਰ ਵਲੋਂ ਇਸ ਵਤੀਰੇ ਦਾ ਬਣਦਾ ਪ੍ਰਤੀਕਾਰ ਨਾ ਕਰਨਾ ਵੀ ਕੋਈ ਮਾਮੂਲੀ ਘਟਣਾ ਨਹੀਂ।

# ਕੰਗ ਨੇ ਬਲਾਚੌਰ ਦੇ ਪਰਵਾਰਾਂ ਦੇ ਜੀਆਂ ਦੀ ਮੌਤ 'ਤੇ ਕੀਤਾ ਅਫਸੋਸ ਦਾ ਪ੍ਰਗਟਾਵਾ



**ਬਲਾਚੌਰ (ਜਸਵਿੰਦਰ ਬੈਂਸ)**

ਮਲਵਿੰਦਰ ਸਿੰਘ ਕੰਗ ਮਾਨਯੋਗ ਮੈਂਬਰ ਪਾਰਲੀਮੈਂਟ ਸ੍ਰੀ ਅਨੰਦਪੁਰ ਸਾਹਿਬ ਨੇ ਤੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਹਲਕਾ ਬਲਾਚੌਰ ਦੇ ਪਿੰਡ ਮਨਸੇਵਾਲ ਤੋ ਮਹਰੂਮ ਨੇਤਾ ਪ੍ਰੇਮ ਚੰਦ ਭੀਮਾ, ਪਿੰਡ ਜੋਗੇਵਾਲ ਤੋਂ ਰਾਮ ਧੰਨ ਤੇ ਜਵਾਈ ਸਵ: ਸਰਪੰਚ ਗੁਰਮੀਤ ਚੰਦ ,ਪਿੰਡ ਖੀਵੇਵਾਲ ਤੋਂ ਸਵ: ਸ੍ਰੀ ਰੋਸ਼ਨ ਲਾਲ,ਪਿੰਡ ਟਕਰਲਾ ਤੋ ਸਰਪੰਚ ਗੁਰਮੀਤ ਚੰਦ, ਸਾਬਕਾ ਚੇਅਰਮੈਨ ਜੋਗਿੰਦਰ ਪਾਲ ਅਤੇ ਸਵ: ਬਲਵੀਰ ਚੰਦ ਦੇ ਅਕਾਲ ਚਲਾਣੇ 'ਤੇ ਪਰਵਾਰਿਕ ਮੈਂਬਰਾਂ ਨਾਲ ਮਿਲ ਕੇ ਦੁੱਖ ਸਾਂਝਾ ਕੀਤਾ ਤੇ ਨਾਲ ਹੀ ਹਲਕਾ ਬਲਾਚੌਰ ਦੇ ਪਿੰਡ ਬਾਗੋਵਾਲ ਤੋ ਸਾਬਕਾ ਸਰਪੰਚ ਬਾਲ ਕਿਸ਼ਨ ਦੇ ਅਕਾਲ ਚਲਾਣਾ ਕਰ ਜਾਣ ਉੱਤੇ ਉਨ੍ਹਾਂ ਦੇ ਪਰਵਾਰਿਕ ਮੈਂਬਰਾਂ ਨਾਲ ਘਰ ਜਾ ਕੇ ਦੁੱਖ ਸਾਂਝਾ ਕੀਤਾ। ਇਸ ਮੌਕੇ ਸ: ਮਲਵਿੰਦਰ ਸਿੰਘ ਕੰਗ ਮਾਨਯੋਗ ਮੈਂਬਰ ਪਾਰਲੀਮੈਂਟ ਸ੍ਰੀ ਅਨੰਦਪੁਰ ਸਾਹਿਬ ਨੇ ਕਿਹਾ ਕਿ ਭਗਵਾਨ ਵਿਛੜੀ ਆਤਮਾ ਨੂੰ ਸ਼ਾਂਤੀ ਦੇਵੇ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਉਹਨਾਂ ਨੇ ਪਰਵਾਰਾਂ ਨੂੰ ਭਰੋਸਾ ਦਿੱਤਾ ਕਿ ਉਹ ਹਰ ਸਮੇਂ ਉਹਨਾਂ ਦੇ ਨਾਲ ਰਹਿਣਗੇ। ਇਸ ਮੌਕੇ ਅਸ਼ੋਕ ਕਟਾਰੀਆ ਸੀਨੀਅਰ ਨੇਤਾ ਆਮ ਆਦਮੀ ਪਾਰਟੀ ਨੇ ਵੀ ਦੁਖੀ ਪਰਿਵਾਰਾਂ ਨਾਲ ਸੰਵੇਦਨਾ ਪ੍ਰਗਟ ਕੀਤੀ ਤੇ ਕਿਹਾ ਕਿ ਕੋਈ ਵੀ ਇਹਨਾਂ ਪਰਿਵਾਰਾਂ ਨੂੰ ਸਮੱਸਿਆ ਹੋਵੇ ਤਾਂ ਨਿਸੰਕੋਚ ਸਾਡੇ ਬਲਾਚੌਰ ਵਿਧਾਇਕ ਦਫਤਰ ਵਿਖੇ ਸੰਪਰਕ ਕਰ ਸਕਦਾ ਹੈ। ਇਸ ਮੌਕੇ ਅਸ਼ੋਕ ਕਟਾਰੀਆ, ਚੇਅਰਮੈਨ ਮਨਜੀਤ ਸਿੰਘ ਘੁੰਮਣ ਚੇਅਰਮੈਨ ਸੈਨਿਕ ਭਲਾਈ ਬੋਰਡ ਪੰਜਾਬ,ਪ੍ਰਧਾਨ ਲਾਡੀ ਰਾਣਾ, ਸੇਠੀ ਉਧਨਵਾਲ ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ, ਬਲਦੇਵ ਰਾਜ ਮੈਂਬਰ ਗੁੱਜਰ ਵੈਲਫੇਅਰ ਬੋਰਡ,ਬਿੱਟੂ ਰਾਣਾ ਐਮ ਸੀ, ਰਨਵੀਰ ਸਿੰਘ ਬਲਾਕ ਪ੍ਰਧਾਨ ਬਲਾਚੌਰ ਆਦਿ ਵਲੰਟੀਅਰ ਮੌਜੂਦ ਰਹੇ।

## ਪਹਿਲੇ ਦਿਨ 383 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸੀਨੀਅਰ ਮੈਡੀਕਲ ਅਫਸਰ ਰਾਮਪੁਰਾ ਫੂਲ ਡਾ. ਗੁਰਪ੍ਰੀਤ ਸਿੰਘ ਮਾਹਿਲ ਦੀ ਅਗਵਾਈ ਵਿੱਚ ਡਾਕਟਰ ਵਿਕਰਮਜੀਤ ਸਿੰਘ ਮੈਡੀਕਲ ਅਫਸਰ ਤੇ ਨੋਡਲ ਅਫਸਰ ਡਾ. ਅਸ਼ੀਸ਼ ਬਜਾਜ ਦੀ ਦੇਖ-ਰੇਖ ਹੇਠ ਸਭ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੇ ਪਹਿਲੇ ਦਿਨ 383 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ।ਇਸ ਮੌਕੇ ਨੋਡਲ ਅਫਸਰ ਡਾ. ਅਸ਼ੀਸ਼ ਬਜਾਜ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਿਵਲ ਹਸਪਤਾਲ ਰਾਮਪੁਰਾ ਫੂਲ ਅਧੀਨ ਆਉਂਦੇ ਏਰੀਏ ਨੂੰ ਕਵਰ ਕਰਨ ਲਈ ਅੱਜ ਪਹਿਲੇ ਦਿਨ 10 ਬੂਥ ਤੇ ਇੱਕ ਮੁਬਾਇਲ ਟੀਮ ਦਾ ਗਠਨ ਕੀਤਾ ਗਿਆ, ਜਿੱਥੇ ਸਿਹਤ ਕਰਮਚਾਰੀਆਂ ਵੱਲੋਂ ਪੰਜ ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਗਈਆਂ।ਉਨ੍ਹਾਂ ਦੱਸਿਆ ਕਿ ਬਾਕੀ ਰਹਿੰਦੇ ਬੱਚਿਆਂ ਨੂੰ ਪੋਲੀਓ ਖੁਰਾਕ ਦੇਣ ਲਈ ਅਗਲੇ ਦੋ ਦਿਨ ਟੀਮਾਂ ਘਰਾਂ ਵਿੱਚ ਜਾਣਗੀਆਂ ਤਾਂ ਜ ਇੱਕ ਵੀ ਬੱਚਾ ਪੋਲੀਓ ਖੁਰਾਕ ਤੋਂ ਵਾਂਝਾ ਨਾ ਰਹੇ।ਸਿਹਤ ਟੀਮਾਂ ਦੀ ਸੁਪਰਵੀਜ਼ਨ ਲਈ ਦੋ ਸੁਪਰਵਾਈਜ਼ਰ ਵੀ ਲਗਾਏ ਗਏ ਹਨ।

## ਕੰਵਰਦੀਪ ਸਿੰਘ ਜੱਗੀ ਦੂਸਰੀ ਵਾਰ ਸ਼੍ਰੋ.ਅ.ਦ. ਯੂਥ ਵਿੰਗ ਕੋਰ ਕਮੇਟੀ ਦੇ ਮੈਂਬਰ ਨਿਯੁਕਤ



ਦੋਰਾਹਾ (ਹਰਮਿਦਰ ਸੇਠ)-ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਯੂਥ ਵਿੰਗ ਦੇ ਜਥੇਬੰਦਕ ਢਾਂਚੇ ਦੀ ਦੂਜੀ ਸੂਚੀ ਜਾਰੀ ਕੀਤੀ, ਜਿਸ ਤਹਿਤ ਹਲਕਾ ਪਾਇਲ ਤੋਂ ਸ਼ਹਿਰ ਦੋਰਾਹਾ ਦੇ ਨੌਜਵਾਨ ਟਕਸਾਲੀ ਯੂਥ ਆਗੂ ਸ. ਕੰਵਰਦੀਪ ਸਿੰਘ ਜੱਗੀ ਨੂੰ ਲਗਾਤਾਰ ਦੂਸਰੀ ਵਾਰ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਵਿੱਚ ਕੋਰ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ 'ਤੇ ਸ. ਕੰਵਰਦੀਪ ਸਿੰਘ ਜੱਗੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਬੰਟੀ ਰੋਮਾਣਾ, ਪ੍ਰਭਜੋਤ ਸਿੰਘ ਧਾਲੀਵਾਲ ਮੁੱਖ ਬੁਲਾਰਾ ਯੂਥ ਅਕਾਲੀ ਦਲ, ਹਲਕਾ ਪਾਇਲ ਤੋਂ ਜਥੇਦਾਰ ਮਨਜੀਤ ਸਿੰਘ ਮਦਨੀਪੁਰ, ਹਲਕਾ ਇੰਚਾਰਜ ਸ਼੍ਰੋ.ਅ.ਦ. ਪਾਇਲ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਮਿਲੀ ਹੋਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

## ਰਾਮਗੜ੍ਹੀਆ ਵੈੱਲਫੇਅਰ ਸੁਸਾਇਟੀ ਵੱਲੋਂ ਵਿਸ਼ਵਕਰਮਾ ਦਿਵਸ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



ਮੋਗਾ (ਇਕਬਾਲ ਸਿੰਘ ਖਹਿਰਾ)-ਰਾਮਗੜ੍ਹੀਆ ਵੈੱਲਫੇਅਰ ਸੁਸਾਇਟੀ ਵੱਲੋਂ ਸ੍ਰਿਸ਼ਟੀ ਤੇ ਕਲਾ ਦੇ ਨਿਰਮਾਤਾ ਸ੍ਰੀ ਵਿਸ਼ਵਕਰਮਾ ਜੀ ਦਾ ਜਨਮ ਦਿਨ ਮਨਾਉਣ ਲਈ ਸਮੂਹ ਜਥੇਬੰਦੀਆਂ ਨੂੰ ਸ਼ਾਮਲ ਕੀਤਾ ਜਾਵੇਗਾ ਤੇ ਪ੍ਰਸ਼ਾਸਨ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਦੇ ਸਾਹਮਣੇ ਵਿਸ਼ਵਕਰਮਾ ਭਵਨ ਵਿਖੇ 22 ਅਕਤੂਬਰ ਨੂੰ ਮਨਾਇਆ ਜਾਵੇਗਾ।ਵਿਸ਼ਵਕਰਮਾ ਭਵਨ ਵਿਖੇ ਇਸ ਸਬੰਧੀ ਰਾਮਗੜ੍ਹੀਆ ਵੈੱਲਫੇਅਰ ਸੁਸਾਇਟੀ ਦੀ ਵਿਸ਼ੇਸ਼ ਮੀਟਿੰਗ ਹਰਮੇਲ ਸਿੰਘ ਡਰੋਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੋਹਣ ਸਿੰਘ ਸੱਗੂ, ਰਾਜਾ ਸਿੰਘ ਭਾਰਤ ਵਾਲੇ, ਮਾਸਟਰ ਇੰਦਰਜੀਤ ਸਿੰਘ, ਚਮਕੌਰ ਸਿੰਘ ਮੈਂਗੋਆਣਾ ਸਾਰੇ ਸਾਬਕਾ ਪ੍ਰਧਾਨ ਤੇ ਵੱਖ ਵੱਖ ਮੈਂਬਰ ਸ਼ਾਮਲ ਸਨ।ਮੀਟਿੰਗ ਵਿੱਚ ਸੰਗਤਾਂ ਨੂੰ ਸ਼ਾਮਲ ਹੋਣ ਲਈ ਸੱਦਾ ਪੱਤਰ ਵੰਡਣ ਲਈ ਕਮੇਟੀਆਂ ਬਣਾਈਆਂ ਗਈਆਂ ਤੇ ਸੱਦਾ ਪੱਤਰ ਜਾਰੀ ਕੀਤਾ ਗਿਆ। ਇਸ ਮੀਟਿੰਗ ਵਿੱਚ ਗੁਰਭਜਨ ਸਿੰਘ ਸਨਿਆਸੀ, ਗੁਰਪ੍ਰੀਤ ਸਿੰਘ ਚੀਮਾ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਗੁਰਬਖਸ਼ ਸਿੰਘ ਟਿੰਟੂ, ਚਰਨਜੀਤ ਸਿੰਘ ਝਾਮਟ ਮੈਂਬਰਾਂ ਨੇ ਵਿਸ਼ਵਕਰਮਾ ਦਿਵਸ ਮਨਾਉਣ ਸਬੰਧੀ ਸੁਝਾਅ ਦਿੱਤੇ।ਇਸ ਮੌਕੇ ਸ਼ਾਮਲ ਹੋਣ ਲਈ ਸਾਰੀਆਂ ਸਿਆਸੀ ਪਾਰਟੀਆਂ ਦੇ ਵਿਸ਼ੇਸ਼ ਮਹਿਮਾਨਾਂ ਨੂੰ ਸੱਦਾ ਦਿੱਤਾ ਜਾਵੇਗਾ, ਜਿਸ 'ਚ ਡਾਕਟਰ ਅਮਨਦੀਪ ਕੌਰ ਅਰੋੜਾ ਐੱਮ ਐੱਲ ਏ ਮੋਗਾ ਮੁੱਖ ਮਹਿਮਾਨ ਸ. ਬਲਜੀਤ ਸਿੰਘ ਚਾਨੀ ਮੇਅਰ ਨਗਰ ਨਿਗਮ ਮੋਗਾ, ਡਾ. ਹਰਜੋਤ ਕਮਲ ਸਾਬਕਾ ਵਧਾਇਕ, ਸ੍ਰੀਮਤੀ ਮਾਲਵਿਕਾ ਸੂਦ ਸੱਚਰ, ਜੋਗਿੰਦਰ ਸਿੰਘ (ਸੋਨੀ ਗਿੱਲ), ਬਲਜਿੰਦਰ ਸਿੰਘ ਬਰਾੜ (ਮੱਖਣ) ਤੇ ਰਜਿੰਦਰ ਸਿੰਘ ਡੱਲਾ ਵਿਸ਼ੇਸ਼ ਮਹਿਮਾਨ ਹੋਣਗੇ।ਮੀਟਿੰਗ ਵਿੱਚ ਬਚਿੱਤਰ ਸਿੰਘ ਕਲਸੀ, ਦਲਜੀਤ ਸਿੰਘ, ਮਹਿੰਦਰ ਸਿੰਘ ਕਲਸੀ, ਪਰਮਜੀਤ ਸਿੰਘ ਮੁੰਡੇ, ਕੇਵਲ ਸਿੰਘ, ਜਸਵੀਰ ਸਿੰਘ, ਜੋਗਿੰਦਰ ਸਿੰਘ, ਗੁਰਸੇਵਕ ਸਿੰਘ, ਪੂਰਨ ਭਾਰਤ ਸਿੰਘ, ਮੇਜਰ ਸਿੰਘ, ਹਾਕਮ ਸਿੰਘ ਖੋਸਾ, ਚਮਕੌਰ ਸਿੰਘ ਮੁੱਖ ਗਰੰਥੀ ਆਦਿ ਸ਼ਾਮਲ ਸਨ।

## 5 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਪਿਲਾਈਆਂ ਜਾਣਗੀਆਂ ਪੋਲੀਓ ਰੋਕੂ ਬੂੰਦਾਂ : ਡਾ. ਗੁਰਤੇਜਿੰਦਰ ਕੌਰ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫਸਰ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਬਲਾਕ ਮਹਿਲ ਕਲਾਂ ਦੇ ਵੱਖ ਵੱਖ ਪਿੰਡਾਂ ਵਿੱਚ 14 ਅਕਤੂਬਰ 2025 ਤੱਕ ਚੱਲਣ ਵਾਲੀ ਕੌਮੀ ਪਲਸ ਪੋਲੀਓ ਮੁਹਿੰਮ ਦੀ ਸਫਲਤਾਪੂਰਵਕ ਸ਼ੁਰੂਆਤ ਕੀਤੀ ਗਈ।ਇਸ ਮੌਕੇ ਡਾ. ਗੁਰਤੇਜਿੰਦਰ ਕੌਰ ਨੇ ਕਿਹਾ ਕਿ ਬਲਾਕ ਮਹਿਲ ਕਲਾਂ ਅਧੀਨ 5 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਜਾਣਗੀਆਂ।ਹਾਲਾਂਕਿ ਭਾਰਤ ਨੂੰ ਪਹਿਲਾਂ ਹੀ ਪੋਲੀਓ ਮੁਕਤ ਦੇਸ਼ ਘੋਸ਼ਿਤ ਕਰ ਦਿੱਤਾ ਗਿਆ ਹੈ, ਪਰ ਪਾਕਿਸਤਾਨ ਤੇ ਅਫ਼ਗਾਨਿਸਤਾਨ ਵਿੱਚ ਅਜੇ ਵੀ ਪੋਲੀਓ ਦੇ ਮਾਮਲੇ ਆ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਲਈ ਅਹਿਤਿਆਤ ਵਜੋਂ ਭਾਰਤ ਵਿੱਚ ਪਲਸ ਪੋਲੀਓ ਮੁਹਿੰਮ ਚਲਾਈ ਜਾ ਰਹੀ ਹੈ।ਇਸ ਮੌਕੇ ਬਲਾਕ ਐਜੂਕੇਟਰ ਸ਼ਿਵਾਨੀ ਨੇ ਕਿਹਾ ਕਿ ਬਲਾਕ ਅਧੀਨ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣ ਲਈ ਸਿਹਤ ਵਿਭਾਗ ਮਹਿਲ ਕਲਾਂ ਵੱਲੋਂ ਅੱਜ ਵੱਖ ਵੱਖ ਪਿੰਡਾਂ ਵਿੱਚ 38 ਬੂਥ ਲਗਾਏ ਗਏ ਹਨ, 13 ਤੇ 14 ਅਕਤੂਬਰ ਨੂੰ ਘਰ ਘਰ ਜਾ ਕੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੌਰਾਨ ਸ਼ੈਲਰ ਏਰੀਆ, ਝੁੱਗੀਆਂ-ਝੌਂਪੜੀਆਂ, ਭੱਠੇ ਤੇ ਉਸਾਰੀ ਅਧੀਨ ਇਮਾਰਤਾਂ 'ਤੇ ਰਹਿ ਰਹੀ ਆਬਾਦੀ ਦੇ ਬੱਚਿਆਂ ਨੂੰ ਵੀ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ।ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਇਨ੍ਹਾਂ ਬੱਚਿਆਂ ਦੀ ਪਹਿਲਾਂ ਤੋਂ ਹੀ ਸ਼ਨਾਖ਼ਤ ਕਰ ਲਈ ਗਈ ਹੈ।

## ਸਾਹਿਤ ਸਭਾ ਜਲਾਲਾਬਾਦ ਦੀ ਪਲੇਠੀ ਮੀਟਿੰਗ ਯਾਦਗਾਰੀ ਹੋ ਨਿੱਬੜੀ



ਮੰਡੀ ਘੁਬਾਇਆ (ਬਲਵਿੰਦਰ ਸਿੰਘ)-ਸਾਹਿਤ ਸਭਾ ਰਜਿ: ਜਲਾਲਾਬਾਦ ਦੀ ਪਿਛਲੇ ਦਿਨੀਂ ਚੋਣ ਕੀਤੀ ਗਈ ਸੀ, ਜਿਸ ਵਿੱਚ ਐਡਵੋਕੇਟ ਸੰਦੀਪ ਝਾਂਬ ਨੂੰ ਸਰਬ ਸੰਮਤੀ ਨਾਲ ਸਭਾ ਦਾ ਪ੍ਰਧਾਨ ਚੁਣਿਆ ਗਿਆ ਸੀ।ਅੱਜ ਉਨ੍ਹਾਂ ਦੀ ਪ੍ਰਧਾਨਗੀ ਹੇਠ ਜਲਾਲਾਬਾਦ ਦੇ ਐਡਵੋਕੇਟ ਕਾਲਜ ਵਿਖੇ ਸਾਹਿਤ ਸਭਾ ਦੀ ਪਲੇਠੀ ਮੀਟਿੰਗ ਕੀਤੀ ਗਈ, ਜਿਸ ਵਿੱਚ ਸਾਹਿਤ ਸਭਾ ਦੇ ਪ੍ਰਧਾਨ ਸੰਦੀਪ ਝਾਂਬ ਨੇ ਮੀਟਿੰਗ ਵਿੱਚ ਪਹੁੰਚੇ ਸਾਰੇ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ।ਉਨ੍ਹਾਂ ਨੇ ਸਾਲ ਭਰ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਪ੍ਰਤੀ ਜਾਣੂ ਕਰਵਾਉਂਦਿਆਂ ਦੱਸਿਆ ਕਿ ਇਸ ਸਾਲ ਵੀ ਉੱਥੇ ਚੋਟੀ ਦੇ ਸਾਹਿਤਕਾਰਾਂ ਨੂੰ ਬੁਲਾ ਕੇ ਰੁਬਰੂ ਕੀਤਾ ਜਾਵੇਗਾ।ਸਟੇਜ ਦੀ ਭੂਮਿਕਾ ਸਭਾ ਦੀ ਸਕੱਤਰ ਹਰਸ਼ਦੀਪ ਕੌਰ ਬੱਧਵਾਰ ਵੱਲੋਂ ਬਾਖ਼ੂਬੀ ਨਿਭਾਉਂਦਿਆਂ ਸਭਾ ਤੋਂ ਪਹਿਲਾਂ ਉਨ੍ਹਾਂ ਵੱਲੋਂ ਸ੍ਰੀ ਜਪੁਜੀ ਸਾਹਿਬ ਜੀ ਦੇ ਮੂਲ ਮੰਤਰ ਦਾ ਪਾਠ ਕੀਤਾ ਗਿਆ।ਉਨ੍ਹਾਂ ਕਿਹਾ ਕਿ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਪ੍ਰਮਾਤਮਾ ਦਾ ਅਸ਼ੀਰਵਾਦ ਲੈਣਾ ਸਭ ਤੋਂ ਜ਼ਰੂਰੀ ਹੈ।ਉਪਰੰਤ ਉਨ੍ਹਾਂ ਵੱਲੋਂ ਵੱਖ-ਵੱਖ ਸਾਹਿਤਕਾਰਾਂ ਨੂੰ ਮੰਚ 'ਤੇ ਬੁਲਾਉਣ ਤੋਂ ਪਹਿਲਾਂ ਕੀਤੀ ਗਈ ਸ਼ਾਇਰੋ-ਸ਼ਾਇਰੀ ਨੇ ਖੂਬ ਰੰਗ ਬੰਨ੍ਹਿਆ।ਸਾਹਿਤ ਸਭਾ ਦੇ ਮੁੱਖ ਸਲਾਹਕਾਰ ਤੇ ਸਰਪ੍ਰਸਤ ਸੰਤੋਖ ਸਿੰਘ ਬਰਾੜ ਵੱਲੋਂ ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ, ਉਨ੍ਹਾਂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਇਸ ਤਰ੍ਹਾਂ ਦੇ ਗਾਇਕ ਦਾ ਜਹਾਨ ਤੋਂ ਚਲੇ ਜਾਣਾ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।...ਦੋ ਮਿੰਟ ਦਾ ਮੌਨ ਰੱਖ ਕੇ ਉਸ ਦੇ ਲਈ ਅਰਦਾਸ ਕੀਤੀ। ਸਾਹਿਤ ਸਭਾ ਦੀ ਇਸ ਪਲੇਠੀ ਮੀਟਿੰਗ ਵਿੱਚ ਸਾਹਿਤਕਾਰ ਗੋਪਾਲ ਬਜਾਜ, ਪ੍ਰੀਤੀ ਬਬੂਟਾ, ਪ੍ਰਵੇਸ਼ ਖੰਨਾ, ਸਸਕਰਨਜੀਤ ਸਿੰਘ, ਅਮੀਰ ਚੰਦ ਨੰਬਰਦਾਰ, ਊਸ਼ਾ ਝਾਂਬ, ਕੁਲਦੀਪ ਬਰਾੜ, ਸੂਬਾ ਸਿੰਘ ਨੰਬਰਦਾਰ, ਪਰਮਜੀਤ ਸਿੰਘ ਧਮੀਜਾ, ਕੰਵਰ ਜਤਿੰਦਰ ਸਿੰਘ ਬੱਦੀ, ਅਸ਼ੋਕ ਮੋਂਗੀ, ਸਤਨਾਮ ਸਿੰਘ ਮਹਿਮਾ, ਅਮਰੀਕ ਸਿੰਘ ਬੱਧਵਾਰ, ਅਰੰਜ ਮੋਂਗੀ, ਪਰਸ ਝਾਂਬ ਆਦਿ ਹਾਜ਼ਰ ਸਨ।ਸਭਾ ਦੇ ਮੈਂਬਰਾਂ ਨੇ ਮੀਟਿੰਗ ਵਿੱਚ ਆਪਣੀਆਂ ਆਪਣੀਆਂ ਰਚਨਾਵਾਂ ਸੁਣਾਈਆਂ ਤੇ ਇਸ ਤਰ੍ਹਾਂ ਇਹ ਸਾਹਿਤਕ ਮਿਲਣੀ ਯਾਦਗਾਰ ਹੋ ਕੇ ਨਿੱਬੜੀ।

## ਚੈੱਕ ਬਾਊਂਸ 'ਤੇ ਅਦਾਲਤ ਨੇ ਸਜ਼ਾ ਸੁਣਾਈ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਚੈੱਕ ਬਾਊਂਸ ਹੋਣ ਦੀ ਸੂਰਤ 'ਚ ਵਧੀਕ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਗਿੰਨੀ ਭੱਟੀ ਦੀ ਅਦਾਲਤ ਨੇ ਚਾਰ ਸਾਲ ਦੀ ਲੰਮੀ ਸੁਣਵਾਈ ਤੋਂ ਬਾਅਦ ਤਲਵੰਡੀ ਦੇ ਰਹਿਣ ਵਾਲੇ ਅਮਨਦੀਪ ਸਿੰਘ ਸਪੁੱਤਰ ਬਲਦੇਵ ਸਿੰਘ ਨੂੰ ਜੁਰਮ ਸਾਬਤ ਹੋਣ 'ਤੇ 2 ਮਹੀਨੇ ਦੀ ਸਜ਼ਾ ਤੇ 70,000/- ਰੁਪਏ ਹਰਜਾਨੇ ਵਜੋਂ ਅਦਾ ਕਰਨ ਦਾ ਫ਼ੈਸਲਾ ਸੁਣਾਇਆ ਹੈ।ਕੁੱਝ ਪੇਸ਼ਿਆਂ ਦੇ ਲੈਣ-ਦੇਣ ਦੇ ਚੱਲਦੇ ਅਮਨਦੀਪ ਸਿੰਘ ਨੇ 15.11.2020 ਨੂੰ ਪੰਕਜ ਕੁਮਾਰ ਨੂੰ ਇਕ 70,000/- ਰੁਪਏ ਦਾ ਚੈੱਕ ਦੇ ਦਿੱਤਾ, ਪਰ ਅਮਨਦੀਪ ਸਿੰਘ ਨੇ ਬੈਂਕ 'ਚ ਆਪਣਾ ਖਾਤਾ ਬੰਦ ਕਰਾ ਰੱਖਿਆ ਸੀ। ਜਦੋਂ ਪੰਕਜ ਕੁਮਾਰ ਨੇ ਬੈਂਕ 'ਚ ਪੈਸੇ ਕਢਵਾਉਣ ਲਈ ਚੈੱਕ ਲਾਇਆ ਤਾਂ ਖਾਤਾ ਬੰਦ ਹੋਣ ਕਰਕੇ ਚੈੱਕ ਬਾਊਂਸ ਹੋ ਗਿਆ।ਇਸ ਤੋਂ ਬਾਅਦ ਪੰਕਜ ਕੁਮਾਰ ਨੇ 138 ਐਨ.ਆਈ.ਐਕਟ ਤਹਿਤ ਅਦਾਲਤ 'ਚ ਅਮਨਦੀਪ ਸਿੰਘ ਖ਼ਿਲਾਫ਼ ਕੇਸ ਦਾਇਰ ਕਰ ਦਿੱਤਾ।ਅਦਾਲਤ 'ਚ ਚੱਲੀ ਕਾਰਵਾਈ ਦੌਰਾਨ ਪੰਕਜ ਕੁਮਾਰ ਵੱਲੋਂ ਪੇਸ਼ ਹੋਏ ਵਕੀਲ ਸ੍ਰੀ ਗੁਰਬਚਨ ਸਿੰਘ ਨੇ ਦਲੀਲਾਂ ਦਿੰਦਿਆਂ ਕਿਹਾ ਕਿ ਅਮਨਦੀਪ ਸਿੰਘ ਨੇ ਖਾਤਾ ਬੰਦ ਹੋਣ ਦੇ ਬਾਵਜੂਦ ਚੈੱਕ ਜਾਰੀ ਕਰ ਕੇ ਧੋਖਾਧੜੀ ਕੀਤੀ ਹੈ ਤੇ ਇਹ ਜੁਰਮ 138 ਐਨਆਈ ਐਕਟ ਅਧੀਨ ਆਉਂਦਾ ਹੈ।ਇਸ ਨਾਲ ਸਹਿਮਤ ਹੁੰਦਿਆਂ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਗਿੰਨੀ ਭੱਟੀ ਦੀ ਅਦਾਲਤ ਨੇ ਦੋਸ਼ੀ ਅਮਨਦੀਪ ਸਿੰਘ ਨੂੰ 2 ਮਹੀਨੇ ਦੀ ਸਜ਼ਾ ਤੇ 70,000/- ਰੁਪਏ ਹਰਜਾਨਾ ਦੇਣ ਦਾ ਫ਼ੈਸਲਾ ਸੁਣਾਇਆ।

## ਵਿਦਿਆਰਥੀ ਆਪਣੀ ਸਕਿੱਲ 'ਚ ਨਿਪੁੰਨਤਾ ਹਾਸਲ ਕਰਨ : ਹਰਚੰਦ ਬਰਸਟ

### ਪਟਿਆਲਾ ਸੋਸ਼ਲ ਵੈੱਲਫੇਅਰ ਸੋਸਾਇਟੀ ਵੱਲੋਂ ਦੀਵਾਲੀ ਮੌਕੇ ਸਟੇਟ ਕਾਲਜ 'ਚ ਵਿਸ਼ੇਸ਼ ਪ੍ਰੋਗਰਾਮ



ਸਮਾਣਾ (ਇਕਬਾਲ ਸਿੰਘ ਢੱਲ)-ਪਟਿਆਲਾ ਸੋਸ਼ਲ ਵੈੱਲਫੇਅਰ ਸੋਸਾਇਟੀ ਵੱਲੋਂ ਦੀਵਾਲੀ ਦੇ ਪਵਿੱਤਰ ਮੌਕੇ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਖੇ ਵਿਸ਼ੇਸ਼ ਸਮਾਰੋਹ ਦਾ ਕੀਤਾ ਗਿਆ, ਜਿਸ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਦੌਰਾਨ ਮੁੱਖ ਮਹਿਮਾਨ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਤੇ ਪਟਿਆਲਾ ਸੋਸ਼ਲ ਵੈੱਲਫੇਅਰ ਸੋਸਾਇਟੀ ਵੱਲੋਂ ਸਮਾਜ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਸ. ਬਰਸਟ ਨੇ ਸਾਰਿਆਂ ਨੂੰ ਦੀਵਾਲੀ ਤੇ ਬੰਦੀ ਛੋੜ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਦੀਵਾਲੀ ਸਿਰਫ ਰੋਸ਼ਨੀ ਦਾ ਤਿਉਹਾਰ ਨਹੀਂ, ਸਗੋਂ ਅੰਧਕਾਰ ਤੇ ਪ੍ਰਕਾਸ਼ ਦੀ ਜਿੱਤ ਦਾ ਪ੍ਰਤੀਕ ਹੈ।ਸਿੱਖ ਧਰਮ ਵਿੱਚ ਇਸ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਇਆ ਜਾਂਦਾ ਹੈ, ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਕਿਲ੍ਹੇ ਤੋਂ 52 ਰਾਜਿਆਂ ਨੂੰ ਮੁਕਤ ਕਰਵਾਇਆ ਸੀ।ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਆਪਣੇ ਵਿਦਿਆਰਥੀ ਜੀਵਨ ਦੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਅੱਜ ਵਿਗਿਆਨ ਤੇ ਤਕਨੀਕ ਦਾ ਯੁੱਗ ਹੈ।ਹਰ ਰੋਜ਼ ਨਵੇਂ-ਨਵੇਂ ਆਵਿਸ਼ਕਾਰ ਹੋ ਰਹੇ ਹਨ, ਜੋ ਇਨਸਾਨੀ ਜੀਵਨ ਨੂੰ ਆਸਾਨ ਤੇ ਸੁਵਿਧਾਜਨਕ ਬਣਾ ਰਹੇ ਹਨ।ਮਸ਼ੀਨਾਂ, ਆਰਟੀਫੀਸ਼ੀਅਲ ਇੰਟੈਲੀਜੈਂਸ ਨੇ ਮਨੁੱਖੀ ਜੀਵਨ ਬਹੁਤ ਆਸਾਨ ਕਰ ਦਿੱਤਾ ਹੈ।ਉਨ੍ਹਾਂ ਨੌਜਵਾਨਾਂ ਨੂੰ ਆਪਣੀ ਸਕਿੱਲ 'ਤੇ ਧਿਆਨ ਕੇਂਦਰਤ ਕਰਨ ਤੇ ਨਵੀਆਂ ਤਕਨੀਕਾਂ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਆਉਣ ਵਾਲੇ ਸਮੇਂ 'ਚ ਕਾਮਯਾਬ ਹੋਣ ਲਈ ਜਿੰਨੀਂ ਪੜ੍ਹਾਈ ਦੀ ਜ਼ਰੂਰਤ ਹੈ, ਉਨੀ ਹੀ ਆਪਣੀ ਸਕਿੱਲ ਵਿੱਚ ਨਿਪੁੰਨਤਾ ਹਾਸਲ ਕਰਨੀ ਵੀ ਜ਼ਰੂਰੀ ਹੈ।ਇਸ ਮੌਕੇ ਸੋਸਾਇਟੀ ਵੱਲੋਂ ਮੁੱਖ ਮਹਿਮਾਨ ਸ. ਹਰਚੰਦ ਸਿੰਘ ਬਰਸਟ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਸੋਸਾਇਟੀ ਪ੍ਰਧਾਨ, ਡਾ. ਪ੍ਰਸ਼ੋਤਮ ਗੋਇਲ ਜਨਰਲ ਸਕੱਤਰ, ਮਨਜੀਤ ਸਿੰਘ ਨਾਰੰਗ ਪੈਟਰਨ, ਡਾ. ਸੰਜੇ ਕਾਮਰਾ, ਦੇਵੀ ਦਿਆਲ ਗੋਇਲ, ਹਰਬੰਸ ਬਾਂਸਲ, ਡਾ. ਵਿਕਾਸ ਗੋਇਲ, ਸੁਰਿੰਦਰ ਗੁਪਤਾ, ਸੁਸ਼ੀਲ ਕਪੂਰ, ਰਾਜੇਸ਼ ਵਰਮਾ, ਅਮਨਪ੍ਰੀਤ ਦੂਬੇ, ਡਾ. ਕਿਰਨਜੀਤ, ਡਾ. ਸੁਨੰਦਾ ਸਮੇਤ ਹੋਰ ਲੋਕ ਵੀ ਮੌਜੂਦ ਰਹੇ।

## ਹਰਿੰਦਰ ਸਿੰਘ ਸਿੱਧੂ ਕੁੱਲ ਬਣੇ ਚੋਣ ਕਮੇਟੀ ਮੈਂਬਰ



ਫ਼ਿਰੋਜ਼ਪੁਰ (ਗੁਰਬਚਨ ਸਿੰਘ)-ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਭਾਰਤ ਦੇ ਯੁਵਾ ਮਾਮਲੇ ਤੇ ਖੇਡ ਵਿਭਾਗ ਅਧੀਨ ਚੱਲ ਰਹੀ ਨੈਸ਼ਨਲ ਯੂਥ ਵਲੰਟੀਅਰ ਸਕੀਮ (ਮੇਰਾ ਇੰਡੀਆ) ਲਈ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਹਰਿੰਦਰ ਸਿੰਘ ਸਿੱਧੂ ਕੁੱਲ ਨੂੰ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਚੋਣ ਕਮੇਟੀ ਮੈਂਬਰ ਬਣਾਇਆ ਗਿਆ।ਉਨ੍ਹਾਂ ਦੀ ਇਸ ਨਿਯੁਕਤੀ 'ਤੇ ਭਾਜਪਾ ਵਰਕਰਾਂ 'ਚ ਖ਼ੁਸ਼ੀ ਦੀ ਲਹਿਰ ਹੈ, ਜਿਨ੍ਹਾਂ ਦਾ ਕਹਿਣਾ ਹੈ ਕਿ ਸਰਹੱਦੀ ਇਲਾਕੇ ਫ਼ਿਰੋਜ਼ਪੁਰ ਦੇ ਨੌਜਵਾਨ ਨੂੰ ਭਾਜਪਾ ਕੇਂਦਰ ਸਰਕਾਰ ਵੱਲੋਂ ਮਾਣ ਬਖ਼ਸ਼ਣਾ ਬਹੁਤ ਵੱਡੀ ਪ੍ਰਾਪਤੀ ਹੈ।ਇਸ ਨਿਯੁਕਤੀ 'ਤੇ ਹਰਿੰਦਰ ਸਿੰਘ ਸਿੱਧੂ ਕੁੱਲ ਨੇ ਸ੍ਰੀ ਨਰਿੰਦਰ ਮੋਦੀ, ਰੱਖਿਆ ਮੰਤਰੀ ਰਾਜਨਾਥ, ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਤੇ ਸਮੁੱਚੀ ਭਾਜਪਾ ਪੰਜਾਬ ਦੀ ਲੀਡਰਸ਼ਿਪ ਦਾ ਧੰਨਵਾਦ ਕੀਤਾ।

## ਪੀ ਜੀ ਆਈ ਵੱਲੋਂ ਵਿਸ਼ਵ ਹੋਸਪਿਸ ਤੇ ਪੈਲੇਏਟਿਵ ਕੇਅਰ ਦਿਵਸ ਮੌਕੇ ਮੀਟਿੰਗ



ਸਮਰਾਲਾ (ਸੁਰਜੀਤ ਸਿੰਘ)-ਪੀਜੀਆਈ ਚੰਡੀਗੜ੍ਹ ਵੱਲੋਂ ਵਿਸ਼ਵ ਹੋਸਪਿਸ ਤੇ ਪੈਲੇਏਟਿਵ ਕੇਅਰ ਦਿਵਸ ਮੌਕੇ ਇੱਕ ਬਹੁ-ਵਿਭਾਗੀ ਮੀਟਿੰਗ ਕੀਤੀ ਗਈ, ਜਿਸ ਦਾ ਉਦੇਸ਼ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਚਿਰਕਾਲੀ ਬਿਮਾਰੀਆਂ ਵਿੱਚ ਪੈਲੇਏਟਿਵ ਕੇਅਰ ਲਈ ਜਾਗਰੂਕਤਾ ਪੈਦਾ ਕਰਨਾ ਸੀ।ਇਹ ਮੀਟਿੰਗ ਰੇਡੀਓਥੈਰੇਪੀ ਵਿਭਾਗ ਦੀ ਮੁਖੀ ਪ੍ਰੋ. ਸੁਸ਼ਮਿਤਾ ਘੋਸ਼ਾਲ ਦੀ ਅਗਵਾਈ ਵਿੱਚ ਤੇ ਇੰਟਰਨਲ ਮੈਡੀਸਿਨ, ਨਿਊਰੋਲੋਜੀ, ਕਾਰਡੀਓਲੋਜੀ, ਹੈਪਾਟੋਲੋਜੀ, ਪਲਮੋਨੋਲੋਜੀ, ਸਾਇਕਾਇਟਰੀ, ਹਿਮੈਟੋਲੋਜੀ, ਮੈਡੀਕਲ ਆਂਕੋਲੋਜੀ, ਐਨੇਸਥੀਸ਼ੀਆ ਤੇ ਕ੍ਰਿਟੀਕਲ ਕੇਅਰ ਵਿਭਾਗਾਂ ਦੇ ਸਹਿਯੋਗ ਨਾਲ ਕੀਤੀ ਗਈ।ਚੰਡੀਗੜ੍ਹ ਹੋਸਪਿਸ ਤੇ ਪੈਲੇਏਟਿਵ ਕੇਅਰ ਸੈਂਟਰ ਦੀ ਪ੍ਰਧਾਨ ਰਿਜ਼ਰਵਾ ਡਾ ਪਟੇਲ ਨੇ ਕੈਂਸਰ ਮਰੀਜ਼ਾਂ ਵਿੱਚ ਪੈਲੇਏਟਿਵ ਕੇਅਰ ਦੇ ਵਿਕਾਸ ਦੀ ਯਾਤਰਾ ਬਾਰੇ ਜਾਣਕਾਰੀ ਦਿੱਤੀ, ਜਿਸ ਦੀ ਸ਼ੁਰੂਆਤ 1999 ਵਿੱਚ ਪੀਜੀਆਈ ਦੇ ਰੇਡੀਓਥੈਰੇਪੀ ਵਿਭਾਗ ਵਿੱਚ ਬਣੀ ਪਹਿਲੀ ਪੈਲੇਏਟਿਵ ਕੇਅਰ ਕਲਿਨਿਕ ਤੋਂ ਹੋਈ ਸੀ।ਇਸ ਤੋਂ ਬਾਅਦ ਚੰਡੀਗੜ੍ਹ ਦੇ ਸੈਕਟਰ 43 ਵਿੱਚ ਇੱਕ ਵਿਸ਼ੇਸ਼ ਹੋਸਪਿਸ ਕੇਂਦਰ ਸਥਾਪਤ ਕੀਤਾ ਗਿਆ, ਜੋ ਦਰਦ ਵਿੱਚ ਰਾਹਤ ਦੇਣ, ਮਾਨਸਿਕ ਸਹਾਰਾ ਤੇ ਲਗਾਤਾਰ ਦੇਖ ਰਹੀ ਚਿਕਿਤਸਾ ਸੇਵਾ ਦੇਣ ਵਿੱਚ ਕੇਂਦਰੀ ਭੂਮਿਕਾ ਨਿਭਾਅ ਰਿਹਾ ਹੈ।ਗੈਰ-ਕੈਂਸਰ ਸਬੰਧੀ ਚਿਰਕਾਲੀ ਬਿਮਾਰੀਆਂ ਵਿੱਚ ਪੈਲੇਏਟਿਵ ਕੇਅਰ ਦੀ ਲੋੜ 'ਤੇ ਵਿਚਾਰ ਕਰਦਿਆਂ ਪ੍ਰੋ. ਐੱਸ. ਕੇ. ਜਿੰਦਲ ਨੇ ਕਿਹਾ ਕਿ ਦਿਲ ਦੀ ਲੰਬੀ ਬਿਮਾਰੀ, ਗੁਰਦੇ, ਸਾਹ ਨਾਲ ਜੁੜੀਆਂ ਬਿਮਾਰੀਆਂ, ਜਿਗਰ ਦੀ ਚਿਰਕਾਲੀ ਬਿਮਾਰੀ ਤੇ ਹੋਰ ਮੇਟਾਬੋਲਿਕ ਰੋਗਾਂ ਵਿੱਚ ਵੀ ਪੈਲੇਏਟਿਵ ਤੇ ਸਹਾਇਕ ਦੇਖਭਾਲ ਦੀ ਸ਼ੁਰੂਆਤ ਕਰਨੀ ਬਹੁਤ ਜ਼ਰੂਰੀ ਹੈ।ਮੀਟਿੰਗ ਦੌਰਾਨ ਇੱਕ ਕਲੀਨਿਕਲ ਵਿਸ਼ੇਸ਼ਗੀ ਪੈਨਲ ਚਰਚਾ ਵੀ ਹੋਈ, ਜਿਸ ਦੀ ਅਗਵਾਈ ਪ੍ਰੋਫੈਸਰ ਐੱਚ. ਐੱਸ. ਕੋਹਲੀ (ਨੇਫਰੋਲੋਜੀ ਵਿਭਾਗ) ਨੇ ਕੀਤੀ।ਇਸ ਵਿੱਚ ਡਾ. ਰਿਤੇਸ਼ ਅਗਰਵਾਲ, ਡਾ. ਆਸ਼ਿਸ਼ ਪਾਠਕ, ਡਾ. ਪੰਕਜ ਮਲਹੋਤਰਾ ਤੇ ਡਾ. ਨੀਰਜ ਨਾਰਾਯਣ ਨੇ ਪੈਲੇਏਟਿਵ ਕੇਅਰ ਦੇ ਸਿਧਾਂਤਾਂ, ਉਸ ਦੀ ਸ਼ੁਰੂਆਤ, ਏਕੀਕਰਨ, ਐਡਵਾਂਸ ਕੇਅਰ ਡਾਇਰੈਕਟਿਵਜ਼ ਤੇ ਮੈਡੀਕੋਲੀਗਲ ਸੰਚਾਰ ਬਾਰੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ।ਪ੍ਰੋਫੈਸਰ ਘੋਸ਼ਾਲ ਤੇ ਰੇਡੀਓਥੈਰੇਪੀ ਵਿਭਾਗ ਦੀ ਪ੍ਰੋਫੈਸਰ ਭਵਨਾ ਰਾਇ ਨੇ ਕਿਹਾ ਕਿ ਪੈਲੇਏਟਿਵ ਕੇਅਰ ਦੇ ਮੂਲ ਸਿਧਾਂਤਾਂ ਨੂੰ ਚਿਕਿਤਸਾ ਸੇਵਾਵਾਂ ਵਿੱਚ ਸ਼ਾਮਲ ਕਰਨ ਨਾਲ ਮਰੀਜ਼ਾਂ ਦੀ ਜ਼ਿੰਦਗੀ ਦੀ ਗੁਣਵੱਤਾ ਤੇ ਇਲਾਜ ਦੇ ਨਤੀਜੇ ਬਿਹਤਰ ਹੋਣਗੇ।ਮੀਟਿੰਗ ਵਿੱਚ ਫੈਕਲਟੀ ਮੈਂਬਰ, ਨਰਸਾਂ, ਰਿਹਾਇਸ਼ੀ ਡਾਕਟਰਾਂ, ਖੋਜਾਰਥੀਆਂ ਤੇ ਸਮੁਦਾਇਕ ਮੈਂਬਰਾਂ ਨੇ ਹਾਜ਼ਰੀ ਭਰੀ।ਮੀਟਿੰਗ ਦਾ ਸਮਾਪਨ ਪ੍ਰੋਫੈਸਰ ਸੁਸ਼ਮਿਤਾ ਘੋਸ਼ਾਲ ਵੱਲੋਂ ਧੰਨਵਾਦ ਪ੍ਰਸਤੁਤ ਕਰਦਿਆਂ ਕੀਤਾ ਗਿਆ।

## ਪੰਕਜ ਮੀਡੀਆ ਵਿੰਗ ਹਲਕਾ ਪਾਇਲ ਦੇ ਵਾਇਸ ਕੋਆਰਡੀਨੇਟਰ ਨਿਯੁਕਤ



ਦੋਰਾਹਾ (ਹਰਮਿਦਰ ਸੇਠ)-ਆਮ ਆਦਮੀ ਪਾਰਟੀ ਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਵੱਖ-ਵੱਖ ਪੰਜਾਬ ਮੀਡੀਆ ਵਿੰਗ ਦੇ ਅਹੁਦੇਦਾਰਾਂ ਦੀ ਨਿਯੁਕਤੀ ਕੀਤੀ ਗਈ। ਇਸੇ ਤਹਿਤ ਹਲਕੇ ਪਾਇਲ ਤੋਂ ਆਮ ਆਦਮੀ ਪਾਰਟੀ ਸ਼ਹਿਰ ਦੋਰਾਹਾ ਦੇ ਨੌਜਵਾਨ ਯੂਥ ਆਗੂ ਪੰਕਜ ਗੌਤਮ ਨੂੰ ਪੰਜਾਬ ਮੀਡੀਆ ਵਿੰਗ ਹਲਕਾ ਪਾਇਲ ਦੇ ਵਾਇਸ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।ਇਸ ਨਿਯੁਕਤੀ 'ਤੇ ਪੰਕਜ ਗੌਤਮ ਨੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਦਿੱਲੀ ਸ੍ਰੀ ਅਰਵਿੰਦ ਕੇਜਰੀਵਾਲ, ਮਾਣਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ, ਮਨੀਸ਼ ਸਿਸੋਦੀਆ ਪੰਜਾਬ ਪ੍ਰਭਾਰੀ, ਨੈਸ਼ਨਲ ਜਨਰਲ ਸੈਕਟਰੀ ਸ੍ਰੀ ਸੰਦੀਪ ਪਾਠਕ, ਸੂਬਾ ਪ੍ਰਧਾਨ ਅਮਨ ਅਰੋੜਾ, ਐੱਮ ਐੱਲ ਏ ਪਾਇਲ ਇੰਜ. ਮਨਵਿੰਦਰ ਸਿੰਘ ਗਿਆਸਪੁਰਾ, ਪ੍ਰਧਾਨ ਸੁਦਰਸ਼ਨ ਕੁਮਾਰ ਪੱਪੂ ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਮਿਲੀ ਹੋਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

## ਜੰਮੂ ਕਸ਼ਮੀਰ 'ਚ ਹੋਈ ਬੇਅਦਬੀ ਦੀ ਘਟਨਾ ਮੰਦਭਾਗੀ : ਸ਼ਨੀ ਗਿੱਲ

### ਸ੍ਰੀ ਗੁਰੂ ਗ੍ਰੰਥ ਸਾਹਿਬ ਸਭ ਧਰਮਾਂ ਦੇ ਸਾਂਝੇ ਰਹਿਬਰ



ਮੋਗਾ (ਇਕਬਾਲ ਸਿੰਘ ਖਹਿਰਾ)-ਜੰਮੂ ਕਸ਼ਮੀਰ ਦੇ ਪਿੰਡ ਕੋਲਪੁਰ ਵਿੱਚ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਹੈ, ਇਹ ਅਤਿ ਮੰਦਭਾਗੀ ਘਟਨਾ ਹੀ ਨਹੀਂ ਸਗੋਂ ਵੱਡੀ ਚਿੰਤਾ ਦਾ ਵਿਸ਼ਾ ਹੈ ਅਤੇ ਜੰਮੂ ਕਸ਼ਮੀਰ ਦੇ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਇਸ ਮਾਮਲੇ ਦੀ ਜਾਂਚ ਗੰਭੀਰਤਾ ਨਾਲ ਹੋਵੇ, ਕਿਉਂਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਸਾਂਝੇ ਤੇ ਹਰ ਧਰਮ ਲਈ ਸਤਿਕਾਰ ਦੇ ਪਾਤਰ ਹਨ ਤੇ ਇਸ ਮੰਦਭਾਗੀ ਘਟਨਾ ਨਾਲ ਨਾਨਕ ਲੇਵਾ ਸੰਗਤਾਂ ਨੂੰ ਡੂੰਘੀ ਠੇਸ ਪੁੱਜੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਜਾਗਦੀ ਜੋਤ ਗੁਰੂ ਹਨ, ਇਸ ਲਈ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਬਖਸ਼ੇ ਨਹੀਂ ਜਾਣੇ ਚਾਹੀਦੇ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸ਼ਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਅਜਿਹੀਆਂ ਨਾ ਸਹਿਣ ਯੋਗ ਘਟਨਾਵਾਂ ਪਿੱਛੇ ਉਹ ਸ਼ਕਤੀਆਂ ਕੰਮ ਕਰਦੀਆਂ ਹਨ, ਜਿਹੜੀਆਂ ਸਾਡੇ ਆਪਸੀ ਪ੍ਰੇਮ ਪਿਆਰ ਤੇ ਸਾਂਝ ਨੂੰ ਤੋੜਨਾ ਚਾਹੁੰਦੀਆਂ ਹਨ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰ ਧਰਮ ਨਾਲ ਸਬੰਧ ਰੱਖਣ ਵਾਲੇ ਭਗਤਾਂ, ਸੰਤਾਂ ਤੇ ਮਹਾਂਪੁਰਖਾਂ ਦੀ ਬਾਣੀ ਦਰਜ ਹੈ ਅਤੇ ਜੋ ਸਰਬੱਤ ਦਾ ਭਲਾ ਮੰਗਣ ਦੇ ਨਾਲ ਪੂਰੀ ਮਾਨਵਤਾ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹਨ।ਸੰਜੀਤ ਸਿੰਘ ਸ਼ਨੀ ਗਿੱਲ ਨੇ ਕਿਹਾ ਕਿ ਜੰਮੂ ਤੇ ਕਸ਼ਮੀਰ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਕਿ ਅੱਗੇ ਤੋਂ ਕੋਈ ਵੀ ਸ਼ਖ਼ਸ ਅਜਿਹੀ ਘਟਨਾ ਨੂੰ ਅੰਜਾਮ ਦੇਣ ਦੀ ਜੁਰੱਅਤ ਨਾ ਕਰ ਸਕੇ।

## ਬਰੌਂਡਵੇ ਸਕੂਲ ਮਨਾਲ 'ਚ ਨਾਟਕ 'ਵਾਰਿਸ' ਦੀ ਸਫ਼ਲ ਪੇਸ਼ਕਾਰੀ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਨਾਮਵਰ ਵਿੱਦਿਅਕ ਸੰਸਥਾ ਬਰੌਂਡਵੇ ਪਬਲਿਕ ਸਕੂਲ ਮਨਾਲ ਵਿਖੇ ਨਾਰੀ ਸ਼ਕਤੀ ਤੇ ਨਸ਼ਿਆਂ ਦੀ ਸਮੱਸਿਆ ਦੇ ਵਿਸ਼ੇ ਨਾਲ ਸੰਬੰਧਤ ਸਮਾਜਿਕ ਸੁਧਾਰਾਂ ਨੂੰ ਮੁੱਖ ਰੱਖਦੇ ਹੋਏ 'ਉਤਸਵ-ਦਾ ਲੈਗੇਸੀ ਨਾਲ' ਵਿੱਚ ਸ੍ਰੀਮਤੀ ਸਿਮਰਜੀਤ ਕੌਰ ਦੀ ਯੋਗ ਅਗਵਾਈ ਵਿੱਚ 'ਵਾਰਿਸ' ਸੋਚ ਪ੍ਰੇਰਕ ਨਾਟਕ ਕਰਵਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ।ਸਕੂਲ ਦੇ ਡਾਇਰੈਕਟਰ ਸ੍ਰੀਮਤੀ ਨਵਦੀਪ ਕੌਰ ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਪਹੁੰਚੇ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ।ਵਿਦਿਆਰਥੀਆਂ ਵੱਲੋਂ ਲੋਕ ਗੀਤ ਦੀ ਪੇਸ਼ਕਾਰੀ ਬਾ-ਕਮਾਲ ਸੀ।ਵਾਰਿਸ ਨਾਟਕ ਵਿੱਚ ਭਰੂਣ ਹੱਤਿਆ, ਨਸ਼ੇ, ਰੂੜੀਵਾਦੀ ਸੋਚ, ਔਰਤਾਂ ਉੱਤੇ ਹੋ ਰਹੇ ਜ਼ੁਲਮ ਆਦਿ ਬਹੁਤ ਸਾਰੇ ਸਮਾਜਿਕ ਵਿਸ਼ਿਆਂ ਨੂੰ ਬੜੇ ਹੀ ਸ਼ਾਨਦਾਰ ਢੰਗ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕੀਤਾ ਗਿਆ। ਵਿਦਿਆਰਥੀਆਂ ਦੇ ਅਭਿਨੈ ਤੇ ਨਾਟਕ ਦੇ ਵਿਸ਼ਾ ਵਸਤੂ ਨੇ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੱਤਾ।ਇਸ ਮੌਕੇ ਇਲਾਕੇ ਦੇ ਮੁਹਤਬਰਾਂ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ ਸੀ, ਤਾਂ ਜੋ ਇਹ ਸੰਦੇਸ਼ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਸਕੇ।ਸੰਸਥਾ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ, ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਣੀ ਨੇ ਉਚੇਚੇ ਤੌਰ 'ਤੇ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਨਾਟਕ ਵਿਚਲੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਦੀ ਅਪੀਲ ਕੀਤੀ।ਨਾਟਕ ਸਬੰਧੀ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਦਰਸ਼ਕਾਂ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਅੱਗੇ ਤੋਂ ਵੀ ਅਜਿਹੇ ਸਮਾਜ ਨੂੰ ਸੇਧ ਦੇਣ ਵਾਲੇ ਨਾਟਕਾਂ ਦੀ ਪੇਸ਼ਕਾਰੀ ਕਰਨ ਲਈ ਸਕੂਲ ਪ੍ਰਬੰਧਕਾਂ ਨੂੰ ਅਪੀਲ ਕੀਤੀ।

## ਕੈਂਬ੍ਰਿਜ ਦੇ ਵਿਦਿਆਰਥੀਆਂ ਬਲਾਕ ਪੱਧਰੀ ਖੇਡਾਂ 'ਚ ਸਕੂਲ ਦਾ ਨਾਂਅ ਰੌਸ਼ਨ ਕੀਤਾ



ਕੋਟ ਈਸੇ ਖਾਂ (ਅਰੋੜਾ)-ਇਥੋਂ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਕੈਂਬ੍ਰਿਜ ਕਾਨਵੈਂਟ ਸਕੂਲ ਵਿਦਿਆਰਥੀਆਂ ਦਾ ਪੜ੍ਹਾਈ ਦੇ ਨਾਲ-ਨਾਲ ਸਰੀਰਕ, ਮਾਨਸਿਕ, ਬੌਧਿਕ ਵਿਕਾਸ ਵੀ ਕਰ ਰਹੀ ਹੈ।8 ਤੇ 9 ਅਕਤੂਬਰ ਨੂੰ ਬਾਬਾ ਕੁੰਦਨ ਸਿੰਘ ਕਾਲਜ ਮੁਹਾਰ (ਮੋਗਾ) ਵਿਖੇ ਹੋਈਆਂ ਬਲਾਕ ਪੱਧਰੀ ਪ੍ਰਾਇਮਰੀ ਖੇਡਾਂ ਵਿੱਚ ਕੈਂਬ੍ਰਿਜ ਕਾਨਵੈਂਟ ਸਕੂਲ ਦੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਰਾਟੇ, ਰੱਸਾਕਸ਼ੀ ਤੇ ਸ਼ਤਰੰਜ ਮੁਕਾਬਲਿਆਂ ਵਿੱਚ ਬਹੁਤ ਹੀ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ।ਇਹ ਮੁਕਾਬਲੇ ਵਿਦਿਆਰਥੀਆਂ ਦੀ ਖੇਡਾਂ ਪ੍ਰਤੀ ਦਿਲਚਸਪੀ ਨੂੰ ਪ੍ਰੋਤਸਾਹਤ ਕਰਨ ਤੇ ਉਨ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਲਈ ਕੀਤੇ ਗਏ ਸਨ।ਜਮਾਤ ਚੌਥੀ ਤੇ ਪੰਜਵੀਂ ਦੇ ਹੋਣਹਾਰ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਜਿਵੇਂ ਸ਼ਤਰੰਜ, ਰੱਸਾਕਸ਼ੀ ਤੇ ਕਰਾਟੇ ਵਿੱਚ ਆਪਣਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਭ ਦਾ ਮਨ ਮੋਹ ਲਿਆ।ਸ਼ਤਰੰਜ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਆਪਣੀ ਤੀਖਣ ਸੋਚ ਤੇ ਰਣਨੀਤੀ ਨਾਲ ਪ੍ਰਤੀਦਵੰਦੀਆਂ ਨੂੰ ਪਿੱਛੇ ਛੱਡਦਿਆਂ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਰੱਸਾਕਸ਼ੀ (ਪਹਿਲਾ ਸਥਾਨ) ਵਿੱਚ ਉਨ੍ਹਾਂ ਨੇ ਟੀਮ ਵਰਕ ਤੇ ਦ੍ਰਿੜਤਾ ਦਾ ਪ੍ਰਗਟਾਵਾ ਕੀਤਾ।ਕਰਾਟੇ ਪ੍ਰਤੀਯੋਗਤਾ (ਪਹਿਲਾ ਸਥਾਨ) ਵਿੱਚ ਵਿਦਿਆਰਥੀਆਂ ਨੇ ਆਪਣੀ ਸਰੀਰਕ ਤੰਦਰੁਸਤੀ ਤੇ ਆਤਮਵਿਸ਼ਵਾਸ ਨਾਲ ਸਭ ਨੂੰ ਪ੍ਰਭਾਵਿਤ ਕੀਤਾ।ਸਕੂਲ ਪ੍ਰਬੰਧਕੀ ਵੱਲੋਂ ਇਸ ਸ਼ਾਨਦਾਰ ਪ੍ਰਾਪਤੀ ਉੱਤੇ ਖ਼ੁਸ਼ੀ ਪ੍ਰਗਟ ਕੀਤੀ ਗਈ।ਸਕੂਲ ਦੇ ਪ੍ਰਿੰਸੀਪਲ ਤੇ ਚੇਅਰਮੈਨ ਨੇ ਜੇਤੂ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਅਤੇ ਕਿਹਾ ਕਿ ਇਹ ਜਿੱਤ ਸਕੂਲ ਦਾ ਮਾਣ ਹਨ।ਉਨ੍ਹਾਂ ਕਿਹਾ ਕਿ ਕੈਂਬ੍ਰਿਜ ਕਾਨਵੈਂਟ ਸਕੂਲ ਹਮੇਸ਼ਾ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਪ੍ਰਤੀਬੱਧ ਹੈ ਤੇ ਖੇਡਾਂ ਸਿਖਲਾਈ ਦੇ ਅਟੁੱਟ ਹਿੱਸੇ ਵਜੋਂ ਪ੍ਰਮੋਟ ਕੀਤੀਆਂ ਜਾਂਦੀਆਂ ਹਨ।ਉਨ੍ਹਾਂ ਸਕੂਲ ਦੇ ਸਟਾਫ਼, ਮਾਪਿਆਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭ-ਕਾਮਨਾਵਾਂ ਦਿੱਤੀਆਂ।

## ਡੀ ਸੀ ਨੇ ਖ਼ੁਦ ਬਾਰਾਂਦਰੀ ਦੀ ਸੜਕ ਕਿਨਾਰੇ ਪਏ ਕੂੜੇ ਦੀ ਕੀਤੀ ਸਫ਼ਾਈ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਦਿਵਾਲੀ ਦੇ ਪਵਿੱਤਰ ਤਿਉਹਾਰ ਤੋਂ ਪਹਿਲਾਂ ਜਿਵੇਂ ਆਪਣੇ ਘਰਾਂ ਦੀ ਸਾਫ-ਸਫ਼ਾਈ ਕਰਦੇ ਹਨ, ਉਸੇ ਤਰ੍ਹਾਂ ਪਟਿਆਲਾ ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਲਈ ਵੀ ਅੱਗੇ ਆਉਣ।ਵਿਜੀਲੈਂਸ ਦਫਤਰ ਤੋਂ ਪਟਿਆਲਾ ਕਲੱਬ ਚੌਂਕ ਦੇ ਨਾਲ-ਨਾਲ ਬਾਰਾਂਦਰੀ ਵਿਖੇ 'ਮੇਰਾ ਪਟਿਆਲਾ ਮੈਂ ਹੀ ਸਵਾਰਾਂ' ਮੁਹਿੰਮ ਵਿੱਚ ਇੱਕ ਸਵੱਛਤਾ ਯੋਧੇ ਵਜੋਂ ਹਿੱਸਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਸੜਕਾਂ ਕਿਨਾਰਿਓਂ ਕੂੜਾ ਚੁੱਕਣ ਵਿੱਚ ਆਪਣਾ ਵਿਲੱਖਣ ਯੋਗਦਾਨ ਪਾਇਆ। ਸ਼ਹਿਰ ਦੇ ਸੁਚੇਤ ਨਾਗਰਿਕਾਂ ਦੇ ਇੱਕ ਗਰੁੱਪ ਵੱਲੋਂ ਸ਼ਹਿਰ ਦੀਆਂ ਸੜਕਾਂ ਨੇੜੇ ਪਏ ਪਲਾਸਟਿਕ ਦੇ ਕੂੜੇ, ਬੋਤਲਾਂ, ਰੈਪਰ ਤੇ ਹੋਰ ਚੁੱਕਣ ਦੀ ਇਹ ਸਫਾਈ ਮੁਹਿੰਮ ਪਟਿਆਲਾ ਦੀ ਸਵੱਛਤਾ ਤੇ ਸੁੰਦਰੀਕਰਨ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਹੈ।ਇਸ ਮੁਹਿੰਮ ਵਿੱਚ ਆਮ ਨਾਗਰਿਕਾਂ, ਔਰਤਾਂ, ਬੱਚਿਆਂ, ਉਦਯੋਗਪਤੀਆਂ, ਕਾਰੋਬਾਰੀਆਂ, ਡਾਕਟਰਾਂ, ਅਧਿਆਪਕਾਂ, ਸਿਵਲ, ਪੁਲਿਸ ਤੇ ਫ਼ੌਜ ਦੇ ਸਾਬਕਾ ਅਫ਼ਸਰਾਂ, ਟੈਕਨੋਕ੍ਰੇਟਾਂ, ਸਮੇਤ ਹਰ ਖੇਤਰ ਦੇ ਲੋਕਾਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲ ਰਹੀ ਹੈ।ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵਲੰਟੀਅਰਾਂ ਦੇ ਨਾਲ ਕੂੜਾ ਇਕੱਠਾ ਕਰਨ ਵਿੱਚ ਮਦਦ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਪਰਿਵਾਰ ਦੀਵਾਲੀ ਤੋਂ ਪਹਿਲਾਂ ਆਪਣੇ ਘਰਾਂ ਦੀ ਸਫਾਈ ਕਰਦੇ ਹਨ, ਉਸੇ ਤਰ੍ਹਾਂ ਨਾਗਰਿਕਾਂ ਨੂੰ ਵੀ ਜਨਤਕ ਥਾਂਵਾਂ ਨੂੰ ਸਾਫ਼ ਰੱਖਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।ਇੱਕ ਸਾਫ਼ ਸ਼ਹਿਰ ਇਸਦੇ ਲੋਕਾਂ ਦਾ ਪ੍ਰਤੀਬਿੰਬ ਹੁੰਦਾ ਹੈ, ਜਿਸ ਲਈ ਸਾਨੂੰ ਸਾਰਿਆਂ ਨੂੰ ਪਟਿਆਲਾ ਨੂੰ ਸੁੰਦਰ ਰੱਖਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ, ਤਾਂ ਜੁ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਬਿਹਤਰ ਤੇ ਸਾਫ਼ ਵਾਤਾਵਰਣ ਦੇ ਸਕੀਏ। ਡਿਪਟੀ ਕਮਿਸ਼ਨਰ ਨੇ ਵਲੰਟੀਅਰਾਂ ਦੀ ਉਤਸ਼ਾਹੀ ਸ਼ਮੂਲੀਅਤ ਦੀ ਸ਼ਲਾਘਾ ਕਰਦਿਆਂ ਇਸ 'ਮੇਰਾ ਪਟਿਆਲਾ ਮੈਂ ਹੀ ਸਵਾਰਾਂ' ਮੁਹਿੰਮ ਨੂੰ ਨਾਗਰਿਕ ਮਾਣ ਦਾ ਸੱਚਾ ਪ੍ਰਤੀਕ ਕਿਹਾ।ਉਨ੍ਹਾਂ ਕਿਹਾ ਕਿ ਇਸ ਸਵੱਛਤਾ ਮੁਹਿੰਮ ਦਾ ਹਿੱਸਾ ਬਣਨਾ ਉਨ੍ਹਾਂ ਲਈ ਇੱਕ ਸ਼ਾਨਦਾਰ ਅਨੁਭਵ ਸੀ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਪਿਛਲੇ ਹਫ਼ਤਿਆਂ ਦੌਰਾਨ ਪਾਸੀ ਰੋਡ, ਪੋਲੋ ਗਰਾਊਂਡ, ਜੇਲ ਰੋਡ ਵਿਖੇ ਚਲਾਈ ਇਸ ਮੁਹਿੰਮ ਵਿੱਚ 2,000 ਕਿਲੋਗ੍ਰਾਮ ਤੋਂ ਵੱਧ ਕੂੜਾ ਇਕੱਠਾ ਕੀਤਾ ਗਿਆ ਹੈ, ਜੋ ਸਮੂਹਿਕ ਭਾਗੀਦਾਰੀ ਦੀ ਸ਼ਕਤੀ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਪਣੇ ਸਫਾਈ ਕਰਮਚਾਰੀਆਂ ਵੱਲੋਂ ਜਿੱਥੇ ਰੋਜ਼ਾਨਾ ਸਫ਼ਾਈ ਕਰਵਾਈ ਜਾ ਰਹੀ ਹੈ, ਉੱਥੇ ਇਹ ਨਾਗਰਿਕਾਂ ਦੀ ਸਵੈ-ਇੱਛਤ ਸ਼ਮੂਲੀਅਤ ਇਸ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦੀ ਹੈ।...ਸਫਾਈ ਮੁਹਿੰਮ ਵਿੱਚੋਂ ਜਾਵੇਗੀ। ਇਸ ਦੌਰਾਨ ਉਘੇ ਸਮਾਜ ਸੇਵੀ ਹਰਿੰਦਰਪਾਲ ਸਿੰਘ ਨਾਭਾ ਤੇ ਹੋਰ ਵਲੰਟੀਅਰਾਂ ਨੇ ਵੀ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦਾ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕਰਦਿਆਂ ਉਨ੍ਹਾਂ ਦੀ ਸ਼ਮੂਲੀਅਤ ਨੂੰ ਪ੍ਰੇਰਨਾਦਾਇਕ ਦੱਸਿਆ।

## ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਸੰਬੰਧੀ ਕੈਂਪ ਲਾਇਆ




ਦੋਰਾਹਾ (ਹਰਮਿਦਰ ਸੇਠ)-ਸਾਹਨੇਵਾਲ ਖੁਰਦ (ਸਾਹਨੀ) 'ਚ ਖੇਤੀਬਾੜੀ 'ਤੇ ਕਿਸਾਨ ਭਲਾਈ ਵਿਭਾਗ ਵੱਲੋਂ ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਦੀਪ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਬਲਾਕ ਖੇਤੀਬਾੜੀ ਅਫ਼ਸਰ ਡਾ. ਦਾਰਾ ਸਿੰਘ ਦੀ ਯੋਗ ਅਗਵਾਈ ਹੇਠ ਤੇ ਡਾ. ਖੇਤੀਬਾੜੀ ਵਿਕਾਸ ਅਫ਼ਸਰ ਡਾ. ਜਤਿੰਦਰ ਸਿੰਘ ਦੀ ਨਜ਼ਰਸਾਨੀ 'ਚ ਸੀਆਰਐੱਮ ਸਕੀਮ ਅਧੀਨ ਪਿੰਡ ਪੱਧਰੀ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ, ਜਿਸ ਦੌਰਾਨ ਉਨ੍ਹਾਂ ਕਿਸਾਨਾਂ ਨੂੰ ਵਾਤਾਵਰਣ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ, ਇਸ ਨੂੰ ਖੇਤਾਂ ਵਿੱਚ ਵਾਹ ਕੇ ਅਗਲੀ ਫ਼ਸਲ ਦੀ ਕਾਸ਼ਤ ਕਰਨ ਦੇ ਫਾਇਦੇ ਅਤੇ ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਬਾਰੇ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਇਸ ਪ੍ਰੋਸੈਸ ਨਾਲ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ 'ਚ ਭਾਰੀ ਵਾਧਾ ਹੁੰਦਾ ਹੈ, ਉੱਥੇ ਹੀ ਅਗਲੀ ਫ਼ਸਲ 'ਚ ਖਾਦਾਂ ਦੀ ਵਰਤੋਂ ਵੀ ਕਾਫੀ ਘਟ ਸਕਦੀ ਹੈ।ਡਾ. ਜਤਿੰਦਰ ਸਿੰਘ ਖੇਤੀਬਾੜੀ ਸਾਹਨੇਵਾਲ ਨੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਦੀ ਸਾਂਭ ਸੰਭਾਲ ਲਈ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਾਈ ਜਾ ਰਹੀ ਮਸ਼ੀਨਰੀ ਦੀ ਸੁਚੱਜੀ ਵਰਤੋਂ ਕਰਨ।ਉਨ੍ਹਾਂ ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਦੀ ਸਮੱਸਿਆ ਬਹੁਤ ਗੰਭੀਰ ਹੈ।ਇਸਦਾ ਲਾਉਣ ਨਾਲ ਸਾਡਾ ਸਭ ਤੋਂ ਵਾਤਾਵਰਣ ਪ੍ਰਦੂਸ਼ਤ ਹੁੰਦਾ ਹੈ, ਉਥੇ ਹੀ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ ਤੇ ਅੱਗ ਲਾਉਣ ਨਾਲ ਪੈਦਾ ਹੁੰਦੇ ਧੂੰਏਂ ਕਾਰਨ ਕਈ ਦੁਰਘਟਨਾਵਾਂ ਹੋਣ ਦਾ ਡਰ ਵੀ ਬਣਿਆ ਰਹਿੰਦਾ ਹੈ।ਪੰਜਾਬ ਸਰਕਾਰ ਵੱਲੋਂ ਫਸਲਾਂ ਦੀ ਰਹਿੰਦ ਖੂੰਹਦ ਦੇ ਸੁਚੱਜੇ ਪ੍ਰਬੰਧਨ ਲਈ ਸਬਸਿਡੀ 'ਤੇ ਖੇਤੀ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਹਨ, ਜਿਨ੍ਹਾਂ ਦੀ ਵਰਤੋਂ ਕਰ ਕੇ ਕਿਸਾਨ ਪਰਾਲੀ ਦੇ ਸੁਚੱਜਾ ਪ੍ਰਬੰਧਨ ਕਰ ਸਕਦੇ ਹਨ।ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਸਬਸਿਡੀ 'ਤੇ ਦਿੱਤੀ ਗਈ ਖੇਤੀ ਮਸ਼ੀਨਰੀ ਦੀ ਵਰਤੋਂ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੁ ਪਰਾਲੀ ਨੂੰ ਅੱਗ ਲਾਉਣ ਦੇ ਰੁਝਾਨ ਦਾ ਖਾਤਮਾ ਕੀਤਾ ਜਾ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਇਕਬਾਲਜੀਤ ਸਿੰਘ ਸੈਕਟਰੀ ਸੁਸਾਇਟੀ, ਆਕਾਸ਼ਦੀਪ ਸਿੰਘ ਆਦਿ ਪਿੰਡ ਵਾਸੀ ਹਾਜ਼ਰ ਸਨ।

## ਜੀਓ ਤੇ ਏਅਰਟੈੱਲ ਦੀ ਤਾਰ ਚੋਰੀ ਕਰਨ ਵਾਲਾ ਗ੍ਰਿਫ਼ਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਵਿਖੇ ਜੀਓ ਤੇ ਏਅਰਟੈੱਲ ਦੀ ਕੇਬਲ ਚੋਰੀ ਕਰਨ ਵਾਲੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ ਮਾਮਲਾ ਦਰਜ ਕੀਤਾ ਹੈ।ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰਪ੍ਰੀਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਇਦਰਾ ਕਾਲੋਨੀ ਹਾਉਸ ਨੰਬਰ 24 ਫਿਰੋਜ਼ਪੁਰ ਛਾਉਣੀ ਨੇ ਦੱਸਿਆ ਕਿ ਉਹ ਇਸ਼ਸ਼ ਪ੍ਰਾਈਵੇਟ ਲਿਮਟਿਡ ਵਿੱਚ ਬਤੌਰ ਸਕਿਊਰਿਟੀ ਸੁਪਰਵਾਈਜ਼ਰ ਕੰਮ ਕਰਦਾ ਹੈ। ਬੀਤੀ 10 ਅਕਤੂਬਰ 2025 ਨੂੰ ਸਵੇਰੇ ਕਰੀਬ 4 ਵਜੇ ਸਾਨੂੰ ਸਕਿਊਰਿਟੀ ਅਲਾਰਮ ਮਿਲਿਆ ਤਾਂ ਉਹ ਸਮੇਤ ਗੰਨਮੈਨ ਜੋਗਿੰਦਰ ਸਿੰਘ ਸਰਕਟ ਵਿੱਚ ਹੋਣੇ ਸੀ ਤਾਂ ਮੌਕੇ 'ਤੇ ਪਹੁੰਚੇ ਤੇ 60 ਮੀਟਰ ਜੀਓ ਦੀ ਪਾਵਰ ਕੇਬਲ, 40 ਮੀਟਰ ਏਅਰਟੈੱਲ ਆਰ ਆਰ ਯੂ ਪਾਵਰ ਕੇਬਲ ਤੇ ਤਾਰਾਂ ਦੇ ਟੋਟਿਆਂ ਸਮੇਤ ਸਿੰਘ ਪੁੱਤਰ ਸੁਨੀਲ ਵਾਸੀ ਇਦਰਾ ਕਾਲੋਨੀ ਹਾਉਸ ਨੰਬਰ 24 ਫਿਰੋਜ਼ਪੁਰ ਛਾਉਣੀ ਨੂੰ ਕਾਬੂ ਕੀਤਾ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਮੁਲਜ਼ਮ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ।

## ਮਾਨਸਿਕ ਸਿਹਤ ਦਿਵਸ 'ਤੇ ਜਾਗਰੂਕਤਾ ਪ੍ਰੋਗਰਾਮ



ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)-ਯੂਨੀਵਰਸਿਟੀ ਕਾਲਜ ਆਫ਼ ਨਰਸਿੰਗ (ਯੂਕੋਨ) ਦੇ ਮਾਨਸਿਕ ਸਿਹਤ ਵਿਭਾਗ ਵਲੋਂ ਐਨ.ਐਸ.ਐਸ. ਯੂਨਿਟ ਦੇ ਸਹਿਯੋਗ ਨਾਲ ਮਾਨਸਿਕ ਸਿਹਤ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਹ ਜਾਗਰੂਕਤਾ ਪ੍ਰੋਗਰਾਮ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦੇ ਮਨੋਰੋਗ ਤੇ ਨਸ਼ਾ ਛੁਡਾਊ ਵਿਭਾਗ 'ਚ ਆਯੋਜਤ ਕੀਤਾ ਗਿਆ।ਪ੍ਰੋਗਰਾਮ ਦਾ ਆਯੋਜਨ ਯੂਨੀਵਰਸਿਟੀ ਦੇ ਪ੍ਰਿੰਸੀਪਲ ਯੂਕੋਨ, ਡਾ. ਹਰਦੀਪ ਕੌਰ ਔਲਖ ਨੇ ਕੀਤੀ। ਮਿਸ ਗੁਰਪ੍ਰੀਤ ਕੌਰ, ਸੈਕਟਰੀ ਫਰੀ ਲੀਗਲ ਏਡ ਕਮ ਸੀ.ਜੇ.ਐਮ, ਨਰਸਿੰਗ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਹੇਮੰਤ ਸੈਣੀ ਤੇ ਪ੍ਰੋਫੈਸਰ ਸ੍ਰੀ ਅਨਿਲ ਕੁਮਾਰ ਸਮੇਤ ਵਿਭਾਗ ਦੇ ਸੀਨੀਅਰ ਡਾਕਟਰਾਂ ਅਤੇ ਨਰਸਿੰਗ ਸਟਾਫ਼ ਨੇ ਸਰਗਰਮ ਹਾਜ਼ਰੀ ਭਰੀ।ਐਨ.ਐਸ.ਐਸ. ਦੇ ਵਲੰਟੀਅਰਾਂ ਤੇ ਯੂਕੋਨ ਦੇ ਵਿਦਿਆਰਥੀਆਂ ਨੇ ਐਨ.ਐਸ.ਐਸ. ਦੇ ਪ੍ਰੋਗਰਾਮ ਅਫਸਰ ਮੈਡਮ ਪੁਸ਼ਪਾ ਰਾਣੀ, ਸਹਾਇਕ ਪ੍ਰੋਗਰਾਮ ਅਫਸਰ ਸ੍ਰੀਮਤੀ ਰਣਜੀਤ ਕੌਰ ਤੇ ਸ੍ਰੀਮਤੀ ਗਗਨਦੀਪ ਕੌਰ ਦੀ ਨਿਗਰਾਨੀ ਹੇਠ ਮਰੀਜ਼ਾਂ ਨੂੰ ਨਸ਼ਾ ਛੱਡਣ ਅਤੇ ਚੰਗੀ ਮਾਨਸਿਕ ਸਿਹਤ ਅਪਨਾਉਣ ਲਈ ਪ੍ਰੇਰਤ ਕੀਤਾ।ਪ੍ਰੋਗਰਾਮ ਨੂੰ ਸਫਲ ਬਣਾਉਣ 'ਚ ਨਰਸਿੰਗ ਕਾਲਜ ਦੇ ਮਨੋਰੋਗ ਵਿਭਾਗ ਦੇ ਅਧਿਆਪਕ ਸ੍ਰੀਮਤੀ ਕੁਲਦੀਪ ਸੋਨੀ, ਸ੍ਰੀਮਤੀ ਪਰਮਿੰਦਰ ਕੌਰ ਅਤੇ ਸਿਮਰਨਜੀਤ ਕੌਰ ਨੇ ਵਿਸ਼ੇਸ਼ ਯੋਗਦਾਨ ਪਾਇਆ।ਇਸ ਮੌਕੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਜੀਵ ਸੂਦ ਨੇ ਆਪਣੇ ਸੰਦੇਸ਼ ਵਿੱਚ ਕਿਹਾ, "ਮਾਨਸਿਕ ਸਿਹਤ ਸਿਰਫ਼ ਬਿਮਾਰੀ ਤੋਂ ਮੁਕਤੀ ਨਹੀਂ, ਸਗੋਂ ਜੀਵਨ ਦੇ ਹਰੇਕ ਖੇਤਰ ਵਿੱਚ ਸੰਤੁਲਨ ਤੇ ਸਕਾਰਾਤਮਕ ਸੋਚ ਦਾ ਪ੍ਰਤੀਕ ਹੈ।ਅਜਿਹੇ ਜਾਗਰੂਕਤਾ ਪ੍ਰੋਗਰਾਮ ਸਮਾਜ 'ਚ ਮਾਨਸਿਕ ਸਿਹਤ ਪ੍ਰਤੀ ਸਮਝ ਵਧਾਉਣ ਤੇ ਨਸ਼ਾ ਮੁਕਤ ਜੀਵਨ ਵੱਲ ਪ੍ਰੇਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

## ਦਾਸ ਐਂਡ ਬ੍ਰਾਊਨ ਵਰਲਡ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਰੋਹ ਮਨਾਇਆ

### ਦੀਵਾਲੀ ਨੂੰ ਪ੍ਰਦੂਸ਼ਣ ਮੁਕਤ ਮਨਾਉਣ ਦਾ ਦਿੱਤਾ ਸੁਨੇਹਾ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਦਾਸ ਐਂਡ ਬ੍ਰਾਊਨ ਵਰਲਡ ਸਕੂਲ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ 'ਸ਼ਾਇਨ ਐਟ ਮਾਈ ਸਕੂਲ-ਏ ਟੇਪਸਟਰੀ ਆਫ਼ ਸੈਲੀਬ੍ਰੇਸ਼ਨ' ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਕਲਾਸ ਮਸਤ ਲੋਕ ਤੋਂ ਪ੍ਰੈੱਪ 2 ਤੇ ਕਲਾਸ ਚੌਥੀ ਤੋਂ ਨੌਵੀਂ ਤੱਕ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਕੇ ਸਭ ਦਾ ਮਨ ਮੋਹ ਲਿਆ। ਸਕੂਲ ਦੇ ਵਿਸ਼ਨੂੰ ਭਗਵਾਨ ਹਾਏ ਬਹਾਦਰ ਆਡੀਟੋਰੀਅਮ ਵਿੱਚ ਆਯੋਜਿਤ ਪ੍ਰੋਗਰਾਮ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ। ਪ੍ਰਿੰਸੀਪਲ ਡਾ. ਹਰਜੀਤ ਪਾਂਡੇ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਸਕੂਲ ਦੀ ਸਿੱਖਿਆ, ਖੇਡਾਂ ਅਤੇ ਹੋਰ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਵਰਤਮਾਨ ਵਿੱਚ ਦਾਸ ਐਂਡ ਬ੍ਰਾਊਨ ਸਕੂਲ ਸਰਹੱਦੀ ਖੇਤਰ ਲਈ ਇਕ ਵਰਦਾਨ ਸਾਬਿਤ ਹੋ ਰਿਹਾ ਹੈ। ਸਮਾਰੋਹ ਵਿੱਚ ਡੀ ਸੀ ਐੱਮ ਗਰੁੱਪ ਦੀ ਚੇਅਰਪਰਸਨ ਕਾਂਤਾ ਗੁਪਤਾ, ਸੂਦ ਫਾਊਂਡੇਸ਼ਨ ਦੀ ਨਿਰਦੇਸ਼ਿਕਾ ਮਾਲਵਿਕਾ ਸੂਦ, ਨਿਰਮਲ ਟੈਕਸ ਕਮਿਸ਼ਨਰ ਅਮਨਪ੍ਰੀਤ ਕੌਰ, ਸਵਾਮੀ ਵਿਵੇਕਾਨੰਦ ਗਰੁੱਪ ਆਫ਼ ਇੰਸਟੀਚਿਊਸ਼ਨ ਬਨੂੜ ਦੇ ਡਾਇਰੈਕਟਰ ਅੰਕੁਰ ਗੁਪਤਾ, ਫੌਜੀ ਅਧਿਕਾਰੀ ਰਾਜਦੀਪ ਸਿੰਘ, ਵਰੁਣ ਖਜੂਰੀਆ, ਲਲਿਤ ਸਹਿਗਲ, ਐੱਸ ਐੱਮ ਸੀ ਮੈਂਬਰ ਵਿਜੇ ਬਹਿਲ ਤੇ ਸ਼ਹਿਰ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਸਮਾਰੋਹ ਦੀ ਪ੍ਰਧਾਨਗੀ ਗਰੁੱਪ ਦੀ ਸੀਨੀਅਰ ਡਾਇਰੈਕਟਰ ਅਕਾਦਮਿਕਸ ਡਾ. ਰਾਗਿਨੀ ਗੁਪਤਾ ਨੇ ਕੀਤੀ। ਨੰਨ੍ਹੇ-ਮੁੰਨੇ ਬੱਚਿਆਂ ਨੇ ਗੁਰੂ ਪ੍ਰਤੀ ਆਪਣਾ ਸ਼ਰਧਾ ਸਮਰਪਣ ਨੂੰ ਪ੍ਰਗਟ ਕਰਦੇ ਹੋਏ 'ਗੁਰੂ ਦੇਵੋ ਭਵ' ਪੇਸ਼ਕਾਰੀ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕਰਵਾਈ। ਵਿਦਿਆਰਥੀਆਂ ਦੁਆਰਾ ਬਾਲਡੇ ਬੈਂਡ ਐਕਸਟਰਾਵੇਗੰਜ਼ਾ, ਟ੍ਰਨ ਵਿਜ਼ਨਾ, ਸਮਸ ਸਪਲੈਸ਼, ਜੰਗਲ ਜੰਬੂਰੀ, ਟ੍ਰਿਕ ਔਰ ਟਰੀਟ, ਜਿੰਗਲ ਬੈੱਲ ਵਿਸਟਾ, ਚੀਅਰਸ ਟੂ ਦ ਨਿਊ ਈਅਰ, ਕੈਂਪਸ ਆਫ ਟੂ ਸਕਸੈਸ ਵਰਗੀਆਂ ਪੇਸ਼ਕਾਰੀਆਂ ਦੇ ਕੇ ਸਾਰਿਆਂ ਨੂੰ ਖੁਸ਼ ਕਰ ਦਿੱਤਾ। ਵਿਦਿਆਰਥੀਆਂ ਦੁਆਰਾ 'ਉਤਸਵ-ਏ-ਦੀਵਾਲੀ' 'ਤੇ ਪੇਸ਼ਕਾਰੀ ਦੇ ਕੇ ਦੀਪਾਵਲੀ ਦੇ ਪਵਿੱਤਰ ਤਿਉਹਾਰ ਨੂੰ ਖੁਸ਼ੀ ਨਾਲ ਮਨਾਉਣ, ਦੀਵਿਆਂ ਦੀ ਰੌਸ਼ਨੀ ਨਾਲ ਜਗਮਗਾਉਣ, ਖੁਸ਼ੀਆਂ ਵੰਡਣ ਦੇ ਨਾਲ-ਨਾਲ ਆਪਸੀ ਪ੍ਰੇਮ ਪਿਆਰ, ਭਾਈਚਾਰੇ ਤੇ ਸਦਭਾਵਨਾ ਦਾ ਸੰਦੇਸ਼ ਦਿੰਦੇ ਹੋਏ ਦੀਵਾਲੀ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਦਾ ਸੁਨੇਹਾ ਦਿੱਤਾ ਗਿਆ। ਸਕੂਲ ਪ੍ਰਸ਼ਾਸਨ ਦੁਆਰਾ ਪਿਛਲੇ ਇਕ ਸਾਲ ਵਿਚ ਸਿੱਖਿਆ ਦੇ ਨਾਲ-ਨਾਲ ਵੱਖ-ਵੱਖ ਖੇਤਰਾਂ ਜਿਵੇਂ ਕਿ ਵਿਗਿਆਨ, ਕੁੱਝ ਸਮਾਰਟੀਅਨ, ਸ਼ਾਇਨਿੰਗ ਸਟਾਰ, ਆਲ ਰਾਊਂਡਰ, ਪਿਕਾਸੋ, ਰਸਕਿਨ ਬਾਂਡ, 100 ਪ੍ਰਤੀਸ਼ਤ ਹਾਜ਼ਰੀ ਅਵਾਰਡ, ਡਾਂਸ ਮੈਸਟਰੋ ਵਿੱਚ ਉੱਚ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਲਈ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ। ਅੰਤ ਵਿੱਚ ਵਿਦਿਆਰਥੀਆਂ ਦੁਆਰਾ ਗ੍ਰੈਂਡ ਫਿਨਾਲੇ ਦੀ ਪੇਸ਼ਕਾਰੀ ਦਿੱਤੀ ਗਈ, ਜਿਸ ਨੇ ਹਾਲ ਵਿੱਚ ਮੌਜੂਦ ਸਾਰੇ ਲੋਕਾਂ ਨੂੰ ਝੂਮਣ ਲਈ ਉਤਸ਼ਾਹਤ ਕਰ ਦਿੱਤਾ। ਇਸ ਮੌਕੇ ਹੈੱਡ ਐਲੀਮੈਂਟਰੀ ਪੂਨਮ ਸੂਦ, ਵੀਪੀ ਕੈਂਬ੍ਰਿਜ ਬਿੰਦੂ ਗੁਪਤਾ, ਡਿਪਟੀ ਡਾਇਰੈਕਟਰ ਰਾਜ ਕੁਮਾਰ ਰਾਣਾ, ਡੀਜੀਐੱਮ ਡਾ. ਸੈਲਿਨ ਤੇ ਹੋਰ ਸਟਾਫ ਮੈਂਬਰ ਮੌਜੂਦ ਸਨ।

## ਰਾਸ਼ਟਰੀ ਸਵੈਮਸੇਵਕ ਸੰਘ ਨੇ ਮਨਾਇਆ ਸਥਾਪਨਾ ਦਿਵਸ



ਗਿੱਦੜਬਾਹਾ (ਜਸਵੰਤ ਗਿੱਲ ਛੱਤੇਆਣਾ)-ਰਾਸ਼ਟਰੀ ਸਵਯੰਸੇਵਕ ਸੰਘ ਨਗਰ ਗਿੱਦੜਬਾਹਾ ਵੱਲੋਂ ਸੰਘ ਦਾ 100ਵਾਂ ਸਥਾਪਨਾ ਦਿਵਸ (ਸ਼ਤਾਬਦੀ ਸਮਾਰੋਹ) ਐੱਸ.ਐੱਸ.ਡੀ. ਕੰਪਿਊਟਿੰਗ ਸੈਂਟਰ (ਮੰਡੀ ਵਾਲੀ ਧਰਮਸ਼ਾਲਾ) ਵਿਖੇ ਨਗਰ ਸੰਘ ਚਾਲਕ ਮੁਕੇਸ਼ ਸਿੰਗਲਾ ਦੀ ਪ੍ਰਧਾਨਗੀ ਹੇਠ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ।ਸਮਾਰੋਹ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪੰਜਾਬ ਪ੍ਰਧਾਨ ਹਰਪ੍ਰੀਤ ਸਿੰਘ ਗਿੱਲ ਬਤੌਰ ਮੁੱਖ ਵਕਤਾ, ਜ਼ਿਲ੍ਹਾ ਸੰਘ ਚਾਲਕ ਜਸਵਿੰਦਰ ਸ਼ਰਮਾ, ਉਦਯੋਗਪਤੀ ਵਿਕਾਸ ਗਰੋਵਰ ਬਤੌਰ ਮੁੱਖ ਮਹਿਮਾਨ ਤੇ ਪ੍ਰਦੀਪ ਕੁਮਾਰ ਗੋਰ ਏਜੰਸੀ ਵਾਲੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਪ੍ਰੋਗਰਾਮ ਦੀ ਸ਼ੁਰੂਆਤ ਭਾਰਤ ਮਾਤਾ ਦੀ ਤਸਵੀਰ ਅੱਗੇ ਦੀਪ ਜਲਾ ਕੇ ਕੀਤੀ ਗਈ। ਮੁੱਖ ਵਕਤਾ ਹਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਸਾਡਾ ਦੇਸ਼ ਲਗਭਗ 1200-1300 ਸਾਲ ਤੱਕ ਗੁਲਾਮ ਰਿਹਾ ਤੇ ਉਸ ਦੇ ਕੁੱਝ ਕਾਰਨ ਜਿਵੇਂ ਸਮਾਜਿਕ ਅਸਮਰਥਾ ਦੀ ਘਾਟ, ਅਨੁਸ਼ਾਸਨ ਤੇ ਅਸੰਗਠਿਤ ਹੋਣ ਦੀ ਘਾਟ, ਚੰਗੇ ਪਹਿਰਾ ਦੀ ਕਲਪਨਾ ਦੀ ਘਾਟ, ਆਪਣੇ ਦੇਸ਼ ਨਾਲ ਪ੍ਰੇਮ ਪਿਆਰ ਦੀ ਘਾਟ ਵੀ ਵਰਗੇ ਕਾਰਨ ਰਹੇ।ਉਨ੍ਹਾਂ ਦੱਸਿਆ ਕਿ ਗੁਲਾਮੀ ਦੇ ਇਨ੍ਹਾਂ ਕਾਰਨਾਂ ਦੀ ਘਾਟ ਨੂੰ ਦੂਰ ਕਰਨ ਲਈ ਡਾ. ਕੇਸ਼ਵ ਰਾਓ ਹੈਡਗੇਵਾਰ ਸਾਹਿਬ ਨੇ 1925 'ਚ ਸੰਘ ਦਾ ਪੌਦਾ ਲਗਾਇਆ ਅਤੇ ਸ਼ਾਖਾਵਾਂ ਦੀ ਸ਼ੁਰੂਆਤ ਕੀਤੀ।ਫਿਰ 1940 'ਚ ਸੰਘ ਦੀ ਕਮਾਨ ਗੁਰੂ ਗੋਲਵਲਕਰ ਜੀ ਨੂੰ ਸੌਂਪ ਦਿੱਤੀ ਗਈ।ਗੁਰੂ ਗੋਲਵਲਕਰ ਜੀ ਨੇ ਸੰਘ ਦਾ ਵਿਸਥਾਰ ਕੀਤਾ ਤੇ ਸਮਾਜ 'ਚ ਵੱਖ ਵੱਖ ਸੰਸਥਾਵਾਂ ਦੀ ਸ਼ੁਰੂਆਤ ਕੀਤੀ।ਮੁੱਖ ਵਕਤਾ ਨੇ ਦੱਸਿਆ ਕਿ ਸਾਨੂੰ ਆਪਣੇ ਸਮਾਂ 'ਚੋਂ ਵੀ 10 ਪ੍ਰਤੀਸ਼ਤ ਦਾ ਸਮਾਂ ਸਮਾਜ ਨੂੰ ਸੰਗਠਤ ਕਰਨ ਲਈ ਵੰਡਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਿਸ ਵੀ ਸ਼ਹਿਰ ਜਾਂ ਕਸਬਾ ਪੂਰਾ ਸੰਗਠਤ ਹੋ ਜਾਂਦਾ ਹੈ।

14-Oct Page 11-Majha-25-Final21.qxd 10/13/2025 10:42 PM Page 1



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ 18 ਨੂੰ ਸਰਕਾਰ ਖ਼ਿਲਾਫ ਕਰੇਗੀ ਸ਼ਾਂਤਮਈ ਰੋਸ ਮਾਰਚ

**ਤਰਨਤਾਰਨ (ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੀ ਮੀਟਿੰਗ ਬਾਬਾ ਸਿਧਾਨਾ ਜੀ ਦੇ ਸਥਾਨਾਂ ਤੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਮੀਤ ਪ੍ਰਧਾਨ ਹਰਨੇਲ ਸਿੰਘ ਨੂਰਦੀ, ਰਣਯੋਧ ਸਿੰਘ ਗੱਗੋਬੂਆ ਨੇ ਕਿਹਾ ਕਿ ਟਿਕਾਣੇ ਲਈ ਕਿ ਲੋਕਾਂ ਦੀ ਮੰਡੀਆਂ ਵਿੱਚ ਹੋ ਰਹੀ ਲੁੱਟ ਖਸੁੱਟ, ਪਰਾਲੀ ਦੇ ਪਰਚਿਆਂ ਅਤੇ ਸਰਕਾਰ ਵੱਲੋਂ ਕਿਸਾਨਾਂ ਦੇ ਸਵਾਲਾਂ ਤੋਂ ਭੱਜਣ ਦੇ ਵਿਰੋਧ ਵਿੱਚ 18 ਅਕਤੂਬਰ ਨੂੰ ਸ਼ਾਂਤਮਈ ਤਰੀਕੇ ਨਾਲ ਸਰਕਾਰ ਖ਼ਿਲਾਫ ਮਾਰਚ ਕੱਢ ਕੇ ਅਤੇ ਸਰਕਾਰ ਦੇ ਪੁਤਲੇ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਕਿਸਾਨ ਆਗੂਆਂ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਾਉਣਾ ਸਾਡੀ ਕੋਈ ਜ਼ਿੱਦ ਨਹੀਂ, ਇਹ ਸਾਡੀ ਮਜਬੂਰੀ ਹੈ ਕਿਉਂਕਿ ਪਰਾਲੀ ਨੂੰ ਟਿਕਾਣੇ ਲਾਉਣ ਲਈ ਵੱਡੀ ਮਸ਼ੀਨਰੀ ਅਤੇ ਵਾਧੂ ਖਰਚੇ ਦਾ ਕਿਸਾਨਾਂ ਦੇ ਬੋਝ ਪੈ ਰਿਹਾ ਹੈ।ਪਹਿਲੇ ਜ਼ਿਲ੍ਹੇ ਵਿੱਚ ਬਹੁਤ ਘੱਟ ਗਿਣਤੀ ਬੇਲਰ ਮਸ਼ੀਨਾਂ ਉਪਲਬਧ ਹਨ । ਇਨ੍ਹਾਂ ਮਸ਼ੀਨਾਂ ਨਾਲ ਤਾਂ ਜ਼ਿਲ੍ਹੇ ਦੇ ਕੁਝ ਪਿੰਡਾਂ ਦੀ ਹੀ ਪਰਾਲੀ ਚੁੱਕੀ ਜਾ ਸਕਦੀ ਹੈ।ਉਹਨਾਂ ਕੰਪਨੀਆਂ ਵੱਲੋਂ ਗੱਡਾ ਚੁੱਕਣ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ।ਸਰਕਾਰ ਵੱਲੋਂ ਕਿਸਾਨਾਂ ਨੂੰ ਪਰਾਲੀ ਲਈ ਨਾ



ਕੋਈ ਮੁਆਵਜ਼ਾ ਨਾ ਬੋਨਸ ਅਤੇ ਨਾ ਹੀ ਕੋਈ ਮਸ਼ੀਨਰੀ ਮੁਹੱਈਆ ਕਰਵਾਈ ਜਾ ਰਹੀ ਹੈ।ਸਰਕਾਰ ਪਰਾਲੀ ਦੇ ਮਸਲੇ ਨੂੰ ਲੈ ਕੇ ਫੇਲ ਹੁੰਦੀ ਦਿਖਾਈ ਦੇ ਰਹੀ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਵੱਡੇ-ਵੱਡੇ ਐਲਾਨ ਤਾਂ ਕਰ ਦਿੱਤੇ ਹਨ ਪਰ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਅਜੇ ਤੱਕ ਨਾ ਕਾਮਯਾਬ ਹੁੰਦੀ ਦਿਖਾਈ ਦੇ ਰਹੀ ਹੈ।ਨਾ ਹੀ ਕਿਸੇ ਕਿਸਾਨ ਨੂੰ ਅਜੇ ਤੱਕ ਪੈਲੀਆਂ ਦਾ ਮੁਆਵਜ਼ਾ ਮਿਲਿਆ, ਨਾ ਹੀ ਕਿਸੇ ਨੂੰ ਪਸ਼ੂਆਂ ਦਾ ਅਤੇ ਨਾ ਹੀ ਕਿਸੇ ਨੂੰ ਘਰ ਢਹਿ ਜਾਣ ਦਾ। ਸਰਕਾਰ ਜੁਮਲੇਬਾਜ਼ੀਆਂ ਕਰਕੇ ਹੀ ਟਾਈਮ ਸਾਰ ਰਹੀ ਹੈ। ਇੱਕ ਪਾਸੇ ਲੋਕ ਹੜ੍ਹਾਂ ਦੀ ਮਾਰ ਹੇਠ ਤੜ੍ਹ-ਤੜ੍ਹ ਕਰ ਰਹੇ ਹਨ।ਕਈ ਇਲਾਕਿਆਂ ਵਿੱਚ ਕਣਕ ਬੀਜਣ ਦੀ ਕੋਈ ਸੰਭਾਵਨਾ ਨਹੀਂ ਹੈ ਤੇ ਦੂਜੇ ਪਾਸੇ ਸਰਕਾਰ ਜ਼ਿਮਨੀ ਚੋਣ ਵਿੱਚ ਆਪਣਾ ਵਿਧਾਇਕ ਜਿਤਾਉਣ ਲਈ ਦਿਨ ਰਾਤ ਦਾ ਜ਼ੋਰ ਲਗਾ ਰਹੀ ਹੈ।ਪਰ ਜ਼ਿਮਨੀ ਚੋਣਾਂ ਵਾਸਤੇ ਬਾਬਾ ਬੁੱਢਾ ਸਾਹਿਬ ਦੇ ਮੇਲੇ ਦੀ ਨਾ ਪਰਵਾਹ ਕਰਦੇ ਹੋਏ ਸੰਗਤਾਂ ਨੂੰ ਖ਼ਰਾਬ ਕਰਨ ਲਈ ਬਾਬਾ ਬੁੱਢਾ ਸਾਹਿਬ ਨਜ਼ਦੀਕ ਵੱਡੀ ਕਾਨਫਰੰਸ ਰੱਖ ਕੇ ਸੰਗਤਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਜਿਸ ਨਾਲ ਟਰੈਫਿਕ ਜਾਮ ਰਿਹਾ, ਸੰਗਤਾਂ ਬਾਬਾ ਬੁੱਢਾ ਸਾਹਿਬ ਪਹੁੰਚਣ ਲਈ ਘੰਟਿਆਂ ਜਾਮ ਵਿੱਚ ਫਸੀਆਂ ਰਹੀਆਂ।ਇਸ ਮੌਕੇ ਪਰਮਜੀਤ ਸਿੰਘ ਛੀਨਾ, ਕੁਲਵਿੰਦਰ ਸਿੰਘ ਕੋਕੋਵਾਲ, ਮਨਜਿੰਦਰ ਸਿੰਘ ਗੋਹਲਵੜ, ਬਲਜੀਤ ਸਿੰਘ ਝਬਾਲ, ਕਸ਼ਮੀਰ ਸਿੰਘ ਅਤੇ ਵੀਰ ਸਿੰਘ ਕੋਟ ਸਿੰਘ ਹਾਜ਼ਰ ਸਨ।

# ਦਰਿਆ ਬਿਆਸ 'ਚ ਆਏ ਹੜ੍ਹ ਕਾਰਨ ਕਿਸਾਨਾਂ ਦੀ ਸੈਂਕੜੇ ਏਕੜ ਜ਼ਮੀਨ ਖੁਰਦ-ਬੁਰਦ

## ਪੀੜਤ ਕਿਸਾਨਾਂ ਨੇ ਪੰਜਾਬ ਸਰਕਾਰ ਪਾਸੋਂ ਢੁੱਕਵੇਂ ਮੁਆਵਜ਼ੇ ਦੀ ਕੀਤੀ ਮੰਗ

**ਗੁਰਦਾਸਪੁਰ, (ਜਨਕ ਮਹਾਜਨ)**-ਦਰਿਆ ਰਾਵੀ ਅਤੇ ਬਿਆਸ ਵਿਚ ਆਏ ਹੜ੍ਹਾਂ ਕਾਰਨ ਅਨੇਕਾਂ ਕਿਸਾਨਾਂ ਦੀਆਂ ਜ਼ਮੀਨਾਂ, ਘਰ ਅਤੇ ਫਸਲਾਂ ਬਰਬਾਦ ਹੋ ਗਈਆਂ ਹਨ। ਬਿਆਸ ਕੰਢੇ ਪੈਂਦੇ ਪਿੰਡ ਦਲੇਲਪੁਰ ਖੇੜਾ ਵਿਖੇ ਜ਼ਮੀਨਾਂ ਦਰਿਆ ਬੁਰਦ ਹੋ ਗਈਆਂ ਹਨ। ਪੀੜਤ ਕਿਸਾਨ ਤਰਸੇਮ ਮਹਾਜਨ ਪੁੱਤਰ ਓਮ ਦੱਤ ਮਹਾਜਨ ਨੇ ਭਰੇ ਮਨ ਨਾਲ ਦੱਸਿਆ ਕਿ ਉਸ ਦੀ 60 ਕਿੱਲੇ ਦੇ ਕਰੀਬ ਜ਼ਮੀਨ ਪਿੰਡ ਦਲੇਲਪੁਰ ਖੇੜਾ ਦੇ ਮੰਡ ਖੇਤਰ ਵਿਚ ਮੌਜੂਦ ਹੈ, ਜਿਸ ਵਿਚ ਉਨ੍ਹਾਂ ਨੇ ਪਾਪੂਲਰ ਅਤੇ ਗੰਨੇ ਦੀ ਫ਼ਸਲ ਉਗਾਉਣ ਨੂੰ ਤਰਜੀਹ ਦਿੱਤੀ। ਉਨ੍ਹਾਂ ਦੱਸਿਆ ਕਿ ਹੁਣ ਉਨ੍ਹਾਂ ਦੇ ਪਾਪੂਲਰ ਦੇ ਬੂਟਿਆਂ ਦੀ ਫਸਲ 6 ਸਾਲਾਂ ਬਾਅਦ ਬਿਲਕੁਲ ਤਿਆਰ ਸਨ, ਜਿਸ ਨੂੰ ਉਹ ਸਤੰਬਰ ਮਹੀਨੇ ਵਿੱਚ ਵੇਚਣ ਲਈ ਤਿਆਰ ਸਨ, ਪਰ ਕਿਸਮਤ ਨੂੰ ਕੁਝ ਹੋਰ ਮਨਜ਼ੂਰ ਸੀ। ਉਨ੍ਹਾਂ ਦੱਸਿਆ ਕਿ ਦਰਿਆ ਬਿਆਸ ਵਿਚ ਹੜ੍ਹ ਆਉਣ ਕਾਰਨ ਉਨ੍ਹਾਂ ਦੀ ਜ਼ਮੀਨ ਵਿਚ ਲਗਭਗ 8 ਫੁੱਟ ਤੱਕ ਪਾਣੀ ਆ ਗਿਆ, ਜੋ ਕਿ ਪੂਰੇ ਸੈੱਟ ਦੇ ਨਾਲ ਹਫ਼ਤਾ ਭਰ ਰਿਹਾ, ਜਿਸ ਕਾਰਨ ਪਾਪੂਲਰ ਦੇ ਬਣੇ ਕਈ ਵੀ ਪਾਣੀ ਵਿਚ ਡੁੱਬ ਗਏ। ਉਨ੍ਹਾਂ ਦੀ ਲਗਭਗ 8 ਕਿੱਲੇ ਜ਼ਮੀਨ ਅਤੇ 3000 ਤੋਂ ਵੱਧ ਪੁੱਤਾਂ ਵਾਂਗ ਪਾਲੇ ਪਾਪੂਲਰ ਦੇ ਬੂਟੇ ਦਰਿਆ ਬੁਰਦ ਹੋ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਪਾਪੂਲਰ ਦੇ ਰੁੱਖਾਂ ਦੀ ਕੀਮਤ ਲਗਭਗ 90 ਲੱਖ ਰੁਪਏ, ਜਦਕਿ 8 ਏਕੜ ਜ਼ਮੀਨ ਦਾ ਮੁੱਲ 2 ਕਰੋੜ 50 ਲੱਖ ਦੇ ਕਰੀਬ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਕੁੱਲ ਮਿਲਾ ਕੇ ਉਨ੍ਹਾਂ ਦਾ ਲਗਭਗ 3 ਕਰੋੜ 50 ਲੱਖ ਰੁਪਏ ਦੇ ਕਰੀਬ ਨੁਕਸਾਨ ਹੋ ਗਿਆ ਹੈ। ਪੀੜਤ ਕਿਸਾਨ ਨੇ ਦੱਸਿਆ ਕਿ ਸਾਲ 2023 ਵਿਚ ਦਰਿਆ ਬਿਆਸ ਵਿਚ ਹੜ੍ਹ ਆਉਣ ਕਾਰਨ ਜ਼ਮੀਨ ਵਿਚ ਕਾਫੀ ਪਾਣੀ ਆ ਗਿਆ ਸੀ ਜਿਸ ਨਾਲ ਕਾਫੀ ਨੁਕਸਾਨ ਹੋਇਆ ਸੀ। ਇਸ ਦੇ ਨਾਲ-ਨਾਲ ਦਰਿਆ ਵਿਚ ਪਾਣੀ ਦਾ ਵਹਾਅ ਜ਼ਿਆਦਾ ਹੋਣ ਕਾਰਨ ਪਿੰਡ ਜਗਤਪੁਰ ਤੇ ਪਿੰਡ ਟਾਂਡਾ ਨੇੜੇ ਧੁੱਸੀ ਬੰਨ੍ਹ ਟੁੱਟਣ ਨਾਲ ਕਿਨ੍ਹਾਂ ਪਿੰਡਾਂ ਵਿਚ ਪਾਣੀ ਆਉਣ ਤੋਂ ਇਲਾਵਾ ਗੁਰਦਾਸਪੁਰ, ਮੁਕੇਰੀਆਂ ਸ਼ਹਿਰ 'ਤੇ ਵੀ ਪਾਣੀ ਆ ਗਿਆ ਸੀ ਜਿਸ ਕਾਰਨ ਕਈ ਦਿਨ ਤੱਕ ਗੁਰਦਾਸਪੁਰ-ਮੁਕੇਰੀਆਂ ਸੜਕ ਬੰਦ ਰਹੀ ਸੀ ਅਤੇ ਲੋਕਾਂ ਨੂੰ ਮੁਕੇਰੀਆਂ, ਹੁਸ਼ਿਆਰਪੁਰ, ਜਲੰਧਰ ਆਦਿ ਸ਼ਹਿਰਾਂ ਨੂੰ ਜਾਣ ਲਈ ਦੂਸਰੇ ਰਸਤਿਆਂ ਰਾਹੀਂ ਜਾਣ ਪੈਂਦਾ ਸੀ ਜਿਸ ਨਾਲ ਕਾਫੀ ਮੁਸ਼ਕਲਾਂ ਪੇਸ਼ ਆਈਆਂ ਸਨ। ਹੈਰਾਨੀ ਦੀ ਗੱਲ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਡਰੇਨੇਜ ਵਿਭਾਗ ਗੁਰਦਾਸਪੁਰ ਨੇ 2023 ਦੇ ਹੜ੍ਹਾਂ ਤੋਂ ਕੋਈ ਸਬਕ



ਨਹੀਂ ਲਿਆ ਕਿਉਂ ਜੋ ਉਸ ਵੇਲੇ ਦੇ ਹੜ੍ਹਾਂ ਬਾਅਦ ਪਿੰਡ ਟਾਂਡਾ ਤੇ ਜਗਤਪੁਰ ਨੇੜੇ ਜਿੱਥੋਂ ਧੁੱਸੀ ਬੰਨ੍ਹ ਟੁੱਟ ਕੇ ਪਿੰਡ ਵੱਲ ਪਾਣੀ ਆ ਗਿਆ ਸੀ, ਉਸ ਨੂੰ ਸਮਾਜਿਕ ਜਥੇਬੰਦੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਮਿਲ ਕੇ ਧੁੱਸੀ ਦੇ ਟੁੱਟੇ ਹੋਏ ਪਾੜ ਨੂੰ ਕਾਫੀ ਜੱਦੋ-ਜਹਿਦ ਉਪਰੰਤ ਪੂਰ ਦਿੱਤਾ ਸੀ, ਪਰ ਡਰੇਨੇਜ ਵਿਭਾਗ ਵੱਲੋਂ ਪਿੰਡ ਦਲੇਲਪੁਰ ਖੇੜਾ ਸਾਹਮਣੇ ਬਣੀ ਬੁਰਜੀ ਨੰਬਰ 22-23 ਦੇ ਸਾਹਮਣੇ ਦਰਿਆ ਬਿਆਸ ਕੰਡੇ ਬਣੇ ਸਟੱਡ ਅਤੇ ਸਪੱਰ ਜੋ ਉਸ ਵੇਲੇ ਨੁਕਸਾਨੇ ਗਏ ਸਨ, ਉਨ੍ਹਾਂ ਦੀ ਮੁਰੰਮਤ ਕਰਨਾ ਜ਼ਰੂਰੀ ਨਹੀਂ ਸਮਝਿਆ ਜਿਸ ਦਾ ਖਮਿਆਜ਼ਾ ਹੁਣ 2025 ਵਿਚ ਵੀ ਪੀੜਤ ਕਿਸਾਨਾਂ ਨੂੰ ਭੁਗਤਣਾ ਪੈ ਗਿਆ ਹੈ।

ਪੀੜਤ ਕਿਸਾਨ ਨੇ ਪੰਜਾਬ ਸਰਕਾਰ ਪਾਸੋਂ ਮੰਗ ਹੈ ਕਿ ਅਜਿਹੀਆਂ ਅਣਗਹਿਲੀਆਂ ਕਰਨ ਵਾਲੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਖ਼ਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਪੀੜਤ ਕਿਸਾਨਾਂ ਨੇ ਦੱਸਿਆ ਕਿ ਹੁਣ ਤੱਕ ਕੋਈ ਵੀ ਕੇਂਦਰੀ ਮੰਤਰੀ, ਪੰਜਾਬ ਸਰਕਾਰ ਦੇ ਮੰਤਰੀ ਅਤੇ ਪ੍ਰਸ਼ਾਸਨਿਕ ਅਧਿਕਾਰੀ ਆਦਿ ਮੌਕਾ ਵੇਖਣ ਲਈ ਨਹੀਂ ਪਹੁੰਚਿਆ ਤੇ ਨਾ ਹੀ ਕਿਸੇ ਸਮਾਜਿਕ ਜਥੇਬੰਦੀ ਵੱਲੋਂ ਪੀੜਤ ਕਿਸਾਨਾਂ ਦਾ ਦੁੱਖ ਦਰਦ ਜਾਣਨ ਲਈ ਪਹੁੰਚਿਆ ਹੈ। ਉਨ੍ਹਾਂ ਕੇਂਦਰ, ਪੰਜਾਬ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਪਾਸੋਂ ਮੰਗ ਕੀਤੀ ਕਿ ਏਨੇ ਵੱਡੇ ਨੁਕਸਾਨ ਦੀ ਭਰਪਾਈ ਲਈ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਤੋਂ ਇਲਾਵਾ ਪਿੰਡ ਦਲੇਲਪੁਰ ਖੇੜਾ ਦੀ ਧੁੱਸੀ ਸਥਿਤ ਬੁਰਜੀ ਨੰਬਰ 22-23 ਸਾਹਮਣੇ ਲਗਭਗ 300 ਮੀਟਰ ਲੰਬਾ ਤਾਰਾਂ ਵਾਲਾ ਪੱਥਰਾਂ ਨਾਲ ਜੁੜਿਆ ਬੰਨ੍ਹ ਬਣਾਇਆ ਜਾਵੇ ਤਾਂ ਅਗਾਂਹ ਤੋਂ ਅਜਿਹੀ ਹੜ੍ਹ ਵਰਗੀ ਘਟਨਾ ਨਾ ਵਾਪਰੇ।

# ਪੀ ਜੀ ਆਈ ਵੱਲੋਂ ਸੀ ਪੀ ਆਰ ਜਾਗਰੂਕਤਾ ਹਫ਼ਤਾ 17 ਤੱਕ ਚੱਲੇਗਾ

**ਸਮਰਾਲਾ, (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਵਿਚ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਵੱਲੋਂ ਸ਼ੁਰੂ ਕੀਤੀ ਗਈ ਪਹਿਲ 'ਸੀ.ਪੀ.ਆਰ. ਜਾਗਰੂਕਤਾ ਹਫ਼ਤਾ' 13 ਤੋਂ 17, ਜੀਵਨ ਬਚਾਉਣ ਪ੍ਰਤੀ ਸਮਰਪਣ ਭਾਵ ਨਾਲ ਮਨਾਇਆ ਜਾ ਰਿਹਾ



ਹਿੰਮਤ, ਦਇਆ ਅਤੇ ਜ਼ਿੰਮੇਵਾਰੀ ਨਾਲ ਸਹਾਇਤਾ ਹੈ।ਇਸ ਪਹਿਲ ਤਹਿਤ ਇੰਸਟੀਚਿਊਟ ਦੇ ਸਿਹਤ ਕਰਮਚਾਰੀਆਂ ਵੱਲੋਂ ਜ਼ੁਬਾਨੀ ਅਤੇ ਵਿਚ ਹੀ ਸੰਕਲਪ ਲਿਆ ਗਿਆ ਕਿ ਉਹ ਹਿਰਦੇ-ਵੇਰਵੇ ਪੁਨਰਜੀਵਨ (ਸੀਪੀਆਰ) ਦੀ ਸਮੇਂ ਸਿਰ ਵਰਤੋਂ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਗੇ ਅਤੇ ਸਹੀ ਤਰੀਕੇ ਨਾਲ ਸੀਪੀਆਰ ਸਿੱਖਣ ਤੇ ਅਭਿਆਸ ਕਰਨਗੇ ਤਾਂ ਜੋ ਹਾਰਟ ਅਟੈਕ ਦੀ ਸੂਰਤ ਵਿਚ ਜਾਨਾਂ ਬਚਾਈਆਂ ਜਾ ਸਕਣ।ਸੀਪੀਆਰ ਬਾਰੇ ਗਿਆਨ ਪ੍ਰਾਪਤ ਅਤੇ ਹੁਨਰਮੰਦ ਵਿਅਕਤੀਆਂ ਨੂੰ ਤੁਰੰਤ ਪ੍ਰੋਫੈਸ਼ਨਲ ਮੈਡੀਕਲ ਮਦਦ ਮਿਲਣ ਤੋਂ ਪਹਿਲਾਂ ਸਿਹਤ ਸੰਬੰਧੀ ਐਮਰਜੈਂਸੀ ਹਾਲਾਤ ਵਿੱਚ ਪ੍ਰਦਾਨ ਕਰਨ ਲਈ ਸਿੱਖਿਅਤ ਕੀਤਾ ਜਾਂਦਾ ਹੈ।ਇਸ ਦੇ ਨਾਲ ਹੀ ਸੰਸਥਾ ਵੱਲੋਂ ਭਾਰਤ ਸਰਕਾਰ ਦੀ ਨੈਸ਼ਨਲ ਐਮਰਜੈਂਸੀ ਲਾਈਫ ਸਪੋਰਟ ਪਹਲ ਦੇ ਤਹਿਤ ਇੱਕ ਬੇਸਿਕ ਲਾਈਫ ਸਪੋਰਟ ਵਰਕਸ਼ਾਪ ਅਤੇ ਤਾਲੀਮੀ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ ਜਿਸ ਦਾ ਉਦੇਸ਼ ਸਿਹਤ ਸੇਵਾ ਪ੍ਰਦਾਤਾਵਾਂ ਅਤੇ ਗੈਰ-ਕਲੀਨੀਕੀ ਕਰਮਚਾਰੀਆਂ ਨੂੰ ਵਿਸਤ੍ਰਿਤ ਤਾਲੀਮ ਪ੍ਰਦਾਨ ਕਰਨਾ ਹੈ।ਇਸ ਤਾਲੀਮ ਰਾਹੀਂ ਭਾਗੀਦਾਰਾਂ ਨੂੰ ਐਮਰਜੈਂਸੀ ਸਥਿਤੀਆਂ ਦਾ ਪ੍ਰਭਾਵਸ਼ਾਲੀ ਜਵਾਬ ਦੇਣ ਲਈ ਸਭ ਤੋਂ ਤਾਜ਼ਾ ਸਬੂਤ-ਆਧਾਰਿਤ ਹੁਨਰ ਪ੍ਰਾਪਤ ਹੋਣਗੇ।

# ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ 2.95 ਕਰੋੜ ਦੀ ਲਾਗਤ ਵਾਲੀਆਂ 11 ਲਿੰਕ ਸੜਕਾਂ ਦੇ ਰੱਖੇ ਨੀਂਹ ਪੱਥਰ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਵਿਧਾਨਸਭਾ ਹਲਕਾ ਦੀਨਾਨਗਰ ਦੇ ਵੱਖ-ਵੱਖ ਪਿੰਡਾਂ ਅੰਦਰ 2.95 ਕਰੋੜ ਰੁਪਏ ਦੀ ਲਾਗਤ ਨਾਲ ਨਵਿਆਈਆਂ ਜਾਣ ਵਾਲੀਆਂ 13.96 ਕਿਲੋਮੀਟਰ ਲੰਮੀਆਂ 11 ਲਿੰਕ ਸੜਕਾਂ ਦੇ ਨੀਂਹ ਪੱਥਰ ਰੱਖੇ ਗਏ।ਪਿੰਡ ਰਉਵਾਲ ਵਿਖੇ ਲਿੰਕ ਸੜਕਾਂ ਦੇ ਨਵੀਨੀਕਰਨ ਦੇ ਨੀਂਹ ਪੱਥਰ ਰੱਖਣ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਰਉਵਾਲ, ਪਨਿਆੜ, ਦਬੁਰਜੀ ਸ਼ਾਮ ਸਿੰਘ, ਮਰਾੜਾ, ਤਲਵੰਡੀ ਅਤੇ ਦਇਆਨੰਦ ਮੱਠ ਵਿਚ ਵੱਖ-ਵੱਖ ਸੜਕਾਂ ਦੇ ਨਵੀਨੀਕਰਨ ਦੇ ਨੀਂਹ ਪੱਥਰ ਰੱਖੇ ਗਏ ਹਨ ਜਿਨ੍ਹਾਂ ਦਾ ਕੰਮ ਜਲਦੀ ਪੱਧਰ ਤੇ ਸ਼ੁਰੂ ਹੋ ਗਿਆ ਹੈ ਅਤੇ ਇਹ ਸੜਕਾਂ ਆਉਂਦੇ ਕੁਝ ਹੀ ਦਿਨਾਂ ਦੇ ਅੰਦਰ ਅੰਦਰ ਬਣ ਕੇ ਤਿਆਰ ਹੋ ਜਾਣਗੀਆਂ।

ਉਨ੍ਹਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਨਲਾਇਕੀਆਂ ਕਾਰਨ ਇਹ ਸੜਕਾਂ ਪਿਛਲੇ ਲੰਮੇਂ ਸਮੇਂ ਤੋਂ ਮੁਰੰਮਤ ਲਈ ਤਰਸ ਰਹੀਆਂ ਸਨ ਅਤੇ ਬਦਹਾਲ ਸੜਕਾਂ ਕਾਰਨ ਲੋਕਾਂ ਨੂੰ ਆਵਾਜਾਈ ਲਈ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੀਆਂ ਲਿੰਕ ਸੜਕਾਂ ਦੇ ਨਵੀਨੀਕਰਨ ਦੇ ਨਾਲ ਨਾਲ ਇਕ ਹੋਰ ਇਤਿਹਾਸਕ ਫੈਸਲਾ ਕੀਤਾ ਹੈ ਕਿ ਨਵੀਆਂ ਬਣਨ ਵਾਲੀਆਂ ਇਨ੍ਹਾਂ ਸੜਕਾਂ ਦੀ ਅਗਲੇ ਪੰਜ ਸਾਲ ਤੱਕ ਸਾਂਭ ਸੰਭਾਲ ਦੀ ਸਾਰੀ ਜ਼ਿੰਮੇਵਾਰੀ ਸਬੰਧਤ ਕੰਪਨੀ ਦੀ ਹੀ ਹੋਵੇਗੀ ਜਿਸ ਨਾਲ ਸੜਕਾਂ ਬਣਾਉਣ ਵਾਲੀਆਂ ਕੰਪਨੀਆਂ ਚੰਗੀਆਂ ਅਤੇ ਮਿਆਰੀ ਸੜਕਾਂ ਬਣਾਉਣ ਨੂੰ ਤਰਜੀਹ



ਦੇਣਗੀਆਂ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੇ ਇਸ ਫੈਸਲੇ ਨਾਲ ਪੰਜਾਬ ਦੇ ਲੋਕਾਂ ਨੂੰ ਆਉਂਦੇ ਪੰਜ ਸਾਲ ਤੱਕ ਆਵਾਜਾਈ ਲਈ ਸ਼ਾਨਦਾਰ ਸੜਕਾਂ ਮਿਲਣਗੀਆਂ ਅਤੇ ਲੋਕਾਂ ਦਾ ਸਫ਼ਰ ਸੁਖਾਲਾ ਹੋ ਸਕੇਗਾ।ਉਨ੍ਹਾਂ ਕਿਹਾ ਕਿ ਦੀਨਾਨਗਰ ਹਲਕੇ ਅੰਦਰ ਸੜਕਾਂ ਦੇ ਨਵੀਨੀਕਰਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਆਉਂਦੇ ਦਿਨਾਂ ਦੌਰਾਨ ਹੋਰ ਵੀ ਲਿੰਕ ਸੜਕਾਂ ਦੇ ਨਵੀਨੀਕਰਨ ਦੇ ਕੰਮ ਸ਼ੁਰੂ ਕੀਤੇ ਜਾਣਗੇ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਜਿਹੜੀਆਂ ਸੜਕਾਂ ਦੇ ਅੱਜ ਨੀਂਹ ਪੱਥਰ ਰੱਖੇ ਗਏ ਹਨ, ਉਨ੍ਹਾਂ ਵਿੱਚ ਦਇਆਨੰਦ ਮੱਠ ਦੇ ਨੇੜੇ ਏਪੀਕੇ ਰੋਡ ਦੀਨਾਨਗਰ ਤੋਂ ਤਾਰਾਗੜ੍ਹ ਰੋਡ ਵਾਇਆ ਸ਼੍ਰੀ ਰਾਮ ਸ਼ਰਨਮ ਮੰਦਿਰ 780 ਮੀਟਰ ਸੜਕ 13.29 ਲੱਖ ਦੀ ਲਾਗਤ ਨਾਲ, ਏਪੀਕੇ ਰੋਡ ਦੀਨਾਨਗਰ ਤੋਂ ਤਲਵੰਡੀ 890 ਮੀਟਰ 13.40 ਲੱਖ ਦੀ ਲਾਗਤ ਨਾਲ, ਮਰਾੜਾ ਚੁੰਗੀ ਤੋਂ ਸਿੰਘੋਵਾਲ ਤੱਕ 1.04 ਕਿਲੋਮੀਟਰ ਲੰਮੀ ਸੜਕ 30.63 ਲੱਖ ਦੀ ਲਾਗਤ ਨਾਲ, ਦਬੁਰਜੀ ਸ਼ਾਮ ਸਿੰਘ ਤੋਂ ਸ਼ਾਹਪੁਰ ਤੱਕ 1.56 ਕਿਲੋਮੀਟਰ 26.23 ਲੱਖ ਦੀ ਲਾਗਤ ਨਾਲ, ਸ਼ਾਹਪੁਰ ਦੀ 620 ਮੀਟਰ ਫਿਰਨੀ 14.06 ਲੱਖ ਦੀ ਲਾਗਤ ਨਾਲ, ਦਬੁਰਜੀ ਸ਼ਾਮ ਸਿੰਘ ਤੋਂ ਝਾੜਾ ਤੱਕ ਦੀ 1.98 ਕਿਲੋਮੀਟਰ ਲੰਮੀ ਸੜਕ ਲਾਗਤ 57.90 ਲੱਖ, ਨਾਨੋ ਨੰਗਲ ਰੋਡ ਤੋਂ ਸਿੰਘੋਵਾਲ 1.04 ਕਿਲੋਮੀਟਰ ਲਾਗਤ 30.63 ਲੱਖ, ਡਾਲਾ ਪਨਿਆੜ ਰੋਡ ਤੋਂ ਏਪੀਕੇ ਰੋਡ 0.9 ਕਿਲੋਮੀਟਰ ਲੰਬਾਈ ਦੀ ਸੜਕ 14.82 ਲੱਖ ਰੁਪਏ ਦੀ ਲਾਗਤ ਨਾਲ, ਏਪੀਕੇ ਰੋਡ ਰਉਵਾਲ ਪਲਾਈ ਫੈਕਟਰੀ ਦੀ 1.16 ਕਿਲੋਮੀਟਰ ਸੜਕ 26.83 ਲੱਖ ਦੀ ਲਾਗਤ ਨਾਲ, ਰਉਵਾਲ ਤੋਂ ਗਰੋਟੀਆਂ ਤੱਕ 2.78 ਕਿਲੋਮੀਟਰ ਸੜਕ 49.30 ਲੱਖ ਰੁਪਏ ਦੀ ਲਾਗਤ ਨਾਲ ਅਤੇ ਏਪੀਕੇ ਰੋਡ ਤੋਂ ਰਉਵਾਲ ਤੱਕ 1.21 ਕਿਲੋਮੀਟਰ ਲੰਮੀ ਸੜਕ ਤੇ 17.96 ਲੱਖ ਰੁਪਏ ਖਰਚ ਹੋਣਗੇ।ਇਸ ਮੌਕੇ ਬਲਾਕ ਪ੍ਰਧਾਨ ਬਾਪੂ ਬਲਦੇਵ ਸਿੰਘ, ਬਲਾਕ ਪ੍ਰਧਾਨ ਮੰਨਾ ਸੰਧੂ, ਮੈਂਬਰ ਪੰਚਾਇਤ ਬਲਬੀਰ ਸਿੰਘ, ਸਾਬਕਾ ਸਰਪੰਚ ਧਿਆਨ ਸਿੰਘ ਬੇਦੀ ਅਤੇ ਸੋਮ ਰਾਜ ਦੇ ਇਲਾਵਾ ਵੱਡੀ ਗਿਣਤੀ 'ਚ ਪਿੰਡ ਦੇ ਲੋਕ ਮੌਜੂਦ ਸਨ।

# ਸਾਥੀ ਦਵਿੰਦਰ ਸਿੰਘ ਦੀ ਸੇਵਾ ਮੁਕਤੀ 'ਤੇ ਸਟਾਫ ਨੇ ਦਿੱਤੀ ਵਿਦਾਇਗੀ ਪਾਰਟੀ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਦਵਿੰਦਰ ਸਿੰਘ ਪੀਡਬਲਿਊਡੀ ਮਹਿਕਮੇ ਤੋਂ ਸੇਵਾਮੁਕਤ ਹੋਣ




'ਤੇ ਇਕ ਪ੍ਰਭਾਵਸ਼ਾਲੀ ਸਮਾਰੋਹ ਕੀਤਾ ਗਿਆ ।ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ। ਸਾਥੀ ਦਵਿੰਦਰ ਸਿੰਘ ਨੇ ਮਹਿਕਮੇ 'ਚ ਇਮਾਨਦਾਰੀ/ਨਿਰਸਵਾਰਥ ਹੋ ਕੇ ਡਿਊਟੀ ਨਿਭਾਈ, ਜਥੇਬੰਦੀ 'ਚ ਵੱਖ-ਵੱਖ ਅਹੁਦਿਆਂ ਤੋਂ ਇਲਾਵਾ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ (ਪਸਸਫ) ਦੇ ਸੂਬਾਈ ਆਗੂ ਵੀ ਰਹੇ।

ਕੱਚੇ ਕਾਮਿਆਂ ਦੇ ਸੰਘਰਸ਼, ਆਸ਼ਾ ਵਰਕਰ, ਮਿਡ ਡੇ ਆਂਗਣਵਾੜੀ ਵਰਕਰਾਂ ਦੇ ਚੱਲ ਰਹੇ ਸ਼ੰਘਰਸ਼ਾਂ 'ਚ ਮੋਹਰੀ ਰੋਲ ਨਿਭਾਇਆ। ਇਸ ਮੌਕੇ ਪੀਡਬਲਿਊਡੀ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਫੁੰਮਣ ਸਿੰਘ ਕਾਠਗੜ੍ਹ, ਸੀਨੀਅਰ ਮੀਤ ਪ੍ਰਧਾਨ ਸਤਨਾਮ ਸਿੰਘ, ਦਰਸ਼ਨ ਸਿੰਘ ਚੀਮਾ, ਬਲਜਿੰਦਰ ਸਿੰਘ, ਕੈਸ਼ੀਅਰ ਸੁਬੇਗ ਸਿੰਘ ਤੋਂ ਇਲਾਵਾ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ, ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਸਤਪਾਲ ਸ਼ਰਮਾ, ਧਰਮ ਸਿੰਘ ਪੱਟੀ, ਜਗਤਾਰ ਸਿੰਘ ਆਸਲ, ਮਾਸਟਰ ਸ਼ਿੰਗਾਰਾ ਸਿੰਘ ਘੜਕਾ ਆਦਿ ਆਗੂਆਂ ਨੇ ਬਲਵਿੰਦਰ ਸਿੰਘ ਦੀ ਸੇਵਾ ਮੁਕਤੀ 'ਤੇ ਪ੍ਰਵਾਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਾਨੂੰ ਪੂਰੀ ਆਸ ਹੈ ਕਿ ਸਾਥੀ ਦਵਿੰਦਰ ਸਿੰਘ ਪਹਿਲਾਂ ਦੀ ਤਰ੍ਹਾਂ ਹੀ ਗਰੀਬ ਲੋਕਾਂ ਦੀ ਸੇਵਾ ਕਰਦੇ ਰਹਿਣਗੇ।

# 45ਵੀਆਂ ਸਕੂਲ ਖੇਡਾਂ 'ਚ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਦੇ ਖਿਡਾਰੀਆਂ ਦੀਆਂ ਹੂੰਝਾ ਫੇਰ ਜਿੱਤਾਂ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**:-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਵਿੱਚ 45ਵੀਆਂ ਪ੍ਰਾਇਮਰੀ ਸੈਂਟਰ ਪੱਧਰੀ ਸਕੂਲ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਅਥਲੈਟਿਕਸ, ਕਬੱਡੀ, ਫੁੱਟਬਾਲ, ਹਾਕੀ, ਹੈਂਡਬਾਲ, ਖੋ-ਖੋ, ਰੱਸਾਕਸੀ, ਸਰਕਲ ਕਬੱਡੀ, ਕਰਾਂਟੇ, ਜਿਮਨਾਸਟਿਕ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਸੇਂਟ ਸੋਲਜਰ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜਿੱਤਾਂ ਪ੍ਰਾਪਤ ਕੀਤੀਆਂ।ਇਨ੍ਹਾਂ ਮੁਕਾਬਲਿਆਂ ਵਿੱਚ ਰਣਵੀਰ ਸਿੰਘ 100 ਮੀਟਰ ਪੰਜਵੀਂ ਬੀ ਤੀਜਾ ਸਥਾਨ, ਅਗਮਬੀਰ ਸਿੰਘ ਪੰਜਵੀਂ ਏ 200 ਮੀਟਰ ਪਹਿਲਾ ਸਥਾਨ, ਸਮਰੱਥ ਸਿੰਘ 400 ਮੀਟਰ ਚੌਥੀ ਡੀ ਤੀਜਾ ਸਥਾਨ, ਗੁਰਸੇਵਕ ਸਿੰਘ 600 ਮੀਟਰ ਤੀਸਰੀ ਸੀ ਪਹਿਲਾ ਸਥਾਨ, ਰਨਵੀਰ ਸਿੰਘ, ਗੁਰਸੇਵਕ ਸਿੰਘ, ਸਮਰੱਥਮੀਤ ਸਿੰਘ, ਜੈਨੀਸ਼ ਬੀਰ ਸਿੰਘ 4*100 ਮੀਟਰ ਰੇਸ ਤੀਜਾ ਸਥਾਨ, ਪ੍ਰਭਜੋਤ ਕੌਰ 100 ਮੀਟਰ ਪੰਜਵੀਂ ਡੀ ਦੂਜਾ ਸਥਾਨ, ਪ੍ਰਭਜੋਤ ਕੌਰ, ਸੁਖਮਨ ਪ੍ਰੀਤ ਕੌਰ 200 ਮੀਟਰ ਚੌਥੀ ਏ ਦੂਜਾ ਅਤੇ ਤੀਜਾ ਸਥਾਨ, ਖੁਸ਼ਪ੍ਰੀਤ ਕੌਰ 400 ਮੀਟਰ ਪੰਜਵੀਂ ਡੀ ਦੂਜਾ ਅਤੇ ਤੀਜਾ ਸਥਾਨ, ਅਨੁਰਾਜ ਕੌਰ 600 ਮੀ ਪੰਜਵੀਂ ਬੀ ਪਹਿਲਾ ਅਤੇ ਤੀਜਾ ਸਥਾਨ, ਪ੍ਰਭਜੋਤ ਕੌਰ, ਸੁਖਮਨਪ੍ਰੀਤ, ਮੰਨਤ, ਸ਼ਿਵੰਨਿਆ 4*100 ਮੀਟਰ ਪਹਿਲਾ ਸਥਾਨ, ਕਵਰ ਸਿੰਘ ਸ਼ੌਰਟ ਪੁੱਟ 2 ਕਿਲੋਗ੍ਰਾਮ ਪੰਜਵੀਂ ਬੀ ਦੂਜਾ ਸਥਾਨ, ਰਣਵੀਰ ਸਿੰਘ ਸ਼ਾਰਟ ਪੁੱਟ 2 ਕਿਲੋਗ੍ਰਾਮ ਪੰਜਵੀਂ ਬੀ ਤੀਜਾ ਸਥਾਨ, ਸਰਗੁਣ ਕੌਰ ਸ਼ਾਰਟਪੁੱਟ 2 ਕਿਲੋਗ੍ਰਾਮ ਪੰਜਵੀਂ ਡੀ ਤੀਜਾ ਸਥਾਨ, ਅਗਮਬੀਰ ਸਿੰਘ ਲੌਂਗ ਜੰਪ ਪੰਜਵੀਂ ਏ ਤੀਜਾ ਸਥਾਨ, ਅਨੁਰੋਜ ਕੌਰ ਲੌਂਗ ਜੰਪ ਪੰਜਵੀਂ ਬੀ ਪਹਿਲਾ ਸਥਾਨ , ਗੁਰਲੀਨ ਕੌਰ ਲੌਂਗ ਜੰਪ ਪੰਜਵੀਂ ਬੀ ਦੂਜਾ ਸਥਾਨ, ਖੋ-ਖੋ ਲੜਕੇ ਅਤੇ ਲੜਕੀਆਂ ਪਹਿਲਾ ਸਥਾਨ, ਹੈਂਡ ਬਾਲ ਲੜਕੇ ਤੇ ਲੜਕੀਆਂ ਪਹਿਲਾ ਸਥਾਨ, ਬੈਡਮਿੰਟਨ ਲੜਕੇ ਅਤੇ ਲੜਕੀਆਂ ਪਹਿਲਾ ਸਥਾਨ, ਨੈਸ਼ਨਲ ਸਟਾਈਲ ਕਬੱਡੀ ਲੜਕੇ ਤੀਜਾ ਸਥਾਨ ਅਤੇ ਲੜਕੀਆਂ ਪਹਿਲਾ ਸਥਾਨ, ਫੁੱਟਬਾਲ ਲੜਕੇ ਪਹਿਲਾ ਸਥਾਨ ਹਾਕੀ ਲੜਕੇ ਅਤੇ ਲੜਕੀਆਂ ਪਹਿਲਾ ਸਥਾਨ, ਸਰਕਲ ਕਬੱਡੀ ਲੜਕੇ ਪਹਿਲਾ ਸਥਾਨ, ਜਿਮਨਾਸਟਿਕ ਆਰਟਿਸਟ ਲੜਕੇ ਅਤੇ ਲੜਕੀਆਂ ਪਹਿਲਾ ਸਥਾਨ, ਜਿਮਨਾਸਟਿਕ ਰਿਦਮ ਲੜਕੀਆਂ



ਪਹਿਲਾ ਸਥਾਨ, ਯੋਗਾ ਲੜਕੀਆਂ ਦੂਜਾ ਸਥਾਨ ਅਤੇ ਲੜਕੇ ਤੀਜਾ ਸਥਾਨ, ਯੋਗਾ ਇੰਡੀਵਿਜੁਅਲ ਲੜਕੀਆਂ ਦੂਜਾ ਸਥਾਨ, ਲੜਕੇ ਤੀਜਾ ਸਥਾਨ,ਯੋਗਾ ਰਿਦਮਿਕ ਲੜਕੀਆਂ ਦੂਜਾ ਸਥਾਨ ਲੜਕੇ ਤੀਜਾ ਸਥਾਨ ਲੈ ਕੇ ਹੂੰਝਾ ਫੇਰ ਜਿੱਤਾਂ ਪ੍ਰਾਪਤ ਕੀਤੀਆਂ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਰਣਜੀਤ ਸਿੰਘ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਜੰਡਿਆਲਾ ਗੁਰੂ ਅਤੇ ਡਾ: ਅਮਰਪ੍ਰੀਤ ਕੌਰ ਪ੍ਰਿੰ. ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਅਤੇ ਮੈਡਲ ਦਿਤੇ। ਕੋਚ ਫਤਿਹ ਸਿੰਘ, ਡੀਪੀ ਯਾਦਵਿੰਦਰ ਸਿੰਘ, ਡੀਪੀ ਜਤਿੰਦਰ ਸਿੰਘ, ਡੀਪੀ ਮਨਪ੍ਰੀਤ ਕੌਰ, ਡੀ ਪੀ ਨੀਲਮ, ਡੀਪੀ, ਰੁਪਿੰਦਰ ਕੌਰ ਅਤੇ ਰਾਜਬੀਰ ਕੌਰ ਡੀਪੀ ਦੀ ਮਿਹਨਤ ਨੂੰ ਵੀ ਸਰਾਹਿਆ ਗਿਆ।ਇਸ ਮੌਕੇ ਵਾਇਸ ਪ੍ਰਿੰ. ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੁਆਡੀਨੇਟਰ, ਨੀਲਾਕਸ਼ੀ ਗੁਪਤਾ ਕੋਆਰਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ!

# ਟਾਟਾ ਪੰਚ ਇਸ ਤਿਉਹਾਰੀ ਸੀਜ਼ਨ 'ਚ ਸ਼ਹਿਰ ਦੀ ਪਸੰਦੀਦਾ ਐੱਸ ਯੂ ਵੀ ਬਣੀ

ਚੰਡੀਗੜ੍ਹ : ਟਾਟਾ ਮੋਟਰਜ਼ ਪੈਸੇਂਜਰ ਵਹੀਕਲਜ਼ (ਟੀਐਮਪੀਵੀ) ਨੇ ਸਤੰਬਰ 2025 ਲਈ ਯਾਤਰੀ ਵਾਹਨਾਂ ਦੀ ਵਿਕਰੀ ਵਿੱਚ ਨੰਬਰ 2 ਸਥਾਨ ਪ੍ਰਾਪਤ ਕੀਤਾ ਹੈ। ਭਾਰਤ ਦੀਆਂ ਚੋਟੀ ਦੀਆਂ ਪੰਜ ਸਭ ਤੋਂ ਵੱਧ ਵਿਕਣ ਵਾਲੀਆਂ ਕਾਰਾਂ ਵਿੱਚ ਦਰਜਾ ਪ੍ਰਾਪਤ, ਪੰਚ ਆਪਣੇ ਪੈਟਰੋਲ, ਸੀ.ਐਨ.ਜੀ. ਅਤੇ ਇਲੈਕਟ੍ਰਿਕ ਰੂਪਾਂ ਨਾਲ ਦਬਦਬਾ ਬਣਾਈ ਰੱਖਣਾ ਜਾਰੀ ਰੱਖਦਾ ਹੈ । ਟਾਟਾ ਪੰਚ ਨੇ ਅਪ੍ਰੈਲ ਅਤੇ ਸਤੰਬਰ 2025 ਦੇ ਵਿਚਕਾਰ ਚੰਡੀਗੜ੍ਹ ਵਿੱਚ ਟੀਐਮਪੀਵੀਦੀ ਕੁੱਲ ਵਿਕਰੀ ਦਾ 27% ਹਿੱਸਾ ਪਾਇਆ, ਜਿਸ ਨਾਲ ਇਸ ਸਾਲ ਸ਼ਹਿਰ ਵਿੱਚ ਵਿਕਰੀ ਦੁੱਗਣੀ ਹੋ ਗਈ। ਰਾਸ਼ਟਰੀ ਪੱਧਰ ਤੇ, ਇਸਨੇ ਟੀਐਮਪੀਵੀਦੀ ਨਵਰਾਤਰੀ ਵਿਕਰੀ ਦਾ 33% ਯੋਗਦਾਨ ਪਾਇਆ । ਆਪਣੀਆਂ 5-ਸਿਤਾਰਾ ਜੀਐਨਸੀਏਪੀ ਸੁਰੱਖਿਆ ਰੇਟਿੰਗਾਂ ( ਆਈਸੀਈ ਅਤੇ ਈਵੀ ਦੋਵੇਂ ਸੰਸਕਰਣ), ਬੋਲਡ ਡਿਜ਼ਾਈਨ, ਅਤੇ ਕਿਤੇ ਵੀ ਜਾਓ ਬਹੁਪੱਖੀਤਾ ਲਈ ਮਸ਼ਹੂਰ, ਪੰਚ ਪਹਿਲੀ ਵਾਰ ਖਰੀਦਦਾਰਾਂ, ਪਰਿਵਾਰਾਂ ਅਤੇ ਮਹਿਲਾ ਡਰਾਈਵਰਾਂ ਨੂੰ ਆਕਰਸ਼ਿਤ ਕਰਦਾ ਹੈ।

## ਅੱਜ ਬਿਜਲੀ ਸਪਲਾਈ ਬੰਦ ਰਹੇਗੀ

**ਬਿਆਸ, (ਪਰਮਜੀਤ ਸਿੰਘ ਰੱਖੜਾ)**-ਐਕਸੀਅਨ ਰਾਜ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 14 ਅਕਤੂਬਰ, ਦਿਨ ਮੰਗਲਵਾਰ ਨੂੰ 220 ਕੇ. ਵੀ. ਗਰਿਡ ਬੁਟਾਰੀ ਤੋਂ ਚਲਦੇ ਫੀਡਰ 11 ਕੇ. ਵੀ. ਰਈਆ ਯੂ. ਪੀ. ਐੱਸ, 11 ਕੇ. ਵੀ. ਮਾਈਕ੍ਰੋਵੇਵ ਯੂ. ਪੀ. ਐੱਸ., 11 ਕੇ. ਵੀ. ਕਾਲੇਕੇ, 11 ਕੇ. ਵੀ. ਸਰਜਾ, 11 ਕੇ. ਵੀ. ਦਨਿਆਲ, 11 ਕੇ. ਵੀ. ਸੁਧਾਰ, 11 ਕੇ. ਵੀ. ਵਡਾਲਾ, 11 ਕੇ. ਵੀ. ਕਲੇਰ,11 ਕੇ. ਵੀ. ਦਾਊਦ ਏ. ਪੀ. ਸਮਾਂ ਸਵੇਰੇ 10-00 ਤੋਂ 4.00 ਵਜੇ ਸ਼ਾਮ ਤੱਕ 11 ਕੇ. ਵੀ. ਬੱਸ ਬਾਰ ਨੰਬਰ 1 ਦੀ ਜ਼ਰੂਰੀ ਮੇਨਟੀਨੈਂਸ ਹੋਣ ਕਰਕੇ ਦੱਸੇ ਸਮੇਂ ਦੌਰਾਨ ਬੰਦ ਰਹਿਣਗੇ।

# ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਲਈ ਸਬਸਿਡੀ 'ਤੇ ਮਸ਼ੀਨਾਂ ਉਪਲਬਧ ਕਰਵਾਈਆਂ: ਐੱਸ ਡੀ ਐੱਮ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪਿੰਡ ਮਰਾੜਾ ਬਲਾਕ ਦੀਨਾਨਗਰ ਵਿਖੇ ਬਲਾਕ ਪੱਧਰੀ ਕੈਂਪ ਲਗਾਇਆ ਗਿਆ। ਖੇਤੀਬਾੜੀ ਵਿਸਥਾਰ ਅਫਸਰ ਸੁਦੇਸ਼ ਕੁਮਾਰ (ਸਰਕਲ ਇੰਚਾਰਜ) ਵਲੋ ਕਰਵਾਏ ਕੈਂਪ ਵਿੱਚ ਉਪ ਮੰਡਲ ਮੈਜਿਸਟਰੇਟ ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਡਾਕਟਰ ਅਮਰੀਕ ਸਿੰਘ ਜੇਡੀਏ, ਡਾਕਟਰ ਸ਼ਹਿਬਾਜ ਸਿੰਘ ਚੀਮਾ ਮੁੱਖ ਖੇਤੀਬਾੜੀ ਅਫਸਰ, ਡਾਕਟਰ ਬਲਜਿੰਦਰ ਸਿੰਘ ਬੈਂਸ ਡਾਕਟਰ ਜਰਮਨਜੀਤ ਸਿੰਘ ਅਤੇ ਡਾਕਟਰ ਦਿਲਰਾਜ ਸਿੰਘ , ਮੈਡਮ ਪਰਬਜੀਤ ਕੌਰ, ਮੈਡਮ ਗੁਰਪ੍ਰੀਤ ਕੌਰ (ਸਾਰੇ ਏ.ਡੀ.ਓ) ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।ਇਸ ਕੈਂਪ ਵਿੱਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਕਿਸਾਨ ਭਲਾਈ ਸਕੀਮਾਂ ਬਾਰੇ ਜਾਣੂ ਕਰਵਾਇਆ ਗਿਆ।ਇਸ ਕੈਂਪ ਵਿੱਚ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਹਾਜ਼ਰ ਕਿਸਾਨਾਂ ਨਾਲ ਗੱਲ ਕਰਦਿਆਂ ਐੱਸਡੀਐੱਮ ਜਸਪਿੰਦਰ ਸਿੰਘ ਭੁੱਲਰ ਨੇ ਕਿਹਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲ੍ਹੇ ਭਰ ਅੰਦਰ ਪਰਾਲੀ ਨਾ ਸਾੜਨ ਦੀ ਮੁਹਿੰਮ ਵਿੱਢੀ ਗਈ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਸਾਡਾ ਵਾਤਾਵਰਨ ਬੁਰੀ ਤਰ੍ਹਾਂ ਦੂਸ਼ਿਤ ਹੁੰਦਾ ਹੈ ਅਤੇ ਇਸ ਨਾਲ ਬਿਮਾਰੀਆਂ ਵਧਦੀਆਂ ਹਨ, ਜਿਨ੍ਹਾਂ ਦਾ ਸਾਡੇ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ।ਉਨ੍ਹਾਂ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਇਸ ਸਬੰਧੀ ਸਖ਼ਤ ਆਦੇਸ਼ ਜਾਰੀ ਕੀਤੇ ਗਏ ਹਨ ਕਿ ਫ਼ਸਲੀ ਰਹਿੰਦ-ਖੂੰਹਦ ਨੂੰ ਲੱਗਦੀ ਅੱਗ ਨੂੰ ਰੋਕਿਆ ਜਾਵੇ।ਉਨ੍ਹਾਂ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਮਸ਼ੀਨਾਂ ਸਬਸਿਡੀ ਉਤੇ ਉਪਲਬਧ ਕਰਵਾਈਆਂ ਗਈਆਂ ਹਨ, ਜਿਨ੍ਹਾਂ ਦੀ ਮਦਦ ਨਾਲ ਅਸਾਨੀ ਨਾਲ ਫ਼ਸਲੀ ਰਹਿੰਦ-ਖੂੰਹਦ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਖੇਤ ਵਿਚ



ਨਿਪਟਾਉਣ ਦੇ ਨਾਲ ਨਾਲ ਇਸ ਦੀਆਂ ਗੰਢਾਂ ਬਣਾ ਕੇ ਵਪਾਰਿਕ ਤਰੀਕੇ ਨਾਲ ਵੀ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਖੇਤਾਂ ਵਿਚ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਕਿਸਾਨਾਂ ਨੂੰ ਆਰਥਿਕ ਨੁਕਸਾਨ ਵੀ ਝੱਲਣਾ ਪੈਂਦਾ ਹੈ।ਇਸ ਮੌਕੇ ਡਾ. ਅਮਰੀਕ ਸਿੰਘ ਜੇ. ਡੀ. ਏ. ਨੇ ਕਿਸਾਨਾਂ ਨੂੰ ਕਿਹਾ ਕਿ ਉਹ ਝੋਨੇ ਦੇ ਨਾੜ ਨੂੰ ਅੱਗ ਲਗਾਏ ਬਿਨਾਂ ਸੁਪਰ ਸੀਡਰ ਨਾਲ ਹੀ ਕਣਕ ਦੀ ਬਿਜਾਈ ਕਰਨ ਤਾਂ ਜੋ ਮਿੱਟੀ ਦੇ ਤੱਤ ਨਸ਼ਟ ਨਾ ਹੋ ਸਕਣ ਅਤੇ ਮਿੱਟੀ ਦੀ ਗੁਣਵੱਤਾ ਬਣੀ ਰਹੇ।ਕੈਂਪ ਵਿਚ ਸਮੂਹ ਪਿੰਡਾਂ ਦੇ ਸਰਪੰਚ, ਪੰਚ, ਨੰਬਰਦਾਰ ਅਤੇ ਅਗਾਂਹਵਧੂ ਕਿਸਾਨ ਸ਼ਾਮਲ ਹੋਏ।

# ਸਕੂਲ ਮੈਨੇਜਮੈਂਟ ਕਮੇਟੀਆਂ ਦੀ ਇੱਕ ਰੋਜ਼ਾ ਟ੍ਰੇਨਿੰਗ ਲਗਾਈ

## ਕਮੇਟੀ ਮੈਂਬਰ ਸਕੂਲਾਂ ਵਿੱਚ ਅਧਿਆਪਕਾਂ ਨੂੰ ਵਿਸ਼ੇਸ਼ ਸਹਿਯੋਗ ਦੇਣ: ਘੁੰਮਣ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਆਦੇਸ਼ਾਂ ਤਹਿਤ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਕੈਡਰੀ/ਐਲੀ: ਮੈਡਮ ਪਰਮਜੀਤ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ: ਅਨਿਲ ਕੁਮਾਰ ਸ਼ਰਮਾ ਦੇ ਸਹਿਯੋਗ ਨਾਲ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਕੂਲਾਂ ਦਾ ਪੱਧਰ ਉਚਾ ਚੁੱਕਣ ਦੇ ਮੰਤਵ ਨਾਲ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਇਕ ਰੋਜ਼ਾ ਟ੍ਰੇਨਿੰਗ ਲਗਾਈ ਜਾ ਰਹੀ ਹੈ। ਇਸੇ ਲੜੀ ਦੇ ਤਹਿਤ ਬਲਾਕ ਡੇਰਾ ਬਾਬਾ ਨਾਨਕ -1 ਦੇ ਬੀਪੀਈਓ ਭਾਰਤ ਰਤਨ ਦੀ ਯੋਗ ਅਗਵਾਈ ਹੇਠ ਬੀਆਰਸੀ ਲਵਪ੍ਰੀਤ ਸਿੰਘ ਘੁੰਮਣ ਅਤੇ ਸੈਂਟਰ ਮੁੱਖ ਅਧਿਆਪਕ ਸ਼ਾਹਪੁਰ ਸੁਭਾਸ਼ ਕੁਮਾਰ ਵੱਲੋਂ ਕਲੱਸਟਰ ਡੇਰਾ ਬਾਬਾ ਨਾਨਕ ਦੇ ਸਰਕਾਰੀ ਪ੍ਰਾਇਮਰੀ ਸਕੂਲ ਜੌੜੀਆਂ ਕਲਾਂ, ਜੌੜੀਆਂ ਖੁਰਦ, ਕੋਟ ਦੱਲ ਪੱਤ ਰਾਏ, ਚੰਦੂ ਨੰਗਲ, ਪੱਖੋਂ ਕੇ ਟਾਹਲੀ ਸਾਹਿਬ, ਮੁਹਾਲ ਨੰਗਲ ,ਡੇਰਾ ਬਾਬਾ ਨਾਨਕ -3, ਅਤੇ ਖਾਸਾਂਵਾਲੀ ਸਕੂਲ ਦੀ ਸਕੂਲ ਮੈਨੇਜਮੈਂਟ ਕਮੇਟੀਆਂ ਦੀ 1 ਰੋਜ਼ਾ ਟ੍ਰੇਨਿੰਗ ਲਗਾਈ ਗਈ ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ 80 ਦੇ ਕਰੀਬ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਨੇ ਹਿੱਸਾ ਲੈ ਕੇ ਆਪਣੇ ਕੰਮਾਂ ਬਾਰੇ ਵਿਸਥਾਰ ਪੂਰਵਕ ਟ੍ਰੇਨਿੰਗ ਪ੍ਰਾਪਤ ਕੀਤੀ।ਇਸ ਮੌਕੇ ਬੀਆਰਸੀ ਲਵਪ੍ਰੀਤ ਸਿੰਘ ਘੁੰਮਣ ਨੇ ਮੈਂਬਰਾਂ ਨੂੰ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਐੱਸਐੱਮਸੀ ਵੀ ਪੰਚਾਇਤ ਵਾਂਗ ਹੁੰਦੀ ਹੈ ਜਿੱਥੇ ਮਾਪੇ-ਅਧਿਆਪਕ ਭਾਈਚਾਰੇ ਦੇ ਮੈਂਬਰ ਅਤੇ ਮੁੱਖ ਅਧਿਆਪਕ ਇਕੱਠੇ ਮਿਲ ਕੇ ਬੱਚਿਆਂ ਦੀ ਸਿੱਖਿਆ ਦੀ ਜ਼ਿੰਮੇਵਾਰੀ ਲੈਂਦੇ ਹਨ ।ਉਨ੍ਹਾਂ ਕਿਹਾ ਕਿ ਇਹ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ, ਸਕੂਲ ਦੇ ਵਿਕਾਸ ਦੀ ਨਿਗਰਾਨੀ ਅਤੇ ਵਿਦਿਆਰਥੀਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।ਇਸ ਮੌਕੇ ਸੈਂਟਰ



ਮੁੱਖ ਅਧਿਆਪਕਾ ਮੈਡਮ ਮਮਤਾ, ਡਾਟਾ ਐਂਟਰੀ ਉਪਰੇਟਰ ਰਘਬੀਰ ਸਿੰਘ, ਮੈਡਮ ਕਰਮਜੀਤ ਕੌਰ, ਮੈਡਮ ਰਿਚਾ ਸ਼ਰਮਾ, ਮੈਡਮ ਮਮਤਾ ਸ਼ਰਮਾ, ਮੈਡਮ ਸੁਨੀਤਾ ਤੋਂ ਇਲਾਵਾ ਐੱਸਐੱਮਸੀ ਮੈਂਬਰ ਹਾਜ਼ਰ ਸਨ।

# ਕਟਾਰੂਚੱਕ ਨੇ ਵਿਧਾਨ ਸਭਾ ਹਲਕਾ ਭੋਆ ਦੀਆਂ ਚਾਰ ਸੜਕਾਂ ਦੇ ਨਵੀਨੀਕਰਨ ਦਾ ਕੀਤਾ ਉਦਘਾਟਨ

**ਪਠਾਨਕੋਟ, (ਦਵਿੰਦਰ ਸਿੰਘ)**- ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਉਪਰਾਲਿਆਂ ਸਦਕਾ ਪੂਰੇ ਪੰਜਾਬ ਅੰਦਰ ਸੜਕਾਂ ਦੇ ਨਵੀਨੀਕਰਨ ਦੇ ਨਿਰਮਾਣ ਕਾਰਜ ਕੀਤੇ ਜਾ ਰਹੇ ਹਨ। ਵਿਧਾਨ ਸਭਾ ਹਲਕਾ ਭੋਆ ਅੰਦਰ ਵੀ ਕਰੀਬ 74 ਸੜਕਾਂ ਦੇ ਨਿਰਮਾਣ ਕਾਰਜ ਕੀਤੇ ਜਾਣੇ ਹਨ, ਹਰ ਰੋਜ਼ ਵਿਧਾਨ ਸਭਾ ਹਲਕਾ ਭੋਆਂ ਦੀਆਂ ਸੜਕਾਂ ਦੇ ਨਿਰਮਾਣ ਕਾਰਜ ਆਰੰਭ ਕੀਤੇ ਜਾ ਰਹੇ ਹਨ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੀਆਂ ਵੱਖ-ਵੱਖ ਸੜਕਾਂ ਦੇ ਵੱਖ-ਵੱਖ ਸਥਾਨਾਂ ਤੇ ਨੀਂਹ ਪੱਥਰ ਰੱਖਣ ਮਗਰੋਂ ਪਿੰਡ ਮਾਨ ਨੰਗਲ ਵਿਖੇ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਸੈਣੀ ਜ਼ਿਲਾ ਪ੍ਰਧਾਨ ਵੀਸੀ ਵਿੰਗ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸਰਪੰਚ ਮਾਨ ਨੰਗਲ ਸੋਮਰਾਜ, ਸਤਪਾਲ, ਦੇਵੀਦਾਸ, ਸੰਤੋਖ ਰਾਜ,, ਅਸ਼ੋਕ ਬੈਂਸ, ਜਸਪਾਲ, ਸਤਪਾਲ, ਰੂਪ ਲਾਲ, ਬਲਾਕ ਪ੍ਰਧਾਨ ਕੁਲਦੀਪ ਰਖਵਾਲ, ਰਕੇਸ਼ ਕੁਮਾਰ ਕਾਕਾ ਪਿੰਡ ਗੱਜੂ ਜਗੀਰ ਸਰਪੰਚ, ਪਿੰਡ ਛੋੜੀਆਂ ਸਰਪੰਚ ਬਲਰਾਮ, ਪਾਲ ਸਿੰਘ, ਸੋਨੀਆ ਸਰਪੰਚ ਦੋਸਤਪੁਰ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।ਇਸ ਮੌਕੇ ਜਾਣਕਾਰੀ ਦਿੰਦਿਆਂ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਅੱਜ ਵਿਧਾਨ ਸਭਾ ਹਲਕਾ ਭੋਆ ਦੀਆਂ ਚਾਰ ਸੜਕਾਂ ਦਾ ਉਦਘਾਟਨ ਕੀਤਾ ਗਿਆ ਹੈ ਜਿਸ ਵਿੱਚ ਮਲਿਕਪੁਰ ਸਿਹੋੜਾ ਤਾਰਾਗੜ੍ਹ ਰੋਡ ਤੋਂ ਖੁਸ਼ੀ ਨਗਰ ਮਾਨ ਨੰਗਲ ਦੀ ਸੜਕ ਜਿਸ ਦੀ ਲੰਬਾਈ 6.41 ਕਿਲੋਮੀਟਰ ਜਿਸ ਤੇ ਅਨੁਮਾਨਤ ਖਰਚ 1 ਕਰੋੜ 17 ਲੱਖ, ਝੇਲਾ ਆਮਦਾ ਤੋਂ ਛੋੜੀਆਂ ਜਿਸ ਦੀ ਲੰਬਾਈ 3.70 ਕਿਲੋਮੀਟਰ ਜਿਸ 'ਤੇ ਅਨੁਮਾਨਤ ਖਰਚ 73 ਲੱਖ ਰੁਪਏ, ਬਮਿਆਲ ਪਲਾਹ ਤੋਂ ਕੋਟ ਭੱਟੀਆਂ ਤੋਂ ਕੋਟ ਪੰਨੂ ਜਿਸ ਦੀ ਲੰਬਾਈ 5.70 ਕਿਲੋਮੀਟਰ ਅਤੇ ਇਸ 'ਤੇ ਅਨੁਮਾਨਤ ਖਰਚ 97 ਲੱਖ ਰੁਪਏ ਅਤੇ ਬਮਿਆਲ ਪਲਾਹ ਤੋਂ ਆਬਾਦੀ ਗਲਾ ਤੋਂ ਕੋਟ ਪੰਨੂ ਜਿਸ ਦੀ ਲੰਬਾਈ 3.5 0 ਕਿਲੋਮੀਟਰ ਅਤੇ



ਅਨੁਮਾਨਤ ਖਰਚ 73 ਲੱਖ ਰੁਪਏ ਖਰਚ ਕੀਤੇ ਜਾਣੇ ਹਨ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ 19 ਕਿਲੋਮੀਟਰ ਸੜਕਾਂ ਤੇ ਕਰੀਬ 3 ਕਰੋੜ 60 ਲੱਖ ਰੁਪਏ ਖਰਚ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਇਨ੍ਹਾਂ ਸੜਕਾਂ ਦਾ ਨਿਰਮਾਣ ਹੀ ਨਹੀਂ ਹੋ ਸਕਿਆ ਅਤੇ ਲੋਕਾਂ ਨੂੰ ਇਨ੍ਹਾਂ ਖਸਤਾ ਹਾਲਤ ਸੜਕਾਂ ਦਾ ਸੰਤਾਪ ਲੰਮੇ ਸਮੇਂ ਤੱਕ ਝੱਲਣਾ ਪਿਆ।ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਸੜਕਾਂ ਦੀ ਹਾਲਤ ਨੂੰ ਵੇਖਦਿਆਂ ਵੱਡੇ ਫੰਡ ਜਾਰੀ ਕੀਤੇ ਹਨ ਜਲਦੀ ਹੀ ਸਾਰੀਆਂ ਸੜਕਾਂ ਦਾ ਨਵਨਿਰਮਾਣ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਹੋਣ ਨਾਲ ਲੋਕਾਂ ਦੀਆਂ ਪ੍ਰੇਸ਼ਾਨੀਆਂ ਘੱਟ ਹੋਣਗੀਆਂ।

# ਮਾਤਾ ਸੁਰਜੀਤ ਕੌਰ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਪੱਤਰਕਾਰ ਭਗਵਾਨ ਖੁਜਾਲਾ ਦੀ ਮਾਤਾ ਸੁਰਜੀਤ ਕੌਰ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ, ਜਿਨ੍ਹਾਂ ਨਮਿਤ ਗੁਰਦੁਆਰਾ ਧੰਨ ਗੁਰੂ ਨਾਨਕ ਦਰਬਾਰ ਖੁਜਾਲਾ ਵਿਖੇ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ ਜਿਸ ਵਿਚ ਸੰਤ ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲਿਆਂ ਨੇ ਬੈਰਾਗਮਈ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਪ੍ਰਿੰ. ਬਚਿੱਤਰ ਸਿੰਘ ਤਰਸਿੱਕਾ ਨੇ ਮਾਤਾ ਸੁਰਜੀਤ ਕੌਰ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਮਾਂ ਇੱਕ ਰੱਬ ਦਾ ਰੂਪ ਹੈ, ਮਾਂ ਵਰਗਾ ਘਣਛਾਵਾਂ ਬੂਟਾ ਕਿਧਰੇ ਨਜ਼ਰ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਮਾਂ ਦੀ ਥਾਂ ਕੋਈ ਹੋਰ ਨਹੀਂ ਲੈ ਸਕਦਾ।ਹਰਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਭਾਜਪਾ ਤੇ ਹਲਕਾ ਇੰਚਾਰਜ ਜੰਡਿਆਲਾ ਗੁਰੂ, ਮੇਜਰ ਸਿੰਘ ਕਲੇਰ ਤੇ ਮਾਝਾ ਫ਼ੋਟੋਗ੍ਰਾਫਰ ਐਸੋਸੀਏਸ਼ਨ ਦੇ ਪ੍ਰਧਾਨ ਸਚਿਨ ਬਜਾਜ ਨੇ ਵੀ ਮਾਤਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਵਾਲਿਆਂ ਦੀ ਤਰਫੋਂ ਬਾਬਾ ਬਲਰਾਜ ਸਿੰਘ ਰਾਜਾ, ਰਣਜੀਤ ਸਿੰਘ ਰਾਣਾ ਬਾਬੋਵਾਲ, ਪਲਵਿੰਦਰ ਸਿੰਘ ਸਾਬਕਾ ਸਰਪੰਚ ਖੁਜਾਲਾ, ਹਰਭਿੰਦਰ ਸਿੰਘ ਸਾਬਕਾ ਸਰਪੰਚ ਖੁਜਾਲਾ, ਬਲਵਿੰਦਰ ਸਿੰਘ ਸਾਬਕਾ



ਸਰਪੰਚ ਖੁਜਾਲਾ, ਸਾਹਿਬ ਸਿੰਘ ਸਾਬਕਾ ਸਰਪੰਚ ਖੁਜਾਲਾ, ਫਤਿਹਪਾਲ ਸਿੰਘ ਸਰਪੰਚ ਖੁਜਾਲਾ, ਦਲਬੀਰ ਸਿੰਘ ਪ੍ਰਿੰਸ, ਫ਼ੋਟੋਗ੍ਰਾਫਰ ਦਬੁਰਜੀ ਟੀਮ, ਮੇਜਰ ਸਿੰਘ ਚਾਹਲ ਰਸੂਲਪੁਰ ਕਲਾਂ, ਬਾਬਾ ਸ਼ਮਸ਼ੇਰ ਸਿੰਘ ਸੈਦੋਲੇਹਲ, ਬਾਬਾ ਸੁਖਵੰਤ ਸਿੰਘ ਚੰਨਣਕੇ, ਹਰਜੀਤ ਸਿੰਘ ਪਟਵਾਰੀ, ਡਾ. ਹਰਦੇਵ ਸਿੰਘ, ਜਸਵੰਤ ਸਿੰਘ ਪੱਪੂ, ਲਾਡੀ ਨਵਾਂ ਪਿੰਡ, ਪੱਤਰਕਾਰ ਬਲਜੀਤ ਸਿੰਘ ਤਲਵੰਡੀ ਫੁੰਮਣ, ਪੱਤਰਕਾਰ ਰਾਜਾ ਕੋਟਲੀ ਅਤੇ ਹੋਰ ਫ਼ੋਟੋਗ੍ਰਾਫਰ ਤੇ ਰਿਸ਼ਤੇਦਾਰ ਹਾਜ਼ਰ ਸਨ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਏਡੀਸੀ ਨੂੰ ਮੰਗ ਪੱਤਰ ਸੌਂਪਿਆ

ਛੇਹਰਟਾ, (ਮਨੋਜ ਕੁਮਾਰ)- ਆਂਗਣਵਾੜੀ ਮੁਲਾਜ਼ਮ ਯੂਨੀਅਨ, ਪੰਜਾਬ (ਸੀਟੂ) ਦੀ ਜ਼ਿਲ੍ਹਾ ਇਕਾਈ ਵੱਲੋਂ ਏਡੀਸੀ ਅਮਨਦੀਪ ਕੌਰ ਨੂੰ ਮੰਗ ਪੱਤਰ ਸੌਂਪ ਕੇ ਬਰਖ਼ਾਸਤ ਕੀਤੀ ਜਸਵਿੰਦਰ ਕੌਰ, ਆਂਗਣਵਾੜੀ ਵਰਕਰ ਅਜਨਾਲਾ ਨੂੰ ਬਿਨਾਂ ਸ਼ਰਤ ਬਹਾਲ ਕਰਨ ਤੇ ਸਬੰਧਿਤ ਸੀਡੀਪੀਓ



ਵਿਰੁੱਧ ਬਣਦੀ ਕਾਰਵਾਈ ਕਰਨ ਅਤੇ ਉਸਦੀ ਬਦਲੀ ਕਰਕੇ ਬੇਨਿਯਮੀਆਂ ਦੀ ਪੜਤਾਲ ਕਰਨ ਦੀ ਪੁਰਜ਼ੋਰ ਮੰਗ ਕੀਤੀ ਗਈ। ਇਸ ਦੇ ਨਾਲ ਹੀ ਇਨ੍ਹਾਂ ਮੰਗਾਂ 'ਤੇ ਕਾਰਵਾਈ ਨਾ ਹੋਣ ਦੀ ਸੂਰਤ ਵਿਚ ਸੰਘਰਸ਼ ਸ਼ੁਰੂ ਕਰਨ ਦੀ ਚਿਤਾਵਨੀ ਵੀ ਦਿੱਤੀ ਗਈ। ਏਡੀਸੀ ਅਮਨਦੀਪ ਕੌਰ ਵੱਲੋਂ ਇਨ੍ਹਾਂ ਮੰਗਾਂ ਨੂੰ ਜ਼ਾਇਜ਼ ਠਹਿਰਾਉਂਦੇ ਹੋਏ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ ਗਿਆ। ਆਂਗਣਵਾੜੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਮਿੰਦਰ ਕੌਰ ਨੇ ਦੋਸ਼ ਲਗਾਇਆ ਕਿ ਸੀਡੀਪੀਓ ਦੀ ਗੈਰ ਹਾਜ਼ਰੀ ਵਿਚ ਇਕ ਅਧਿਕਾਰੀ ਵਰਕਰਾਂ ਦੀਆਂ ਝੂਠੀਆਂ ਸ਼ਿਕਾਇਤਾਂ ਕਰਕੇ ਬਲਾਕ ਦਾ ਮਾਹੌਲ ਖ਼ਰਾਬ ਕਰਦੀ ਹੈ। ਉਨ੍ਹਾਂ ਉਕਤ ਅਧਿਕਾਰੀ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਸਹੀ ਤਰੀਕੇ ਨਾਲ ਕਰੇ, ਨਹੀਂ ਤਾਂ ਉਸ ਵਿਰੁੱਧ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਸੀਟੂ ਦੇ ਸੂਬਾਈ ਵਿੱਤ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ, ਮੀਤ ਪ੍ਰਧਾਨ ਚਰਨਜੀਤ ਮਜੀਠਾ, ਜਨਰਲ ਸਕੱਤਰ ਜਗਜੀਤ ਕੌਰ, ਬਲਜੀਤ ਕੌਰ, ਸਰਕਲ ਪ੍ਰਧਾਨ ਰਾਜਮੀਤ, ਪਰਮਜੀਤ ਖਾਲੋਵਾਲ, ਪਰਮਜੀਤ ਕੌਰ, ਸੁਖਜਿੰਦਰ ਕੌਰ, ਰਾਜਸੁਖਵਿੰਦਰ ਕੌਰ, ਚਰਨਜੀਤ ਕੌਰ ਆਦਿ ਵੀ ਹਾਜ਼ਰ ਸਨ।

# ਡਾ. ਸੰਦੀਪ ਸਿੰਘ ਆਈ ਐੱਸ ਟੀ ਈ ਵੱਲੋਂ ਬੈਸਟ ਟੀਚਰ ਐਵਾਰਡ ਨਾਲ ਸਨਮਾਨਿਤ

ਝਬਾਲ, (ਹਰਜਿੰਦਰ ਸਿੰਘ ਸੋਨੀ)-ਡਾ. ਸੰਦੀਪ ਸਿੰਘ ਪ੍ਰਿੰ. ਅੰਮ੍ਰਿਤਸਰ ਇੰਸਟੀਚਿਊਟ ਆਫ਼ ਪੈਰਾਮੈਡੀਕਲ ਸਾਇੰਸਜ਼ ਤਰਨ ਤਾਰਨ (ਪੰਜਾਬ) ਨੂੰ ਬੈਸਟ ਟੀਚਰ ਐਵਾਰਡ ਦੇ ਕੇ ਉਨ੍ਹਾਂ ਦੇ ਸੁਤੰਤਰਤ ਟੈਕਨੀਕਲ ਅਧਿਐਨ ਅਤੇ ਅਨੁਸੰਧਾਨ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।ਇਹ ਵੱਡਾ ਇਨਾਮ ਸਾਰੇ ਭਾਰਤ ਦੇ ਟੈਕਨੀਕਲ ਐਜੂਕੇਸ਼ਨ ਕੌਂਸਲ ਦੇ ਡਾਇਰੈਕਟਰ,



ਡਾ. ਦੇਸਾਈ, ਚੰਡੀਗੜ੍ਹ ਯੂਨੀਵਰਸਿਟੀ ਅਤੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਵਿਸ਼ਵ ਵਿਦਿਆਲਾ ਪ੍ਰਧਾਨਾਂ, ਐੱਨਆਈਟੀ ਜਲੰਧਰ ਦੇ ਸਾਬਕਾ ਡਾਇਰੈਕਟਰ, ਪੰਜਾਬ ਕਾਲਜ ਆਫ਼ ਟੈਕਨੀਕਲ ਐਜੂਕੇਸ਼ਨ ਦੇ ਡਾਇਰੈਕਟਰ, ਪੰਜਾਬ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਅਤੇ ਜੰਮੂ-ਕਸ਼ਮੀਰ ਦੇ ਕਈ ਪ੍ਰਮੁੱਖ ਕਾਲਜਾਂ ਦੇ ਪ੍ਰੋਫੈਸਰਾਂ ਅਤੇ ਹੋਰ ਗੌਰਵਸ਼ਾਲੀ ਮਹਿਮਾਨਾਂ ਦੀ ਮੌਜੂਦਗੀ ਵਿੱਚ ਦਿੱਤਾ ਗਿਆ।ਇਸ ਮੌਕੇ ਅੰਮ੍ਰਿਤਸਰ ਇੰਸਟੀਚਿਊਟ ਦੇ ਡਾਇਰੈਕਟਰ ਡਾ. ਨਿਪੁੰਨ ਨੇ ਡਾ. ਸੰਦੀਪ ਸਿੰਘ ਦੀ ਪ੍ਰਭਾਵਸ਼ਾਲੀ ਨੇਤਰ ਸ਼ੈਲੀ, ਸਿੱਖਿਆ ਪ੍ਰਤੀ ਸਮਰਪਣ ਅਤੇ ਹਰ ਪੱਛੜੇ ਵਿਦਿਆਰਥੀ ਦੀ ਉਤਮਤਾ ਲਈ ਕੀਤੀ ਮਿਹਨਤ ਨੂੰ ਸਮਰਪਿਤ ਡਾ. ਸੰਦੀਪ ਸਿੰਘ ਨੇ ਇਨਾਮ ਪ੍ਰਾਪਤ ਕਰਦੇ ਹੋਏ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਕਿਹਾ ਕਿ ਉਹ ਕਾਰਜਸ਼ੀਲਤਾ ਅਤੇ ਉੱਦਮਤਾ ਦੇ ਜ਼ਰੀਏ ਗਰੀਬ ਅਤੇ ਲੋੜਵੰਦ ਲੋਕਾਂ ਲਈ ਸਿੱਖਿਆ ਪਹੁੰਚਯੋਗ ਬਣਾਉਣਾ ਚਾਹੁੰਦੇ ਹਨ।ਇਸ ਮੌਕੇ ਕਾਲਜ ਮੈਨੇਜਿੰਗ ਡਾਇਰੈਕਟਰ ਡਾ. ਨਿਪੁੰਨ ਪਾਸੀ ਵੱਲੋਂ ਪ੍ਰਿੰ. ਡਾ. ਸੰਦੀਪ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

# ਪ੍ਰਧਾਨ ਸਮੇਤ ਅਹੁਦੇਦਾਰਾਂ ਦੀ ਚੋਣ ਲਈ 3 ਨਵੰਬਰ ਨੂੰ ਬੁਲਾਇਆ ਸ਼੍ਰੋਮਣੀ ਕਮੇਟੀ ਦਾ ਜਨਰਲ ਅਜਲਾਸ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ ਸਾਲਾਨਾ ਜਨਰਲ ਅਜਲਾਸ ਇਸ ਵਾਰ 3 ਨਵੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਵੇਗਾ।ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਲਿਆ ਗਿਆ।ਅੰਤਰਿੰਗ ਕਮੇਟੀ ਦੇ ਮੈਂਬਰ ਜਸਵੰਤ ਸਿੰਘ ਪੁੜੈਣ ਨੇ ਦੱਸਿਆ ਕਿ ਇਕੱਤਰਤਾ ਵਿੱਚ 350 ਸਾਲਾ ਸ਼ਤਾਬਦੀਆਂ ਨੂੰ ਸੰਬੰਧਿਤ ਗੁਰਮਤਿ ਸਮਾਗਮ 23 ਤੋਂ 29 ਨਵੰਬਰ ਦੌਰਾਨ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਜਾਏ ਜਾ ਰਹੇ ਹਨ।ਸ਼ਤਾਬਦੀ ਦੇ ਸੰਬੰਧ ਵਿਚ ਜੰਮੂ-ਕਸ਼ਮੀਰ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੇ ਪ੍ਰਬੰਧਾਂ ਤੇ ਸੁਰੱਖਿਆ ਸੰਬੰਧੀ ਉਥੋਂ ਦੇ ਰਾਜਪਾਲ ਅਤੇ ਮੁੱਖ ਮੰਤਰੀ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਜਲਦ ਮੀਟਿੰਗ ਕਰਨ ਦਾ ਵੀ ਫੈਸਲਾ ਲਿਆ ਗਿਆ ।ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਸਿੱਖ ਵਿਰੋਧੀ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਜਾਂਦੀ ਸਮੱਗਰੀ ਮਾਮਲਿਆਂ ਸੰਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਜਲਦੀ ਡਿਜੀਟਲ ਟਾਸਕ ਫੋਰਸ ਦਾ ਗਠਨ ਕਰਨ ਦਾ ਵੀ ਰਾਗ ਅਲਾਪਿਆ ਗਿਆ।ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਲਈ ਤਿੰਨ ਫੀਸਦੀ ਮਹਿੰਗਾਈ ਭੱਤੇ ਦਾ ਵੀ ਐਲਾਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਮੁੰਬਈ ਵਿਖੇ ਚੱਲ ਰਹੇ ਗੁਰੂ ਨਾਨਕ ਖਾਲਸਾ ਕਾਲਜ ਮਾਟੂੰਗਾ ਨੂੰ ਯੂਨੀਵਰਸਿਟੀ ਬਣਾਉਣ ਦਾ ਵੀ ਮਤਾ ਪਾਸ ਕੀਤਾ ਗਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਗਿਆਨੀ ਹਰਪ੍ਰੀਤ ਸਿੰਘ ਦਾ ਦਲਿਤ ਪਾਰਾ ਘਟਾਉਣ ਲਈ ਇਸ ਵਾਰੀ ਕਿਸੇ ਦਲਿਤ ਨੂੰ ਹੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾਇਆ ਜਾ ਸਕਦਾ ਹੈ।ਬਲਬੀਰ ਸਿੰਘ ਘੁੰਨਸ ਇਸ ਲਈ ਸਭ ਤੋਂ ਯੋਗ ਉਮੀਦਵਾਰ ਮੰਨੇ ਜਾਂਦੇ ਹਨ ਜਿਨ੍ਹਾਂ ਨੂੰ ਪਹਿਲਾਂ ਦੋ ਵਾਰੀ ਸੁਖਬੀਰ ਸਿੰਘ ਬਾਦਲ ਨੇ ਵਾਅਦਾ ਕਰਕੇ ਵਾਅਦਾਖਿਲਾਫੀ ਕੀਤੀ ਹੈ।ਅਨੁਮਾਨ ਹੈ ਕਿ ਇਸ ਵਾਰੀ ਉਨ੍ਹਾਂ ਦਾ ਗੁਣਾ ਪੈ ਸਕਦਾ ਹੈ। ਢੀਂਡਸਾ ਪਰਿਵਾਰ, ਬਰਨਾਲਾ ਪਰਿਵਾਰ ਤੇ ਲੌਂਗੋਵਾਲ ਪਰਿਵਾਰ ਇਸ ਵੇਲੇ ਬਾਦਲ ਦੇ ਇੱਕ ਨੰਬਰ ਦੇ ਸਿਆਸੀ ਦੁਸ਼ਮਣ ਹਨ।ਵਿੰਨਰਜੀਤ ਸਿੰਘ ਗੋਲਡੀ ਬਾਦਲ ਦਲ ਦੀ ਹਾਜ਼ਰੀ ਜ਼ਰੂਰ ਲਗਵਾ ਰਹੇ ਹਨ।ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਸੁਖਬੀਰ ਸਿੰਘ ਬਾਦਲ ਇਸ ਗੱਲ ਤੋਂ ਵੀ ਨਰਾਜ਼ ਹਨ ਕਿ ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਗੁੰਮਰਾਹ ਕੀਤਾ। ਹੁਣ ਪ੍ਰਧਾਨ ਕੌਣ ਬਣੇਗਾ ਇਸ ਬਾਰੇ ਹਾਲੇ ਸਪੱਸ਼ਟ ਰੂਪ ਵਿੱਚ ਕੁਝ ਨਹੀਂ ਕਿਹਾ ਜਾ ਸਕਦਾ ?

# ਸੋਨਲੀਕਾ ਵੱਲੋਂ ਪੰਜਾਬ ਹੈੱਲਥ ਸਿਸਟਮ ਨੂੰ 12 ਐਂਬੂਲੈਂਸਾਂ ਭੇਟ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸਮਾਜਿਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਇੰਟਰਨੈਸ਼ਨਲ ਟ੍ਰੈਕਟਰਜ਼ ਲਿਮਿਟਡ (ਸੋਨਲਿਕਾ ਗਰੁੱਪ) ਵੱਲੋਂ ਪੰਜਾਬ ਹੈੱਲਥ ਸਿਸਟਮ ਨੂੰ 12 ਐਂਬੂਲੈਂਸਾਂ ਦਾਨ ਕੀਤੀਆਂ ਗਈਆਂ ਹਨ। ਇਹ ਐਂਬੂਲੈਂਸਾਂ ਮਾਣਯੋਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਆਸ਼ਿਕਾ



ਜੈਨ ਵੱਲੋਂ ਹਰੀ ਝੰਡੀ ਦੇ ਕੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਕੁਮਾਰ ਨੂੰ ਰਸਮੀ ਤੌਰ 'ਤੇ ਸੌਂਪੀਆਂ ਗਈਆਂ। ਇਹ ਮਹੱਤਵਪੂਰਨ ਪਹਿਲ ਇੰਟਰਨੈਸ਼ਨਲ ਟ੍ਰੈਕਟਰ ਲਿਮਿਟਡ (ਸੋਨਲਿਕਾ) ਦੇ ਵਾਈਸ ਚੇਅਰਮੈਨ ਅੰਮ੍ਰਿਤ ਸਾਗਰ ਮਿੱਤਲ ਦੇ ਦਿਸ਼ਾ-ਨਿਰਦੇਸ਼ ਅਧੀਨ ਚੜ੍ਹਦੀਕਲਾ ਪੰਜਾਬ ਦੇ ਸੂਤਰ ਨੂੰ ਅਮਲੀ ਰੂਪ ਦੇਣ ਵੱਲ ਇੱਕ ਕਦਮ ਹੈ।

ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਵਾਤੀ, ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਜਤਿੰਦਰ ਭਾਟੀਆ, ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸਿਵਲ ਹਸਪਤਾਲ ਡਾ. ਨਵਜੋਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਨੇਹਾ ਪਾਲ ਤੇ ਸੋਨਲਿਕਾ ਗਰੁੱਪ ਵੱਲੋਂ ਅਕਸ਼ੈ ਸਾਂਗਵਾਨ (ਡਾਇਰੈਕਟਰ ਡਿਵੈਲਪਮੈਂਟ ਐਂਡ ਕਮਰਸ਼ੀਅਲ), ਜੇ.ਐਸ. ਚੌਹਾਨ (ਸੀਨੀਅਰ ਵਾਈਸ ਪ੍ਰੈਜ਼ੀਡੈਂਟ ਆਪਰੇਸ਼ਨ) ਅਤੇ ਰਜਨੀਸ਼ ਸੰਦਲ (ਹੈੱਡ ਲੀਗਲ ਐਂਡ ਪੀ.ਆਰ.) ਵੀ ਹਾਜ਼ਰ ਸਨ।

ਆਸ਼ਿਕਾ ਜੈਨ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਇਸ ਮੌਕੇ ਕਿਹਾ ਕਿ ਸੋਨਲਿਕਾ ਵੱਲੋਂ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕੀਤਾ ਗਿਆ ਇਹ ਯੋਗਦਾਨ ਕਾਬਿਲ-ਏ-ਤਾਰੀਫ਼ ਹੈ। ਐਂਬੂਲੈਂਸਾਂ ਦੇ ਨਾਲ ਐਮਰਜੈਂਸੀ ਸੇਵਾਵਾਂ ਹੋਰ ਤੇਜ਼ ਅਤੇ ਪ੍ਰਭਾਵਸ਼ਾਲੀ ਬਣਨਗੀਆਂ। ਉਦਯੋਗਿਕ ਸੰਗਠਨਾਂ ਅਤੇ ਸਰਕਾਰ ਦੇ ਸਾਂਝੇ ਯਤਨਾਂ ਨਾਲ ਹੀ ਅਸੀਂ ਸਿਹਤ ਖੇਤਰ ਨੂੰ ਨਵੇਂ ਪੱਧਰ 'ਤੇ ਲੈ ਜਾ ਸਕਦੇ ਹਾਂ।

14 Oct Page 12.qxd 10/13/2025 10:43 PM Page 1



# ਏ ਡੀ ਜੀ ਪੀ ਆਤਮ ਹੱਤਿਆ ਦੀ ਨਿਰਪੱਖ ਜਾਂਚ ਹੋਵੇ : ਕਰੀਮਪੁਰੀ

## ਬਸਪਾ ਨੇ ਰੋਸ ਪ੍ਰਦਰਸ਼ਨ ਕਰਕੇ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਹਰਿਆਣਾ ਸਰਕਾਰ ਵਿੱਚ ਆਈ ਪੀ ਐਸ ਪੂਰਨ ਕੁਮਾਰ ਦੇ ਡੀ ਜੀ ਪੀ ਰੈਂਕ ਦੇ ਅਧਿਕਾਰੀ ਵਲੋਂ ਜਾਤੀਵਾਦੀ ਨਫ਼ਰਤ, ਸ਼ੋਸ਼ਣ ਅਤੇ ਉਤਪੀੜਨ ਦੇ ਕਾਰਨ ਕੀਤੀ ਗਈ ਆਤਮ ਹੱਤਿਆ ਦੀ ਘਟਨਾ ਦੇ ਵਿਰੋਧ ਵਿੱਚ ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਦੀ ਅਗਵਾਈ ਹੇਠ ਪੂਰੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਕੀਤੇ ਗਏ ਅਤੇ ਡਿਪਟੀ ਕਮਿਸ਼ਨਰ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਘਟਨਾ ਦੀ ਨਿਰਪੱਖ ਜਾਂਚ ਲਈ ਮੰਗ ਪੱਤਰ ਵੀ ਭੇਜਿਆ। ਇਸ ਮੌਕੇ ਹੁਸ਼ਿਆਰਪੁਰ ਦੇ ਸਕੱਤਰੇਤ ਸਾਹਮਣੇ ਹਾਜ਼ਰ ਸੈਂਕੜੇ ਬਸਪਾ ਵਰਕਰਾਂ ਨੇ ਉੱਚ ਅਧਿਕਾਰੀਆਂ ਦੇ ਜਾਤੀਵਾਦੀ ਨਫ਼ਰਤੀ ਰਵੱਈਏ ਦੇ ਵਿਰੋਧ ਵਿੱਚ ਨਾਅਰੇਬਾਜ਼ੀ ਕੀਤੀ। ਕਰੀਮਪੁਰੀ ਨੇ ਕਿਹਾ ਕਿ ਅਦਾਲਤ ਦੇ ਸ਼ਬਦਾਂ ਦੇ ਅਹੁਦੇ ਤੇ ਬਿਰਾਜਮਾਨ ਚੀਫ ਜਸਟਿਸ ਵੱਲ ਜੁੱਤੀ ਚਲਾਉਣਾ, ਏ ਡੀ ਜੀ ਪੀ ਰੈਂਕ ਦੇ ਅਧਿਕਾਰੀ ਵਲੋਂ ਅਪਮਾਨਿਤ ਹੋ ਕੇ ਆਤਮਹੱਤਿਆ ਕਰਨਾ ਇਹ ਸਾਬਤ ਕਰਦਾ ਹੈ ਕਿ ਇਸ ਦੇਸ਼ ਅੰਦਰ ਮਨੂੰਵਾਦੀ, ਜਾਤੀਵਾਦੀ ਵਿਵਸਥਾ ਪਹਿਲਾਂ ਵਾਂਗ ਅੱਜ ਵੀ ਕਾਇਮ ਹੈ। ਇਸ ਮੌਕੇ ਗੁਰਨਾਮ ਚੌਧਰੀ ਕੋਆਰਡੀਨੇਟਰ ਪੰਜਾਬ, ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਪੰਜਾਬ, ਮਨਿੰਦਰ ਸ਼ੇਰਪੁਰੀ ਸਕੱਤਰ ਪੰਜਾਬ, ਸੁਖਦੇਵ ਬਿੱਟਾ ਸਕੱਤਰ ਪੰਜਾਬ, ਦਲਜੀਤ ਰਾਏ ਜਿਲਾ ਪ੍ਰਧਾਨ, ਐਡਵੋਕੇਟ ਧਰਮਿੰਦਰ ਦਾਦਰਾ ਜਿਲਾ ਜਨਰਲ ਸਕੱਤਰ , ਸੋਮ ਨਾਥ ਬੈਂਸ ਵਾਈਸ ਜਿਲਾ ਪ੍ਰਧਾਨ ਤੇ ਸੈਂਕੜੇ ਵਰਕਰ ਹਾਜ਼ਰ ਸਨ।



# ਫੌਜ 'ਚ ਭਰਤੀ ਹੋਣ ਆਏ ਨੌਜਵਾਨਾਂ ਨੇ ਗਦਰੀ ਬਾਬਿਆਂ ਦੀ ਦੇਖੀ ਯਾਦਗਾਰ

**ਜਲੰਧਰ (ਕੇਸਰ)**- ਦੇਸ਼ ਸੇਵਾ ਦੀ ਭਾਵਨਾ ਨਾਲ ਆਰਮੀ ਵਿੱਚ ਭਰਤੀ ਹੋਣ ਆਏ ਵੱਖ ਵੱਖ ਸੂਬਿਆਂ ਦੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਦੇਸ਼ ਭਗਤ ਯਾਦਗਾਰ ਹਾਲ ਵਿਖੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਦੀ ਗਾਥਾ ਦੇਖਣ ਤੇ ਸੁਣਨ ਆਏ। ਇਹਨਾਂ ਨੌਜਵਾਨਾਂ 'ਚ ਮਨੀਸ਼ ਸਿਨਹਾ ਸੱਤੀਸ਼ਗੜ੍ਹ,ਪ੍ਰਭਾਤ ਕੁਮਾਰ ਬਿਹਾਰ, ਦੇਵਾਸ ਦੇਹਰਾਦੂਨ, ਮਨੀਸ਼ ਚੌਧਰੀ ਯੂ ਪੀ, ਰਾਹੁਲ ਸ਼ਖਾਵਤ ਰਾਜਸਥਾਨ, ਸਚਿਨ ਯੂ ਪੀ, ਪਰਬੀਨ ਕੁਮਾਰ ਬਿਹਾਰ, ਲੰਗੀਅਮੰਗ ਹੋਕੇ ਮਨੀਪੁਰ ਸ਼ਾਮਿਲ ਸਨ। ਇਹ ਵਿਦਿਆਰਥੀ ਦੇਸ਼ ਭਗਤ ਯਾਦਗਾਰ ਹਾਲ ਵਿਖੇ ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਸਲਾਮ ਕਰਨ ਲਈ ਪੁੱਜੇ। ਦੇਸ਼ ਭਗਤ ਯਾਦਗਾਰ ਹਾਲ ਵਿਖੇ ਮਿਊਜ਼ੀਅਮ 'ਚ ਲੱਗੀਆਂ ਗਦਰੀ ਬਾਬਿਆਂ ਦੇ ਤੇ ਹੋਰ ਸ਼ਹੀਦਾਂ ਦੀਆਂ ਫੋਟੋਆਂ ਦੇਖ ਕੇ ਇਹਨਾਂ ਨੌਜਵਾਨਾਂ ਵਿੱਚ ਦੇਸ਼ ਸੇਵਾ ਦੀ ਭਾਵਨਾ ਹੋਰ ਪੱਕੀ ਹੋਈ। ਵੱਖ ਵੱਖ ਸੂਬਿਆਂ ਦੇ ਇਹਨਾਂ ਨੌਜਵਾਨਾਂ ਨੇ ਆਪਣੇ-ਆਪਣੇ ਸੂਬਿਆਂ ਦੇ ਸ਼ਹੀਦ ਗਦਰੀ ਬਾਬਿਆਂ ਦੀਆਂ ਸ਼ਹੀਦੀਆਂ ਦੇਖ ਕੇ ਜਾਣਕਾਰੀ ਪ੍ਰਾਪਤ ਕੀਤੀ ਕਿ ਉਹਨਾਂ ਦੀਆਂ ਸਟੇਟਾਂ ਦੇ ਕਿਹੜੇ ਕਿਹੜੇ ਸ਼ਹੀਦ ਦੇਸ਼ ਦੀ ਆਜ਼ਾਦੀ ਵਿੱਚ ਸ਼ਹੀਦ ਹੋਏ ਹਨ। ਇਹਨਾਂ ਨੌਜਵਾਨਾਂ ਨੂੰ ਦੇਸ਼ ਭਗਤ ਯਾਦਗਾਰ ਹਾਲ ਤੇ ਟਰੱਸਟੀ ਅਤੇ ਸਾਬਕਾ ਸਕੱਤਰ ਗੁਰਮੀਤ ਨੇ ਗਦਰੀ ਬਾਬਿਆਂ ਦੀਆ ਸ਼ਹੀਦੀਆਂ ਤੇ ਹੋਰ ਵਿਲਖਣ ਜਾਣਕਾਰੀ ਦਿੱਤੀ। 30-31 ਅਕਤੂਬਰ ਤੇ ਪਹਿਲੀ ਨਵੰਬਰ ਨੂੰ ਹੋਣ ਵਾਲੇ ਸੰਗਰਾਮਣ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਮੇਲੇ ਸਬੰਧੀ ਵੀ ਇਹਨਾਂ ਨੌਜਵਾਨਾਂ ਨੂੰ ਜਾਣਕਾਰੀ ਦਿੱਤੀ।



# ਭਗਵਤੀ ਜਾਗਰਣ ਅੱਜ



ਸ਼ਸ਼ੀ ਸ਼ੇਖ

**ਜਲੰਧਰ (ਲਖਵਿੰਦਰ ਸਿੰਘ)**- ਪਿੰਡ ਆਦਰਮਾਨ ਜ਼ਿਲ੍ਹਾ ਜਲੰਧਰ ਵਿਖੇ ਐਨ ਆਰ ਆਈ ਵੀਰਾਂ ਅਤੇ ਗ੍ਰਾਮ ਪੰਚਾਇਤ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 14 ਅਕਤੂਬਰ ਦਿਨ ਮੰਗਲਵਾਰ ਨੂੰ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਭਗਵਤੀ ਜਾਗਰਣ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਮਾਂ ਦੇ ਭਗਤ ਸ੍ਰੀ ਰਮੇਸ਼ ਘਈ ਨੇ ਦੱਸਿਆ ਕਿ ਮਹਾਂਮਾਈ ਦੀ ਜੋਤ ਜਵਾਲਾ ਜੀ ਤੋਂ ਲਿਆਂਦੀ ਜਾਵੇਗੀ।ਇਸ ਮੌਕੇ 'ਤੇ ਪੰਜਾਬ ਦੇ ਮਸ਼ਹੂਰ ਗਾਇਕ ਨਵਜੋਤ ਜੋਤੀ, ਅਮਰਜੀਤ ਘਾਰੂ ਸ਼ੇਖੂਪੁਰਾ ਵਾਲੇ ਮਹਾਂਮਾਈ ਦੀਆਂ ਭੇਟਾ ਗਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

# ਪੱਛੜੀਆਂ ਸ਼੍ਰੇਣੀਆਂ ਲਈ ਰਾਸ਼ਟਰੀ ਕਮਿਸ਼ਨ ਦੀ ਮੀਟਿੰਗ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਇੱਕ ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਰਾਸ਼ਟਰੀ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ (ਐਨ ਸੀ ਬੀ ਸੀ), ਨਵੀਂ ਦਿੱਲੀ, ਹੁਣ ਭਾਰਤ ਸਰਕਾਰ ਦੀ ਕੇਂਦਰੀ ਓ ਬੀ ਸੀ ਸੂਚੀ ਵਿੱਚ ਪੰਜਾਬ ਦੀਆਂ ਵੱਖ-ਵੱਖ ਜਾਤੀਆਂ ਨੂੰ ਸ਼ਾਮਲ ਕਰਨ ਦੇ ਸਬੰਧ ਵਿੱਚ 14 ਅਕਤੂਬਰ ਨੂੰ ਦੁਪਹਿਰ 2:00 ਵਜੇ ਹੋਟਲ ਮਾਊਂਟਵਿਊ, (ਕਾਨਫਰੰਸ ਹਾਲ) ਸੈਕਟਰ-10, ਚੰਡੀਗੜ੍ਹ ਵਿਖੇ ਜਨਤਕ ਸੁਣਵਾਈ ਕਰੇਗਾ।ਬੁਲਾਰੇ ਨੇ ਦੱਸਿਆ ਕਿ ਇਹ ਜਨਤਕ ਸੁਣਵਾਈ ਪਹਿਲਾਂ ਯੂ.ਟੀ. ਚੰਡੀਗੜ੍ਹ ਦੇ ਗੈਸਟ ਹਾਊਸ ਵਿੱਚ ਹੋਣੀ ਸੀ, ਪਰ ਹੁਣ ਇਹ ਸੁਣਵਾਈ ਹੋਟਲ ਮਾਊਂਟਵਿਊ, (ਕਾਨਫਰੰਸ ਹਾਲ) ਸੈਕਟਰ-10, ਚੰਡੀਗੜ੍ਹ ਵਿਖੇ ਹੋਵੇਗੀ।ਉਨ੍ਹਾਂ ਨੇ ਕਿਹਾ ਕਿ ਇਸ ਜਨਤਕ ਸੁਣਵਾਈ ਦਾ ਮੁੱਖ ਉਦੇਸ਼ ਸਬੰਧਤ ਜਾਤੀਆਂ ਦੇ ਪ੍ਰਤੀਨਿਧੀਆਂ ਨੂੰ ਕਮਿਸ਼ਨ ਦੇ ਸਾਹਮਣੇ ਸਿੱਧੇ ਤੌਰ 'ਤੇ ਆਪਣੇ ਵਿਚਾਰ, ਤੱਥ ਅਤੇ ਮੰਗਾਂ ਪੇਸ਼ ਕਰਨ ਦਾ ਮੌਕਾ ਪ੍ਰਦਾਨ ਕਰਨਾ ਹੈ।

# ਬਿਜਲੀ ਬੋਰਡ ਦੀਆਂ ਜਾਇਦਾਦਾਂ ਵੇਚਣ ਦਾ ਕੁੱਲ ਹਿੰਦ ਕਿਸਾਨ ਸਭਾ ਵਿਰੋਧ ਕਰੇਗੀ



**ਨੰਗਲ (ਨ ਜ ਸ)**- ਇੱਥੇ ਕੁੱਲ ਹਿੰਦ ਕਿਸਾਨ ਸਭਾ ਦੇ ਆਗੂਆਂ ਦੀ ਇੱਕ ਮੀਟਿੰਗ ਹੋਈ ਜਿਸ ਵਿੱਚ ਸਰਕਾਰ ਵੱਲੋਂ ਬਿਜਲੀ ਬੋਰਡ ਦੀਆਂ ਜਾਇਦਾਦਾਂ ਵੇਚਣ ਦੇ ਖਿਲਾਫ ਕੁੱਲ ਹਿੰਦ ਕਿਸਾਨ ਸਭਾ ਡੱਟ ਕੇ ਵਿਰੋਧ ਕਰੇਗੀ। ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਕਿਹਾ ਕਿ ਸਰਕਾਰ ਸੂਬੇ ਨੂੰ ਬਰਬਾਦ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਪਹਿਲਾਂ ਲੈਂਡ ਪੂਲਿੰਗ ਨੀਤੀ ਦਾ ਸੰਯੁਕਤ ਕਿਸਾਨ ਮੋਰਚੇ ਨੇ ਡੱਟ ਕੇ ਵਿਰੋਧ ਕੀਤਾ ਤੇ ਲੈਂਡ ਪੂਲਿੰਗ ਨੀਤੀ ਵਾਪਸ ਲੈਣੀ ਪਈ। ਪਰ ਹੁਣ ਤਾਂ ਹੱਦ ਹੋ ਗਈ ਜਦੋਂ ਬਿਜਲੀ ਬੋਰਡ ਦੀਆਂ ਜਾਇਦਾਦਾਂ ਨੂੰ ਕੌਡੀਆਂ ਦੇ ਭਾਅ ਵੇਚਣ ਜਾ ਰਹੀ ਹੈ ਜਿਸ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਉਹਨਾਂ ਨੇ ਕਿਹਾ ਕਿ ਜਾਇਦਾਦਾਂ ਨੂੰ ਦੇਣ ਦੇ ਖਿਲਾਫ ਬਿਜਲੀ ਬੋਰਡ ਦੇ ਕਰਮਚਾਰੀ ਸੰਘਰਸ਼ ਕਰ ਰਹੇ ਹਨ। ਕੁੱਲ ਹਿੰਦ ਕਿਸਾਨ ਸਭਾ ਇਸ ਸੰਘਰਸ਼ ਦੀ ਪੂਰਨ ਹਿਮਾਇਤ ਕਰਦੀ ਹੈ। ਇਸ ਮੌਕੇ ਤੇ ਜਸਵਿੰਦਰ ਸਿੰਘ ਭੰਗਲ, ਤਹਿਸੀਲ ਨੰਗਲ ਦੇ ਪ੍ਰਧਾਨ ਗਿਆਨੀ ਰਾਮਪਾਲ ਸਿੰਘ ਭਲਾਣ, ਤਹਿਸੀਲ ਅਨੰਦਪੁਰ ਸਾਹਿਬ ਦੇ ਪ੍ਰਧਾਨ ਨਰਿੰਦਰ ਸਿੰਘ ਮਾਵੀ, ਪ੍ਰੇਮ ਸਿੰਘ ਅਟਵਾਲ, ਗੁਰਦਿਆਲ ਸਿੰਘ ਅਟਵਾਲ ਵੀ ਹਾਜ਼ਰ ਸਨ।

# ਕੁਲਵੰਤ ਸਿੰਘ ਨੇ ਨਵੀਆਂ ਲਿੰਕ ਸੜਕਾਂ ਦੀ ਉਸਾਰੀ ਸ਼ੁਰੂ ਕਰਵਾਈ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਭਰ ਵਿੱਚ ਸੰਪੂਰਨ ਵਿਕਾਸ ਅਤੇ ਪੇਂਡੂ-ਸ਼ਹਿਰੀ ਸੜਕੀ ਸੰਪਰਕ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਇਹ ਗੱਲ ਸੋਮਵਾਰ ਨੂੰ ਵਿਧਾਇਕ ਕੁਲਵੰਤ ਸਿੰਘ ਨੇ ਮੋਹਾਲੀ ਹਲਕੇ ਵਿੱਚ ਕਈ ਨਵੇਂ ਸੜਕੀ ਪ੍ਰੋਜੈਕਟਾਂ ਦੇ ਨਿਰਮਾਣ ਦੀ ਸ਼ੁਰੂਆਤ ਕਰਦਿਆਂ ਕਹੀ।ਵੇਰਵੇ ਦਿੰਦੇ ਹੋਏ ਵਿਧਾਇਕ ਨੇ ਕਿਹਾ ਕਿ 1.75 ਕਿਲੋਮੀਟਰ ਲੰਬਾਈ ਤੇ 10 ਫੁੱਟ ਚੌੜਾਈ ਵਾਲੀ ਚਾਹੂਮਾਜਰਾ-ਬਾਕਰਪੁਰ-ਝੁੰਗੀਆਂ ਸੜਕ ਦੀ ਆਖਰੀ ਮੁਰੰਮਤ 2015 ਵਿੱਚ ਕੀਤੀ ਗਈ ਸੀ। ਸੜਕ ਨੂੰ ਹੁਣ 39 ਲੱਖ ਰੁਪਏ ਦੀ ਲਾਗਤ ਨਾਲ ਮੁੜ ਤੋਂ ਬਣਾਇਆ ਜਾਵੇਗਾ, ਜਿਸ ਵਿੱਚੋਂ 31 ਲੱਖ ਰੁਪਏ ਉਸਾਰੀ 'ਤੇ ਖਰਚ ਕੀਤੇ ਜਾਣਗੇ ਅਤੇ ਬਾਕੀ ਰਕਮ ਪੰਜ ਸਾਲਾਂ ਦੇ ਰੱਖ-ਰਖਾਅ ਲਈ ਰੱਖੀ ਗਈ ਹੈ। ਸੜਕ ਨੂੰ ਲੁੱਕ ਨਾਲ ਬਣਾਇਆ ਜਾਵੇਗਾ ਅਤੇ ਛੇ ਮਹੀਨਿਆਂ ਦੇ ਅੰਦਰ ਪੂਰਾ ਕੀਤਾ ਜਾਵੇਗਾ।

# ਚੀਫ ਜਸਟਿਸ ਦੇ ਅਪਮਾਨ ਤੇ ਆਈ ਪੀ ਐਸ ਅਧਿਕਾਰੀ ਵੱਲੋਂ ਖ਼ੁਦਕੁਸ਼ੀ ਦੀ ਜਾਂਚ ਦੀ ਮੰਗ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)**- ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਵਲੋਂ ਭਾਰਤ ਦੇ ਚੀਫ ਜਸਟਿਸ ਦੇ ਅਪਮਾਨ ਅਤੇ ਆਈ ਪੀ ਐਸ ਅਧਿਕਾਰੀ ਦੀ ਖ਼ੁਦਕੁਸ਼ੀ ਦੀ ਨਿੰਦਿਆ ਕਰਦਿਆਂ ਘਟਨਾ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ, ਸੰਤ ਸਰਵਣ ਦਾਸ ਸੀਨੀ. ਮੀਤ ਪ੍ਰਧਾਨ ਅਤੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਜਾਤੀਵਾਦੀ, ਵੈਰ ਵਿਰੋਧ ਦੀਆਂ ਘਟਨਾਵਾਂ ਬਹੁਤ ਮੰਦਭਾਗੀਆਂ ਹਨ ਕਿਉਂਕਿ ਇਹ ਮਨੁੱਖ ਅਤੇ ਦੇਸ਼ ਦੀ ਤਰੱਕੀ ਖੁਸ਼ਹਾਲੀ ਵਿਚ ਵੱਡੀਆਂ ਰੁਕਾਵਟਾਂ ਖੜੀਆਂ ਕਰਦੀਆਂ ਹਨ। ਭਾਰਤ ਦੇ ਮਾਨਯੋਗ ਚੀਫ ਜਸਟਿਸ ਦਾ ਅਪਮਾਨ ਕਰਕੇ ਭਾਰਤ ਦੇ ਸੰਵਿਧਾਨ ਦਾ ਅਪਮਾਨ ਕੀਤਾ ਗਿਆ ਹੈ ਜਿਸ ਨੂੰ ਕਿਸੇ ਵੀ ਕੀਮਤ ਤੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸੰਤਾਂ ਮਹਾਂਪੁਰਸ਼ਾਂ ਨੇ ਆਈ ਪੀ ਐਸ ਅਧਿਕਾਰੀ ਏ ਡੀ ਜੀ ਪੀ ਬਾਈ ਪੂਰਨ ਕੁਮਾਰ ਦੀ ਖ਼ੁਦਕੁਸ਼ੀ ਤੇ ਅਫਸੋਸ ਜਾਹਿਰ ਕਰਦਿਆਂ ਕਿਹਾ ਕਿ ਇਹ ਦੇਸ਼ ਗੁਰੂਆਂ, ਪੀਰਾਂ , ਪੈਗੰਬਰਾਂ ਤੇ ਅਜਾਦੀ ਘੁਲਾਟੀਆਂ ਦਾ ਮਹਾਨ ਦੇਸ਼ ਹੈ ਜਿਥੇ ਅੱਜ ਵੀ ਜਾਤੀ ਨਫਰਤ,ਸ਼ੋਸ਼ਣ ਹੋਣਾ ਬਹੁਤ ਗੰਭੀਰ ਅਤੇ ਚਿੰਤਾਜਨਕ ਵਿਸ਼ਾ ਹੈ ਜਿਸਨੂੰ ਸਰਕਾਰਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਸਖਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਪੀੜਤ ਪਰਿਵਾਰ ਨੂੰ ਇੰਨਸਾਫ ਦਵਾਉਣਾ ਚਾਹੀਦਾ ਹੈ।



# ਸਾਲਾਨਾ ਗੁਰਮਤਿ ਸਮਾਗਮ ਅੱਜ

**ਮੋਹਾਲੀ (ਗੁਰਜੀਤ ਬਿੱਲਾ)**- ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ ਅਕਾਲ ਆਸ਼ਰਮ, ਸੋਹਾਣਾ ਵਲੋਂ ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਦੀ ਮਿੱਠੀ ਪਿਆਰੀ ਯਾਦ ਵਿਚ ਸਾਲਾਨਾ ਗੁਰਮਤਿ ਸਮਾਗਮ ਵਿਚ ਵਿਚ ਇਕ ਦਿਨਾਂ ਸਮਾਗਮ ਅੱਜ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਦੇ ਹੋਏ ਭਾਈ ਦਵਿੰਦਰ ਸਿੰਘ ਖ਼ਾਲਸਾ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਟਰੱਸਟ ਦੇ ਟਰੱਸਟੀ ਗੁਰਮੀਤ ਸਿੰਘ ਨੇ ਦੱਸਿਆ ਮਾਨਵਤਾ ਦੀ ਸੇਵਾ ਲਈ ਜੋ ਕਾਰਜ ਭਾਈ ਜਸਵੀਰ ਸਿੰਘ ਖ਼ਾਲਸਾ ਖੰਨੇ ਵਾਲਿਆਂ ਨੇ ਆਰੰਭ ਕੀਤਾ ਸੀ ਉਸ ਤੇ ਚਲਦੇ ਹੋਏ ਸੋਹਾਣਾ ਹਸਪਤਾਲ ਵੱਡੇ ਪੱਧਰ ਤੇ ਲੋਕਾਂ ਦੀ ਸੇਵਾ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ ਅਕਾਲ ਆਸ਼ਰਮ ਸੋਹਾਣਾ ਵਿਖੇ ਪੰਥ ਰਤਨ ਭਾਈ ਜਸਵੀਰ ਸਿੰਘ ਜੀ ਖ਼ਾਲਸਾ ਖੰਨੇ ਵਾਲਿਆਂ ਦੀ ਯਾਦ 'ਚ ਅੱਜ ਕਰਵਾਏ ਜਾ ਰਹੇ ਮਹਾਨ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਸਮਾਗਮ ਨਾਲ ਸਬੰਧਿਤ ਧਾਰਮਿਕ ਸਮਾਗਮ ਦੁਪਿਹਰ 3 ਵਜੇ ਸ਼ੁਰੂ ਹੋ ਕੇ ਰਾਤ 10.00 ਵਜੇ ਤਕ ਚੱਲੇਗਾ, ਜਿਸ 'ਚ ਪੰਥ ਦੇ ਪ੍ਰਸਿੱਧ ਰਾਗੀ ਅਤੇ ਢਾਡੀਆਂ ਤੋਂ ਇਲਾਵਾ ਕਥਾ ਵਾਚਕ ਸੰਗਤਾਂ ਨੂੰ ਪਵਿੱਤਰ ਗੁਰਬਾਣੀ ਨਾਲ ਜੋੜਨਗੇ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਜੀ ਉਚੇਚੇ ਤੌਰ ਤੇ ਸੰਗਤਾਂ ਦੇ ਦਰਸ਼ਨ ਕਰਨ ਲਈ ਪਹੁੰਚ ਰਹੇ ਹਨ । ਭਾਈ ਦਵਿੰਦਰ ਸਿੰਘ ਖ਼ਾਲਸਾ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆਂ ਕਿ ਇਸ ਧਾਰਮਿਕ ਸਮਾਗਮ ਵਿਚ ਦੇਸ਼-ਵਿਦੇਸ਼ ਤੋਂ ਸਿੱਖ ਪੰਥ ਨਾਲ ਜੁੜੀਆਂ ਪ੍ਰਸਿੱਧ ਵਿਦਵਾਨ ਹਸਤੀਆਂ ਵੱਡੀ ਗਿਣਤੀ ਵਿਚ ਸ਼ਿਰਕਤ ਕਰ ਰਹੀਆਂ ਹਨ। ਇਸ ਦੇ ਨਾਲ ਸਮਾਗਮ ਦੌਰਾਨ ਭਾਈ ਹਰਜਿੰਦਰ ਸਿੰਘ ਜੀ (ਹਜ਼ੂਰੀ ਰਾਗੀ), ਭਾਈ ਅਮਰਦੀਪ ਸਿੰਘ ਜੀ ਸੋਹਾਣਾ ਵਾਲੇ, ਭਾਈ ਅਰਸ਼ਦੀਪ ਸਿੰਘ ਜੀ ਲੁਧਿਆਣੇ ਵਾਲੇ, ਭਾਈ ਪ੍ਰਦੀਪ ਸਿੰਘ ਜੀ ਸੋਹਾਣੇ ਵਾਲੇ, ਭੈਣ ਰਵਿੰਦਰ ਕੌਰ ਅਤੇ ਜੱਥਾ ਸੋਹਾਣਾ ਵਾਲੇ , ਭਾਈ ਸਾਹਿਬ ਭਾਈ ਦਵਿੰਦਰ ਸਿੰਘ ਜੀ ਖਾਲਸਾ ਖੰਨੇ ਵਾਲੇ ਅਤੇ ਭਾਈ ਜਗਜੀਤ ਸਿੰਘ ਜੀ ਬਬੀਹਾ ਦਿੱਲੀ ਵਾਲੇ ਰੂਹਾਨੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰਮੀਤ ਸਿੰਘ ਜੀ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਸਮੂਹ ਸਾਧ ਸੰਗਤ ਨੂੰ ਗੁਰਬਾਣੀ ਨਾਲ ਜੋੜਨ ਲਈ ਭੈਣ ਰਵਿੰਦਰ ਕੌਰ ਵੱਲੋਂ 6.30 ਤੋਂ 7.30 ਵਜੇ ਸਿਮਰਨ ਸਾਧਨਾ ਕੀਤੀ ਜਾਵੇਗੀ। ਜਦ ਕਿ ਭਾਈ ਦਵਿੰਦਰ ਸਿੰਘ ਜੀ ਖ਼ਾਲਸਾ ਖੰਨਾ ਵਾਲੇ 7.30 ਤੋਂ 8.30 ਵਜੇ ਸੰਗਤਾਂ ਨੂੰ ਇਲਾਹੀ ਬਾਣੀ ਦੇ ਕੀਰਤਨ ਨਾਲ ਨਿਹਾਲ ਕਰਨਗੇ।ਇਨ੍ਹਾਂ ਸਾਰੇ ਸਮਾਗਮਾਂ ਦਾ ਸਿੱਧਾ ਪ੍ਰਸਾਰਨ ਫਫਤਹਿ ਟੀ ਵੀ ਚੈਨਲ, ਅਕਾਲ ਆਸ਼ਰਮ ਅਤੇ ਹਰਿ ਜਜ ਰਿਕਾਰਡਸ ਦੇ ਯੂ ਟਿਊਬ ਚੈਨਲਾਂ ਤੋਂ ਲਾਈਵ ਪ੍ਰਸਾਰਿਤ ਕੀਤਾ ਜਾ ਰਿਹਾ ਹੈ , ਜਿਸ ਨਾਲ ਦੇਸ਼ ਵਿਦੇਸ਼ ਦੂਰ ਥਾਵਾਂ ਤੇ ਬੈਠੇ ਲੋਕ ਗੁਰੂ ਕੀ ਇਲਾਹੀ ਬਾਣੀ ਦਾ ਅਨੰਦ ਮਾਣ ਸਕਣ।



# ਵੈੱਲਫੇਅਰ ਕਲੱਬ ਵੱਲੋਂ 1200 ਲੀਟਰ ਡੀਜ਼ਲ ਦੀ ਸੇਵਾ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸ਼ਹੀਦ ਭਗਤ ਸਿੰਘ ਵੈਲਫੇਅਰ ਕਲੱਬ ਭੋਗਪੁਰ ਦੇ ਪ੍ਰਧਾਨ ਅਰਵਿੰਦਰ ਸਿੰਘ ਝੰਮਟ ਤੇ ਸਮੂਹ ਸਾਥੀਆਂ ਵੱਲੋਂ ਬਾਬਾ ਦੀਪ ਸਿੰਘ ਸੇਵਾ ਦਲ ਦੇ ਮੁੱਖ ਸੇਵਾਦਾਰ ਭਾਈ ਮਨਜੋਤ ਸਿੰਘ ਗੜਦੀਵਾਲ ਵਾਲਿਆਂ ਨੂੰ 1200 ਲੀਟਰ ਡੀਜ਼ਲ ਦੀ ਸੇਵਾ ਸਮੂਹ ਸ਼ਹਿਰ ਦੀ ਸੰਗਤ ਦੇ ਸਹਿਯੋਗ ਦੇ ਨਾਲ ਕੀਤੀ ਗਈ ਹੈ ਤਾਂ ਕਿ 4800 ਕਿੱਲਾ ਸਾਫ ਕਰਨ ਅਤੇ ਦੁਬਾਰਾ ਬਿਜਾਈ ਕਰਨ ਦਾ ਟੀਚਾ ਭਾਈ ਮਨਜੋਤ ਸਿੰਘ ਵੱਲੋਂ ਮਿਥਿਆ ਗਿਆ ਹੈ ਉਹ ਪੂਰਾ ਕੀਤਾ ਜਾ ਸਕੇ।

# ਕੈਨੇਡਾ 'ਚ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ

**ਬਰੈਂਪਟਨ, ਕਨੇਡਾ (ਰਾਜੇਸ਼ ਥਾਪਾ)**- ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਵਿਚਾਰਧਾਰਾ ਲਾਗੂ ਕਰਕੇ ਹੀ ਭਾਰਤ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਇਆ ਜਾ ਸਕਦਾ ਹੈ। ਇਹ ਵਿਚਾਰ ਪੰਜਾਬੀ ਸਭਿਆਚਾਰਕ ਮੰਚ ਟੋਰਾਂਟੋ (ਕੈਨੇਡਾ) ਵੱਲੋਂ ਹਰ ਸਾਲ ਦੀ ਤਰ੍ਹਾਂ ਭਗਤ ਸਿੰਘ ਦਾ ਜਨਮ ਦਿਹਾੜਾ ਇਨਕਲਾਬੀ ਰਵਾਇਤਾਂ ਨਾਲ ਮਨਾਉਂਦਿਆਂ ਪ੍ਰਗਟ ਕੀਤੇ ਗਏ। ਇਸ ਸਮਾਗਮ ਦੀ ਪ੍ਰਧਾਨਗੀ ਸਰਵ ਸਾਥੀ ਬਲਦੇਵ ਸਿੰਘ ਸਹਿਦੇਵ, ਜਗਜੀਤ ਸਿੰਘ ਜੋਗਾ,ਗਿਆਨ ਸਿੰਘ ਘਈ, ਅਮਰਜੀਤ ਸਿੰਘ ਗਿੱਲ, ਸੁਭਾਸ਼ ਚੰਦਰ ਖੁਰਮੀ, ਸਰਜਿੰਦਰ ਸਿੰਘ ਸਿੱਧੂ ਅਤੇ ਵਿਸਾਖਾ ਸਿੰਘ ਟਟਕਾ ਅਧਾਰਿਤ ਪ੍ਰਧਾਨਗੀ ਮੰਡਲ ਅਧੀਨ ਹੋਇਆ। ਹਰਚੰਦ ਸਿੰਘ ਬਾਸੀ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਬਲਕਾਰ ਸਿੰਘ ਵਲਟੋਹਾ ਨੇ ਦੱਸਿਆ ਕਿ ਇਸ ਮੌਕੇ ਕਵਿਤਾ ਤੇ ਗੱਲਬਾਤ ਦਾ ਮੁੱਖ ਵਿਸ਼ਾ ਸੀ 'ਭਗਤ ਸਿੰਘ ਤੇ ਸਾਥੀਆਂ ਦੀ ਵਿਚਾਰਧਾਰਾ ਤੇ ਅੱਜ ਦਾ ਦੌਰ।' ਉਪਰੋਕਤ ਆਗੂਆਂ ਨੇ ਕਿਹਾ ਕਿ ਅੱਜ ਸਾਰੀ ਦੁਨੀਆਂ ਨੂੰ ਆਰਥਿਕ ਮੰਦਵਾੜੇ ਨੇ ਘੇਰਿਆ ਹੋਇਆ ਹੈ, ਪੂੰਜੀਵਾਦੀ ਯੁੱਗ ਹੋਣ ਕਰਕੇ ਮਜ਼ਦੂਰਾਂ ਕਿਸਾਨਾਂ ਦੀ ਲੁੱਟ ਸਿਖ਼ਰ ਤੇ ਹੈ। ਬੇਰੁਜ਼ਗਾਰੀ ਹੱਦਾਂ ਬੰਨੇ ਟੱਪ ਰਹੀ ਹੈ।




# ਵਧ ਰਿਹਾ ਜਾਤੀ ਵਿਤਕਰਾ ਤੇ ਸ਼ੋਸ਼ਣ ਚਿੰਤਾਜਨਕ : ਕਰਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਦੇਸ਼ ਅੰਦਰ ਵੱਧ ਰਿਹਾ ਜਾਤੀ ਗਤ ਵਿਤਕਰਾ ਅਤੇ ਸ਼ੋਸ਼ਣ ਸਮਾਜ ਲਈ ਬਹੁਤ ਹੀ ਨੁਕਸਾਨ ਦੇ ਸਾਬਤ ਹੋਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇੱਥੇ ਕੁਝ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਪਿਛਲੇ ਦਿਨੀ ਇਸ ਸ਼ੋਸ਼ਣ ਅਤੇ ਵਿਤਕਰੇ ਦੀਆਂ ਅਨੇਕਾਂ ਘਟਨਾਵਾਂ ਸਾਹਮਣੇ ਆਈਆਂ ਹਨ ਜੋ ਬਹੁਤ ਹੀ ਚਿੰਤਾਜਨਕ ਹਨ। ਭਾਰਤ ਦੇ ਮੁੱਖ ਜੱਜ ਦਾ ਅਪਮਾਨ ਕਰਨ ਦੀ ਕੋਸ਼ਿਸ਼ ਅਤੇ ਹਰਿਆਣਾ ਦੇ ਇੱਕ ਪੁਲਸ ਅਧਿਕਾਰੀ ਦੀ ਖੁਦਕਸ਼ੀ ਜਾਤੀਗਤ ਵਿਤ ਕਰੇ ਅਤੇ ਸ਼ੋਸ਼ਣ ਦੀ ਰੋਂਗਟੇ ਖੜੇ ਕਰਨ ਵਾਲੀ ਮਿਸਾਲ ਹੈ। ਪਿਛਲੇ ਦਿਨੀ ਯੂਪੀ ਅੰਦਰ ਦੋ ਬੇਕਸੂਰ ਦਲਿਤ ਨੌਜਵਾਨਾਂ ਦਾ ਜਾਤੀ ਨੂੰ ਆਧਾਰ ਬਣਾ ਕੇ ਬੇਰਹਿਮੀ ਨਾਲ ਕਤਲ ਕੀਤਾ ਗਿਆ।ਉਨਾਂ ਮੰਗ ਕੀਤੀ ਕਿ ਜਾਤੀਗਤ ਵਿਤਕਰੇ ਦੇ ਸ਼ਿਕਾਰ ਲੋਕਾਂ ਨੂੰ ਤੁਰੰਤ ਇਨਸਾਫ ਦੇਣ ਲਈ ਢੁਕਵੀਂ ਕਾਰਵਾਈ ਕਰਕੇ ਦੋਸ਼ੀ ਲੋਕਾਂ ਖਿਲਾਫ ਤੁਰੰਤ ਕਨੂੰਨੀ ਕਾਰਵਾਈ ਅਤੀ ਲੋੜੀਂਦੀ ਹੈ। ਇਸ ਕਾਰਵਾਈ ਦੀ ਨਿਗਰਾਨੀ ਹਾਈਕੋਰਟ ਦੇ ਕਿਸੇ ਜੱਜ ਰਾਹੀਂ ਕਰਵਾਈ ਜਾਵੇ।



# ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਮੈਂਬਰਾਂ ਦੀ ਮੀਟਿੰਗ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜ਼ਿਲ੍ਹਾ ਰੂਪਨਗਰ ਅਤੇ ਸਮੂਹ ਬਲਾਕ ਦੇ ਮੈਂਬਰਾਂ ਦੀ ਮੀਟਿੰਗ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਦੀਵਾਨ ਹਾਲ ਵਿੱਚ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਚਲਾਕੀ ਦੀ ਪ੍ਰਧਾਨਗੀ ਹੇਠ ਹੋਈ। ਜ਼ਿਲ੍ਹਾ ਜਨਰਲ ਸਕੱਤਰ ਹਰਿੰਦਰ ਸਿੰਘ ਕਾਕਾ ਜਟਾਣਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਪਿਛਲੇ ਦਿਨੀ ਆਏ ਹੜ੍ਹਾਂ ਕਾਰਨ ਪੰਜਾਬ ਵਿੱਚ ਹੋਏ ਭਾਰੀ ਨੁਕਸਾਨ ਕਰਨ ਲੱਖਾਂ ਏਕੜ ਫ਼ਸਲ ਅਤੇ ਜਾਨ ਮਾਲ ਦਾ ਬਹੁਤਾਤ ਨੁਕਸਾਨ ਹੋਣ ਤੇ ਸਰਕਾਰ ਵੱਲੋਂ ਐਲਾਨੀ ਰਾਸ਼ੀ ਬਹੁਤ ਘੱਟ ਹੈ, ਜਿਸ ਤੇ ਯੂਨੀਅਨ ਨੇ ਮੰਗ ਕੀਤੀ ਹੈ ਕਿ ਕਿਸਾਨਾਂ ਨੂੰ ਫ਼ਸਲਾਂ ਦੇ ਨੁਕਸਾਨ ਲਈ ਘੱਟੋ ਘੱਟ 70 ਹਜ਼ਾਰ ਰੁਪਏ ਪ੍ਰਤੀ ਏਕੜ, ਮਾਰੇ ਗਏ ਪਸ਼ੂਆਂ ਲਈ ਇੱਕ ਇੱਕ ਲੱਖ ਰੁਪਏ ਪ੍ਰਤੀ ਪਸ਼ੂ, ਮ੍ਰਿਤਕ ਵਿਅਕਤੀ ਲਈ 25 ਲੱਖ ਰੁਪਏ ਸਮੇਤ ਪਾਨੀ ਨਾਲ ਡਿੱਗੇ ਮਕਾਨਾਂ ਲਈ 10 ਲੱਖ ਰੁਪਏ ਤੁਰੰਤ ਰਾਹਤ ਕਾਰਜਾ ਲਈ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਪੰਜਾਬ ਅੰਦਰ ਆਏ ਹੜ੍ਹਾਂ ਲਈ ਕਸੂਰਵਾਰ ਅਧਿਕਾਰੀਆਂ ਨੂੰ ਸਰਕਾਰ ਤੋਂ ਤੁਰੰਤ ਬਰਖਾਸਤ ਕਰਨ ਅਤੇ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਤੋਂ ਜਾਂਚ ਕਰਵਾ ਕੇ ਕੁਤਾਹੀ ਲਈ ਜਿੰਮੇਵਾਰ ਮੁਲਾਜ਼ਮਾਂ ਨੂੰ ਸਖ਼ਤ ਸਜਾ ਦੇਣ ਦੀ ਮੰਗ ਕੀਤੀ ਗਈ। ਇਸ ਮੌਕੇ ਸੀਨੀਅਰ ਆਗੂ ਅਮਨਦੀਪ ਸਿੰਘ ਮਾਂਗਟ, ਜਗੀਰ ਸਿੰਘ, ਨੰਬਰਦਾਰ ਅਮਰੀਕ ਸਿੰਘ, ਮਲਕੀਤ ਸਿੰਘ, ਕਰਨੈਲ ਸਿੰਘ, ਮਹਿੰਦਰ ਸਿੰਘ, ਕੇਵਲ ਸਿੰਘ, ਜਤਿੰਦਰਪਾਲ ਸਿੰਘ ਜਿੰਦੂ ਅਤੇ ਮੇਜਰ ਸਿੰਘ ਆਦਿ ਹਾਜ਼ਰ ਸਨ।

# ਅਸ਼ੀਰਵਾਦ ਸਕੀਮ ਅਧੀਨ 5751 ਲੜਕੀਆਂ ਨੂੰ ਮਿਲੀ 29.33 ਕਰੋੜ ਦੀ ਸਹਾਇਤਾ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਸਾਲ 2025-26 ਦੌਰਾਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ 5751 ਲਾਭਪਾਤਰੀਆਂ ਨੂੰ ਕੁੱਲ 29.33 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਲਈ ਅਸ਼ੀਰਵਾਦ ਸਕੀਮ ਅਧੀਨ ਜ਼ਿਲ੍ਹਾ ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜਪੁਰ, ਸ੍ਰੀ ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਰੂਪਨਗਰ, ਐਸ.ਏ.ਐਸ. ਨਗਰ, ਐਸ.ਬੀ.ਐਸ. ਨਗਰ, ਸੰਗਰੂਰ ਅਤੇ ਮਲੇਰਕੋਟਲਾ ਦੇ ਕੁੱਲ 5751 ਲਾਭਪਾਤਰੀਆਂ ਦੀਆਂ ਦਰਖਾਸਤਾਂ ਅਸ਼ੀਰਵਾਦ ਪੋਰਟਲ 'ਤੇ ਪ੍ਰਾਪਤ ਹੋਈਆਂ ਸਨ। ਇਹਨਾਂ ਸਾਰਿਆਂ ਲਾਭਪਾਤਰੀਆਂ ਨੂੰ ਕਵਰ ਕਰਨ ਲਈ 29.33 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ।ਉਨ੍ਹਾਂ ਨੇ ਦੱਸਿਆ ਕਿ ਇਸ ਰਕਮ ਨਾਲ ਜ਼ਿਲ੍ਹਾ ਬਰਨਾਲਾ ਦੇ 58, ਬਠਿੰਡਾ ਦੇ 633, ਫਰੀਦਕੋਟ ਦੇ 67, ਫਿਰੋਜਪੁਰ ਦੇ 349, ਸ੍ਰੀ ਫਤਹਿਗੜ੍ਹ ਸਾਹਿਬ ਦੇ 106, ਗੁਰਦਾਸਪੁਰ ਦੇ 265 ਅਤੇ ਹੁਸ਼ਿਆਰਪੁਰ ਦੇ 70 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਹੈ।ਇਸੇ ਤਰ੍ਹਾਂ, ਜਲੰਧਰ ਦੇ 1087, ਲੁਧਿਆਣਾ ਦੇ 839, ਮੋਗਾ ਦੇ 885, ਸ੍ਰੀ ਮੁਕਤਸਰ ਸਾਹਿਬ ਦੇ 192, ਪਟਿਆਲਾ ਦੇ 357, ਰੂਪਨਗਰ ਦੇ 147, ਐਸ.ਏ.ਐਸ. ਨਗਰ ਦੇ 65, ਐਸ.ਬੀ.ਐਸ. ਨਗਰ ਦੇ 359, ਸੰਗਰੂਰ ਦੇ 210 ਅਤੇ ਮਲੇਰਕੋਟਲਾ ਦੇ 62 ਲਾਭਪਾਤਰੀਆਂ ਨੂੰ ਵੀ ਲਾਭ ਪ੍ਰਦਾਨ ਕੀਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਰਾਜ ਵਿੱਚ ਘੱਟ ਆਮਦਨੀ ਵਾਲੇ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਲਈ ?51,000 ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਕੀਮ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਲੋਕ-ਭਲਾਈ ਪ੍ਰਤੀ ਵਚਨਬੱਧਤਾ ਦੀ ਝਲਕ ਹੈ।

# ਨਸ਼ਾ-ਮੁਕਤੀ ਕੇਂਦਰ ਦੇ ਮਰੀਜ਼ਾਂ ਨੇ ਬਣਾਏ ਦੀਵੇ, ਲਗਾਇਆ ਸਟਾਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਪੱਧਰੀ ਨਸ਼ਾ-ਮੁਕਤੀ ਕੇਂਦਰ ਦੇ ਮਰੀਜ਼ਾਂ ਨੇ ਅਪਣੇ ਹੁਨਰ ਦਾ ਪ੍ਰਗਟਾਵਾ ਕਰਦਿਆਂ ਦੀਵਾਲੀ ਦੇ ਮੌਕੇ, ਇਸ ਵਾਰ ਵੀ ਅਪਣੇ ਹੱਥੀਂ ਦੀਵੇ ਤਿਆਰ ਕੀਤੇ ਹਨ। ਇਹ ਰੰਗ-ਬਰੰਗੇ ਦੀਵੇ ਕੇਂਦਰ ਦੇ ਬਾਹਰ ਬਾਕਾਇਦਾ ਸਟਾਲ ਲਗਾ ਕੇ ਲੋਕਾਂ ਨੂੰ ਵੇਚੇ ਜਾ ਰਹੇ ਹਨ। ਇਸ ਸਬੰਧ 'ਚ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਨਸ਼ਾ-ਮੁਕਤੀ ਕੇਂਦਰ ਦੇ ਇੰਚਾਰਜ ਡਾ. ਪੂਜਾ ਗਰਗ ਨੇ ਦਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਅਧੀਨ ਇਸ ਕੇਂਦਰ ਵਿਚ ਮਰੀਜ਼ਾਂ ਨੂੰ ਸਰੀਰਕ ਗਤੀਵਿਧੀਆਂ ਦੇ ਨਾਲ-ਨਾਲ ਕਿੱਤਾਮੁਖੀ ਕੋਰਸ ਵੀ ਕਰਵਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਪਿੱਛੇ ਜਿਹੇ ਨਸ਼ੇ ਦੇ ਮਰੀਜ਼ਾਂ ਵਾਸਤੇ ਹੁਨਰ ਵਿਕਾਸ ਮੁਹਿੰਮ ਸ਼ੁਰੂ ਕੀਤੀ ਸੀ, ਜਿਸ ਤਹਿਤ ਮਰੀਜ਼ਾਂ ਨੂੰ ਖਾਣ-ਪੀਣ ਦਾ ਸਮਾਨ ਬਣਾਉਣ, ਮੋਬਾਈਲ ਅਤੇ ਹੋਰ ਉਪਕਰਨਾਂ ਦੀ ਮੁਰੰਮਤ, ਰੋਜ਼ਾਨਾ ਲੋੜਾਂ ਦੀਆਂ ਚੀਜ਼ਾਂ ਤਿਆਰ ਕਰਨ ਆਦਿ ਦੇ ਕਿੱਤਾ-ਮੁਖੀ ਕੋਰਸ ਕਰਵਾਏ ਜਾਂਦੇ ਹਨ।




# ਨਵਾਂਸ਼ਹਿਰ ਜਾਣ ਵਾਲੀ ਸੜਕ ਦੀ ਹਾਲਤ ਬਦਤਰ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਗੜ੍ਹਸ਼ੰਕਰ-ਨਵਾਂਸ਼ਹਿਰ ਅਤੇ ਗੜ੍ਹਸ਼ੰਕਰ-ਹੁਸ਼ਿਆਰਪੁਰ ਰੋਡ ਨੇੜੇ ਤਹਿਸੀਲ ਕੰਪਲੈਕਸ ਗੜ੍ਹਸ਼ੰਕਰ ਦੇ ਮੁੱਖ ਮਾਰਗ ਦੀ ਗੱਲ ਕੀਤੀ ਜਾਵੇ ਤਾਂ ਇਥੇ ਪਿੱਛਲੇ ਲੰਮੇ ਸਮੇਂ ਤੋ ਇਸ ਸੜਕ ਨੇ ਵੱਡੇ ਟੋਇਆ ਦਾ ਰੂਪ ਧਾਰਨ ਕਰ ਲਿਆ ਹੈ ਜਿਸ ਨਾਲ ਹਰ ਸਮੇਂ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ ਅਤੇ ਹਾਦਸੇ ਵਾਪਰ ਵੀ ਰਹੇ ਹਨ। ਇਹਨਾਂ ਵੱਡੇ ਵੱਡੇ ਟੋਇਆਂ ਨੇ ਹਰ ਇੱਕ ਅਤੇ ਖਾਸ ਕਰ ਦੋ ਪਹੀਆ ਵਾਹਨਾ ਦਾ ਲੰਘਣਾ ਔਖਾ ਹੋਇਆ ਹੈ ਕਿਉਂਕਿ ਹਰ ਸਮੇਂ ਸੜਕ ਟੁੱਟੀ ਹੋਣ ਕਾਰਨ ਧੂੜ ਮਿੱਟੀ ਉਡ ਰਹੀ ਹੈ । ਇਸ ਸੜਕ ਦੀ ਹਾਲਤ ਨੂੰ ਦੇਖ ਕੇ ਇਹ ਵੀ ਲੱਗਦਾ ਹੈ ਕਿ ਸਥਾਨਕ ਪ੍ਰਸ਼ਾਸਨ ਕਿਸੇ ਵੱਡੇ ਜਾਨਲੇਵਾ ਹਾਦਸੇ ਦੀ ਓਡੀਕ ਵਿੱਚ ਹੈ। ਇਸ ਸੜਕ ਤੇ ਪ੍ਰਸ਼ਾਸ਼ਨ ਵਲੋ ਲੁੱਕ ਦੀ ਥਾਂ ਮਿੱਟੀ ਕਚਰਾ ਪਾ ਕੇ ਹੀ ਡੰਗ ਡਪਾਈ ਕੀਤੀ ਜਾ ਰਹੀ ਹੈ ਅਤੇ ਕਈ ਵਾਰ ਤਾਂ ਇਸ ਸੜਕ ਤੇ ਖ਼ੁੱਦ ਆਟੋ ਚਾਲਕਾਂ ਨੇ ਖੁਦ ਵੀ ਮਿੱਟੀ ਪਾ ਕੇ ਸੜਕ ਨੂੰ ਚੱਲਦਾ ਕਰਨ ਦਾ ਯਤਨ ਕੀਤਾ ਪਰ ਮੌਜੂਦਾ ਸਥਾਨਕ ਪ੍ਰਸ਼ਾਸਨ ਇਸ ਨੂੰ ਅਣਦੇਖਿਆ ਕਰ ਰਿਹਾ ਹੈ। ਇਸ ਸੜਕ ਦੀ ਖਸਤਾ ਹਾਲਤ ਨੂੰ ਲੈ ਕੇ ਸੋਸ਼ਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਵੇਲ ਸਿੰਘ ਸੈਣੀ, ਸਮਾਜ ਸੇਵੀ ਧਰਮਜੀਤ ਸਿੰਘ ਰਾਜਾ,ਜਗਦੀਸ਼ ਕੁਮਾਰ,ਹਰਨੇਕ ਸਿੰਘ ਨੇ ਕਿਹਾ ਭਾਵੇਂ ਕਿ ਇਹ ਸੜਕਾਂ ਦੀ ਖਸਤਾ ਹਾਲਤ ਬੀਤੇ ਦਿਨਾਂ ਤੋਂ ਹੋ ਰਹੇ ਭਾਰੀ ਮੀਂਹ ਦਾ ਕਾਰਨ ਵੀ ਹੋ ਹੋਈ ਹੈ ਪਰ ਪ੍ਰਸ਼ਾਸਨ ਨੂੰ ਕੁਝ ਨਾ ਕੁਝ ਇਸ ਸੜਕ ਤੇ ਪੈ ਚੁੱਕੇ ਟੋਇਆ ਨੂੰ ਭਰਨ ਸਬੰਧੀ ਜਲਦ ਕਾਰਵਾਈ ਕਰਨੀ ਚਾਹੀਦੀ ਸੀ। ਉਹ ਨਾ ਕਿਹਾ ਕਿ ਇਸ ਕੋਰਟ ਕੰਪਲੈਕਸ ਸੜਕ ਦੇ ਨਜ਼ਦੀਕ ਹੀ ਕਈ ਥਾਵਾ ਤੋ ਸੜਕ ਹੇਠਾ ਵਾਲੇ ਪਾਸੇ ਧੱਸ ਵੀ ਚੁੱਕੀ ਹੈ ਜਿਸ ਦਾ ਪ੍ਰਸ਼ਾਸਨ ਨੂੰ ਗੰਭੀਰਤਾ ਨਾਲ ਹਲ ਕਰਨਾ ਚਾਹੀਦਾ ਹੈ। ਉਹਨਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਗੜ੍ਹਸ਼ੰਕਰ-ਨਵਾਂਸ਼ਹਿਰ ਸੜਕ ਅਤੇ ਗੜ੍ਹਸ਼ੰਕਰ ਤੋ ਹੁਸ਼ਿਆਰਪੁਰ ਨੇੜੇ ਕੋਰਟ ਕੰਪਲੈਕਸ ਸੜਕ ਦਾ ਜਲਦ ਨਵੀਕਰਨ ਜਾਂ ਪੈਚ ਵਰਕ ਕੀਤਾ ਜਾਵੇ ਤਾ ਜੋ ਅਣਸੁਖਾਵੀ ਘਟਨਾ ਤੋ ਬਚਿਆ ਜਾ ਸਕੇ।



# ਕੀਰਤਨ ਦਰਬਾਰ 22 ਨੂੰ



**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਕੰਧਾਲੀ ਨੌਰੰਗਪੁਰ ਵਿਖੇ ਚੜਦੀਪੱਤੀ ਸਿੰਘ ਸਭਾ ਗੁਰੁਦੁਆਰਾ ਵਿਖੇ ਨੌਜਵਾਨ ਸਭਾ, ਐਨ .ਆਰ. ਆਈ. ਵੀਰ ਤੇ ਸਮੂਹ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਾਲਾਨਾ 12ਵਾਂ ਮਹਾਨ ਕੀਰਤਨ ਦਰਬਾਰ 22 ਅਕਤੂਬਰ ਨੂੰ ਕਰਵਾਇਆ ਜਾਵੇਗਾ। 20 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਤੇ 22 ਅਕਤੂਬਰ ਨੂੰ ਭੋਗ ਉਪਰੰਤ ਰਾਤ ਨੂੰ ਖੁਲੇ ਪੰਡਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਕੀਰਤਨੀ ਜਥਾ ਭਾਈ ਗੁਰਨਾਮ ਸਿੰਘ, ਢਾਡੀ ਭਾਈ ਕਸ਼ਮੀਰ ਸਿੰਘ ਕਾਦਰ ਅਤੇ ਕਵੀਸ਼ਰ ਭਾਈ ਗੁਰਸ਼ਰਨ ਸਿੰਘ (ਘੱਲ ਕਲਾਂ) ਵਾਲੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕਰਨਗੇ ਅਤੇ ਇਸ ਮੌਕੇ ਗੁਰੂ ਕਾ ਅਤੁਟ ਲੰਗਰ ਵੀ ਵਰਤਾਇਆ ਜਾਵੇਗਾ।

# ਆਈ ਪੀ ਐੱਸ ਅਧਿਕਾਰੀ ਦੀ ਮੌਤ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ : ਡਾ. ਜੱਖੂ

**ਫਗਵਾੜਾ (ਡਾ. ਰਮਨ)**- ਹਰਿਆਣਾ ਦੇ ਆਈ ਪੀ ਐੱਸ ਅਧਿਕਾਰੀ ਵਾਈ ਪੂਰਨ ਕੁਮਾਰ ਦੀ ਖੁਦਕੁਸ਼ੀ ਤੇ ਭਾਰਤ ਦੇ ਚੀਫ਼ ਜਸਟਿਸ ਬੀ.ਆਰ.ਗਵੱਈ 'ਤੇ ਜੁੱਤੀ ਸੁੱਟਣ ਦੀ ਮੰਦਭਾਗੀ ਘਟਨਾ ਭਾਰਤੀ ਲੋਕਤੰਤਰ ਲਈ ਵੱਡਾ ਖਤਰਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਜੈ ਭੀਮ ਯੂਨਾਈਟਿਡ ਵੁਆਇਸ ਆਫ ਪੰਜਾਬ ਦੇ ਫਾਊਂਡਰ ਪ੍ਰਧਾਨ ਡਾ.ਹਰਜਿੰਦਰ ਸਿੰਘ ਜੱਖੂ ਨੇ ਪ੍ਰੈੱਸ ਬਿਆਨ ਜਾਰੀ ਕਰਦਿਆ ਕੀਤਾ। ਡਾ.ਹਰਜਿੰਦਰ ਸਿੰਘ ਜੱਖੂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਰਾਜ ਵਿੱਚ ਦਲਿਤਾਂ ਨੂੰ ਸਨਮਾਨ ਨਾਲ ਜਿਉਣ ਦੇ ਅਧਿਕਾਰ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਆਜ਼ਾਦੀ ਤੋਂ ਬਾਅਦ ਵੀ ਦਲਿਤਾਂ ਨੂੰ ਜਾਤੀ ਸੂਚਕ ਸ਼ਬਦਾਂ ਨਾਲ ਪ੍ਰਤਾੜਿਆ ਜਾਂਦਾ ਹੈ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਵਾਈ ਪੂਰਨ ਸਿੰਘ ਵਰਗੇ ਸੀਨੀਅਰ ਪੁਲਿਸ ਅਧਿਕਾਰੀ ਨੂੰ ਖੁਦਕੁਸ਼ੀ ਲਈ ਮਜਬੂਰ ਹੋਣਾ ਪਿਆ। ਡਾ. ਜੱਖੂ ਨੇ ਕਿਹਾ ਕਿ ਭਾਵੇਂ ਉਨ੍ਹਾਂ ਦੀ ਪਤਨੀ ਖੁਦ ਇੱਕ ਆਈ ਏ ਐੱਸ ਅਧਿਕਾਰੀ ਹੈ, ਪਰ ਫਿਰ ਵੀ ਉਹ ਇਨਸਾਫ਼ ਲਈ ਸੰਘਰਸ਼ ਕਰਨ ਲਈ ਮਜਬੂਰ ਹੈ। ਡਾ. ਜੱਖੂ ਨੇ ਹਰਿਆਣਾ ਪੁਲਸ ਦੇ ਸਵਰਗੀ ਏ ਡੀ ਜੀ ਪੀ ਵਾਈ. ਪੂਰਨ ਕੁਮਾਰ ਦੀ ਪਤਨੀ ਅਮਨੀਤ ਪੀ. ਕੁਮਾਰ (ਆਈ ਏ ਐੱਸ) ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਮੰਗ ਕੀਤੀ ਕਿ ਸਵਰਗੀ ਏ ਡੀ ਜੀ ਪੀ ਦੀ ਮੌਤ ਲਈ ਜ਼ਿੰਮੇਵਾਰ ਸਾਰੇ ਅਧਿਕਾਰੀਆਂ ਦੇ ਖਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਜੇਲ੍ਹ ਵਿੱਚ ਬੰਦ ਕੀਤਾ ਜਾਵੇ ਅਤੇ ਭਾਰਤ ਦੇ ਚੀਫ ਜਸਟਿਸ ਬੀ ਆਰ ਗਵੱਈ 'ਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਕਰਨ ਵਾਲੇ ਵਕੀਲ ਖਿਲਾਫ਼ ਐਨ ਐਸ ਏ ਤਹਿਤ ਮੁਕੱਦਮਾ ਦਰਜ ਕੀਤਾ ਜਾਵੇ। ਇਸ ਮੌਕੇ ਪ੍ਰਿੰਸੀਪਲ ਕੇਵਲ ਸਿੰਘ, ਗੁਰਦੀਪ ਸਿੰਘ ਢੁੱਡੀ, ਇੰਜੀਨੀਅਰ ਹੈਪੀ ਕੌਲ, ਹਰਵਿੰਦਰ ਸਿੰਘ ਹੀਰਾ, ਕੁੰਵਰ ਜਗਬੀਰ ਸਿੰਘ ਸਹੂੰਗੜਾ, ਮੋਹਨ ਮਹਿੰਦਰ, ਮਹਿੰਦਰ ਸਿੰਘ ਮਾਨਸਾ, ਬੀਬੀ ਬਲਵੀਰ ਕੌਰ ਪਠਲਾਵਾ, ਬੀਬੀ ਕੁਲਵਿੰਦਰ ਕੌਰ ਕਰਤਾਰਪੁਰ, ਬੀਬੀ ਅਮਰਜੀਤ ਕੌਰ ਧਾਂਦਰਾ, ਸੰਜੀਵ ਮੂਲਨਿਵਾਸੀ,ਅਸ਼ਵਨੀ ਬਘਾਣੀਆ, ਸਤਪਾਲ ਕੋਟਰਾਣੀ, ਬੀਬੀ ਮਨਜੀਤ ਕੌਰ ਆਦਿ ਹਾਜ਼ਰ ਸਨ।



# ਹੜ੍ਹ ਪੀੜਤਾਂ ਨੂੰ ਵੰਡੇ ਬਿਸਤਰੇ



**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਅਤੇ ਉਸ ਤੋਂ ਬਾਅਦ ਪੈਦਾ ਹੋਈ ਸਥਿਤੀ ਨੂੰ ਦੇਖਦਿਆਂ ਲੋੜਵੰਦਾਂ ਦੀ ਮਦਦ ਲਈ ਪੰਜਾਬ ਦੀਆਂ ਵੱਖ-ਵੱਖ ਸੰਸਥਾਵਾਂ ਮਦਦ ਲਈ ਅੱਗੇ ਆ ਰਹੀਆਂ ਹਨ। ਇਸੇ ਤਹਿਤ ਸਨਾਤਨ ਧਰਮ ਸਭਾ ਅਤੇ ਮਾਨਵ ਸੇਵਾ ਸੰਮਤੀ ਬਲਾਚੌਰ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਸਤਵੀਂ ਗੱਡੀ ਰਵਾਨਾ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਨਾਤਨ ਧਰਮ ਸਭਾ ਬਲਾਚੌਰ ਦੇ ਜਰਨਲ ਸਕੱਤਰ ਪਰਮਜੀਤ ਰੱਤੇਵਾਲੀਆ ਨੇ ਦੱਸਿਆ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਪੰਜ ਗੱਡੀਆਂ ਬਿਸਤਰਿਆਂ ਦੀਆਂ ਅਤੇ ਇੱਕ ਗੱਡੀ ਪਸ਼ੂਆਂ ਦੇ ਚਾਰੇ ਦੀ ਭੇਜੀ ਜਾ ਚੁੱਕੀ ਹੈ। 13 ਅਕਤੂਬਰ ਨੂੰ ਫਿਰੋਜ਼ਪੁਰ ਬਾਡਰ ਦੇ ਪਿੰਡ ਰਾਜੋ ਕੀ ਗੱਟੀ ਅਤੇ ਭਾਨੇਵਾਲਾ ਦੇ ਹੜ੍ਹ ਪ੍ਰਭਾਵਿਤ 60 ਪਰਵਾਰਾਂ ਨੂੰ ਬਿਸਤਰੇ ਵੰਡੇ ਗਏ। ਉਨਾਂ ਦੱਸਿਆ ਕਿ ਇਹ ਗੱਡੀ ਭੇਜਣ ਵਿੱਚ ਵਿਸ਼ੇਸ਼ ਯੋਗਦਾਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਗੂੰਹਣ ਰੋਡ ਬਲਾਚੌਰ ਅਤੇ ਸਮਾਜ ਸੇਵੀ ਪ੍ਰਦੀਪ ਕੁਮਾਰ ਬਲਾਚੌਰ ਦਾ ਰਿਹਾ ਹੈ। ਮਾਨਵ ਸੇਵਾ ਸੰਮਤੀ ਅਤੇ ਸਨਾਤਨ ਤੁਹਾਨੂੰ ਸਭਾ ਇਹਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ। ਇਸ ਮੌਕੇ ਉਨਾਂ ਨਾਲ ਮਾਨਵ ਸੇਵਾ ਸੰਮਤੀ ਦੇ ਪ੍ਰਧਾਨ ਵਿਨੋਦ ਕੁਮਾਰ ਲੰਬੜਦਾਰ ਅਤੇ ਰਾਧੇ ਸ਼ਾਮ ਆਦਿ ਪਤਵੰਤੇ ਵੀ ਹਾਜ਼ਰ ਸਨ।

# ਪ੍ਰਦੂਸ਼ਣ ਦੇ ਟਿਕਾਊ ਹੱਲ ਲਈ ਵਾਟਰ ਇਨਵੈਸਟਮੈਂਟ ਕੰਪਨੀ ਨਾਲ ਮੀਟਿੰਗ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਬੁੱਢਾ ਦਰਿਆ ਨੂੰ ਸਾਫ਼ ਕਰਨ ਤੇ ਇਸਦੇ ਸੁਰਜੀਤੀਕਰਨ ਅਤੇ ਲੁਧਿਆਣਾ ਦੇ ਰੰਗਾਈ ਉਦਯੋਗ ਦੀਆਂ ਗੰਦੇ ਪਾਣੀ ਸਬੰਧੀ ਸਮੱਸਿਆਵਾਂ ਦੇ ਹੱਲ ਵਾਸਤੇ ਆਪਣੀ ਮੁਹਿੰਮ ਨੂੰ ਜਾਰੀ ਰੱਖਦਿਆਂ ਪੰਜਾਬ ਸਰਕਾਰ ਨੇ 8 ਅਕਤੂਬਰ ਨੂੰ ਮੈਗਸੀਪਾ, ਚੰਡੀਗੜ੍ਹ ਵਿਖੇ ਤਾਮਿਲਨਾਡੂ ਵਾਟਰ ਇਨਵੈਸਟਮੈਂਟ ਕੰਪਨੀ (ਟੀ ਡਬਲਯੂ ਆਈ ਸੀ) ਜੋ ਕਿ ਤਾਮਿਲਨਾਡੂ ਸਰਕਾਰ ਅਤੇ ਆਈ.ਐਲ. ਐਂਡ ਐਫ.ਐਸ. ਦਾ ਇੱਕ ਸਾਂਝਾ ਉੱਦਮ ਹੈ ਅਤੇ ਜਿਸ ਨੂੰ ਤਿਰੂਪੁਰ ਤੇ ਇਰੋਡ ਵਰਗੇ ਪ੍ਰਮੁੱਖ ਟੈਕਸਟਾਈਲ ਕਲੱਸਟਰਾਂ ਵਿੱਚ ਜ਼ੀਰੋ ਲਿਕਵਿਡ ਡਿਸਚਾਰਜ (ਜੈਡ ਐਲ ਡੀ) ਅਧਾਰਤ ਕਾਮਨ ਐਫਲੂਐਂਟ ਟ੍ਰੀਟਮੈਂਟ ਪਲਾਂਟ (ਸੀਈਟੀਪੀਜ਼) ਸਥਾਪਤ ਕਰਨ ਲਈ ਜਾਣਿਆ ਜਾਂਦਾ ਹੈ, ਨਾਲ ਵਿਸਥਾਰਤ ਵਿਚਾਰ ਚਰਚਾ ਕੀਤੀ।ਪੰਜਾਬ ਵਿਕਾਸ ਕਮਿਸ਼ਨ (ਪੀ ਡੀ ਸੀ) ਦੇ ਮੈਂਬਰ (ਉਦਯੋਗ ਅਤੇ ਵਣਜ) ਵੈਭਵ ਮਹੇਸ਼ਵਰੀ ਵੱਲੋਂ ਬੁਲਾਈ ਗਈ ਇਹ ਮੀਟਿੰਗ ਉਦਯੋਗ ਤੇ ਵਣਜ ਮੰਤਰੀ ਸ੍ਰੀ ਸੰਜੀਵ ਅਰੋੜਾ ਦੀ ਪ੍ਰਧਾਨਗੀ ਹੇਠ ਗਠਿਤ ਉੱਚ-ਪੱਧਰੀ ਕਮੇਟੀ ਵੱਲੋਂ ਕੀਤੇ ਵਿਆਪਕ ਯਤਨਾਂ ਦਾ ਹਿੱਸਾ ਸੀ, ਜਿਸ ਦਾ ਉਦੇਸ਼ ਬੁੱਢਾ ਦਰਿਆ ਪ੍ਰਦੂਸ਼ਣ ਦਾ ਹੱਲ ਕਰਨਾ ਅਤੇ ਪੰਜਾਬ ਦੇ ਉਦਯੋਗਿਕ ਕਲੱਸਟਰਾਂ ਵਿੱਚ ਪ੍ਰਦੂਸ਼ਣ ਨਿਯੰਤਰਣ ਪ੍ਰਣਾਲੀਆਂ ਦਾ ਆਧੁਨਿਕੀਕਰਨ ਕਰਨਾ ਹੈ । ਇਸ ਮੀਟਿੰਗ ਵਿੱਚ ਲੁਧਿਆਣਾ ਦੇ ਰੰਗਾਈ ਉਦਯੋਗ ਸੰਗਠਨਾਂ ਦੇ ਨੁਮਾਇੰਦਿਆਂ ਨੇ ਵੀ ਹਿੱਸਾ ਲਿਆ ਤੇ ਜ਼ਮੀਨੀ ਮੁੱਦਿਆਂ 'ਤੇ ਚਰਚਾ ਕੀਤੀ ਅਤੇ ਆਧੁਨਿਕ, ਕਿਫਾਇਤੀ ਅਤੇ ਟਿਕਾਊ ਤਕਨਾਲੋਜੀਆਂ ਦੀ ਪੜਚੋਲ ਕਰਨ ਵਿੱਚ ਡੂੰਘੀ ਦਿਲਚਸਪੀ ਦਿਖਾਈ।ਮੀਟਿੰਗ ਉਪਰੰਤ ਇਸ ਗੱਲ 'ਤੇ ਸਹਿਮਤੀ ਹੋਈ ਕਿ ਟੀ ਬਲਯੂ ਆਈ ਸੀ ਜਲਦੀ ਹੀ ਪੰਜਾਬ ਦੇ ਸੀ ਈ ਟੀ ਪੀ ਅੱਪਗ੍ਰੇਡੇਸ਼ਨ ਅਤੇ ਵਾਤਾਵਰਣ ਦੇ ਸਥਾਈ ਪ੍ਰਬੰਧਨ ਲਈ ਸੰਭਾਵੀ ਵਿਕਲਪਾਂ ਵਾਲਾ ਟੈਕਨੀਕਲ ਕੰਸੈਪਟ ਪੇਪਰ ਸਾਂਝਾ ਕਰੇਗਾ।



# ਸੰਧੂ ਚੱਠਾ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**- ਜ਼ਿਲ੍ਹਾ ਕਪੂਰਥਲਾ ਅਧੀਨ ਪੈਂਦੇ ਪਿੰਡ ਸੰਧੂ ਚੱਠਾ ਦੇ ਭਗਵਾਨ ਵਾਲਮੀਕਿ ਮੰਦਰ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਵਿਸ਼ਾਲ ਨਗਰ ਕੀਰਤਨ ਪਿੰਡ ਸੰਧੂ ਚੱਠਾ ਦੇ ਭਗਵਾਨ ਵਾਲਮੀਕਿ ਮੰਦਰ ਤੋਂ ਰਵਾਨਾ ਹੋ ਕੇ ਪਿੰਡ ਬਡਿਆਲ ਦੇ ਭਗਵਾਨ ਵਾਲਮੀਕਿ ਮੰਦਰ ਤੋਂ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਭਗਵਾਨ ਵਾਲਮੀਕਿ ਮੰਦਰ ਵਿਖੇ ਸਮਾਪਤ ਹੋਇਆ। ਇਸ ਮੌਕੇ ਪਿੰਡ ਬਡਿਆਲ ਦੀ ਪ੍ਰਬੰਧਕ ਕਮੇਟੀ ਤੇ ਸਰਪੰਚ ਮਨਜੀਤ ਕੌਰ, ਰਣਯੋਧ ਸਿੰਘ, ਪਰਮਿੰਦਰ, ਬਲਕਾਰ ਸਿੰਘ ਸਾਬਕਾ ਸਰਪੰਚ, ਸੁਖਵਿੰਦਰ ਸਿੰਘ, ਪ੍ਰਭਜੋਤ ਸਿੰਘ ਬਡਿਆਲ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਸੇਵਾ ਸਿੰਘ ਬਡਿਆਲ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਤੇ ਲੰਗਰ ਸੰਗਤਾਂ ਨੂੰ ਛਕਾਏ ਗਏ। ਸ਼੍ਰੋਮਣੀ ਪੰਥਕ ਕੀਰਤਨੀਏ ਜਥਿਆਂ ਨੇ ਸੰਗਤਾਂ ਨੂੰ ਪ੍ਰਭੂ ਚਰਨਾਂ ਨਾਲ ਜੋੜਿਆ। ਇਸ ਮੌਕੇ ਸੁਰਜੀਤ ਕੌਰ ਸਰਪੰਚ, ਚਰਨਜੀਤ ਸਿੰਘ ਪੰਚ, ਗੁਰਦਿੱਤ ਸਿੰਘ, ਪ੍ਰਤਾਪ, ਜਗਮਿੰਦਰ ਸਿੰਘ, ਸੁਰਿੰਦਰ ਕੌਰ, ਪਵਨਦੀਪ ਕੌਰ ਪੰਚ, ਧਰਮ ਸਿੰਘ, ਪਲਵਿੰਦਰ ਕੌਰ, ਬਲਵਿੰਦਰ ਸਿੰਘ ਸਾਬਕਾ ਸਰਪੰਚ ਡਾਕਟਰ ਸਤਪਾਲ ਸਿੰਘ, ਸੇਵਾ ਸਿੰਘ ਬਡਿਆਲ ਸਾਬਕਾ ਸਰਪੰਚ ਸੰਤੋਖ ਨਾਹਰ, ਗਗਨਦੀਪ ਮਨੀ, ਬਲਵੀਰ ਨਾਹਰ, ਸੁਰਿੰਦਰ ਕੌਰ, ਗੁਰਦਿੱਤ ਸਿੰਘ, ਪ੍ਰਤਾਪ ਸਿੰਘ, ਕੁਲਦੀਪ ਸੋਹਲ, ਪ੍ਰਧਾਨ ਲਾਲਾਂ, ਕੰਵਲਜੀਤ ਖੋਸਲਾ ਤੇ ਡਾਕਟਰ ਬਲਰਾਮ ਸ਼ਰਮਾ, ਡਾਕਟਰ ਗੁਰਦੇਵ ਸਿੰਘ ਮੱਟੂ, ਪਵਨ ਕਾਲਾ ਸੰਘਿਆਂ ਨੂੰ ਵਿਸ਼ੇਸ਼ ਤੌਰ 'ਤੇ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।



# ਪੰਜਾਬ ਦੇ ਗੱਤਕੇਬਾਜ਼ ਬਣੇ ਰਾਸ਼ਟਰੀ ਚੈਂਪੀਅਨ, ਛੱਤੀਸਗੜ੍ਹ ਦੇ ਖਿਡਾਰੀ ਰਹੇ ਉਪ-ਜੇਤੂ




**ਚੰਡੀਗੜ੍ਹ (ਗੁਰਜੀਤ ਬਿੱਲਾ)**- ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ (ਐਨ ਜੀ ਏ ਆਈ) ਵੱਲੋਂ ਨਿਊ ਗੱਤਕਾ ਸਪੋਰਟਸ ਐਸੋਸੀਏਸ਼ਨ, ਛੱਤੀਸਗੜ੍ਹ ਦੇ ਸਹਿਯੋਗ ਨਾਲ ਆਯੋਜਿਤ 13ਵੀਂ ਕੌਮੀ ਗੱਤਕਾ ਚੈਂਪੀਅਨਸ਼ਿਪ-2025 ਛੱਤੀਸਗੜ੍ਹ ਦੇ ਭਿਲਾਈ ਸ਼ਹਿਰ ਵਿੱਚ ਰਵਾਇਤੀ ਜੰਗਜੂ ਕਲਾ ਅਤੇ ਖੇਡ ਭਾਵਨਾ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਮਾਪਤ ਹੋਈ। ਤਿੰਨ ਦਿਨ ਚੱਲੇ ਤਿੱਖੇ ਮੁਕਾਬਲਿਆਂ ਤੋਂ ਬਾਅਦ ਪੰਜਾਬ ਦੇ ਗੱਤਕਾ ਖਿਡਾਰੀ ਓਵਰਆਲ ਚੈਂਪੀਅਨ ਬਣੇ ਜਦੋਂ ਕਿ ਛੱਤੀਸਗੜ੍ਹ ਦੇ ਖਿਡਾਰੀਆਂ ਨੇ ਆਪਣੀ ਹਿੰਮਤ, ਸਟੀਕਤਾ ਅਤੇ ਕਰੜੀ ਮਿਹਨਤ ਸਦਕਾ ਦਿਲ ਜਿੱਤਦੇ ਹੋਏ ਉਪ-ਜੇਤੂ ਹੋਣ ਦਾ ਖਿਤਾਬ ਜਿੱਤਿਆ।ਮੁੰਡਿਆਂ ਦੇ ਵਰਗ ਵਿੱਚ ਪੰਜਾਬ ਨੇ ਮਜ਼ਬੂਤ ਪ੍ਰਦਰਸ਼ਨ ਅਤੇ ਸ਼ਾਨਦਾਰ ਤਕਨੀਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਛੱਤੀਸਗੜ੍ਹ ਨੇ ਦੂਜਾ ਸਥਾਨ ਜਦਕਿ ਹਰਿਆਣਾ ਅਤੇ ਉੱਤਰਾਖੰਡ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ। ਲੜਕੀਆਂ ਦੇ ਵਰਗ ਵਿੱਚ ਛੱਤੀਸਗੜ੍ਹ ਦੇ ਖਿਡਾਰੀਆਂ ਨੇ ਪਹਿਲਾ ਸਥਾਨ, ਚੰਡੀਗੜ੍ਹ ਦੂਜੇ ਸਥਾਨ 'ਤੇ ਅਤੇ ਪੰਜਾਬ ਅਤੇ ਹਰਿਆਣਾ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਛੱਤੀਸਗੜ੍ਹ ਦੇ ਸਿੱਖਿਆ ਅਤੇ ਪੇਂਡੂ ਉਦਯੋਗ ਮੰਤਰੀ ਗਜੇਂਦਰ ਯਾਦਵ ਨੇ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਤਗਮੇ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ।

## ਜਨਮ ਦਿਨ ਮੁਬਾਰਕ



ਵਿਵਾਨ ਮੱਟੂ, ਮਜੀਠਾ